16-SEP-PAGE-1.qxd 9/15/2025 10:22 PM Page 1

ਮੰਗਲਵਾਰ, 16 ਸਤੰਬਰ, 2025
1 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 106

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 16 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

## ਵਕਫ਼ ਕਾਨੂੰਨ ਲਾਗੂ ਕਰਨ 'ਚ ਡੀ ਸੀ ਦੀ 'ਚੌਧਰ' ਵਾਲੀ ਧਾਰਾ 'ਤੇ ਰੋਕ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਵਕਫ਼ ਕਾਨੂੰਨ 'ਤੇ ਰੋਕ ਲਾਉਣ ਤੋਂ ਨਾਂਹ ਕਰਦਿਆਂ ਕਿਹਾ ਕਿ ਇਸ ਦੇ ਪੱਖ ਵਿੱਚ ਸੰਵਿਧਾਨਕਤਾ ਦੀ ਧਾਰਨਾ ਹੈ। ਹਾਲਾਂਕਿ ਕੋਰਟ ਨੇ ਐਕਟ ਵਿਚਲੀਆਂ ਕੁਝ ਵਿਵਸਥਾਵਾਂ ਦੇ ਅਮਲ 'ਤੇ ਰੋਕ ਲਾ ਦਿੱਤੀ ਹੈ, ਜਿਸ ਵਿੱਚ ਉਹ ਵਿਵਸਥਾ ਵੀ ਸ਼ਾਮਲ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਸਿਰਫ ਪਿਛਲੇ ਪੰਜ ਸਾਲਾਂ ਤੋਂ ਇਸਲਾਮ ਦੀ ਪਾਲਣਾ ਕਰ ਰਹੇ ਲੋਕ ਹੀ ਵਕਫ਼ ਬਣਾ ਸਕਦੇ ਹਨ।

ਅੰਤਰਮ ਹੁਕਮ ਸੁਣਾਉਂਦੇ ਹੋਏ ਚੀਫ ਜਸਟਿਸ ਬੀ ਆਰ ਗਵਈ ਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਕਿਹਾ, 'ਅਸੀਂ ਹਰੇਕ ਧਾਰਾ ਨੂੰ ਦਿੱਤੀ ਗਈ ਚੁਣੌਤੀ 'ਤੇ ਪਹਿਲੀ ਨਜ਼ਰੇ ਵਿਚਾਰ ਕੀਤਾ ਤੇ ਇਸ ਦੌਰਾਨ ਪਾਇਆ ਕਿ ਪੂਰੇ ਕਾਨੂੰਨ 'ਤੇ ਰੋਕ ਲਗਾਉਣ ਦਾ ਕੋਈ ਮਾਮਲਾ ਨਹੀਂ ਬਣਦਾ।' ਹਾਲਾਂਕਿ, ਸੁਪਰੀਮ ਕੋਰਟ ਨੇ ਉਸ ਵਿਵਸਥਾ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਸਿਰਫ ਪਿਛਲੇ ਪੰਜ ਸਾਲਾਂ ਤੋਂ ਇਸਲਾਮ ਦਾ ਅਭਿਆਸ ਕਰਨ ਵਾਲੇ ਵਿਅਕਤੀ ਹੀ ਵਕਫ਼ ਬਣਾ ਸਕਦੇ ਹਨ। ਇਸ ਨੇ ਉਸ ਵਿਵਸਥਾ ਨੂੰ ਵੀ ਰੱਦ ਕਰ ਦਿੱਤਾ, ਜੋ ਸਰਕਾਰ ਵੱਲੋਂ ਨਾਮਜ਼ਦ ਅਧਿਕਾਰੀ (ਡੀ ਸੀ) ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਦਿੰਦੀ ਸੀ ਕਿ ਕੀ ਵਕਫ਼ ਜਾਇਦਾਦ ਅਸਲ ਵਿੱਚ ਸਰਕਾਰੀ ਜਾਇਦਾਦ 'ਤੇ ਕਬਜ਼ਾ ਹੈ।

ਚੀਫ਼ ਜਸਟਿਸ ਨੇ ਕਿਹਾ, 'ਅਸੀਂ ਇਹ ਮੰਨਿਆ ਹੈ ਕਿ ਇਹ ਧਾਰਨਾ ਹਮੇਸ਼ਾ ਕਾਨੂੰਨ ਦੀ ਸੰਵਿਧਾਨਕਤਾ 'ਤੇ ਅਧਾਰਤ ਹੁੰਦੀ ਹੈ ਅਤੇ ਸਿਰਫ਼ ਨਿਵੇਕਲੇ ਮਾਮਲਿਆਂ ਵਿੱਚ ਹੀ ਅਜਿਹਾ ਕੀਤਾ ਜਾ ਸਕਦਾ ਹੈ। ਅਸੀਂ ਪਾਇਆ ਹੈ ਕਿ ਪੂਰੇ ਐਕਟ ਨੂੰ ਚੁਣੌਤੀ ਦਿੱਤੀ ਗਈ ਹੈ, ਪਰ ਮੁੱਖ ਚੁਣੌਤੀ ਧਾਰਾ 3 (ਆਰ), 3 ਸੀ, 14... ਨੂੰ ਸੀ।' ਬੈਂਚ ਨੇ ਨਿਰਦੇਸ਼ ਦਿੱਤਾ ਕਿ ਜਿੱਥੋਂ ਤੱਕ ਸੰਭਵ ਹੋ ਸਕੇ, ਵਕਫ਼ ਬੋਰਡ ਦਾ ਮੁੱਖ ਕਾਰਜਕਾਰੀ ਅਧਿਕਾਰੀ ਇੱਕ ਮੁਸਲਮਾਨ ਹੋਣਾ ਚਾਹੀਦਾ ਹੈ।

ਸੁਪਰੀਮ ਕੋਰਟ ਨੇ ਇੱਕ ਗੈਰ-ਮੁਸਲਮਾਨ ਨੂੰ ਸੀ ਈ ਓ ਨਿਯੁਕਤ ਕਰਨ ਦੀ ਆਗਿਆ ਦੇਣ ਵਾਲੀ ਸੋਧ 'ਤੇ ਰੋਕ ਲਗਾਉਣ ਤੋਂ ਵੀ ਇਨਕਾਰ ਕਰ ਦਿੱਤਾ। ਜੱਜ ਨੇ ਇਹ ਵੀ ਕਿਹਾ ਕਿ ਰਾਜ ਵਕਫ਼ ਬੋਰਡਾਂ ਅਤੇ ਕੇਂਦਰੀ ਵਕਫ਼ ਕੌਂਸਲਾਂ ਵਿੱਚ ਗੈਰ-ਮੁਸਲਮਾਨਾਂ

• ਬਾਕੀ ਸਫਾ 2 'ਤੇ

### ਸਾਡਾ ਰੁਖ਼ ਸਹੀ ਸਾਬਤ ਹੋਇਆ : ਸੀ ਪੀ ਆਈ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਕਿਹਾ ਹੈ ਕਿ ਪਾਰਟੀ ਵਕਫ਼ (ਸੋਧ) ਐਕਟ, 2025 ਦੇ ਕੁਝ ਮੁੱਖ ਉਪਬੰਧਾਂ 'ਤੇ ਰੋਕ ਲਗਾਉਣ ਦੇ ਸੁਪਰੀਮ ਕੋਰਟ ਦੇ ਅੰਤਰਮ ਆਦੇਸ਼ ਦਾ ਸਵਾਗਤ ਕਰਦੀ ਹੈ। ਸੀ ਪੀ ਆਈ ਦੇ ਜਨਰਲ ਸਕੱਤਰ ਡੀ. ਰਾਜਾ ਵੀ ਵਕਫ਼ ਕਾਨੂੰਨਾਂ ਨੂੰ ਚੁਣੌਤੀ ਦੇਣ ਵਾਲੀ ਸੁਪਰੀਮ ਕੋਰਟ ਦੇ ਸਾਹਮਣੇ ਇੱਕ ਪਟੀਸ਼ਨਰ ਵੀ ਹਨ।

ਪਾਰਟੀ ਨੇ ਕਿਹਾ ਕਿ ਅਦਾਲਤ ਦਾ ਫੈਸਲਾ ਸਾਡੀ ਇਸ ਦਲੀਲ ਨੂੰ ਸਹੀ ਠਹਿਰਾਉਂਦਾ ਹੈ ਕਿ ਇਹ ਕਾਨੂੰਨ ਭਾਜਪਾ ਦੁਆਰਾ ਜਲਦਬਾਜ਼ੀ ਵਿੱਚ ਘੱਟ ਗਿਣਤੀ ਭਾਈਚਾਰਿਆਂ ਅਤੇ ਹਿੱਸੇਦਾਰਾਂ ਨਾਲ ਢੁਕਵੇਂ ਸਲਾਹ-ਮਸ਼ਵਰੇ ਤੋਂ ਬਿਨਾਂ ਲਿਆਂਦਾ ਗਿਆ ਸੀ ਅਤੇ ਇਸ

• ਬਾਕੀ ਸਫਾ 2 'ਤੇ

## ਅਮਰੀਕੀ ਧੱਕੇਸ਼ਾਹੀ ਨਹੀਂ ਸਹਾਂਗੇ : ਚੀਨ

**ਬੀਜਿੰਗ** : ਚੀਨ ਨੇ ਸੋਮਵਾਰ ਜੀ-7 ਅਤੇ ਨਾਟੋ ਦੇਸ਼ਾਂ ਨੂੰ ਚੀਨ ਅਤੇ ਰੂਸੀ ਤੇਲ ਦਰਾਮਦ ਕਰਨ ਵਾਲੇ ਹੋਰਨਾਂ ਦੇਸ਼ਾਂ 'ਤੇ ਟੈਕਸ ਲਗਾਉਣ ਦੀ ਅਮਰੀਕੀ ਮੰਗ ਨੂੰ ਇਕਪਾਸੜ ਧੱਕੇਸ਼ਾਹੀ ਅਤੇ ਆਰਥਕ ਜ਼ਬਰਦਸਤੀ ਦੀ ਇੱਕ ਖਾਸ ਕਾਰਵਾਈ ਦੱਸਿਆ ਅਤੇ ਚੇਤਾਵਨੀ ਦਿੱਤੀ ਕਿ ਜੇ ਵਾਸ਼ਿੰਗਟਨ ਦੀ ਮੰਗ ਮੰਨੀ ਗਈ ਤਾਂ ਉਹ ਜਵਾਬੀ ਕਾਰਵਾਈ ਕਰੇਗਾ। ਸਪੇਨ ਵਿੱਚ ਆਰਥਕ ਅਤੇ ਵਪਾਰਕ ਮੁੱਦਿਆਂ 'ਤੇ ਚੀਨੀ ਅਤੇ ਅਮਰੀਕੀ ਵਫਦਾਂ ਵਿਚਕਾਰ ਗੱਲਬਾਤ ਦੇ ਦੂਜੇ ਦਿਨ ਅਮਰੀਕਾ ਦੀ ਇਸ ਮੰਗ ਨੂੰ ਚੀਨ ਨੇ ਖਾਰਜ ਕੀਤਾ। ਇੱਕ ਨਿਯਮਤ ਨਿਊਜ਼ ਬ੍ਰੀਫਿੰਗ ਵਿੱਚ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਕਿਹਾ ਕਿ ਰੂਸ ਸਮੇਤ ਦੁਨੀਆ ਭਰ ਦੇ ਦੇਸ਼ਾਂ ਨਾਲ ਚੀਨ ਦਾ ਆਮ ਆਰਥਕ ਅਤੇ ਊਰਜਾ ਸਹਿਯੋਗ ਜਾਇਜ਼, ਕਾਨੂੰਨੀ ਅਤੇ ਬੇਦਾਗ ਹੈ। ਲਿਨ ਨੇ ਕਿਹਾ, 'ਅਮਰੀਕਾ ਦਾ ਇਹ ਕਦਮ ਇਕਪਾਸੜ ਧੱਕੇਸ਼ਾਹੀ ਅਤੇ ਆਰਥਕ ਜ਼ਬਰਦਸਤੀ ਦੀ ਇੱਕ ਖਾਸ ਕਾਰਵਾਈ ਹੈ, ਜੋ ਅੰਤਰਰਾਸ਼ਟਰੀ ਵਪਾਰ ਨਿਯਮਾਂ ਨੂੰ ਕਮਜ਼ੋਰ ਕਰਦੀ ਹੈ ਅਤੇ ਵਿਸ਼ਵ ਉਦਯੋਗਿਕ ਤੇ ਸਪਲਾਈ ਲੜੀਆਂ ਦੀ ਸੁਰੱਖਿਆ ਅਤੇ ਸਥਿਰਤਾ ਨੂੰ ਖਤਰਾ ਪਹੁੰਚਾਉਂਦੀ ਹੈ।'

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਨਿੱਚਰਵਾਰ ਕਿਹਾ ਸੀ ਕਿ ਯੂਕਰੇਨ ਸੰਘਰਸ਼ ਨੂੰ ਖਤਮ ਕਰਨ ਵਿੱਚ ਮਦਦ ਲਈ ਨਾਟੋ ਦੇਸ਼ਾਂ ਨੂੰ ਚੀਨ 'ਤੇ 50 ਤੋਂ 100 ਫੀਸਦੀ ਟੈਕਸ ਲਗਾਉਣੇ ਚਾਹੀਦੇ ਹਨ ਅਤੇ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਣਾ ਚਾਹੀਦਾ ਹੈ।

## ਕੇਂਦਰ ਹੜ੍ਹ ਪੀੜਤਾਂ ਦੀ ਮਦਦ ਨੂੰ ਸਿਆਸੀ ਹਥਿਆਰ ਵਜੋਂ ਵਰਤ ਰਿਹਾ : ਆਲ ਇੰਡੀਆ ਕਿਸਾਨ ਸਭਾ

### ਡੈਮਾਂ ਦੀ ਗਲਤ ਮੈਨੇਜਮੈਂਟ ਲਈ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਪਰਚੇ ਹੋਣ

**ਲੁਧਿਆਣਾ (ਐੱਮ ਐੱਸ ਭਾਟੀਆ)**

ਆਲ ਇੰਡੀਆ ਕਿਸਾਨ ਸਭਾ ਦੇ ਪ੍ਰਧਾਨ ਰਾਜਨ ਖ਼ਿਰਸਾਗਰ ਅਤੇ ਜਨਰਲ ਸਕੱਤਰ ਰਾਵੂਲਾ ਵੈਂਕਈਆ ਨੇ ਨਵੀਂ ਦਿੱਲੀ ਤੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਜਥੇਬੰਦੀ ਦੀ ਉੱਚ ਪੱਧਰੀ ਤੱਥ-ਖੋਜ ਟੀਮ ਨੇ ਦਰਿਆਫ਼ਤ ਕੀਤਾ ਹੈ ਕਿ ਵੱਡੇ ਬੰਨ੍ਹਾਂ ਦੀ ਜਾਣ-ਬੁੱਝ ਕੇ ਤੇ ਬੇਪਰਵਾਹੀ ਨਾਲ ਕੀਤੀ ਗਈ ਗਲਤ ਮੈਨੇਜਮੈਂਟ ਨੇ ਪੰਜਾਬ ਵਿੱਚ ਆਏ ਤਬਾਹੀ ਵਾਲੇ ਹੜ੍ਹਾਂ ਨੂੰ ਹੋਰ ਵੀ ਵਧਾ ਦਿੱਤਾ ਹੈ। ਕੁਦਰਤੀ ਮੌਸਮੀ ਘਟਨਾ ਨੂੰ ਇੱਕ ਰੋਕੇ ਜਾ ਸਕਣ ਵਾਲੇ ਮਨੁੱਖ ਵੱਲੋਂ ਬਣਾਏ ਕਹਿਰ ਵਿੱਚ ਤਬਦੀਲ ਕਰ ਦਿੱਤਾ ਗਿਆ। ਜਥੇਬੰਦੀ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ, ਜੋ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਹੇਠ ਕੰਮ ਕਰਦਾ ਹੈ ਅਤੇ 'ਆਪ' ਸਰਕਾਰ ਦੇ ਪਾਣੀ ਪ੍ਰਬੰਧਨ ਅਧਿਕਾਰੀਆਂ ਨੂੰ ਇਸ ਤਬਾਹੀ ਲਈ ਵਰਤੀ ਗਈ ਲਾਪਰਵਾਹੀ ਲਈ ਜ਼ਿੰਮੇਵਾਰ ਠਹਿਰਾਇਆ ਹੈ, ਜਿਸ ਨੇ ਹੁਣ ਤੱਕ ਘੱਟੋ-ਘੱਟ 55 ਜਾਨਾਂ ਲਈਆਂ ਹਨ ਅਤੇ ਲਗਭਗ 4 ਲੱਖ ਲੋਕ ਪ੍ਰਭਾਵਤ ਹੋਏ ਹਨ। ਨਵੇਂ ਬਣੇ ਡਿਜ਼ਾਸਟਰ ਮੈਨੇਜਮੈਂਟ (ਸੋਧ) ਐਕਟ, 2025 ਨੇ ਸੰਵਿਧਾਨਕ ਜ਼ਿੰਮੇਵਾਰੀਆਂ ਤੋਂ ਹੱਥ ਖਿੱਚ ਲਿਆ ਹੈ ਅਤੇ ਅਜਿਹੇ ਕਾਨੂੰਨੀ ਪ੍ਰਬੰਧ ਬਣਾਏ ਹਨ, ਜੋ ਰਾਜਾਂ ਨੂੰ ਬੇਵੱਸ ਕਰਦੇ ਹਨ ਤੇ ਪੀੜਤ ਲੋਕਾਂ ਤੋਂ ਹੱਕ ਖੋਂਹਦੇ ਹਨ।

ਜਥੇਬੰਦੀ ਦੇ ਕੌਮੀ ਪ੍ਰਧਾਨ ਰਾਜਨ ਖ਼ਿਰਸਾਗਰ, ਕੌਮੀ ਸਕੱਤਰ ਕ੍ਰਿਸ਼ਨਾ ਦੇਵ ਸਿੰਘ, ਉਪ ਪ੍ਰਧਾਨ ਬਲਦੇਵ ਸਿੰਘ ਨਿਹਾਲਗੜ੍ਹ ਅਤੇ ਪੰਜਾਬ ਦੇ ਨੇਤਾਵਾਂ ਬਲਕਰਨ ਬਰਾੜ, ਮਹਾਂਵੀਰ ਸਿੰਘ, ਲਖਬੀਰ ਸਿੰਘ ਨਿਜ਼ਾਮਪੁਰਾ, ਗੁਲਜ਼ਾਰ ਸਿੰਘ ਬਸੰਤਕੋਟ, ਬਲਦੇਵ ਸਿੰਘ ਖਹਿਰਾ, ਜਗਜੀਤ ਸਿੰਘ ਅਲੂਣਾ, ਜੋਗਿੰਦਰ ਸਿੰਘ ਗੋਪਾਲਪੁਰ, ਰਮੇਸ਼ ਪਾਲ, ਅਮਰੀਕ ਸਿੰਘ ਅਜਨਾਲਾ, ਰਾਮਦਾਸ ਮਾਸੀਵਾਲਾ ਅਤੇ ਰਾਮਦਾਸ ਘੋਨੇਵਾਲਾ ਨੇ 11-12 ਸਤੰਬਰ ਨੂੰ ਸਭ ਤੋਂ ਪ੍ਰਭਾਵਤ ਇਲਾਕਿਆਂ ਦਾ ਦੌਰਾ ਕੀਤਾ, ਜਿਨ੍ਹਾਂ ਵਿੱਚ ਫਾਜ਼ਿਲਕਾ, ਫਿਰੋਜ਼ਪੁਰ, ਅਜਨਾਲਾ, ਡੇਰਾ ਬਾਬਾ ਨਾਨਕ, ਕੋਹਲੀਆਂ, ਬਾਮਿਆਲ ਅਤੇ ਪਠਾਨਕੋਟ ਦਾ ਮਾਧੋਪੁਰ ਹੈੱਡਵਰਕਸ ਸ਼ਾਮਲ ਹਨ। ਉਨ੍ਹਾਂ ਵੱਲੋਂ ਲੱਭੇ ਗਏ ਤੱਥਾਂ ਮੁਤਾਬਕ ਪਾਣੀ ਸਰੋਤਾਂ ਦੀ ਮੁਜਰਮਾਨਾ ਮੈਨੇਜਮੈਂਟ ਕੀਤੀ ਗਈ। ਬੰਨ੍ਹਾਂ ਵਿੱਚ ਪਾਣੀ ਰੋਕਿਆ ਗਿਆ, ਬਾਵਜੂਦ ਚੇਤਾਵਨੀਆਂ ਦੇ ਘੱਟ ਪਾਣੀ ਛੱਡਿਆ ਗਿਆ। ਅਚਾਨਕ ਛੱਡੇ ਪਾਣੀ ਨੇ 2200 ਤੋਂ ਵੱਧ ਪਿੰਡ ਡੋਬ ਦਿੱਤੇ ਅਤੇ 4.5 ਲੱਖ ਏਕੜ ਖੇਤੀਬਾੜੀ ਬਰਬਾਦ ਹੋਈ। ਨਵੇਂ ਐਕਟ ਨੇ ਰਾਜਾਂ ਦੀ ਖੁਦਮੁਖ਼ਤਿਆਰੀ ਘਟਾ ਦਿੱਤੀ ਹੈ ਅਤੇ ਲੋਕ-ਕੇਂਦਰਤ ਰਾਹੀਂ ਕੰਮ ਕਰਨ ਦੀ ਥਾਂ ਸਿਰਫ਼ ਤਕਨੀਕੀ ਕਾਰਵਾਈਆਂ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਮਾਨਸੂਨ ਤੋਂ ਪਹਿਲਾਂ ਨਾ ਤਾਂ ਚੈਨਲਾਂ ਦੀ ਸਫਾਈ ਕੀਤੀ, ਨਾ ਹੀ ਬੰਨ੍ਹਾਂ ਦੀ ਮਜ਼ਬੂਤੀ। ਸਾਰੀ ਯੋਜਨਾ ਸਿਰਫ਼ ਕਾਗਜ਼ਾਂ ਤੱਕ ਸੀਮਤ ਰਹੀ। ਈ-ਛਤੀਪੂਰਤੀ ਪੋਰਟਲ ਨੇ ਕਿਸਾਨਾਂ ਨੂੰ ਰਾਹਤ ਦੇਣ ਦੀ ਥਾਂ ਤੰਗ ਕੀਤਾ। 111 ਰਾਹਤ ਕੈਂਪਾਂ ਵਿੱਚ ਹਜ਼ਾਰਾਂ ਬੇਘਰ ਲੋਕ ਰਹਿਣ ਲਈ ਮਜਬੂਰ ਹੋਏ। ਭਾਖੜਾ ਬੰਨ੍ਹ 1 ਅਗਸਤ ਨੂੰ 53 ਫੀਸਦੀ

• ਬਾਕੀ ਸਫਾ 2 'ਤੇ

## ਘੋਲੀਆ ਪਰਵਾਰ ਵੱਲੋਂ 75 ਹਜ਼ਾਰ ਦਾ ਯੋਗਦਾਨ



**ਮੋਗਾ** : ਗ਼ਦਰੀ ਲਹਿਰ ਵਿੱਚ ਪੰਜਾਬ ਦੇ ਸਭ ਹਿੱਸਿਆਂ 'ਚੋਂ ਵਿਦੇਸ਼ਾਂ ਵਿੱਚ ਕਮਾਈਆਂ ਕਰਨ ਗਏ ਕਿਸਾਨਾਂ ਦੇ ਪੁੱਤਰਾਂ ਨੂੰ ਆਪਣੇ ਦੇਸ ਨੂੰ ਅਜ਼ਾਦ ਕਰਾਉਣ ਦੀ ਚਿਣਗ ਵੀ ਉਥੇ ਹੀ ਲੱਗੀ। ਦੇਸ਼ ਪਹੁੰਚਣ 'ਤੇ ਅਨੇਕਾਂ ਨੇ ਫਾਂਸੀ ਦੇ ਰੱਸੇ ਚੁੰਮੇ, ਹੋਰਨਾਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਤੇ ਜੇਲੀਂ ਬੰਦ ਰੱਖਿਆ ਗਿਆ। ਜੋ ਅਜ਼ਾਦੀ ਤੋਂ ਬਾਅਦ ਜਿਉਂਦੇ ਰਹੇ, ਉਹਨਾਂ ਸਭ ਨੇ ਦੇਸ਼ ਦੇ ਮਜ਼ਦੂਰਾਂ ਤੇ ਕਿਸਾਨਾਂ ਦੇ ਹੱਕਾਂ ਦੀ ਲੜਾਈ ਦੇ ਘੋਲਾਂ ਵਿੱਚ ਆਪਣੇ-ਆਪਣੇ ਖਿੱਤੇ ਵਿੱਚ ਨਾ ਸਿਰਫ ਆਗੂ ਦੀ ਭੂਮਿਕਾ ਨਿਭਾਈ, ਸਗੋਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਸ ਲੜਾਈ ਵਿੱਚ ਮੈਦਾਨ ਮੱਲਣ ਲਈ ਪ੍ਰੇਰਿਤ ਕੀਤਾ। ਉਹਨਾਂ 'ਚੋਂ ਇੱਕ ਸਨ ਕਾਮਰੇਡ ਬਚਨ ਸਿੰਘ ਘੋਲੀਆ। ਇਹ ਉਹਨਾ ਦੀ ਲੋਕਾਂ 'ਚ ਹਰਮਨਪਿਆਰਤਾ ਹੀ ਸੀ ਕਿ ਹਲਕਾ ਬਾਘਾ ਪੁਰਾਣਾ ਦੇ ਵੋਟਰਾਂ ਨੇ 1962 ਦੀਆਂ ਅਸੈਂਬਲੀ ਚੋਣਾਂ 'ਚ ਉਨ੍ਹਾ ਨੂੰ ਵਿਧਾਨ ਸਭਾ ਦੀ ਦਹਿਲੀਜ਼ ਪਾਰ ਕਰਵਾ ਦਿੱਤੀ। ਉਹਨਾ ਦਾ ਸਮੁੱਚਾ ਪਰਵਾਰ ਭਾਰਤੀ ਕਮਿਊਨਿਸਟ ਪਾਰਟੀ ਨਾਲ ਜੁੜਿਆ ਹੋਇਆ ਹੈ। ਹਮੇਸ਼ਾ ਪਾਰਟੀ ਲਈ ਹਰ ਤਰ੍ਹਾਂ ਦੀ ਮਦਦ ਲਈ ਹਾਜ਼ਰ ਰਹਿੰਦਾ ਹੈ। ਇਸੇ ਸੰਬੰਧ 'ਚ ਸੀ ਪੀ ਆਈ ਦੀ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਜਗਰੂਪ ਦੀ ਅਪੀਲ 'ਤੇ ਕੁਲਦੀਪ ਭੋਲਾ ਜ਼ਿਲ੍ਹਾ ਸਕੱਤਰ ਰਾਹੀਂ ਪਾਰਟੀ ਦੇ ਮਹਾਂ-ਸੰਮੇਲਨ ਲਈ ਸਮੁੱਚੇ ਘੋਲੀਆ ਪਰਵਾਰ ਵਲੋਂ 75000 ਰੁਪਏ ਸਹਾਇਤਾ ਭੇਜੀ ਹੈ। ਸੀ ਪੀ ਆਈ ਪੰਜਾਬ ਦੇ ਕੰਟਰੋਲ ਕਮਿਸ਼ਨ ਮੈਂਬਰ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਗੁਰਦਿੱਤ ਦੀਨਾ ਅਤੇ ਸ਼ੇਰ ਸਿੰਘ ਦੌਲਤਪੁਰਾ ਨੇ ਸਮੁੱਚੀ ਜ਼ਿਲ੍ਹਾ ਪਾਰਟੀ ਵੱਲੋਂ ਉਨ੍ਹਾ ਦਾ ਹਾਰਦਿਕ ਧੰਨਵਾਦ ਕੀਤਾ। ਇਹ ਜਾਣਕਾਰੀ ਡਾਕਟਰ ਇੰਦਰਵੀਰ ਗਿੱਲ ਨੇ ਸਾਂਝੀ ਕੀਤੀ।

## ਬਾਬੇ ਦੇ ਦਰ 'ਤੇ ਜਾਣ 'ਤੇ ਰੋਕ ਪੰਜਾਬੀਆਂ ਦੀ ਆਸਥਾ 'ਤੇ ਹਮਲਾ : ਮਾਨ



**ਚੰਡੀਗੜ੍ਹ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਅਤੇ ਨਨਕਾਣਾ ਸਾਹਿਬ ਦਰਸ਼ਨਾਂ ਲਈ ਜਾਣ ਵਾਲੇ ਜਥਿਆਂ ਨੂੰ ਰੋਕਿਆ ਜਾ ਰਿਹਾ, ਜੋ ਕਿ ਪੰਜਾਬੀਆਂ ਦੀ ਆਸਥਾ ਉੱਤੇ ਹਮਲਾ ਹੈ, ਜਦੋਂ ਕਿ ਆਪਣੀ ਮਰਜ਼ੀ ਨਾਲ ਭਾਰਤ-ਪਾਕਿਸਤਾਨ ਦੇ ਕ੍ਰਿਕਟ ਮੈਚ ਕਰਵਾ ਕੇ ਪੰਜਾਬੀਆਂ ਤੋਂ ਬਦਲਾ ਲਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪਹਿਲਗਾਮ ਘਟਨਾ ਤੋਂ ਪਹਿਲਾਂ ਬਣੀ ਫਿਲਮ ਨੂੰ ਰਿਲੀਜ਼ ਹੋਣ ਤੋਂ ਰੋਕ ਦਿੱਤਾ, ਪਰ ਭਾਰਤ-ਪਾਕਿਸਤਾਨ ਦਾ ਕ੍ਰਿਕਟ ਮੈਚ ਲੰਘੇ ਦਿਨ ਕਰਵਾਇਆ ਗਿਆ। ਉਨ੍ਹਾ ਤਨਜ਼ ਕੱਸਿਆ ਕਿ ਕ੍ਰਿਕਟ ਮੈਚ ਦੀ ਅਗਵਾਈ ਵੱਡੇ ਸਾਹਿਬ ਦੇ ਬੇਟੇ ਵੱਲੋਂ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਮੌਕੇ 'ਤੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਦੇ ਪਾਕਿਸਤਾਨ ਜਾਣ 'ਤੇ ਲਾਈ ਪਾਬੰਦੀ 'ਤੇ ਇਤਰਾਜ਼ ਕਰਦਿਆਂ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਮੁੱਖ ਮੰਤਰੀ ਨੇ ਸੋਮਵਾਰ ਇੱਥੇ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬੀਆਂ ਨਾਲ ਦੁਸ਼ਮਣੀ ਵਾਲਾ ਰਵੱਈਆ ਰੱਖ ਰਹੀ ਹੈ, ਜਿਸ ਦੇ ਤਹਿਤ ਆਏ ਦਿਨ ਪੰਜਾਬ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਹੁਣ ਕੇਂਦਰ ਸਰਕਾਰ ਨੇ ਪਾਕਿਸਤਾਨ 'ਚ ਪਹਿਲੀ ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਵਾਸਤੇ ਜਾਣ ਵਾਲੇ ਸ਼ਰਧਾਲੂਆਂ 'ਤੇ ਪਾਬੰਦੀ ਲਗਾ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬੀਆਂ ਦੇ ਜਜ਼ਬਾਤਾਂ ਨਾਲ ਖੇਡ ਰਹੇ ਹਨ, ਜਦੋਂ ਕਿ ਪੰਜਾਬੀ ਤਾਂ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ। ਉਨ੍ਹਾ ਕਿਹਾ ਕਿ ਜੇ ਪਾਕਿਸਤਾਨ ਨਾਲ ਲਾਈਵ ਕ੍ਰਿਕਟ ਮੈਚ ਖੇਡਿਆ ਜਾ ਸਕਦਾ ਹੈ ਤਾਂ ਫਿਰ ਸ਼ਰਧਾਲੂ ਬਾਬੇ ਦੇ ਦਰ 'ਤੇ ਮੱਥਾ ਟੇਕਣ ਕਿਉਂ ਨਹੀਂ ਜਾ ਸਕਦੇ। ਉਨ੍ਹਾ ਕਿਹਾ ਕਿ ਕ੍ਰਿਕਟ ਦਾ ਮੈਚ ਤੇ ਫਿਲਮਾਂ ਇੰਤਜ਼ਾਰ ਵੀ ਕਰ ਸਕਦੀਆਂ ਹਨ, ਪ੍ਰੰਤੂ ਗੁਰਪੁਰਬ ਜਾਂ ਧਾਰਮਕ ਦਿਹਾੜੇ ਮਨਾਉਣ ਲਈ ਪਾਬੰਦੀ ਨਹੀਂ ਲਗਾਈ ਜਾ ਸਕਦੀ। ਉਨ੍ਹਾ ਪ੍ਰਧਾਨ ਮੰਤਰੀ ਨੂੰ ਸੁਆਲ ਕੀਤਾ ਕਿ ਸ਼ਰਧਾਲੂਆਂ ਤੋਂ ਕੀ ਕਸੂਰ ਹੋ ਗਿਆ ਹੈ। ਮੈਚ 'ਤੇ ਸਹਿਮਤੀ ਬਣ ਜਾਂਦੀ ਹੈ, ਪ੍ਰੰਤੂ ਆਸਥਾ 'ਤੇ ਪਾਬੰਦੀ ਲਗਾ ਦਿੱਤੀ ਜਾਂਦੀ ਹੈ। ਮਾਨ ਨੇ ਕਿਹਾ ਕਿ ਕੀ ਹੁਣ ਸੁਨੀਲ ਜਾਖੜ ਅਤੇ ਰਵਨੀਤ

• ਬਾਕੀ ਸਫਾ 2 'ਤੇ

## ਬਿਹਾਰ ਐੱਸ ਆਈ ਆਰ 'ਤੇ ਫੈਸਲਾ ਸਾਰੇ ਦੇਸ਼ 'ਤੇ ਲਾਗੂ ਹੋਵੇਗਾ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਕਿਹਾ ਕਿ ਉਹ ਇਹ ਮੰਨ ਰਹੀ ਹੈ ਕਿ ਭਾਰਤੀ ਚੋਣ ਕਮਿਸ਼ਨ ਇੱਕ ਸੰਵਿਧਾਨਕ ਅਥਾਰਟੀ ਹੋਣ ਦੇ ਨਾਤੇ ਬਿਹਾਰ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਵਿਆਪਕ ਸੁਧਾਈ (ਐੱਸ ਆਈ ਆਰ) ਦੌਰਾਨ ਕਾਨੂੰਨ ਦੀ ਪਾਲਣਾ ਕਰ ਰਿਹਾ ਹੈ ਅਤੇ ਚੇਤਾਵਨੀ ਦਿੱਤੀ ਕਿ ਜੇ ਕੋਈ ਗੈਰ-ਕਾਨੂੰਨੀ ਕੰਮ ਪਾਇਆ ਗਿਆ ਤਾਂ ਇਹ ਕਾਰਵਾਈ ਰੱਦ ਕਰ ਦਿੱਤੀ ਜਾਵੇਗੀ। ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਦੀ ਬੈਂਚ ਨੇ ਬਿਹਾਰ ਐੱਸ ਆਈ ਆਰ ਦੀ ਵੈਧਤਾ 'ਤੇ ਅੰਤਮ ਦਲੀਲਾਂ ਦੀ ਸੁਣਵਾਈ ਲਈ 7 ਅਕਤੂਬਰ ਦੀ ਤਰੀਕ ਤੈਅ ਕੀਤੀ, ਜਦੋਂ ਕਿ ਇਸ ਕਾਰਵਾਈ 'ਤੇ ਕੋਈ ਅਧੂਰਾ ਫੈਸਲਾ ਦੇਣ ਤੋਂ ਇਨਕਾਰ ਕਰ ਦਿੱਤਾ। ਬੈਂਚ ਨੇ ਕਿਹਾ, 'ਬਿਹਾਰ ਐੱਸ ਆਈ ਆਰ ਵਿੱਚ ਸਾਡਾ ਫੈਸਲਾ ਦੇਸ਼ ਭਰ ਦੇ ਐੱਸ ਆਈ ਆਰ 'ਤੇ ਲਾਗੂ ਹੋਵੇਗਾ' ਅਤੇ ਸਪੱਸ਼ਟ ਕੀਤਾ ਕਿ ਉਹ ਚੋਣ ਕਮਿਸ਼ਨ ਨੂੰ ਦੇਸ਼ ਭਰ ਵਿੱਚ ਵੋਟਰ ਸੂਚੀ ਵਿੱਚ ਸੁਧਾਰ ਲਈ ਅਜਿਹੀ ਕਾਰਵਾਈ ਕਰਨ ਤੋਂ ਨਹੀਂ ਰੋਕ ਸਕਦੀ। ਹਾਲਾਂਕਿ, ਬੈਂਚ ਨੇ ਬਿਹਾਰ ਐੱਸ ਆਈ ਆਰ ਕਾਰਵਾਈ ਦੇ ਵਿਰੁੱਧ ਪਟੀਸ਼ਨਕਰਤਾਵਾਂ ਨੂੰ 7 ਅਕਤੂਬਰ ਨੂੰ ਦੇਸ਼ ਭਰ ਦੀ ਐੱਸ ਆਈ ਆਰ 'ਤੇ ਵੀ ਬਹਿਸ ਕਰਨ ਦੀ ਇਜਾਜ਼ਤ ਦਿੱਤੀ। ਇਸ ਦੌਰਾਨ ਸੁਪਰੀਮ ਕੋਰਟ ਨੇ 8 ਸਤੰਬਰ ਦੇ ਉਸ ਆਦੇਸ਼ ਨੂੰ ਵਾਪਸ ਲੈਣ ਦੀ ਮੰਗ ਕਰਨ ਵਾਲੀ ਇੱਕ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ, ਜਿਸ ਵਿੱਚ ਚੋਣ ਕਮਿਸ਼ਨ ਨੂੰ ਬਿਹਾਰ ਐੱਸ ਆਈ ਆਰ ਵਿੱਚ ਆਧਾਰ ਕਾਰਡ ਨੂੰ 12ਵੇਂ ਨਿਰਧਾਰਤ ਦਸਤਾਵੇਜ਼ ਵਜੋਂ ਸ਼ਾਮਲ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। 8 ਸਤੰਬਰ ਨੂੰ ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਸੀ ਕਿ ਆਧਾਰ ਨਾਗਰਿਕਤਾ ਦਾ ਸਬੂਤ ਨਹੀਂ ਹੋਵੇਗਾ ਅਤੇ ਚੋਣ ਕਮਿਸ਼ਨ ਵੋਟਰ ਸੂਚੀ ਵਿੱਚ ਸ਼ਾਮਲ ਕਰਨ ਲਈ ਕਿਸੇ ਵੋਟਰ ਦੁਆਰਾ ਪੇਸ਼ ਕੀਤੇ ਜਾਣ 'ਤੇ ਇਸ ਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾ ਸਕਦਾ ਹੈ।

## 21 ਦੀ ਮੁਹਾਲੀ ਰੈਲੀ ਇਤਿਹਾਸਕ ਹੋਵੇਗੀ : ਅਰਸ਼ੀ



**ਬੁਢਲਾਡਾ (ਅਸ਼ੋਕ ਲਾਕੜਾ)**

ਸੀ ਪੀ ਆਈ ਦੀ 100 ਵੀਂ ਵਰ੍ਹੇਗੰਢ ਮੌਕੇ 21 ਤੋਂ 25 ਸਤੰਬਰ ਤੱਕ ਹੋਣ ਜਾ ਰਹੇ ਚੰਡੀਗੜ੍ਹ ਮਹਾਂ-ਸੰਮੇਲਨ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। 21 ਸਤੰਬਰ ਨੂੰ ਮੁਹਾਲੀ ਵਿਖੇ ਹੋਣ ਵਾਲੀ ਰੈਲੀ ਦੀਆਂ ਤਿਆਰੀਆਂ ਸਬੰਧੀ ਪੂਰੇ ਪੰਜਾਬ ਵਿੱਚੋਂ ਉਤਸ਼ਾਹਜਨਕ ਰਿਪੋਰਟਾਂ ਆ ਰਹੀਆਂ ਹਨ।

ਸਬ-ਡਵੀਜ਼ਨ ਬੁਢਲਾਡਾ ਦੀ ਜਨਰਲ ਬਾਡੀ ਮੀਟਿੰਗ ਗੁਰਤੇਜ ਸਿੰਘ ਲਖਮੀਰਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਮੁਹਾਲੀ ਰੈਲੀ ਇਤਿਹਾਸਕ ਹੋਵੇਗੀ। ਉਨ੍ਹਾ ਕਿਹਾ ਕਿ ਪਾਰਟੀ ਦਾ 25 ਵਾਂ ਮਹਾਂ-ਸੰਮੇਲਨ ਉਸ ਸਮੇਂ ਹੋ ਰਿਹਾ ਹੈ, ਜਦੋਂ ਦੇਸ਼ ਹਰ ਪੱਖੋਂ ਸੰਕਟ ਦਾ ਸ਼ਿਕਾਰ ਹੈ, ਸੰਵਿਧਾਨ ਤੇ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਵੱਲੋਂ ਆਪਣੇ ਸਿਆਸੀ ਮਨੋਰਥ ਲਈ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਭਾਈਚਾਰਕ

• ਬਾਕੀ ਸਫਾ 2 'ਤੇ

## ਮਾਸਟਰ ਹਰਜੀਤ ਸਿੰਘ ਰਣਸੀਂਹ ਕਲਾਂ ਦੇ ਪਰਵਾਰ ਵੱਲੋਂ 31 ਹਜ਼ਾਰ ਦਾ ਯੋਗਦਾਨ



**ਨਿਹਾਲ ਸਿੰਘ ਵਾਲਾ** : ਅਧਿਆਪਨ ਅਤੇ ਸਦੀਆਂ ਤੋਂ ਲਿਤਾੜੇ, ਆਰਥਕ ਤੌਰ 'ਤੇ ਪੱਛੜੇ ਲੋਕਾਂ ਦੀ ਬਾਤ ਪਾਉਂਦੀ ਸਵੈ-ਜੀਵਨੀ, ਜੋ ਵਾਰਤਕ ਤੇ ਕਾਵਿਕ ਰੂਪ 'ਚ ਹੈ, ਰਾਹੀਂ ਚਰਚਿਤ ਹੋਏ ਮਰਹੂਮ ਮਾਸਟਰ ਮਾਸਟਰ ਹਰਜੀਤ ਸਿੰਘ ਰਣਸੀਂਹ ਕਲਾਂ ਕਿਸੇ ਹੋਰ ਜਾਣ-ਪਹਿਚਾਣ ਦੇ ਮੁਥਾਜ਼ ਨਹੀਂ ਹਨ। ਉਹ ਕਾਮਰੇਡ ਗੁਰਦਿਆਲ ਸਿੰਘ ਸਰਪੰਚ ਦੀ ਪ੍ਰੇਰਨਾ ਨਾਲ ਮਾਰਕਸਵਾਦੀ ਵਿਚਾਰਧਾਰਾ ਨਾਲ ਜੁੜੇ। ਉਹ ਐਲਾਨੀਆਂ ਤੌਰ 'ਤੇ ਕਾਮਰੇਡ ਗੁਰਦਿਆਲ ਸਿੰਘ ਨੂੰ ਆਪਣਾ ਆਦਰਸ਼ ਮੰਨਦੇ ਸਨ। ਮਾਸਟਰ ਹਰਜੀਤ ਸਿੰਘ ਨੇ ਬਾਲ ਸਾਹਿਤ ਨਾਲ ਸੰਬੰਧਤ ਕਵਿਤਾਵਾਂ ਦੀਆਂ ਪੰਜ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਉਨ੍ਹਾ ਦੀ ਬੇਟੀ ਅਤੇ ਬੇਟੇ ਵੀ ਇਨਕਲਾਬੀ ਵਿਰਾਸਤ ਨੂੰ ਪਰਣਾਏ ਹੋਏ ਹਨ। ਮਾਸਟਰ ਜੀ ਆਪਣੇ ਆਖਰੀ ਸਾਹਾਂ ਤੱਕ ਭਾਰਤੀ ਕਮਿਊਨਿਸਟ ਪਾਰਟੀ ਅਤੇ ਕਾਮਰੇਡ ਗੁਰਦਿਆਲ ਸਿੰਘ ਸਰਪੰਚ ਨਾਲ ਡਟੇ ਰਹੇ।

ਬੀਤੇ ਦਿਨੀਂ ਜਦੋਂ ਪਰਵਾਰ ਨੂੰ ਜਾਣਕਾਰੀ ਮਿਲੀ ਕਿ ਪਾਰਟੀ ਦੀ ਕੌਮੀ ਕਾਂਗਰਸ ਇਸ ਵਾਰ ਚੰਡੀਗੜ੍ਹ ਵਿਖੇ ਹੋ ਰਹੀ ਹੈ ਤਾਂ ਮਾਤਾ ਸੁਰਿੰਦਰ ਕੌਰ ਨੇ ਸੁਨੇਹਾ ਭੇਜਿਆ ਕਿ ਪਾਰਟੀ ਵਾਲੇ ਘਰ ਆਉਣ, ਅਸੀਂ ਕਾਂਗਰਸ ਲਈ ਸਹਾਇਤਾ ਰਾਸ਼ੀ ਦੇਣਾ ਚਾਹੁੰਦੇ ਹਾਂ। ਪਾਰਟੀ ਦੇ ਸਕੱਤਰ ਕੁਲਦੀਪ ਸਿੰਘ ਭੋਲਾ, ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਸੁਖਦੇਵ ਸਿੰਘ ਭੋਲਾ ਅਤੇ ਡਾਕਟਰ ਇੰਦਰਵੀਰ ਗਿੱਲ ਜਦ ਉਨ੍ਹਾ ਦੇ ਘਰ ਪਹੁੰਚੇ ਤਾਂ ਸਮੂਹ ਪਰਵਾਰ ਨੇ ਖਿੜੇ ਮੱਥੇ ਕਾਂਗਰਸ ਲਈ ਮਾਸਟਰ ਜੀ ਦੀ ਯਾਦ ਵਿੱਚ ਇਕੱਤੀ ਹਜ਼ਾਰ ਰੁਪਏ ਹਾਜ਼ਰ ਆਗੂਆਂ ਨੂੰ ਭੇਟ ਕੀਤੇ। ਪਰਵਾਰ ਦਾ ਧੰਨਵਾਦ ਕਰਦਿਆਂ ਕੁਲਦੀਪ ਸਿੰਘ ਭੋਲਾ ਨੇ ਕਿਹਾ ਕਿ ਕਮਿਊਨਿਸਟ

• ਬਾਕੀ ਸਫਾ 2 'ਤੇ

## ਮੁੱਖ ਮੰਤਰੀ ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਨਿਗਰਾਨ ਕਮੇਟੀਆਂ ਦੇ ਗਠਨ ਦਾ ਐਲਾਨ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**


ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਜ਼ਮੀਨੀ ਪੱਧਰ 'ਤੇ ਵਿਕਾਸ ਕਾਰਜਾਂ ਦੀ ਨਿਗਰਾਨੀ ਲਈ ਪਿੰਡ ਪੱਧਰ 'ਤੇ ਨਿਗਰਾਨ ਕਮੇਟੀਆਂ ਬਣਾਉਣ ਦਾ ਐਲਾਨ ਕੀਤਾ ਹੈ। ਇੱਥੇ ਯੂਥ ਕਲੱਬਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਦੇ ਵਿਕਾਸ 'ਚ ਤੇਜ਼ੀ ਲਿਆਉਣ ਲਈ ਕਈ ਪ੍ਰੋਜੈਕਟ ਸ਼ੁਰੂ ਕੀਤੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਰਦਾਤਾਵਾਂ ਦੇ ਪੈਸੇ ਦੀ ਸਹੀ ਵਰਤੋਂ ਯਕੀਨੀ ਬਣਾਉਣਾ ਸਮੇਂ ਦੀ ਲੋੜ ਹੈ, ਜਿਸ ਲਈ ਲੋਕਾਂ ਦੇ ਪੱਧਰ 'ਤੇ ਨਿਗਰਾਨੀ ਬਹੁਤ ਜ਼ਰੂਰੀ ਹੈ। ਮਾਨ ਨੇ ਕਿਹਾ ਕਿ ਇਸ ਮੰਤਵ ਲਈ ਵਿਕਾਸ ਕਾਰਜਾਂ ਦੀ ਨਿਗਰਾਨੀ ਅਤੇ ਉਨ੍ਹਾਂ ਦੇ ਸੁਚਾਰੂ ਅਤੇ ਪਾਰਦਰਸ਼ੀ ਅਮਲ ਨੂੰ ਯਕੀਨੀ ਬਣਾਉਣ ਲਈ ਪਿੰਡ ਪੱਧਰੀ ਨਿਗਰਾਨ ਕਮੇਟੀਆਂ ਬਣਾਈਆਂ ਜਾਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਕਮੇਟੀਆਂ ਵਿੱਚ ਯੂਥ ਕਲੱਬਾਂ ਦੇ ਮੈਂਬਰ ਅਤੇ ਪਿੰਡ ਦੇ ਹੋਰ ਚੁਣੇ ਹੋਏ ਨੁਮਾਇੰਦੇ ਸ਼ਾਮਲ ਹੋਣਗੇ। ਉਨ੍ਹਾ ਉਮੀਦ ਪ੍ਰਗਟਾਈ ਕਿ ਇਹ ਕਮੇਟੀਆਂ ਜ਼ਮੀਨੀ ਪੱਧਰ 'ਤੇ ਸਰਕਾਰੀ ਫੰਡਾਂ ਦੀ ਸਹੀ ਵਰਤੋਂ ਯਕੀਨੀ ਬਣਾਉਣ ਲਈ ਉਸਾਰੂ ਭੂਮਿਕਾ ਅਦਾ ਕਰਨਗੀਆਂ। ਉਨ੍ਹਾ ਅਜਿਹੇ ਉਪਰਾਲਿਆਂ ਵਾਸਤੇ ਸੂਬਾ ਸਰਕਾਰ ਵੱਲੋਂ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ।

## ਅੱਜ-ਨਾਮਾ

ਆਇਆ ਰਾਹੁਲ ਪੰਜਾਬ ਦਾ ਕਰਨ ਦੌਰਾ,
ਆਏ ਪਹਿਲਾਂ ਕਈ ਲੋਕ ਹਨ ਹੋਰ ਬੇਲੀ।
ਵਾਂਗਰ ਉਨ੍ਹਾਂ ਦੇ ਇਹ ਵੀ ਚੱਲ ਆਇਆ,
ਦਿੱਤਾ ਮਦਦ ਸਰਕਾਰੀ ਲਈ ਜ਼ੋਰ ਬੇਲੀ।
ਖਬਰ ਪਹੁੰਚ ਗਈ ਹੜ੍ਹਾਂ ਤੋਂ ਹੋਰ ਤਰਫੀਂ,
ਰਾਜਨੀਤੀ ਫਿਰ ਪਕੜ ਲਿਆ ਜ਼ੋਰ ਬੇਲੀ।
ਪਾਰਟੀ ਅੰਦਰ ਆ ਜਿਹੋ ਜਿਹੀ ਧੜੇਬੰਦੀ,
ਉਹਦੀ ਚਰਚਾ ਹੀ ਪਾਈ ਜਾਏ ਸ਼ੋਰ ਬੇਲੀ।
ਆਇਆ ਮਿਲਣ ਸੀ ਹੜ੍ਹਾਂ ਦੇ ਪੀੜਤਾਂ ਨੂੰ,
ਲੀਡਰ ਬਦਲਣ ਦੀ ਛਿੜੀ ਹੈ ਬਾਤ ਬੇਲੀ।
ਅਕਲ ਨਾ ਕਰਨ ਪੰਜਾਬ ਦੇ ਕਾਂਗਰਸੀਏ,
ਰਹਿਣ ਬੱਸ ਸੋਚਦੇ ਸ਼ਹਿ ਜਾਂ ਮਾਤ ਬੇਲੀ।

-ਤੀਸ ਮਾਰ ਖਾਂ

## 385 ਕਰੋੜ ਦਾ ਜਾਅਲੀ ਬਿਲਿੰਗ ਘੁਟਾਲਾ ਬੇਪਰਦ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਟੈਕਸ ਚੋਰੀ ਵਿਰੁੱਧ ਆਪਣੀ ਲੜਾਈ ਦੇ ਇੱਕ ਵੱਡੇ ਪੱਧਰ 'ਤੇ ਤੇਜ਼ੀ ਨਾਲ ਵਧਦੇ ਹੋਏ ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੋਮਵਾਰ ਇਥੇ ਐਲਾਨ ਕੀਤਾ ਕਿ ਰਾਜ ਦੇ ਕਰ ਵਿਭਾਗ ਨੇ 385 ਕਰੋੜ ਰੁਪਏ ਦੇ ਧੋਖਾਧੜੀ ਵਾਲੇ ਲੈਣ-ਦੇਣ ਸਮੇਤ ਇੱਕ ਵੱਡੇ ਜਾਅਲੀ ਬਿਲਿੰਗ ਘੁਟਾਲੇ, ਜਿਸ ਰਾਹੀਂ 69.57 ਕਰੋੜ ਰੁਪਏ ਦੀ ਟੈਕਸ ਚੋਰੀ ਹੋਈ, ਵਿੱਚ ਸ਼ਾਮਲ 7 ਵਿਅਕਤੀਆਂ ਵਿਰੁੱਧ ਦੋ ਐੱਫ ਆਈ ਆਰ ਦਰਜ ਕੀਤੀਆਂ ਹਨ। ਇਸ ਸੰਬੰਧੀ ਵੇਰਵਿਆਂ ਦਾ ਖੁਲਾਸਾ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ 12 ਸਤੰਬਰ 2025 ਨੂੰ ਦਰਜ ਕੀਤੀਆਂ ਗਈਆਂ ਐੱਫ ਆਈ ਆਰ ਵਿੱਚੋਂ ਪਹਿਲੀ ਮੈਸਰਜ਼ ਰਾਜਧਾਨੀ ਆਇਰਨ ਪ੍ਰੋਡਕਟਸ ਪ੍ਰਾਈਵੇਟ ਲਿਮਟਿਡ ਅਤੇ ਇਸ ਦੇ ਡਾਇਰੈਕਟਰਾਂ, ਮਨੀਸ਼ ਗਰਗ ਅਤੇ ਰਿਦਮ ਗਰਗ ਵਿਰੁੱਧ ਦਰਜ ਕੀਤੀ ਗਈ। ਇਸ ਸੰਬੰਧੀ ਜਾਂਚ ਦੌਰਾਨ ਮੈਸਰਜ਼ ਮਹਾਂਲਕਸ਼ਮੀ ਟ੍ਰੇਡਰਜ਼ ਅਤੇ ਮੈਸਰਜ਼ ਸ਼ਿਵ ਸ਼ਕਤੀ ਐਂਟਰਪ੍ਰਾਈਜ਼ਿਜ਼ ਸਮੇਤ ਜਾਅਲੀ ਫਰਮਾਂ ਦੇ ਇੱਕ ਗੁੰਝਲਦਾਰ ਨੈੱਟਵਰਕ ਦਾ ਪਰਦਾ ਫਾਸ਼ ਕੀਤਾ ਹੈ, ਜੋ ਕਿ ਸਾਰੇ ਵੱਡੇ ਪੱਧਰ 'ਤੇ ਧੋਖਾਧੜੀ ਵਾਲੀਆਂ ਗਤੀਵਿਧੀਆਂ ਅਤੇ ਇਨਪੁਟ ਟੈਕਸ ਕ੍ਰੈਡਿਟ (ਆਈ ਟੀ ਸੀ) ਦੀ ਗਲਤ ਵਰਤੋਂ ਵਿੱਚ ਰੁੱਝੇ ਹੋਏ ਸਨ। ਇਸ ਫਰਮ 'ਤੇ 310 ਕਰੋੜ ਰੁਪਏ ਦੇ ਧੋਖਾਧੜੀ ਵਾਲੇ ਲੈਣ-ਦੇਣ ਦਾ ਮਾਮਲਾ ਹੈ, ਜਿਸ ਦੇ ਨਤੀਜੇ ਵਜੋਂ 55.93 ਕਰੋੜ ਰੁਪਏ ਦੀ ਟੈਕਸ ਚੋਰੀ ਹੋਈ। ਇਸ ਮਾਮਲੇ ਵਿੱਚ ਸੀਨੀਅਰ

• ਬਾਕੀ ਸਫਾ 2 'ਤੇ



16-SEP-PAGE-1.qxd 9/15/2025 10:23 PM Page 2



## ਸਿੱਖ ਮਿਸ਼ਨਰੀ ਮੋਗਾ ਨੇ ਲਈ ਧਾਰਮਿਕ ਪ੍ਰੀਖਿਆ



**ਬਠਿੰਡਾ (ਰਾਜੀਵ ਗੋਇਲ)**-ਸਿੱਖ ਮਿਸ਼ਨਰੀ ਮੋਗਾ ਵੱਲੋਂ ਹਰਗੋਬਿੰਦ ਪਬਲਿਕ ਸਕੂਲ ਕਾਂਗੜ (ਬਠਿੰਡਾ) ਵਿਖੇ ਧਾਰਮਿਕ ਪ੍ਰੀਖਿਆ ਲਈ ਗਈ, ਜਿਸ ਵਿੱਚ ਤੀਜੀ ਜਮਾਤ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਤੇ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ, ਜਿਸ ਵਿੱਚ ਪਹਿਲਾ ਸਥਾਨ ਜਸ਼ਨਪ੍ਰੀਤ ਕੌਰ (ਜਲਾਲ) ਤੇ ਸ਼ੇਰ ਸਿੰਘ (ਕਾਂਗੜ) ਨੇ ਹਾਸਲ ਕੀਤਾ। ਦੂਜਾ ਸਥਾਨ ਜਸਮੀਤ ਕੌਰ (ਦੀਨਾ) ਤੇ ਸਾਹਿਬਜੋਤ ਸਿੰਘ (ਭੁਚਲ ਰਾਜਗੜ੍ਹ) ਨੇ ਹਾਸਲ ਕੀਤਾ। ਤੀਜਾ ਸਥਾਨ ਇੰਦਰਜੀਤ ਕੌਰ (ਭੁਚਲ ਰਾਜਗੜ੍ਹ) ਤੇ ਨਵਜੋਤ ਕੌਰ (ਦੀਨਾ) ਨੇ ਹਾਸਲ ਕੀਤਾ। ਸਕੂਲ ਦੇ ਪ੍ਰਿੰਸੀਪਲ ਸੋਨੂ ਕੁਮਾਰ ਕਾਂਗੜ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦੇ ਕਿਹਾ ਕਿ ਬਾਕੀ ਵਿਦਿਆਰਥੀ ਵੀ ਇਨ੍ਹਾਂ ਦੀ ਤਰ੍ਹਾਂ ਹਰ ਪ੍ਰੀਖਿਆਵਾਂ ਵਿੱਚ ਭਾਗ ਲੈ ਕੇ ਆਪਣੇ ਮਾਤਾ-ਪਿਤਾ ਤੇ ਸਕੂਲ ਦਾ ਨਾਮ ਰੌਸ਼ਨ ਕਰਦੇ ਰਹਿਣ। ਉਨ੍ਹਾਂ ਸਿੱਖ ਮਿਸ਼ਨਰੀ ਮੋਗਾ ਤੇ ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਜਸਵੀਰ ਕੌਰ, ਸਵਰਨਜੀਤ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

## ਪੰਜਾਬ 'ਚ ਆਏ ਹੜ੍ਹਾਂ ਦੇ ਕਾਰਨਾਂ ਦੀ ਜਾਂਚ ਕਰੇਗੀ ਜਮਹੂਰੀ ਅਧਿਕਾਰ ਸਭਾ : ਜਸਵੰਤ ਜ਼ੀਰਖ

- ਗਦਰੀ ਬਾਬਿਆਂ ਦੀ ਸ਼ਹੀਦੀ, ਕੁਰਬਾਨੀ ਤੇ ਸਜ਼ਾਵਾਂ ਨੂੰ ਵੀ ਕੀਤਾ ਯਾਦ
- 27 ਨੂੰ ਰਾਤ 7 ਵਜੇ ਦਿਖਾਈ ਜਾਏਗੀ ਫਿਲਮ ਇਨਕਲਾਬ



**ਲੁਧਿਆਣਾ (ਰੇਕਟਰ ਕਸੂਰੀਆ)**
ਜਮਹੂਰੀ ਅਧਿਕਾਰ ਸਭਾ ਦੀ ਮੀਟਿੰਗ ਦੌਰਾਨ ਹੜ੍ਹਾਂ ਦੀ ਮਾਰ ਵਾਲੇ ਮੁੱਦੇ ਦੇ ਨਾਲ 13 ਸਤੰਬਰ 1915 ਦੇ ਗਦਰੀ ਸ਼ਹੀਦਾਂ ਨੂੰ ਵੀ ਯਾਦ ਕੀਤਾ ਗਿਆ।ਇਨ੍ਹਾਂ ਗਦਰੀ ਬਾਬਿਆਂ ਨੂੰ ਅੰਗਰੇਜ਼ਾਂ ਵੱਲੋਂ ਸੁਣਾਈਆਂ ਸਜ਼ਾਵਾਂ ਦੇ ਇਤਿਹਾਸਕ ਪਲਾਂ ਦੀ ਵੀ ਚਰਚਾ ਕੀਤੀ ਗਈ। ਸ਼ਹੀਦ ਜਤਿਨ ਦਾਸ ਦੀ ਸ਼ਹੀਦੀ ਤੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਸਮਾਗਮ ਬਾਰੇ ਵੀ ਚਰਚਾ ਕਰਦਿਆਂ ਪ੍ਰੋਗਰਾਮ ਉਲੀਕੇ ਗਏ।ਜਮਹੂਰੀ ਅਧਿਕਾਰ ਸਭਾ ਪੰਜਾਬ (ਜ਼ਿਲ੍ਹਾ ਲੁਧਿਆਣਾ) ਦੀ ਇਹ ਜ਼ਰੂਰੀ ਮੀਟਿੰਗ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਜਸਵੰਤ ਜੀਰਖ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਪੀੜਤ ਲੋਕਾਂ ਦੀਆਂ ਜ਼ਿੰਦਗੀਆਂ ਤੇ ਪਏ ਸਮੁੱਚੇ ਮਾੜੇ ਪ੍ਰਭਾਵਾਂ ਅਤੇ ਉਹਨਾਂ ਦੇ ਮੁੜ ਵਸੇਬੇ ਲਈ ਕੀਤੇ ਜਾਣ ਵਾਲੇ ਯਤਨਾਂ ਬਾਰੇ ਸੂਬਾ ਪੱਧਰੀ ਵਿਸਥਾਰ ਰਿਪੋਰਟ, ਸਭਾ ਦੇ ਸੂਬਾ ਸਕੱਤਰੇਤ ਵੱਲੋਂ ਦਿੱਤੇ ਜਾਣ ਵਾਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੀ ਜਾਣਕਾਰੀ ਇਕੱਠੀ ਕਰਨ ਦਾ ਮਤਾ ਪਾਸ ਕੀਤਾ ਗਿਆ। ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਸਬੰਧੀ ਉਪਰੋਕਤ ਯਾਦਗਾਰ ਦੀ ਸਟੇਜ ਤੋਂ 27 ਸਤੰਬਰ ਨੂੰ ਇਲਾਕੇ ਦੇ ਲੋਕਾਂ ਨੂੰ ਉਸਾਰੂ ਸਿੱਖਿਆ ਦੇਣ ਲਈ ਰਾਤ 7 ਵਜੇ ਫਿਲਮ 'ਇਨਕਲਾਬ' ਵਿਖਾਉਣ ਦਾ ਫੈਸਲਾ ਲਿਆ ਗਿਆ।

13 ਸਤੰਬਰ 1915 ਦੇ ਇਤਿਹਾਸ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਇਸ ਦਿਨ ਅੰਗਰੇਜ਼ ਹਕੂਮਤ ਵੱਲੋਂ ਪਹਿਲੇ ਲਾਹੌਰ ਕੰਸਪਰੇਸੀ ਕੇਸ ਵਿੱਚ ਗਦਰੀ ਬਾਬਿਆਂ ਨੂੰ ਸੁਣਾਈਆਂ ਫਾਂਸੀਆਂ, ਜਾਇਦਾਦ ਜ਼ਬਤ ਤੇ ਕਾਲੇ ਪਾਣੀਆਂ ਦੀ ਉਮਰ ਕੈਦ ਵਰਗੀਆਂ ਸਜ਼ਾਵਾਂ ਦੇ ਸ਼ਹੀਦਾਂ ਨੂੰ ਯਾਦ ਕੀਤਾ।ਇਸੇ ਦਿਨ ਸ਼ਹੀਦ ਭਗਤ ਸਿੰਘ ਹੋਰਾਂ ਦੇ ਸਾਥੀ ਜਤਿਨ ਦਾਸ ਦੀ ਵੀ ਸ਼ਹੀਦੀ ਹੋਈ ਸੀ, ਜਿਸ ਕਰਕੇ ਗਦਰੀ ਸ਼ਹੀਦਾਂ ਦੇ ਨਾਲ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ।ਇਨ੍ਹਾਂ ਸ਼ਹੀਦੀਆਂ ਦੇ ਇਤਿਹਾਸਕ ਪਿਛੋਕੜ ਬਾਰੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਸੂਬਾ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਵਿਸਥਾਰ ਸਹਿਤ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ।ਇਸ ਇਤਿਹਾਸ ਨੂੰ ਲੋਕਾਂ ਦੇ ਰੂਬਰੂ ਕਰਨ ਲਈ ਵੀ ਪ੍ਰੋਗਰਾਮ ਤਹਿ ਕੀਤਾ ਗਿਆ, ਜਿਸ ਅਨੁਸਾਰ ਜਿਹੜੇ ਗਦਰੀ ਬਾਬਿਆਂ ਦੇ ਪਿੰਡ ਲੁਧਿਆਣਾ ਜ਼ਿਲ੍ਹੇ ਵਿੱਚ ਪੈਂਦੇ ਹਨ, ਉਨ੍ਹਾਂ ਪਿੰਡਾਂ ਵਿੱਚ ਪਹੁੰਚ ਕਰਕੇ ਸਾਰਿਆਂ ਨੂੰ ਇਕੱਠੀ ਸ਼ਰਧਾਂਜਲੀ ਭੇਟ ਕਰਨ ਲਈ ਇੱਕ ਵਿਸ਼ੇਸ਼ ਸਮਾਗਮ ਕੀਤਾ ਜਾਵੇ ਤਾਂ ਕਿ ਆਮ ਲੋਕਾਂ ਨੂੰ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਤੇ ਦੇਸ਼ ਨੂੰ ਅਜ਼ਾਦ ਕਰਵਾਉਣ ਤੋਂ ਬਾਅਦ ਚਿਤਵੇ ਸਮਾਜ ਦੀ ਬਰਾਬਰਤਾ 'ਤੇ ਅਧਾਰਤ ਸਿਰਜਣਾ ਬਾਰੇ ਜਾਗਰੂਕ ਕੀਤਾ ਜਾ ਸਕੇ।ਇਹ ਸਮਾਗਮ ਸ਼ਹੀਦ ਕਰਤਾਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਸ਼ਹੀਦੀ ਦਿਨ ਮੌਕੇ ਕਰਨਾ ਤਹਿ ਕੀਤਾ ਗਿਆ।ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰੀ ਟਰੱਸਟ ਇਸ ਵਿੱਚ ਅਹਿਮ ਭੂਮਿਕਾ ਨਿਭਾਏਗਾ, ਜਿਸ ਵਿੱਚ ਜਮਹੂਰੀ ਅਧਿਕਾਰ ਸਭਾ ਵੱਲੋਂ ਹਰ ਪੱਖੋਂ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਅਜਮੇਰ ਦਾਖਾ, ਸਤਨਾਮ ਸਿੰਘ ਧਾਲੀਵਾਲ, ਬਲਵਿੰਦਰ ਸਿੰਘ, ਮਾ. ਸੁਰਜੀਤ ਸਿੰਘ, ਡਾ. ਵਿਨੋਦ ਵਸਿਸ਼ਟ, ਪ੍ਰਸ਼ੋਤਮ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ, ਅਰੁਣ ਕੁਮਾਰ, ਰਾਮ ਸਿੰਘ ਭੀਖੀ, ਮਨਜੀਤ ਸਿੰਘ ਘਣਗਸ, ਤਰਲੋਚਨ ਸਿੰਘ ਪਨੇਸਰ, ਕਾ. ਸੁਰਿੰਦਰ ਸਿੰਘ, ਜਗਧੀਰਜ ਸਿੰਘ, ਸੁਬੇਗ ਸਿੰਘ ਫੌਜੀ, ਸੁਰਜੀਤ ਸਿੰਘ ਸ਼ਾਮਲ ਸਨ।

## ਹੜ੍ਹਾਂ ਦੀ ਮਾਰ ਝੱਲ ਰਹੇ ਕਿਰਤੀਆਂ ਦੇ ਹੱਕ 'ਚ ਕੀਤੇ ਜਾਣਗੇ ਪ੍ਰਦਰਸ਼ਨ : ਮਜ਼ਦੂਰ ਮੁਕਤੀ ਮੋਰਚਾ



**ਦਿੜ੍ਹਬਾ (ਜਸਵੀਰ ਲਾਡੀ)**
ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਦੱਸਿਆ ਕਿ ਕਿ ਹੜ੍ਹਾਂ ਵਿੱਚ ਮਰ ਚੁੱਕੇ ਵਿਅਕਤੀਆਂ ਦੇ ਪਰਵਾਰਾਂ ਨੂੰ ਦਸ ਲੱਖ ਰੁਪਏ ਮੁਆਵਜ਼ਾ ਦੇ ਕੇ ਪਰਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿਵਾਏ ਜਾਣ, ਹੜ੍ਹਾਂ/ਮੀਂਹਾਂ ਦੀ ਮਾਰ ਹੇਠ ਡਿੱਗੇ ਘਰਾਂ ਦੀ ਮੁੜ ਉਸਾਰੀ ਹਰੇਕ ਪਰਵਾਰ ਲਈ ਪੰਜ ਲੱਖ ਮੁਆਵਜ਼ਾ ਦਿਵਾਏ ਜਾਣ, ਨੁਕਸਾਨੇ ਗਏ ਘਰਾਂ ਲਈ ਇੱਕ ਲੱਖ ਰੁਪਏ ਮੁਆਵਜ਼ਾ ਦਿਵਾਏ ਜਾਣ, ਮਜ਼ਦੂਰਾਂ, ਗਰੀਬਾਂ ਛੋਟੇ ਦੁਕਾਨਦਾਰਾਂ ਆਦਿ ਦੇ ਰੁਜ਼ਗਾਰ ਤੇ ਪਈ ਮਾਰ ਲਈ ਪ੍ਰਤੀ ਪਰਵਾਰ 25 ਹਜ਼ਾਰ ਰੁਪਏ ਦਿਵਾਏ ਜਾਣ, ਬੇਜ਼ਮੀਨੇ ਕਿਸਾਨਾਂ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਅਤੇ ਉਨ੍ਹਾਂ ਦੀਆਂ ਜ਼ਿੰਮੇ ਠੇਕੇ 'ਤੇ ਲਈਆਂ ਜ਼ਮੀਨਾਂ ਦਾ ਠੇਕਾ ਪੰਜਾਬ ਸਰਕਾਰ ਵੱਲੋਂ ਭਰੇ ਜਾਣ, ਮਨਰੇਗਾ ਕਾਨੂੰਨ ਤਹਿਤ ਦੋ ਸੌ ਦਿਨ ਕੰਮ ਅਤੇ ਪ੍ਰਤੀ ਦਿਨ ਹਜ਼ਾਰ ਰੁਪਏ ਦਿਹਾੜੀ ਦਿਵਾਏ, ਲੈਂਡ ਸੀਲਿੰਗ ਐਕਟ ਤੋਂ ਵਾਧੂ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਕਿਸਾਨਾਂ 'ਚ ਵੰਡੇ ਜਾਣ, ਮਜ਼ਦੂਰਾਂ ਕਿਸਾਨਾਂ ਤੇ ਔਰਤਾਂ ਸਿਰ ਖੜੇ ਸਰਕਾਰੀ, ਸਹਿਕਾਰੀ ਤੇ ਮਾਈਕਰੋ ਫਾਇਨਾਂਸ ਕੰਪਨੀਆਂ ਦੇ ਕਰਜ਼ੇ ਮੁਆਫ਼ ਕੀਤੇ ਜਾਣ ਆਦਿ ਮਜ਼ਦੂਰ ਮੰਗਾਂ ਨੂੰ ਲੈਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਪੰਜਾਬ ਭਰ 'ਚ 29 ਸਤੰਬਰ ਨੂੰ ਜ਼ਿਲ੍ਹਾ ਪੱਧਰੀ ਇਕੱਠ ਕਰਕੇ ਡਿਪਟੀ ਕਮਿਸ਼ਨਰਾਂ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਦਿੱਤੇ ਜਾਣਗੇ।ਇਹ ਪ੍ਰਗਟਾਵਾ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਦੌਰਾਨ ਹੋਏ ਫੈਸਲਿਆਂ ਬਾਰੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਗੋਬਿੰਦ ਸਿੰਘ ਛਾਜਲੀ ਨੇ ਕੀਤਾ।

ਇਸ ਮੌਕੇ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਹੜ੍ਹਾਂ ਤੇ ਮੀਂਹਾਂ ਦੀ ਮਾਰ ਝੱਲ ਰਹੇ ਕਿਰਤੀ ਤਬਕੇ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕੀਤਾ ਹੈ ਤੇ ਸਰਕਾਰਾਂ ਵੱਲੋਂ ਐਲਾਨੀਆਂ ਰਾਸ਼ੀਆਂ ਬਿਲਕੁਲ ਨਿਗੂਣੀਆਂ ਹਨ।ਉਨ੍ਹਾਂ ਕਿਹਾ ਕਿ ਜ਼ਮੀਨਾਂ ਨੂੰ ਮੁੜ ਵਾਹੀਯੋਗ ਬਣਾਏ ਜਾਣ, ਬੰਨ੍ਹਾਂ ਨੂੰ ਮਜ਼ਬੂਤ ਕੀਤੇ ਜਾਣ ਨਹਿਰਾਂ, ਕੱਸੀਆਂ ਸੂਇਆਂ ਡਰੇਨਾਂ ਦੀ ਸਫ਼ਾਈ ਲਈ ਮਨਰੇਗਾ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ ਤੇ ਦਰਿਆਵਾਂ ਦੀ ਨਜਾਇਜ਼ ਮਾਇਨਿੰਗ ਤੇ ਸਖ਼ਤੀ ਨਾਲ ਰੋਕ ਲਾਈ ਜਾਵੇ।

## ਅੱਧੀ ਦਰਜਨ ਪਿੰਡਾਂ ਨੂੰ ਆਪਸ 'ਚ ਜੋੜਦੀ ਸੜਕ ਦੀ ਹਾਲਤ ਖਸਤਾ



**ਅਮਲੋਹ (ਪ੍ਰਮੋਦ ਭਾਰਦਵਾਜ)**-ਰਾਏਪੁਰ ਚੋਬਦਾਰਾਂ, ਕਪੂਰਗੜ੍ਹ, ਭਰਪੂਰਗੜ੍ਹ, ਸ਼ੇਰਗੜ੍ਹ, ਕੰਜਾਰੀ, ਲਾਡਪੁਰ ਨੂੰ ਆਪਸ ਵਿੱਚ ਜੋੜਦੀ ਸੜਕ ਦੀ ਕਾਫ਼ੀ ਸਮੇਂ ਤੋਂ ਬਹੁਤ ਜ਼ਿਆਦਾ ਖਸਤਾ ਹਾਲਤ ਹੋ ਚੁੱਕੀ ਹੈ, ਜਿੱਥੇ ਆਵਾਜਾਈ ਦੇ ਸਾਧਨ ਲੰਘਾਉਣੇ ਤਾਂ ਦੂਰ ਦੀ ਗੱਲ, ਬੰਦਾ ਸਧਾਰਨ ਤੌਰ 'ਤੇ ਵੀ ਨਹੀਂ ਤੁਰ ਸਕਦਾ।ਇਸ ਮੌਕੇ ਪਿੰਡ ਭਰਪੂਰਗੜ੍ਹ, ਸ਼ੇਰਗੜ੍ਹ, ਕਪੂਰਗੜ੍ਹ ਦੇ ਲੋਕਾਂ ਨੇ ਸਰਕਾਰ ਨੂੰ ਗੁਹਾਰ ਲਗਾਈ ਹੈ ਕਿ ਇਸ ਸੜਕ ਨੂੰ ਛੇਤੀ ਬਣਾਇਆ ਜੈਵੇ ਤਾਂ ਜੋ ਨੁਕਸਾਨ ਹੋਣੋਂ ਘੱਟ ਜਾਵੇ।ਇਸ ਮੌਕੇ ਐਡਵੋਕੇਟ ਤੀਰਥ ਸਿੰਘ ਕਪੂਰਗੜ੍ਹ ਨੇ ਇਨ੍ਹਾਂ ਪਿੰਡਾਂ ਦਾ ਦੌਰਾ ਕੀਤਾ, ਜਿੱਥੇ ਲੋਕਾਂ ਨੇ ਦੱਸਿਆ ਕਿ ਇਨ੍ਹਾਂ ਪਿੰਡਾਂ ਵਿੱਚ ਬੱਸਾਂ ਵੀ ਆਉਣੀਆਂ ਬੰਦ ਹੋ ਗਈਆਂ ਤੇ ਬੱਸਾਂ ਰਾਇਪੁਰ ਚੋਬਦਾਰਾਂ ਸੂਏ ਤੋਂ ਸਿੱਧੀਆਂ ਲਾਡਪੁਰ ਸੂਏ ਵਾਲੇ ਰੂਟ 'ਤੇ ਚੱਲ ਰਹੀਆਂ ਹਨ ਤੇ ਸਾਡੇ ਬੱਚਿਆਂ ਨੂੰ ਬਹੁਤ ਜ਼ਿਆਦਾ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਕਤ ਪਿੰਡ ਤੋਂ ਤਕਰੀਬਨ 1.5 ਕਿਲੋਮੀਟਰ ਸੂਏ ਵਾਲੀ ਸੜਕ ਤੋਂ ਤੁਰ ਕੇ ਜਾ ਕੇ ਬੱਸ ਚੜ੍ਹਨਾ ਪੈਂਦਾ ਹੈ ਤੇ ਇਨ੍ਹਾਂ ਪਿੰਡਾਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਐਡਵੋਕੇਟ ਤੀਰਥ ਸਿੰਘ ਕਪੂਰਗੜ੍ਹ ਨੇ ਸਰਕਾਰ ਨੂੰ ਇਸ ਸਮੱਸਿਆ ਦਾ ਛੇਤੀ ਹੱਲ ਕਰਨ ਲਈ ਕਿਹਾ ਤਾਂ ਜੋ ਇਨ੍ਹਾਂ ਪਿੰਡਾਂ ਨੂੰ ਕੋਈ ਸਮੱਸਿਆ ਨਾ ਆਵੇ ਤੇ ਪਬਲਿਕ ਦਾ ਨੁਕਸਾਨ ਹੋਣੋਂ ਘੱਟ ਹੋ ਜਾਵੇ।ਇਸ ਮੌਕੇ ਪਿੰਡਾਂ ਦਾ ਮੋਹਤਬਰ ਵਿਅਕਤੀ ਹਾਜ਼ਰ ਸਨ।

## 'ਯੁੱਧ ਨਸ਼ਿਆਂ ਵਿਰੁੱਧ' ਅਧੀਨ ਨਸ਼ਾ ਤਸਕਰਾਂ ਦੀਆਂ ਨਜਾਇਜ਼ ਉਸਾਰੀਆਂ ਢਾਹੀਆਂ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸਿੰਘ ਸੱਗੂ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਜੰਗੀ ਪੱਧਰ 'ਤੇ ਕੀਤੀ ਜਾ ਰਹੀ ਹੈ, ਜਿਸ ਤਹਿਤ ਜ਼ਿਲ੍ਹਾ ਪੁਲਸ ਮੁਖੀ ਸ਼੍ਰੀ ਸਰਤਾਜ ਸਿੰਘ ਚਾਹਲ ਦੇ ਨਿਰਦੇਸ਼ਾਂ ਮੁਤਾਬਕ ਐੱਸ.ਪੀ. (ਸਥਾਨਕ) ਦਿਲਪ੍ਰੀਤ ਸਿੰਘ ਦੀ ਅਗਵਾਈ ਵਿੱਚ ਪੁਲਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਸ਼ੇਰਪੁਰ ਰੋਡ ਧੂਰੀ ਦੇ ਨੇੜੇ ਨਸ਼ਾ ਤਸਕਰਾਂ ਵੱਲੋਂ ਉਸਾਰੀਆਂ ਨਜਾਇਜ਼ ਉਸਾਰੀਆਂ ਨੂੰ ਢਾਹਿਆ ਗਿਆ।ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਰਹਿੰਦੇ 11 ਵਿਅਕਤੀਆਂ ਖਿਲਾਫ ਐਨ.ਡੀ.ਪੀ.ਐੱਸ. ਐਕਟ ਦੇ ਕਈ ਕੇਸ ਦਰਜ ਹਨ।ਇਨ੍ਹਾਂ ਵੱਲੋਂ ਸਰਕਾਰੀ ਜਗ੍ਹਾ/ਰਸਤਿਆਂ ਉਪਰ ਨਜਾਇਜ਼ ਕਬਜ਼ੇ ਵੀ ਕੀਤੇ ਹੋਏ ਹਨ।ਢੁੱਕਵੀਂ ਪ੍ਰਕਿਰਿਆ ਰਾਹੀਂ ਇਨ੍ਹਾਂ ਦੀਆਂ ਨਜਾਇਜ਼/ਗੈਰ ਕਾਨੂੰਨੀ ਉਸਾਰੀਆਂ ਨੂੰ ਢਾਹਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਤੇ ਨਸ਼ਿਆਂ ਦੇ ਤਸਕਰਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਐੱਸ.ਪੀ. ਨੇ ਨਸ਼ਾ ਤਸਕਰਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਵੇਚਣ ਦਾ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਇਹੋ ਜਿਹੀ ਕਾਰਵਾਈ ਕੀਤੀ ਜਾਵੇਗੀ।ਨਸ਼ਾ ਤਸਕਰਾਂ ਨੇ ਸੂਬੇ ਦੀ ਜਵਾਨੀ ਨੂੰ ਕੁਰਾਹੇ ਪਾਇਆ ਹੈ ਤੇ ਪੰਜਾਬ ਸਰਕਾਰ ਜਵਾਨੀ ਨੂੰ ਬਚਾਉਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ।ਉਨ੍ਹਾਂ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਨਿਰੰਤਰ ਜਾਰੀ ਰਹੇਗੀ ਤੇ ਨਸ਼ਿਆਂ ਨਾਲ ਸਬੰਧਤ ਕਿਸੇ ਵੀ ਗਤੀਵਿਧੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

## ਗੁਰਮਨਪ੍ਰੀਤ ਯੂਥ ਵਿੰਗ ਦੇ ਕੋਆਰਡੀਨੇਟਰ ਨਿਯੁਕਤ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਹਲਕਾ ਫਿਰੋਜ਼ਪੁਰ ਦਿਹਾਤੀ 'ਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਵਜੋਂ ਛੋਟੀ ਉਮਰੇ ਵੱਡੀ ਜ਼ਿੰਮੇਵਾਰੀ ਨਾਲ ਸੇਵਾ ਨਿਭਾਅ ਰਹੇ ਗੁਰਮਨਪ੍ਰੀਤ ਸਿੰਘ ਜੋਸਨ ਵਾਸੀ ਟਿੱਬੀ ਖੁਰਦ ਨੂੰ ਪਾਰਟੀ ਵੱਲੋਂ ਹਲਕਾ ਫ਼ਿਰੋਜ਼ਪੁਰ ਦਿਹਾਤੀ ਦਾ ਯੂਥ ਵਿੰਗ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ 'ਤੇ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਬਲਕਾਰ ਸਿੰਘ ਜੋਸਨ ਸਰਪੰਚ ਪਿੰਡ ਜੋਧਪੁਰ, ਡਕਟਰ ਦਲਜੀਤ ਸਿੰਘ ਜੋਸਨ, ਸੁਰਿੰਦਰ ਕੁਮਾਰ ਸੋਨੂੰ ਸੇਠੀ, ਡਾ. ਹਰਜਿੰਦਰ ਸਿੰਘ ਸਿੰਧੀ ਤੇ ਜਸਬੀਰ ਸਿੰਘ ਚੇਅਰਮੈਨ ਐੱਸ ਐੱਮ ਸੀ ਸਕੂਲ ਆਫ਼ ਐਮੀਨੈਂਸ ਨੇ ਮੂੰਹ ਮਿੱਠਾ ਕਰਾਉਂਦੇ ਹੋਏ ਮੁਬਾਰਕਾਂ ਦਿੱਤੀਆਂ। ਨਵ ਨਿਯੁਕਤ ਯੂਥ ਆਗੂ ਗੁਰਮਨਪ੍ਰੀਤ ਨੇ ਹਾਈਕਮਾਨ ਵੱਲੋਂ ਕੀਤੀ ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ, ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਐੱਮ.ਐੱਲ.ਏ ਹਲਕਾ ਫ਼ਿਰੋਜ਼ਪੁਰ ਦਿਹਾਤੀ ਜ਼ਿਲ੍ਹਾ ਯੂਥ ਪ੍ਰਧਾਨ ਸੁਖਦੀਪ ਸਿੰਘ ਉਗੋਕੇ, ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਸਮੇਤ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਾਈ ਕਮਾਨ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

## ਮੁਕਤਸਰ 'ਚ ਮਨਾਈ ਜਾਵੇਗੀ ਪੰਜਾਬ ਪੱਧਰੀ ਅਗਰਸੈਨ ਜਯੰਤੀ



**ਸ਼੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਅਗਰਵਾਲ ਸਭਾ ਰਜਿ: ਸ਼੍ਰੀ ਦੀ ਮੀਟਿੰਗ ਮੌੜ ਰੋਡ 'ਤੇ ਪ੍ਰਧਾਨ ਤਰਸੇਮ ਗੋਇਲ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ 21 ਸਤੰਬਰ ਨੂੰ ਪੰਜਾਬ ਪੱਧਰੀ 'ਮਹਾਰਾਜਾ ਅਗਰਸੈਨ ਜਯੰਤੀ' ਮਹਾਉਤਸਵ ਦੀਆਂ ਤਿਆਰੀਆਂ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।ਸ਼ਹਿਰ 'ਚ ਪਹਿਲੀ ਵਾਰ ਅਜਿਹਾ ਪੰਜਾਬ ਪੱਧਰੀ ਮਹਾਰਾਜਾ ਅਗਰਸੈਨ ਜਯੰਤੀ ਮਹਾਉਤਸਵ ਹੋਣ ਜਾ ਰਿਹਾ ਹੈ, ਜਿਸ ਨੂੰ ਸਫ਼ਲ ਬਣਾਉਣ ਲਈ ਹਰ ਅਗਰਵਾਲ ਭਾਈ ਤਨਦੇਹੀ ਨਾਲ ਜੁਟਿਆ ਹੋਇਆ ਹੈ। ਪ੍ਰਧਾਨ ਤਰਸੇਮ ਗੋਇਲ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਬਾਅਦ ਦੁਪਹਿਰ 3 ਵਜੇ ਝੰਡਾ ਪੂਜਨ ਤੇ ਜੋਤ ਪ੍ਰਜਵੱਲਿਤ ਕਰਕੇ ਕੀਤੀ ਜਾਵੇਗੀ।ਉਪਰੰਤ ਹਾਜ਼ਰੀਨ ਅਗਰਵਾਲ ਬਿਰਾਦਰੀ ਸੰਗੀਤਮਈ ਭਜਨਾਂ ਦਾ ਆਨੰਦ ਮਾਨਣਗੇ।ਇਸ ਦੌਰਾਨ ਬੱਚਿਆਂ ਵੱਲੋਂ ਪੰਜਾਬ ਦਾ ਲੋਕ ਨਾਚ ਗਿੱਧਾ ਤੇ ਭੰਗੜਾ ਪੇਸ਼ ਕੀਤਾ ਜਾਵੇਗਾ ਤੇ ਨਾਲ ਹੀ ਸਵਾਲ ਜਵਾਬ ਮੁਕਾਬਲੇ ਕਰਾਏ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ ਪੁੱਜੇ ਸਮਾਜ ਦੇ ਸੀਨੀਅਰ ਸਿਟੀਜ਼ਨ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇ ਤੇ ਆਏ ਹੋਏ ਮਹਿਮਾਨਾਂ ਨੂੰ ਸਨਮਾਨਤ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਜਾਵੇਗਾ।ਇਸ ਤੋਂ ਇਲਾਵਾ ਅਗਰਵਾਲ ਸਮਾਜ ਦੇ ਹੋਣਹਾਰ ਬੱਚੇ ਜੋ ਸਮਾਜ ਵਿੱਚ ਵਿਚਰਦੇ ਹੋਏ ਪੜ੍ਹਾਈ ਜਾਂ ਹੋਰ ਵੱਖ-ਵੱਖ ਖੇਤਰਾਂ 'ਚ ਉਪਲਬਧੀਆਂ ਹਾਸਲ ਕਰਕੇ ਅਗਰਵਾਲ ਸਮਾਜ ਦਾ ਨਾਂਅ ਰੌਸ਼ਨ ਕਰ ਰਹੇ ਹਨ, ਉਨ੍ਹਾਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਮਾਗਮ 'ਚ ਪਹੁੰਚਣ ਲਈ ਅਗਰਵਾਲ ਸਮਾਜ ਨਾਲ ਸਬੰਧਤ ਵਿਧਾਇਕ, ਮੰਤਰੀ, ਅਧਿਕਾਰੀ ਤੇ ਕ੍ਰਮਚਾਰੀਆਂ ਨੂੰ ਵਿਸ਼ੇਸ਼ ਸੱਦੇ ਦਿੱਤੇ ਜਾ ਰਹੇ ਨੇ।

## ਰਾਸ਼ਨ ਕਾਰਡਾਂ ਦੀ ਈ ਕੇ ਵਾਈ ਸੀ ਕਰਨ ਤੋਂ ਆਂਗਣਵਾੜੀ ਵਰਕਰਾਂ ਵੱਲੋਂ ਇਨਕਾਰ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਸਰਕਾਰ ਵੱਲੋਂ ਰਾਸ਼ਨ ਕਾਰਡਾਂ ਦੀ ਏ ਈ ਕੇ ਵਾਈ ਸੀ ਆਂਗਣਵਾੜੀ ਵਰਕਰਾਂ ਵੱਲੋਂ ਕਰਾਏ ਜਾਣ ਸਬੰਧੀ ਜੋ ਪੱਤਰ ਜਾਰੀ ਕੀਤਾ ਹੈ, ਉਸ ਨੂੰ ਮੰਨਣ ਤੋਂ ਆਂਗਣਵਾੜੀ ਵਰਕਰਾਂ ਵੱਲੋਂ ਇਨਕਾਰ ਕੀਤਾ ਗਿਆ ਹੈ।ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ ਬਲਾਕ ਮਮਦੋਟ ਦੀ ਪ੍ਰਧਾਨ ਪ੍ਰਕਾਸ਼ ਕੌਰ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਆਪਣੇ ਵਿਭਾਗ ਦਾ ਕੰਮ ਹੀ ਬੜੀ ਮੁਸ਼ਕਲ ਨਾਲ ਕਰ ਰਹੀਆਂ ਹਨ, ਕਿਉਂਕਿ ਆਂਗਣਵਾੜੀ ਵਰਕਰਾਂ +ਤੇ ਪਹਿਲਾਂ ਤੋਂ ਹੀ ਬਹੁਤ ਬੋਝ ਹੈ।ਆਂਗਣਵਾੜੀ ਕੇਂਦਰਾਂ 'ਚ ਆ ਰਹੇ ਰਾਸ਼ਨ ਦੇ ਲਾਭਪਾਤਰੀਆਂ ਦੀ ਏ ਈ ਕੇ ਵਾਈ ਸੀ ਤੇ ਐੱਫ਼ ਆਰ ਐਸ ਦਾ ਕੰਮ ਚੱਲ ਰਿਹਾ ਹੈ, ਜਿਸ ਕਰਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਇਹ ਕੰਮ ਨਹੀਂ ਕਰ ਸਕਦੀਆਂ। ਨਾਲ ਹੀ ਉਨ੍ਹਾਂ ਕਿਹਾ ਕਿ ਆਂਗਣਵਾੜੀ ਜਥੇਬੰਦੀ ਦਾ ਫ਼ੈਸਲਾ ਹੈ ਕਿ ਉਹ ਆਪਣੇ ਵਿਭਾਗੀ ਕੰਮਾਂ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਕਰਨਗੀਆਂ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਪਿਛਲੇ ਲੰਬੇ ਸਮੇਂ ਤੋਂ ਰੁਕਿਆ ਹੋਇਆ ਮਾਣਭੱਤਾ ਜਲਦੀ ਰਿਲੀਜ਼ ਕਰੇ ਤੇ ਜੋ ਆਂਗਣਵਾੜੀ ਵਰਕਰਾਂ ਤੋਂ ਰਾਸ਼ਨ ਡਿਪੂਆਂ ਦੇ ਕਾਰਡਾਂ ਦਾ ਈ ਕੇ ਵਾਈ ਸੀ ਕਰਾਉਣ ਦਾ ਪੱਤਰ ਹੈ, ਉਸ ਨੂੰ ਤੁਰੰਤ ਵਾਪਸ ਲਵੇ।

## ਦੋਸ਼ੀ ਨੂੰ ਸਜ਼ਾ ਦਿਓ ਤੇ ਭਰਾ ਮਾਰ ਅੱਗ ਭੜਕਾਉਣ ਵਾਲਿਆਂ ਨੂੰ ਨੱਥ ਪਾਓ : ਦੇਸ਼ ਭਗਤਾਂ ਦੀ ਜ਼ੋਰਦਾਰ ਮੰਗ

**ਜਲੰਧਰ** : ਹੁਸ਼ਿਆਰਪੁਰ ਵਿਖੇ ਬੱਚੇ ਨਾਲ ਵਾਪਰੀ ਅਤਿ-ਨਿੰਦਣਯੋਗ ਘਟਨਾ ਅਤੇ ਸਖ਼ਤ ਸਜ਼ਾ ਦੇ ਭਾਗੀਦਾਰ ਮੁਲਜ਼ਮ ਨੂੰ ਸਜ਼ਾ ਦੇਣ ਦੀ ਮੰਗ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਹਾ ਕਿ ਇੱਕ ਮੁਲਜ਼ਮ ਕਾਰਨ ਪੂਰੇ ਪਰਵਾਸੀ ਭਾਈਚਾਰੇ ਨੂੰ ਹਮਲੇ ਦਾ ਨਿਸ਼ਾਨਾ ਬਣਾਉਣਾ, ਉਜਾੜੇ ਦੇ ਹੁਕਮ ਚਾੜ੍ਹਨਾ ਅਤੇ ਇਨਸਾਫ਼ ਦੇ ਹਕੀਕੀ ਨੁਕਤਾ ਨਿਗਾਹ ਤੋਂ ਗੱਲ ਕਰਨ ਵਾਲੀਆਂ ਖ਼ਰੀਆਂ ਸਮਾਜਕ, ਜਮਹੂਰੀ ਲੋਕ-ਸੰਸਥਾਵਾਂ ਅਤੇ ਵਿਅਕਤੀਆਂ ਨੂੰ ਪੁਲਸ ਦੀਆਂ ਗਾਰਦਾਂ ਦੀ ਹਾਜ਼ਰੀ ਵਿੱਚ ਪੰਜਾਬ ਦੇ ਸ਼ਹਿਰਾਂ, ਕਸਬਿਆਂ ਵਿੱਚ ਧਮਕੀਆਂ ਦੇਣਾ ਅਸਲ 'ਚ ਪੰਜਾਬ ਅਤੇ ਹੋਰਨਾਂ ਰਾਜਾਂ ਵਿੱਚ ਕਾਰੋਬਾਰਾਂ ਨਾਲ ਜੁੜੇ ਅਤੇ ਵਸਦੇ ਪੰਜਾਬੀ ਭਾਈਚਾਰੇ ਖਾਸ ਕਰਕੇ ਸਿੱਖ ਭਾਈਚਾਰੇ ਨੂੰ ਬਲ਼ਦੀ ਦੇ ਬੁੱਥੇ ਦੇਣਾ ਦਾ ਅਪਰਾਧਜਨਕ ਮਾਹੌਲ ਸਿਰਜਣਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਪੰਜਾਬ ਅਤੇ ਮੁਲਕ ਅੰਦਰ ਭਰਾ ਮਾਰ ਜੰਗ ਦਾ ਮਾਹੌਲ ਬਣਾਉਣ ਦਾ ਵਰਤਾਰਾ ਵਿਸ਼ਵ ਭਰ 'ਚ ਅਜੇਹੇ ਬਿਰਤਾਂਤ ਸਿਰਜਣ ਦੇ ਭਿਆਨਕ ਨਤੀਜਿਆਂ ਨਾਲ ਜੁੜਿਆ ਹੋਇਆ ਹੈ। ਉਹਨਾਂ ਕਿਹਾ ਕਿ ਇੰਗਲੈਂਡ, ਕੈਨੇਡਾ, ਆਸਟਰੇਲੀਆਂ ਆਦਿ ਥਾਵਾਂ 'ਤੇ 'ਪ੍ਰਵਾਸੀ ਭਜਾਓ' ਮੁਹਿੰਮ ਦੀਆਂ ਲੜੀਆਂ ਕੜੀਆਂ ਪੰਜਾਬ 'ਚੋਂ 'ਪ੍ਰਵਾਸੀ ਭਜਾਓ, ਪੰਜਾਬ ਬਣਾਓ' ਨਾਲ ਜੁੜੀਆਂ ਹੋਈਆਂ ਹਨ, ਕਿਉਂਕਿ ਦੁਨੀਆਂ ਭਰ ਦਾ ਸਾਮਰਾਜੀ ਕਾਰਪੋਰੇਟ ਲਾਣਾ ਲੋਕਾਂ ਖਿਲਾਫ਼ ਜੋ ਨਿਹੱਕੀ ਜੰਗਾਂ ਤੇਜ਼ ਕਰ ਰਿਹਾ ਹੈ, ਉਸ ਖਿਲਾਫ਼ ਉਠੇ ਰੋਹ ਦੇ ਪ੍ਰਤੀਰੋਧ ਦੇ ਨਿਸ਼ਾਨੇ ਤੋਂ ਬਚਣ ਲਈ ਉਹ ਆਨੇ-ਬਹਾਨੇ ਘੜ ਕੇ ਜਾਂ ਮੌਕਾ ਤਾੜ ਕੇ ਲੋਕਾਂ ਨੂੰ ਇੱਕ-ਦੂਜੇ ਦੇ ਦੁਸ਼ਮਣ ਬਣਾ ਧਰਨ ਦੀ ਫ਼ਿਰਕੂ ਜ਼ਹਿਰੀ ਹਨੇਰੀ ਵਗਾ ਰਿਹਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦਾ ਕਹਿਣਾ ਹੈ ਕਿ ਪੰਜਾਬ ਜਦੋਂ ਹੜ੍ਹਾਂ ਦੀ ਮਾਰ ਦਾ ਪਿੰਜਿਆ ਪਿਆ ਹੈ ਤਾਂ ਉਸ ਵੇਲੇ ਪੂਰੇ ਮੁਲਕ 'ਚੋਂ ਸਹਾਇਤਾ ਦਾ ਹੜ੍ਹ ਆਇਆ ਹੈ, ਜੋ ਹਕੂਮਤਾਂ ਅਤੇ ਲੋਕ ਦੋਖੀ ਤਾਕਤਾਂ ਦੇ ਢਿੱਡ ਸੂਲ ਛੇੜ ਰਿਹਾ ਹੈ। ਇਸ ਲਈ ਮੁਲਕ 'ਚ ਉਸਰ ਰਹੇ ਭਾਈਚਾਰਕ ਸਾਂਝ ਦੇ ਕਿਲ੍ਹੇ ਵਿੱਚ ਸੰਨ੍ਹ ਲਾਉਣ ਲਈ ਗਿਣੀ-ਮਿਥੀ ਨੀਤੀ ਤਹਿਤ ਅੱਜ ਪੂਰੇ ਪੰਜਾਬ ਅੰਦਰ ਹਕੂਮਤੀ ਛਤਰੀ ਹੇਠ ਅਜੇਹੇ ਅਨਸਰਾਂ ਨੂੰ ਖੜਦੁੰਮ ਮਚਾਉਣ ਦੀਆਂ ਖੁੱਲ੍ਹਾਂ ਲਈ ਥਾਪੜਾ ਦਿੱਤਾ ਜਾ ਰਿਹਾ ਹੈ, ਜਿਹੜੇ ਕਦੇ ਵੀ, ਕਿਸੇ ਵੀ ਲੋਕ ਮਸਲੇ ਮੌਕੇ ਭਾਲ਼ੇ ਨਹੀਂ ਥਿਆਉਂਦੇ।

ਕਮੇਟੀ ਨੇ ਪੰਜਾਬ, ਦੇਸ਼ ਅਤੇ ਪ੍ਰਦੇਸ਼ਾਂ ਅੰਦਰ ਰਹਿੰਦੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਗ਼ਦਰ ਲਹਿਰ ਦੀ ਸਰਵਸਾਂਝੀ ਇਨਕਲਾਬੀ ਲੋਕ-ਪੱਖੀ ਵਿਰਾਸਤ ਦਾ ਝੰਡਾ ਬੁਲੰਦ ਰੱਖਦੇ ਹੋਏ ਲੋਕਾਂ ਵਿੱਚ ਭਾਈਚਾਰਕ ਸਾਂਝ ਦੀ ਗਲਵੱਕੜੀ ਮਜ਼ਬੂਤ ਕਰਨ ਅਤੇ ਹਰ ਵੰਨਗੀ ਦੀਆਂ ਫੁੱਟ-ਪਾਊ, ਕਾਤਲੀ, ਫ਼ਿਰਕੂ ਤਾਕਤਾਂ ਅਤੇ ਉਹਨਾਂ ਦੀ ਪਿੱਠ ਥਾਪੜ ਰਹੇ ਹਾਕਮਾਂ ਖਿਲਾਫ਼ ਬੇਖੌਫ਼ ਹੋ ਕੇ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ।

## ...ਸਫ਼ਾ 1 ਦੇ ਬਾਕੀ

### ਬਾਬੇ ਦੇ ਦਰ 'ਤੇ ਜਾਣ 'ਤੇ ਰੋਕ ...

ਬਿੱਟੂ ਪ੍ਰਧਾਨ ਮੰਤਰੀ ਨੂੰ ਸੁਆਲ ਪੁੱਛਣਗੇ ਕਿ ਕ੍ਰਿਕਟ ਮੈਚ ਕਰਾਉਣ ਦੀ ਕੀ ਮਜਬੂਰੀ ਸੀ। ਹੁਣ ਜਥਿਆਂ 'ਤੇ ਪਾਬੰਦੀ ਕਿਉਂ। ਉਨ੍ਹਾ ਕਿਹਾ ਕਿ ਕੇਂਦਰ ਦੀ ਪਾਲਿਸੀ ਪਾਕਿਸਤਾਨ ਦੇ ਖਿਲਾਫ ਹੈ ਜਾਂ ਲੋਕਾਂ ਦੇ ਖਿਲਾਫ ਹੈ। ਉਹਨਾ ਇਹ ਵੀ ਕਿਹਾ ਕਿ ਪਾਕਿਸਤਾਨ ਨਾਲ ਜਾਂ ਤਾਂ ਸਾਰਾ ਕੁਝ ਬੰਦ ਕਰੋ ਜਾਂ ਫਿਰ ਸਭ ਕੁਝ ਖੋਲ੍ਹ ਦਿਓ।

ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਗੁਜਰਾਤ ਅਤੇ ਮੁੰਬਈ ਦੇ ਪੋਰਟਾਂ ਨੂੰ ਵਪਾਰਕ ਤੌਰ 'ਤੇ ਖੋਲ੍ਹਿਆ ਗਿਆ ਹੈ, ਜਦੋਂ ਕਿ ਪੰਜਾਬ ਦੇ ਰਾਹ ਬੰਦ ਕੀਤੇ ਹੋਏ ਹਨ। ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਤੋਂ ਭਾਜਪਾ ਨੂੰ ਵੋਟ ਨਾ ਪਾਉਣ ਲਈ ਅਤੇ ਕਿਸਾਨ ਅੰਦੋਲਨ ਦਾ ਬਦਲਾ ਲਿਆ ਜਾ ਰਿਹਾ ਹੈ।

ਇੱਕ ਸੁਆਲ ਦੇ ਜੁਆਬ 'ਚ ਮੁੱਖ ਮੰਤਰੀ ਨੇ ਕਿਹਾ ਕਿ ਟੋਕਨ ਮਨੀ ਤਾਂ ਦੂਰ ਦੀ ਗੱਲ, ਹਾਲੇ ਤੱਕ ਕੇਂਦਰ ਨੇ ਹੜ੍ਹਾਂ ਦੇ ਰਾਹਤ ਫੰਡ ਵਜੋਂ ਇੱਕ ਰੁਪਿਆ ਵੀ ਨਹੀਂ ਭੇਜਿਆ। ਉਨ੍ਹਾ ਕਿਹਾ ਕਿ ਅਫਗਾਨਿਸਤਾਨ ਨੂੰ ਤਾਂ ਰਾਹਤ ਫੰਡ ਕੇਂਦਰ ਨੇ ਫੌਰੀ ਭੇਜ ਦਿੱਤੇ, ਪ੍ਰੰਤੂ ਪੰਜਾਬ ਨੂੰ ਹਾਲੇ ਤੱਕ ਕੋਈ ਪੈਸਾ ਨਹੀਂ ਦਿੱਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਕੋਈ ਸੰਕਟ ਪੈਂਦਾ ਹੈ ਤਾਂ ਪੰਜਾਬ ਚੇਤੇ ਆਉਂਦਾ ਹੈ, ਪ੍ਰੰਤੂ ਬਾਅਦ ਵਿੱਚ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ। ਉਨ੍ਹਾ ਪ੍ਰਧਾਨ ਮੰਤਰੀ ਰਾਹਤ ਫੰਡ 'ਤੇ ਵੀ ਸੁਆਲ ਉਠਾਏ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਅਤੇ ਪ੍ਰਧਾਨ ਮੰਤਰੀ ਰਾਹਤ ਫੰਡ ਦਾ ਨਾਂਅ ਲੈ ਕੇ ਜੋ ਇੱਕ ਸੰਸਥਾ ਵੱਲੋਂ ਪੈਸੇ ਮੰਗੇ ਜਾ ਰਹੇ ਹਨ, ਉਸ ਦੀ ਕੇਂਦਰ ਸਰਕਾਰ ਜਾਂਚ ਕਰੇ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਜ਼ਿਆਦਤੀ ਨੂੰ ਪੰਜਾਬੀ ਯਾਦ ਰੱਖਣਗੇ। ਉਨ੍ਹਾ ਕਿਹਾ ਕਿ ਪੰਜਾਬੀ ਡਿੱਗਦੇ ਹਨ ਤੇ ਉੱਠਦੇ ਵੀ ਹਨ। ਇੱਕ ਹੋਰ ਸੁਆਲ ਦੇ ਜੁਆਬ ਵਿੱਚ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਬੀਜ ਦੀ ਵੰਡ ਵੀ ਕਰੇਗੀ। ਉਨ੍ਹਾ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇੱਧਰੋਂ-ਉੱਧਰੋਂ ਬੀਜ ਲੈਣ ਦੀ ਥਾਂ ਪੰਜਾਬ ਸਰਕਾਰ ਕੋਲ ਬੀਜ ਲਈ ਪਹੁੰਚ ਕਰਨ।

### ਸਾਡਾ ਰੁਖ਼ ਸਹੀ ਸਾਬਤ...

ਵਿੱਚ ਸਪੱਸ਼ਟ ਤੌਰ 'ਤੇ ਪੱਖਪਾਤੀ ਧਾਰਾਵਾਂ ਸ਼ਾਮਲ ਹਨ, ਜਿਵੇਂ ਕਿ ਇਹ ਲੋੜ ਕਿ ਸਿਰਫ਼ ਪੰਜ ਸਾਲਾਂ ਤੋਂ ਇਸਲਾਮ ਦਾ ਅਭਿਆਸ ਕਰਨ ਵਾਲੇ ਵਿਅਕਤੀ ਹੀ ਵਕਫ਼ ਬਣਾ ਸਕਦੇ ਹਨ। ਇਹ ਕਾਨੂੰਨ ਭਾਜਪਾ ਵੱਲੋਂ ਮੁਸਲਿਮ ਘੱਟ ਗਿਣਤੀ ਭਾਈਚਾਰੇ ਨੂੰ ਬਦਨਾਮ ਕਰਨ, ਸਮਾਜ ਨੂੰ ਵੰਡਣ ਅਤੇ ਧਰੁਵੀਕਰਨ ਕਰਨ ਅਤੇ ਵਕਫ਼ ਜਾਇਦਾਦਾਂ 'ਤੇ ਮਨਮਾਨੇ ਕਬਜ਼ੇ ਦੀ ਸਹੂਲਤ ਦੇਣ ਦੀਆਂ ਵੱਡੀਆਂ ਕੋਸ਼ਿਸ਼ਾਂ ਦਾ ਹਿੱਸਾ ਹਨ। ਅਜਿਹੇ ਪ੍ਰਬੰਧ ਮੁਸਲਿਮ ਘੱਟ ਗਿਣਤੀ ਦੇ ਵਕਫ਼ਾਂ ਨੂੰ ਆਜ਼ਾਦ ਤੌਰ 'ਤੇ ਬਣਾਉਣ ਅਤੇ ਪ੍ਰਬੰਧਨ ਕਰਨ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਦੇ ਹਨ ਅਤੇ ਵਕਫ਼ ਜ਼ਮੀਨਾਂ 'ਤੇ ਕਬਜ਼ੇ ਨੂੰ ਸਮਰੱਥ ਬਣਾਉਣ ਦੇ ਕੰਮ ਲਈ ਰਾਹ ਖੋਲ੍ਹਦੇ ਹਨ। ਹਾਲਾਂਕਿ, ਸੀ ਪੀ ਆਈ ਚਿੰਤਾ ਦੇ ਨਾਲ ਇਹ ਵੀ ਨੋਟ ਕਰਦੀ ਹੈ ਕਿ ਸਮੁੱਚੇ ਤੌਰ 'ਤੇ ਐਕਟ 'ਤੇ ਰੋਕ ਨਹੀਂ ਲਗਾਈ ਗਈ। ਬਹੁਤ ਸਾਰੇ ਅਨੁਚਿਤ ਤੱਤ ਬਰਕਰਾਰ ਹਨ ਅਤੇ ਸਿਰਫ ਉਹ ਹਿੱਸੇ, ਜੋ ਪਹਿਲੀ ਨਜ਼ਰੇ ਸਪੱਸ਼ਟ ਤੌਰ 'ਤੇ ਮਨਮਾਨੇ ਪਾਏ ਗਏ ਸਨ, ਨੂੰ ਰੋਕ ਦਿੱਤਾ ਗਿਆ ਹੈ। ਅਸੀਂ ਉਮੀਦ ਕਰਦੇ ਹਾਂ ਕਿ ਬਾਕੀ ਇਤਰਾਜ਼ਯੋਗ ਪ੍ਰਬੰਧਾਂ ਨੂੰ ਵੀ ਖਤਮ ਕਰ ਦਿੱਤਾ ਜਾਵੇਗਾ ਅਤੇ ਕਾਨੂੰਨ ਉਦੋਂ ਤੱਕ ਲਾਗੂ ਨਹੀਂ ਕੀਤੇ ਜਾਣਗੇ, ਜਦੋਂ ਤੱਕ ਸਰਕਾਰ ਸੁਪਰੀਮ ਕੋਰਟ ਦੁਆਰਾ ਉਠਾਏ ਗਏ ਸਵਾਲਾਂ ਦੇ ਜਵਾਬ ਨਹੀਂ ਦਿੰਦੀ। ਧਾਰਮਿਕ ਦਾਨ ਨੂੰ ਨਿਯੰਤਰਿਤ ਕਰਨ ਵਾਲੇ ਕਾਨੂੰਨਾਂ ਨੂੰ ਸਾਰਥਕ ਸਲਾਹ-ਮਸ਼ਵਰੇ ਤੋਂ ਬਾਅਦ ਪਾਰਦਰਸ਼ੀ ਢੰਗ ਨਾਲ ਬਣਾਇਆ ਜਾਣਾ ਚਾਹੀਦਾ ਹੈ, ਤਾਂ ਜੋ ਫਿਰਕੂ ਧਰੁਵੀਕਰਨ ਵਿੱਚ ਵਾਧਾ ਨਾ ਹੋਵੇ। ਧਾਰਮਿਕ ਘੱਟ ਗਿਣਤੀਆਂ ਦੇ ਅਧਿਕਾਰਾਂ ਨੂੰ ਬਹੁਵਚਨ, ਧਰਮ ਨਿਰਪੱਖ ਲੋਕਤੰਤਰ ਵਿੱਚ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ।

### ਕੇਂਦਰ ਹੜ੍ਹ ਪੀੜਤਾਂ ਦੀ ...

ਭਰਿਆ ਸੀ, ਪਰ ਘੱਟ ਪਾਣੀ ਛੱਡਿਆ ਗਿਆ। ਅੰਤ ਵਿੱਚ ਅਚਾਨਕ ਛੱਡੇ ਪਾਣੀ ਨਾਲ ਵੱਡੀ ਤਬਾਹੀ ਹੋਈ।

ਪੌਂਗ ਬੰਨ੍ਹ ਤੋਂ ਪਾਣੀ ਦੀ ਰਿਕਾਰਡ ਆਮਦ ਦੇ ਬਾਵਜੂਦ ਪਾਣੀ ਸਮੇਂ 'ਤੇ ਨਹੀਂ ਛੱਡਿਆ ਗਿਆ।ਰਣਜੀਤ ਸਾਗਰ ਬੰਨ੍ਹ ਵਿੱਚੋਂ ਘੱਟ ਪਾਣੀ ਛੱਡਣ ਤੋਂ ਬਾਅਦ ਅਚਾਨਕ 1,73,000 ਕਿਊਸਿਕ ਪਾਣੀ ਛੱਡਿਆ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਰਫ਼ 1,600 ਕਰੋੜ ਦਾ ਐਲਾਨ ਕੀਤਾ, ਜਦਕਿ ਪੰਜਾਬ ਸਰਕਾਰ ਨੇ ਨੁਕਸਾਨ 25,000 ਕਰੋੜ ਤੋਂ ਵੱਧ ਦੱਸਿਆ ਸੀ। ਕੇਂਦਰੀ ਰਾਹਤ ਪੰਜਾਬੀ ਲੋਕਾਂ ਨਾਲ ਮਖੌਲ ਹੈ। ਕੇਂਦਰ ਸਰਕਾਰ ਰਾਹਤ ਨੂੰ ਰਾਜਨੀਤਕ ਹਥਿਆਰ ਵਜੋਂ ਵਰਤ ਰਹੀ ਹੈ, ਖ਼ਾਸਕਰ ਉਨ੍ਹਾਂ ਕਿਸਾਨਾਂ ਤੋਂ ਬਦਲਾ ਲੈਣ ਲਈ, ਜਿਨ੍ਹਾਂ ਤਿੰਨ ਕਾਲੇ ਕਾਨੂੰਨ ਰੱਦ ਕਰਵਾਏ ਸਨ।ਜਥੇਬੰਦੀ ਨੇ ਕਿਹਾ ਹੈ ਕਿ ਸਰਕਾਰਾਂ ਨਾਕਾਮ ਰਹੀਆਂ, ਪੰਜਾਬ ਦੇ ਲੋਕਾਂ ਨੇ ਬੇਮਿਸਾਲ ਏਕਤਾ ਦਿਖਾਈ।ਆਲ ਇੰਡੀਆ ਕਿਸਾਨ ਸਭਾ, ਸਥਾਨਕ ਗੁਰਦੁਆਰੇ, ਜਵਾਨਾਂ ਦੀਆਂ ਟੋਲੀਆਂ, ਏ ਆਈ ਵਾਈ ਐੱਫ ਤੇ ਸਾਬਕਾ ਫੌਜੀਆਂ ਨੇ ਬਚਾਅ ਮੁਹਿੰਮਾਂ ਚਲਾਈਆਂ।ਐੱਸ ਕੇ ਐੱਮ ਨੇ ਵੀ ਦੋ ਰਾਹਤ ਕੇਂਦਰ ਖੋਲ੍ਹੇ। ਹੋਰ ਰਾਜਾਂ ਤੋਂ ਵੀ ਸੰਗਠਨ ਮਦਦ ਲਈ ਪਹੁੰਚੇ।ਆਲ ਇੰਡੀਆ ਕਿਸਾਨ ਸਭਾ ਨੇ ਮੰਗ ਕੀਤੀ ਹੈ ਕਿ ਜ਼ਿੰਮੇਵਾਰ ਅਧਿਕਾਰੀਆਂ 'ਤੇ ਤੁਰੰਤ ਐੱਫ ਆਈ ਆਰ ਕੀਤੀ ਜਾਵੇ ਤੇ ਬਰਖ਼ਾਸਤ ਕੀਤਾ ਜਾਵੇ। ਹਾਈ ਕੋਰਟ ਦੇ ਜੱਜ ਦੀ ਅਗਵਾਈ ਵਿੱਚ ਨਿਆਂਇਕ ਜਾਂਚ ਕਰਵਾਈ ਜਾਵੇ। ਕੌਮੀ ਆਫ਼ਤ ਦਾ ਐਲਾਨ ਕਰਕੇ ਫਸਲ ਨੁਕਸਾਨ ਦਾ 70,000 ਪ੍ਰਤੀ ਏਕੜ ਮੁਆਵਜ਼ਾ, ਪਸ਼ੂਆਂ ਲਈ 50,000/25,000 ਰੁਪਏ ਅਤੇ ਘਰਾਂ ਲਈ 5 ਲੱਖ/2 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਹਰ ਪ੍ਰਭਾਵਤ ਪਰਵਾਰ, ਖੇਤੀ ਮਜ਼ਦੂਰ ਅਤੇ ਬਟਾਈਦਾਰ ਨੂੰ ਇੱਕ ਲੱਖ ਰੁਪਏ ਤੁਰੰਤ ਰਾਹਤ ਦਿੱਤੀ ਜਾਵੇ। ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ 200 ਦਿਨਾਂ ਦਾ ਮਨਰੇਗਾ ਕੰਮ ਦਿੱਤਾ ਜਾਵੇ ਅਤੇ ਦਿਹਾੜੀ 600 ਰੁਪਏ ਕੀਤੀ ਜਾਵੇ। ਸਾਰੇ ਖੇਤੀ ਕਰਜ਼ੇ ਮਾਫ਼ ਕੀਤੇ ਜਾਣ।ਡਿਜ਼ਾਸਟਰ ਮੈਨੇਜਮੈਂਟ (ਸੋਧ) ਐਕਟ, 2025 ਰੱਦ ਕੀਤਾ ਜਾਵੇ। ਜਥੇਬੰਦੀ ਨੇ ਸਪੱਸ਼ਟ ਕੀਤਾ ਕਿ ਇਸ ਆਫ਼ਤ ਲਈ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਦੋਵੇਂ ਹੀ ਬਰਾਬਰ ਜ਼ਿੰਮੇਵਾਰ ਹਨ। ਜੇ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਪੰਜਾਬ ਭਰ ਵਿੱਚ ਵੱਡਾ ਸੰਘਰਸ਼ ਛੇੜਿਆ ਜਾਵੇਗਾ। ਜਥੇਬੰਦੀ ਨੇ ਸਾਰੀਆਂ ਕਿਸਾਨ ਸੰਸਥਾਵਾਂ, ਪ੍ਰਗਤੀਸ਼ੀਲ ਬੁੱਧੀਜੀਵੀਆਂ, ਇੰਜੀਨੀਅਰਾਂ, ਵਾਤਾਵਰਣ ਪ੍ਰੇਮੀਆਂ ਅਤੇ ਵਕੀਲਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਕ ਜਨਤਾ ਕਮਿਸ਼ਨ ਬਣਾਉਣ, ਜੋ ਇਸ ਆਫ਼ਤ ਦੀ ਪੂਰੀ ਜਾਂਚ ਕਰੇ ਅਤੇ ਰਾਹਤ, ਪੁਨਰਵਾਸ ਤੇ ਭਵਿੱਖ ਲਈ ਸੰਭਾਵੀ ਉਪਾਅ ਸੁਝਾਏ।

### 385 ਕਰੋੜ ਦਾ...

ਸੁਪਰਡੈਂਟ ਆਫ਼ ਪੁਲਸ ਫਤਿਹਗੜ੍ਹ ਸਾਹਿਬ ਕੋਲ ਐਫ ਆਈ ਆਰ ਦਰਜ ਕੀਤੀ ਗਈ। ਚੀਮਾ ਨੇ ਦੱਸਿਆ ਕਿ ਹੋਰ ਕਾਰਵਾਈ ਵਿੱਚ 9 ਸਤੰਬਰ, 2025 ਨੂੰ ਮੈਸਰਜ਼ ਕੇ. ਕੇ. ਇੰਡਸਟਰੀਜ਼ ਅਤੇ ਇਸ ਦੇ ਸਹਿਯੋਗੀਆਂ ਚੰਦਨ ਸਿੰਘ, ਅਮਨਦੀਪ ਸਿੰਘ ਅਤੇ ਮੁਕੇਸ਼ ਵਿਰੁੱਧ ਇੱਕ ਹੋਰ ਵੱਡੇ ਜਾਲ੍ਹੀ ਬਿਲਿੰਗ ਘੁਟਾਲੇ ਵਿੱਚ ਭੂਮਿਕਾ ਦੇ ਸੰਬੰਧ ਵਿੱਚ ਐਫ ਆਈ ਆਰ ਦਰਜ ਕੀਤੀ ਗਈ। ਜਾਂਚ ਵਿੱਚ ਖੁਲਾਸਾ ਹੋਇਆ ਕਿ ਮੈਸਰਜ਼ ਕੇ. ਕੇ. ਇੰਡਸਟਰੀਜ਼ ਮਾਲ ਦੀ ਅਸਲ ਆਵਾਜਾਈ ਤੋਂ ਬਿਨਾਂ ਹੀ ਜਾਲ੍ਹੀ ਇਨਵਾਇਸ ਜਾਰੀ ਕਰ ਰਹੀ ਸੀ, ਜਿਸ ਨਾਲ ਲਾਭਪਾਤਰੀ ਫਰਮਾਂ ਨੂੰ ਗਲਤ ਤਰੀਕੇ ਨਾਲ ਆਈ ਟੀ ਸੀ ਪਾਸ ਕਰਨ ਅਤੇ ਪ੍ਰਾਪਤ ਕਰਨ ਵਿੱਚ ਮਦਦ ਮਿਲ ਰਹੀ ਸੀ।ਵਿੱਤ ਮੰਤਰੀ ਨੇ ਕਿਹਾ ਕਿ ਜਾਂਚਕਰਤਾਵਾਂ ਨੇ ਜੀ ਐੱਸ ਟੀ ਰਿਟਰਨਾਂ, ਈ-ਵੇਅ ਬਿੱਲ ਡੇਟਾ ਦੀ ਕਰਾਸ-ਵੈਰੀਫਾਈ ਕੀਤੀ ਅਤੇ ਅਹਾਤੇ ਦੀ ਭੌਤਿਕ ਤਸਦੀਕ ਕੀਤੀ, ਜਿਸ ਨਾਲ ਲੈਣ-ਦੇਣ ਦੀ ਧੋਖਾਧੜੀ ਵਾਲੀ ਪ੍ਰਕਿਰਤੀ ਦਾ ਪਰਦਾ ਫਾਸ਼ ਹੋਇਆ। ਇਸ ਤੋਂ ਇਲਾਵਾ 14 ਸਤੰਬਰ ਨੂੰ ਹੀ ਬਠਿੰਡਾ ਵਿਖੇ ਦੀਪਕ ਸਿੰਗਲਾ ਅਤੇ ਵਿਵੇਕ ਸਿੰਗਲਾ ਵਿਰੁੱਧ ਐੱਫ ਆਈ ਆਰ ਨੰਬਰ 182 ਦਰਜ ਕੀਤੀ ਗਈ, ਦੋਵਾਂ ਦੀ ਪਛਾਣ ਬਠਿੰਡਾ ਖੇਤਰ ਵਿੱਚ ਲੋਹੇ ਅਤੇ ਸਟੀਲ ਦੇ ਸਾਮਾਨ ਦੇ ਪਾਸਰ ਵਜੋਂ ਹੋਈ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਬਿਨਾਂ ਹਿਸਾਬ-ਕਿਤਾਬ ਵਾਲੇ ਸਾਮਾਨ ਨੂੰ ਲੋੜੀਂਦੀ ਬਿਲਿੰਗ ਤੋਂ ਬਿਨਾਂ ਹੀ ਢੋਆ-ਢੁਆਈ ਵਿੱਚ ਸ਼ਾਮਲ ਸਨ, ਜਿਸ ਨਾਲ ਵੱਡੇ ਪੱਧਰ 'ਤੇ ਟੈਕਸ ਚੋਰੀ ਕੀਤੀ ਗਈ ਅਤੇ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਪਹੁੰਚਾਇਆ ਗਿਆ।ਮੰਡੀ ਗੋਬਿੰਦਗੜ੍ਹ ਵਿਖੇ ਇੱਕ ਵਿਸ਼ੇਸ਼ ਤਿੰਨ ਦਿਨਾ ਚੈਕਿੰਗ ਮੁਹਿੰਮ ਦੌਰਾਨ ਸਟੇਟ ਇਨਵੈਸਟੀਗੇਸ਼ਨ ਐਂਡ ਪ੍ਰੀਵੈਂਟਿਵ ਯੂਨਿਟਸ (ਐੱਸ ਆਈ ਪੀ ਯੂ) ਨੇ ਤਸਦੀਕ ਲਈ 108 ਵਾਹਨਾਂ ਨੂੰ ਰੋਕਿਆ ਇਨ੍ਹਾਂ ਵਿੱਚੋਂ 26 ਵਾਹਨਾਂ ਨੂੰ 50 ਲੱਖ ਰੁਪਏ ਦੇ ਜੁਰਮਾਨੇ ਲਾਏ ਜਾ ਚੁੱਕੇ ਹਨ ਅਤੇ ਬਾਕੀ ਵਾਹਨਾਂ ਬਾਰੇ ਕਾਰਵਾਈ ਅਜੇ ਵੀ ਜਾਰੀ ਹੈ। ਇਹ ਟੀਚਾਬੱਧ ਮੁਹਿੰਮ ਰਾਹੀਂ ਅਤੇ ਇਹ ਸਪਸ਼ਟ ਸੰਦੇਸ਼ ਦਿੱਤਾ ਗਿਆ ਹੈ ਕਿ ਕਰ ਚੋਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਅਤੇ ਇਹ ਮੁਹਿੰਮ ਲੋਹਾ ਅਤੇ ਸਟੀਲ, ਸੀਮਿੰਟ ਅਤੇ ਆਟੋ ਪਾਰਟਸ ਵਰਗੇ ਖੇਤਰਾਂ 'ਤੇ ਕੇਂਦ੍ਰਿਤ ਹੈ। ਚੀਮਾ ਨੇ ਕਿਹਾ ਕਿ ਧੋਖਾਧੜੀ ਕਰਨ ਵਾਲੀਆਂ ਫਰਮਾਂ ਵਿਰੁੱਧ ਦਰਜ ਕੀਤੀਆਂ ਗਈਆਂ ਐੱਫ ਆਈ ਆਰਜ਼ ਅਤੇ ਵੱਡੇ ਪੱਧਰ 'ਤੇ ਚੈਕਿੰਗ ਮੁਹਿੰਮਾਂ ਆਪਣੇ ਮਾਲੀਆ ਅਧਾਰ ਦੀ ਰੱਖਿਆ ਲਈ ਰਾਜ ਦੀ ਗੰਭੀਰਤਾ ਨੂੰ ਦਰਸਾਉਂਦੀਆਂ ਹਨ।

### 21 ਦੀ ਮੁਹਾਲੀ ਰੈਲੀ...

ਸਾਂਝ ਨੂੰ ਤੋੜ ਕਿ ਦੇਸ਼ ਨੂੰ ਮਨੂੰਵਾਦ ਵੱਲ ਧੱਕਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।ਕਾਮਰੇਡ ਅਰਸ਼ੀ ਨੇ ਮਾਨ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਕਿਸਾਨ, ਮਜ਼ਦੂਰ ਤੇ ਛੋਟਾ ਦੁਕਾਨਦਾਰ ਮਾੜੀ ਆਰਥਿਕਤਾ ਕਾਰਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੈ, ਸਰਕਾਰ ਉਹਨਾਂ ਦੀ ਬਾਂਹ ਫੜਨ ਦੀ ਬਜਾਏ ਲੈਂਡ ਪੂਲਿੰਗ ਪਾਲਿਸੀ, ਮਨਰੇਗਾ ਕਾਨੂੰਨ ਨੂੰ ਖ਼ਤਮ ਕਰਨ ਸਮੇਤ ਕਿਰਤ ਵਿਰੋਧੀ ਨੀਤੀਆਂ ਲਾਗੂ ਕਰਕੇ ਸਰਮਾਏਦਾਰੀ ਤਾਕਤਾਂ ਦਾ ਪੱਖ ਪੂਰ ਰਹੀ ਹੈ।ਮੀਟਿੰਗ 'ਚ ਕਿਹਾ ਗਿਆ ਕਿ ਬਾਰਸ਼ ਤੇ ਹੜ੍ਹਾਂ ਕਰਕੇ ਹਜ਼ਾਰਾਂ ਪਿੰਡਾਂ ਵਿੱਚ ਹੋਏ ਘਰਾਂ, ਫਸਲਾਂ, ਪਸ਼ੂਆਂ ਤੇ ਜਾਨੀ ਨੁਕਸਾਨ ਦੇ ਪੀੜਤਾਂ ਨੂੰ ਆਰਥਕ ਮਦਦ ਲਈ ਕੀਤੇ ਗਏ ਐਲਾਨ ਨਾਮਾਤਰ ਅਤੇ ਨਿਗੂਣੇ ਹਨ, ਉਹਨਾਂ ਦੀ ਅਮਲ ਵਿੱਚ ਬਾਂਹ ਫੜਨ ਦੀ ਮੰਗ ਕੀਤੀ ਗਈ। ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਉੱਡਤ, ਜ਼ਿਲ੍ਹਾ ਸਹਾਇਕ ਸਕੱਤਰ ਸੀਤਾ ਰਾਮ ਗੋਬਿੰਦਪੁਰਾ ਅਤੇ ਸਬ-ਡਵੀਜ਼ਨ ਸਕੱਤਰ ਵੇਦ ਪ੍ਰਕਾਸ਼ ਬੁਢਲਾਡਾ, ਏਟਕ ਆਗੂ ਜਗਸੀਰ ਰਾਏਕੇ ਨੇ ਜੋਸ਼ ਭਰੇ ਮਹੌਲ 'ਚ ਕਿਹਾ ਕਿ ਮੁਹਾਲੀ ਰੈਲੀ ਵਿੱਚ ਮਾਨਸਾ ਜ਼ਿਲ੍ਹੇ ਵਿੱਚੋਂ ਇੱਕ ਹਜ਼ਾਰ ਤੋਂ ਵੱਧ ਸਾਥੀਆਂ ਦਾ ਕਾਫ਼ਲਾ ਸ਼ਾਮਲ ਹੋਵੇਗਾ।ਅੰਤ ਵਿੱਚ ਰੈਲੀ ਮੌਕੇ ਸਾਥੀਆਂ ਦੀ ਸ਼ਮੂਲੀਅਤ ਲਈ ਬੱਸਾਂ 'ਤੇ ਝੰਡੇ, ਫਲੈਕਸਾਂ ਆਦਿ ਦਾ ਸਰਵੇਖਣ ਕੀਤਾ ਗਿਆ, ਤਿਆਰੀਆਂ ਨੂੰ ਅੰਤਮ ਰੂਪ ਦਿੱਤਾ ਗਿਆ ਅਤੇ ਲੀਡਰਸ਼ਿਪ ਦੀ ਡਿਊਟੀ ਲਾਈ ਗਈ।ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਮਲਕੀਤ ਮੰਦਰਾਂ, ਗੋਰਾ ਟਾਹਲੀਆਂ, ਮਾਸਟਰ ਰਘੂਨਾਥ ਸਿੰਗਲਾ, ਮਨਪ੍ਰੀਤ ਫਰੀਦਕੇ, ਹਰੀ ਅੱਕਾਂਵਾਲੀ, ਮਾਸਟਰ ਲਾਭ ਸਿੰਘ ਵਰੇ, ਕਰਨੈਲ ਦਾਤੇਵਾਸ, ਜਗਤਾਰ ਕਾਲਾ, ਹਰਦਿਆਲ ਸਿੰਘ ਬੁਢਲਾਡਾ, ਬੰਬੂ ਸਿੰਘ, ਰਾਜਵਿੰਦਰ ਚੱਕ ਭਾਈਕੇ, ਹਰਕੇਸ਼ ਮੰਡੇਰ, ਗੁਰਮੇਲ ਬਰੇਟਾ, ਭੂਰਾ ਸਿੰਘ, ਸੰਤ ਰਾਮ ਕੁਲਰੀਆਂ, ਹਰਬੰਸ ਭੀਮੜਾ, ਭੋਲਾ ਸਿੰਘ ਬੋੜਾਵਾਲ, ਹਰਮੀਤ ਬੋੜਾਵਾਲ, ਪਵਨ ਬੁਢਲਾਡਾ, ਰਾਣਾ, ਮਨਜੀਤ ਕੌਰ, ਪਤਲਾ ਸਿੰਘ, ਦਰਸ਼ਨ ਗੁਰਨੇ, ਗਰੀਬੂ ਸਿੰਘ, ਕਿੱਕਰ ਸਿੰਘ, ਹਾਕਮ ਸਿੰਘ ਤੇ ਝੰਡਾ ਸਿੰਘ ਆਦਿ ਆਗੂ ਹਾਜ਼ਰ ਸਨ।

### ਵਕਫ਼ ਕਾਨੂੰਨ ਲਾਗੂ...

ਦੀ ਗਿਣਤੀ ਤਿੰਨ ਤੋਂ ਵੱਧ ਨਹੀਂ ਹੋ ਸਕਦੀ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ 22 ਮਈ ਨੂੰ ਤਿੰਨ ਮੁੱਖ ਮੁੱਦਿਆਂ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ, ਜਿਸ ਵਿੱਚ 'ਅਦਾਲਤਾਂ ਵੱਲੋਂ ਵਕਫ਼, ਉਪਭੋਗਤਾ ਵੱਲੋਂ ਵਕਫ਼ ਜਾਂ ਡੀਡ ਦੁਆਰਾ ਵਕਫ਼' ਵਜੋਂ ਐਲਾਨੀਆਂ ਜਾਇਦਾਦਾਂ ਨੂੰ ਡੀਨੋਟੀਫਾਈ ਕਰਨ ਦੀ ਸ਼ਕਤੀ ਸ਼ਾਮਲ ਹੈ, ਜੋ ਕਿ ਵਕਫ਼ (ਸੋਧ) ਐਕਟ, 2025 ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦੀ ਸੁਣਵਾਈ ਦੌਰਾਨ ਸਾਹਮਣੇ ਆਈ ਸੀ।

### ਮਾਸਟਰ ਹਰਜੀਤ ਸਿੰਘ...

ਪਾਰਟੀ ਮਜ਼ਦੂਰਾਂ, ਛੋਟੇ ਦਰਮਿਆਨੇ ਕਿਸਾਨਾਂ, ਵਿਉਪਾਰੀਆਂ, ਸਨਅਤਕਾਰਾਂ ਅਤੇ ਮੁਲਾਜ਼ਮਾਂ ਆਦਿ ਦੇ ਹਿੱਤਾਂ ਦੀ ਪਹਿਰੇਦਾਰ ਪਾਰਟੀ ਹੈ। ਇਸ ਲਈ ਖਰਚਿਆਂ ਲਈ ਫੰਡ ਆਦਿ ਦੀ ਟੇਕ ਇਹਨਾਂ ਮਿਹਨਤਕਸ਼ ਲੋਕਾਂ ਤੋਂ ਹੀ ਹੁੰਦੀ ਹੈ। ਜਦੋਂ ਕਾਮੇ ਦਿਲ ਖੋਲ੍ਹ ਕੇ ਫੰਡ ਦਿੰਦੇ ਹਨ ਤਾਂ ਮੋੜਵੇਂ ਰੂਪ ਵਿੱਚ ਉਹ ਆਗੂਆਂ ਤੋਂ ਇਹ ਆਸ ਵੀ ਕਰਦੇ ਹਨ ਕਿ ਆਗੂ ਜਿੱਥੇ ਇਸ ਪੈਸੇ ਦੀ ਵਰਤੋਂ ਯੋਗ ਥਾਂ ਅਤੇ ਸੰਜਮ ਨਾਲ ਕਰਨ, ਉੱਥੇ ਹੱਕਾਂ ਦੀ ਲਹਿਰ ਨੂੰ ਮਜ਼ਬੂਤ ਕਰਦਿਆਂ ਅੱਗੇ ਵਧਣ। ਸਾਥੀ ਭੋਲਾ ਨੇ ਪਰਵਾਰ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਲਾਜ਼ਮੀ ਤੌਰ 'ਤੇ ਪਾਰਟੀ ਦੀ 25ਵੀਂ ਕੌਮੀ ਕਾਂਗਰਸ ਲੋਕ ਮੁੱਦਿਆਂ ਨੂੰ ਬੁਲੰਦੀਆਂ ਅਤੇ ਜਿੱਤਾਂ ਵੱਲ ਲੈ ਜਾਣ ਲਈ ਠੋਸ ਰਣਨੀਤੀ ਘੜਦਿਆਂ ਪ੍ਰਾਪਤੀ ਵੱਲ ਵਧੇਗੀ। ਇਹ ਜਾਣਕਾਰੀ ਸਿਕੰਦਰ ਸਿੰਘ ਮਧੇਕੇ ਨੇ ਦਿੱਤੀ।

## ਪੰਜਾਬ ਕੋ-ਐਜੂਕੇਸ਼ਨ ਸਕੂਲ 'ਚ ਮਨਾਇਆ ਹਿੰਦੀ ਦਿਵਸ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਰਾਸ਼ਟਰ ਭਾਸ਼ਾ ਹਿੰਦੀ ਦੀ ਮਹੱਤਤਾ ਨੂੰ ਸਮਝਦੇ ਹੋਏ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵਿੱਚ ਛੇਵੀਂ ਤੋਂ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਲਈ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੁੰਦਰ ਲਿਖਾਈ ਮੁਕਾਬਲਾ, ਕਵਿਤਾ ਉਚਾਰਨ ਤੇ ਭਾਸ਼ਣ ਮੁਕਾਬਲੇ ਕਰਾਏ ਗਏ। ਸਕੂਲ ਦੇ ਬਾਨੀ ਗੁਰਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਭਾਸ਼ਾਵਾਂ (ਪੰਜਾਬੀ, ਹਿੰਦੀ ਤੇ ਅੰਗਰੇਜ਼ੀ) ਦੀ ਮਹੱਤਤਾ ਅਤੇ ਆਮ ਜੀਵਨ ਵਿੱਚ ਇਸ ਦੀ ਵਰਤੋਂ ਤੋਂ ਜਾਣੂ ਕਰਾਇਆ।ਸਕੂਲ ਦੇ ਪ੍ਰਿੰਸੀਪਲ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਨੂੰ ਹਿੰਦੀ ਭਾਸ਼ਾ ਦੇ ਇਤਿਹਾਸ ਤੇ ਇਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅਸੀਂ ਆਪਣੀ ਰਾਸ਼ਟਰੀ ਭਾਸ਼ਾ ਲਈ ਮਾਣ ਮਹਿਸੂਸ ਕਰਦੇ ਹਾਂ। ਇਹ ਸਿਰਫ਼ ਭਾਸ਼ਾ ਨਹੀਂ ਸਾਡੀ ਸੰਸਕ੍ਰਿਤੀ ਤੇ ਏਕਤਾ ਦੀ ਪਹਿਚਾਣ ਹੈ।ਇਸ ਮੌਕੇ ਸੱਤਵੀਂ ਕਲਾਸ ਦੀਆਂ ਵਿਦਿਆਰਥਣਾਂ ਭਵਨੀਤ ਕੌਰ ਅਤੇ ਪੰਖੁੜੀ ਨੇ ਆਪਣੇ ਹਿੰਦੀ ਵਿਸ਼ੇ ਦੇ ਅਧਿਆਪਕ ਕਮਲਦੀਪ ਕੌਰ ਤੇ ਨੈਨਸੀ ਅਰੋੜਾ ਦੀ ਅਗਵਾਈ ਵਿੱਚ ਬਹੁਤ ਵਧੀਆ ਮੰਚ ਸੰਚਾਲਨ ਕੀਤਾ।

## ਪੰਜਾਬ 'ਚ ਦਰਦਨਾਕ ਘਟਨਾਵਾਂ ਕਾਰਨ ਲੋਕ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ : ਸੋਨੂੰ



**ਸੰਗਰੂਰ (ਪ੍ਰਵੀਨ ਸਿੰਘ)**-ਇੱਕ ਪਾਸੇ ਪੰਜਾਬ ਸਰਕਾਰ ਪੰਜਾਬ ਨੂੰ ਸੁਰੱਖਿਅਤ ਕਰਨ ਦੇ ਬਹੁਤ ਵੱਡੇ-ਵੱਡੇ ਦਾਅਵੇ ਤੇ ਵਾਅਦੇ ਕਰਦੀ ਹੈ, ਪਰ ਪੰਜਾਬ ਵਿੱਚ ਹੋ ਰਹੇ ਦਿਨੋ-ਦਿਨ ਅੱਤਿਆਚਾਰ ਅਤੇ ਕਤਲ ਕਾਂਡ ਜਿਹੀਆਂ ਘਟਨਾਵਾਂ ਨੇ ਪੰਜਾਬ ਦੇ ਲੋਕਾਂ ਵਿੱਚ ਡਰ ਦਾ ਮਾਹੌਲ ਤੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਪਿਛਲੇ ਦਿਨੀਂ ਜ਼ਿਲ੍ਹਾ ਹੁਸ਼ਿਆਰਪੁਰ 'ਚ ਕਤਲ ਕਾਂਡ ਸਬੰਧੀ ਗੱਲ ਕਰਦਿਆਂ ਸ਼ਹਿਰ ਦੇ ਸਮਾਜ ਸੇਵੀ ਵਰਿੰਦਰ ਸਿੰਘ ਸੋਨੂੰ ਉਰਫ਼ ਮਿਰਜ਼ਾ ਨੇ ਕਿਹਾ ਕਿ ਹੁਸ਼ਿਆਰਪੁਰ ਵਿੱਚ ਪ੍ਰਵਾਸੀ ਮਜ਼ਦੂਰ ਵੱਲੋਂ 5 ਸਾਲ ਦੇ ਬੱਚੇ ਨਾਲ ਕੁਕਰਮ ਕਰਨਾ ਤੇ ਬਾਅਦ ਵਿੱਚ ਉਸਦਾ ਬੇਰਹਿਮੀ ਨਾਲ ਕਤਲ ਕਰਨਾ ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਕਿਸ ਤਰ੍ਹਾਂ ਇਸ ਪ੍ਰਵਾਸੀ ਵਿਅਕਤੀ ਨੇ 5 ਸਾਲ ਦੇ ਮਾਸੂਮ ਬੱਚੇ ਨਾਲ ਦਰਿੰਦਗੀ ਕੀਤੀ ਹੈ, ਉਸ ਨਾਲ ਪੰਜਾਬ ਦੇ ਹਰ ਇੱਕ ਵਸਨੀਕ ਦਾ ਹਿਰਦਾ ਕੰਭ ਉਠਿਆ ਹੈ।ਉਨ੍ਹਾਂ ਕਿਹਾ ਕਿ ਅਜਿਹੇ ਦੋਸ਼ੀਆਂ ਖਿਲਾਫ਼ ਪੰਜਾਬ ਸਰਕਾਰ ਨੂੰ ਸਖ਼ਤ ਕਦਮ ਚੁੱਕ ਕੇ ਪਰਵਾਰ ਨੂੰ ਇਨਸਾਫ਼ ਦਿਵਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਸੰਗਰੂਰ ਵਿੱਚ ਇਸ ਸਬੰਧੀ ਇੱਕ ਜਾਗਰੂਕਤਾ ਰੈਲੀ ਵੀ ਕੱਢੀ ਗਈ ਤੇ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਉਹ ਜੇਕਰ ਕਿਸੇ ਵੀ ਪ੍ਰਵਾਸੀ ਮਜ਼ਦੂਰ ਨੂੰ ਆਪਣਾ ਘਰ ਕਿਰਾਏ 'ਤੇ ਦਿੰਦੇ ਹੋ ਤਾਂ ਉਸਦੀ ਪੁਲਸ ਵੈਰੀਫ਼ਿਕੇਸ਼ਨ, ਕਿਰਾਏ ਦਾ ਐਗਰੀਮੈਂਟ ਜਾਂ ਰਜਿਸਟਰਡ ਕਿਰਾਇਆਨਾਮਾ ਕਰਾਇਆ ਜਾਵੇ ਤੇ ਉਸ ਦਾ ਆਧਾਰ ਕਾਰਡ ਤੇ ਸੂਚਨਾ ਪੱਤਰ ਥਾਣੇ ਵਿਖੇ ਜਮ੍ਹਾਂ ਕਰਾਇਆ ਜਾਵੇ।ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਾਂਗੇ ਤੇ ਭਵਿੱਖ 'ਚ ਜੇਕਰ ਅਜਿਹੀ ਘਟਨਾ ਵਾਪਰਦੀ ਹੈ ਤਾਂ ਉਸ ਨੂੰ ਆਸਾਨੀ ਨਾਲ ਪੁਲਿਸ ਪ੍ਰਸ਼ਾਸਨ ਵੱਲੋਂ ਫੜ ਕੇ ਸਖਤ ਸਜ਼ਾ ਦਿਵਾਈ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਜਲਦ ਹੀ ਉਸ ਦਰਿੰਦੇ ਪ੍ਰਵਾਸੀ ਮਜ਼ਦੂਰ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਜੁ ਭਵਿੱਖ ਵਿੱਚ ਅਜਿਹੇ ਹਾਦਸੇ ਨਾ ਹੋਣ ਤੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ।

## ਸਲਾਈਟ ਵਿਖੇ ਫੈਕਲਟੀ ਤੇ ਵਿਦਿਆਰਥੀਆਂ ਵਿਚਕਾਰ ਦੋਸਤੀ ਕ੍ਰਿਕਟ ਮੈਚ



**ਲੌਂਗੋਵਾਲ (ਪ੍ਰਦੀਪ ਸੱਪਲ)**-ਭਾਰਤ ਸਰਕਾਰ ਦੀ ਪ੍ਰਮੁੱਖ ਤਕਨੀਕੀ ਸੰਸਥਾ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸਲਾਈਟ ਲੌਂਗੋਵਾਲ ਦੇ ਡਾਇਰੈਕਟਰ ਪ੍ਰੋ. ਮਨੀਕਾਂਤ ਪਾਸਵਾਨ ਦੀ ਯੋਗ ਅਗਵਾਈ ਹੇਠ ਸੰਸਥਾ ਵਿਖੇ ਟੈਕਫਸਟ-2025 ਦੇ ਰੰਗਾਰੰਗ ਪ੍ਰੋਗਰਾਮਾਂ ਦੇ ਹਿੱਸੇ ਵਜੋਂ ਦੋਸਤੀ ਕ੍ਰਿਕਟ ਮੈਚ ਕਰਵਾਇਆ ਗਿਆ।ਇਸ ਮੈਚ ਵਿੱਚ ਫੈਕਲਟੀ ਇਲੈਵਨ ਤੇ ਸਟੂਡੈਂਟਸ ਇਲੈਵਨ ਦੀਆਂ ਟੀਮਾਂ ਵਿਚਕਾਰ ਸਖ਼ਤ ਮੁਕਾਬਲਾ ਦੇਖਣ ਨੂੰ ਮਿਲਿਆ।ਮੈਚ ਦਾ ਉਦਘਾਟਨ ਸਲਾਈਟ ਡਾਇਰੈਕਟਰ ਪ੍ਰੋ. ਮਨੀਕਾਂਤ ਪਾਸਵਾਨ ਨੇ ਕੀਤਾ।ਉਨ੍ਹਾਂ ਟਾਸ ਕਰਕੇ ਮੈਚ ਦੀ ਸ਼ੁਰੂਆਤ ਕਰਵਾਈ ਤੇ ਸਾਰੇ ਖਿਡਾਰੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।ਉਨ੍ਹਾਂ ਆਪਣੇ ਉਦਘਾਟਨੀ ਭਾਸ਼ਣ ਦੌਰਾਨ ਕਿਹਾ ਕਿ ਅਜਿਹੇ ਸਮਾਗਮ ਵਿਦਿਅਕ ਸੰਸਥਾਵਾਂ ਵਿੱਚ ਸਦਭਾਵਨਾ, ਸਹਿਯੋਗ ਤੇ ਟੀਮ ਭਾਵਨਾ ਨੂੰ ਉਤਸ਼ਾਹਤ ਕਰਦੇ ਹਨ, ਖੇਡਾਂ ਸਾਨੂੰ ਅਨੁਸ਼ਾਸਨ, ਸਬਰ ਤੇ ਲੀਡਰਸ਼ਿਪ ਵਰਗੇ ਮੁੱਲ ਸਿਖਾਉਂਦੀਆਂ ਹਨ, ਜੋ ਜੀਵਨ ਵਿੱਚ ਸਫਲਤਾ ਲਈ ਜ਼ਰੂਰੀ ਹਨ।ਇਹ ਮੈਚ 08 ਓਵਰ ਪ੍ਰਤੀ ਪਾਰੀ ਦੇ ਫਾਰਮੈਟ ਵਿੱਚ ਖੇਡਿਆ ਗਿਆ ਸੀ ਅਤੇ ਫੈਕਲਟੀ ਇਲੈਵਨ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਅਤੇ ਨਿਰਧਾਰਤ 8 ਓਵਰਾਂ ਵਿੱਚ 74 ਦੌੜਾਂ ਬਣਾਈਆਂ, ਜਿਸ ਦੇ ਜਵਾਬ ਵਿੱਚ ਵਿਦਿਆਰਥੀ ਇਲੈਵਨ ਨੇ ਸ਼ਾਨਦਾਰ ਬੱਲੇਬਾਜ਼ੀ ਦਿਖਾਈ ਅਤੇ 5 ਵਿਕਟਾਂ ਬਾਕੀ ਰਹਿੰਦਿਆਂ 8 ਓਵਰਾਂ ਵਿੱਚ ਟੀਚਾ ਪ੍ਰਾਪਤ ਕਰ ਲਿਆ।ਵਿਦਿਆਰਥੀ ਇਲੈਵਨ ਦੇ ਕਪਤਾਨ ਨੇ 28 ਦੌੜਾਂ ਦੀ ਤੇਜ਼ ਪਾਰੀ ਖੇਡੀ ਤੇ ਟੀਮ ਨੂੰ ਜਿੱਤ ਦਿਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਮੈਚ ਦੇ ਅੰਤ ਵਿੱਚ ਪ੍ਰਬੰਧਕਾਂ ਦੁਆਰਾ ਦੋਵਾਂ ਟੀਮਾਂ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਦੀ ਖੇਡ ਭਾਵਨਾ ਦੀ ਸ਼ਲਾਘਾ ਕੀਤੀ।ਇਸ ਸਮਾਗਮ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਵਿੱਚ ਆਪਸੀ ਗੱਲਬਾਤ ਤੇ ਭਾਗੀਦਾਰੀ ਨੂੰ ਹੋਰ ਵੀ ਉਤਸ਼ਾਹਤ ਕੀਤਾ।

## ਪੰਜਾਬ 'ਚ ਹੜ੍ਹਾਂ ਕਾਰਨ 3856 ਤੋਂ ਵੱਧ ਸਕੂਲ ਪ੍ਰਭਾਵਿਤ, 225 ਕਰੋੜ ਤੋਂ ਵੱਧ ਦਾ ਨੁਕਸਾਨ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਸਿੱਖਿਆ ਵਿਭਾਗ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਸੂਬੇ 'ਚ ਹੜ੍ਹਾਂ ਕਾਰਨ ਸਰਕਾਰੀ ਸਕੂਲਾਂ ਨੂੰ 200 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ।ਰਿਪੋਰਟ 'ਚ ਦੱਸਿਆ ਗਿਆ ਹੈ ਕਿ ਪੂਰੇ ਸੂਬੇ 'ਚ 3856 ਸਰਕਾਰੀ ਸਕੂਲ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਦੀ ਮੁਰੰਮਤ ਲਈ 206.68 ਕਰੋੜ ਦੀ ਲੋੜ ਹੈ।ਇਸ ਤੋਂ ਇਲਾਵਾ 153 ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰਾਂ ਨੂੰ ਵੀ 19.6 ਕਰੋੜ ਦਾ ਨੁਕਸਾਨ ਪਹੁੰਚਿਆ ਹੈ।

ਇਸ ਤਰ੍ਹਾਂ ਕੁੱਲ ਬਜਟ 225.74 ਕਰੋੜ ਦੀ ਲੋੜ ਹੈ। ਜਾਰੀ ਆਂਕੜਿਆਂ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਦੇ ਸਭ ਤੋਂ ਵੱਧ ਸਕੂਲ ਪ੍ਰਭਾਵਿਤ ਹੋਏ ਹਨ, ਜਿੱਥੇ 341 ਸਕੂਲਾਂ 'ਚ 25.27 ਕਰੋੜ ਦਾ ਨੁਕਸਾਨ ਹੋਇਆ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ 314 ਸਕੂਲਾਂ 'ਚ 24.30 ਕਰੋੜ ਦਾ ਨੁਕਸਾਨ, ਮੋਗਾ ਜ਼ਿਲ੍ਹੇ ਦੇ 200 ਸਕੂਲਾਂ 'ਚ 22.44 ਕਰੋੜ ਦਾ ਨੁਕਸਾਨ, ਕਪੂਰਥਲਾ ਜ਼ਿਲ੍ਹੇ ਦੇ 232 ਸਕੂਲਾਂ 'ਚ 16.15 ਕਰੋੜ ਦਾ ਨੁਕਸਾਨ ਤੇ ਮਾਨਸਾ ਜ਼ਿਲ੍ਹੇ ਦੇ 198 ਸਕੂਲਾਂ 'ਚ 14.14 ਕਰੋੜ ਦਾ ਨੁਕਸਾਨ ਹੋਇਆ ਹੈ।ਬਲਾਕ ਪੱਧਰ 'ਤੇ ਐੱਸਏਐੱਸ ਨਗਰ ਸਭ ਤੋਂ ਵੱਧ ਪ੍ਰਭਾਵਿਤ ਰਿਹਾ, ਜਿੱਥੇ ਅੱਠ ਬਲਾਕਾਂ 'ਚ 7.70 ਕਰੋੜ ਦਾ ਨੁਕਸਾਨ ਹੋਇਆ ਹੈ।ਸਿੱਖਿਆ ਵਿਭਾਗ ਨੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਸਕੂਲ ਖੋਲ੍ਹਣ ਤੋਂ ਪਹਿਲਾਂ ਇਮਾਰਤਾਂ ਦੀ ਸੁਰੱਖਿਆ ਯਕੀਨੀ ਬਣਾਈ ਹੈ।ਉਪ ਕਮਿਸ਼ਨਰਾਂ ਨੂੰ ਨੁਕਸਾਨੇ ਸਕੂਲਾਂ ਦੀ ਜਾਂਚ ਕਰਨ ਤੇ ਸੁਰੱਖਿਅਤ ਪਾਏ ਜਾਣ 'ਤੇ ਹੀ ਸਕੂਲ ਖੋਲ੍ਹਣ ਦੀ ਇਜਾਜ਼ਤ ਦੇਣ ਦੇ ਨਿਰਦੇਸ਼ ਦਿੱਤੇ ਗਏ ਹਨ।ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਵੀ ਨੁਕਸਾਨੇ ਗਏ ਸਕੂਲਾਂ ਦੀ ਮੁਰੰਮਤ ਲਈ ਸਮੱਗਰ ਸਿੱਖਿਆ ਅਭਿਆਨ ਤਹਿਤ ਫੰਡ ਦੇਣ ਦਾ ਭਰੋਸਾ ਦਿੱਤਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

CMYK

# ਸੀ ਪੀ ਆਈ ਦੇ 25ਵੇਂ ਮਹਾਂਸੰਮੇਲਨ

## ਨੂੰ ਸਮਰਪਤ ਲੇਖ ਲੜੀ-1



# ਬਾਬਾ ਸੋਹਣ ਸਿੰਘ ਭਕਨਾ



ਰਾਹੁਲ ਸੰਕਰਤਾਇਣ
(ਪਾਲੀ ਤੇ ਸੰਸਕ੍ਰਿਤ ਦੇ ਮਸ਼ਹੂਰ ਵਿਦਵਾਨ ਤੇ ਸੀ ਪੀ ਆਈ ਦੇ ਕਾਰਕੁੰਨ)

ਜਿਨ੍ਹਾਂ ਦਾ ਬੁੱਢਾ ਸਰੀਰ, ਜਿਨ੍ਹਾਂ ਦੀ ਸੁੱਕੀਆਂ ਹੱਡੀਆਂ, ਜਿਨ੍ਹਾਂ ਦੇ ਸਣ ਵਰਗੇ ਚਿੱਟੇ ਵਾਲ਼ ਦੇਸ਼ ਦੇ ਲਈ ਡਾਢੇ ਦੁੱਖ-ਤਕਲੀਫ਼ ਸਹਿਣ ਦੇ ਪ੍ਰਤੀਕ ਹਨ। ਫਾਂਸੀ ਦਾ ਹੁਕਮ ਸੁਣ ਕੇ ਜੇਲ੍ਹ ਦੀ ਕਾਲ ਕੋਠਰੀ ਵਿੱਚ ਬੰਦ ਰਹਿਣ ਦੇ ਬਾਵਜੂਦ ਵੀ ਜਿਨ੍ਹਾਂ ਦੇ ਮੁਖ ਉੱਤੇ ਡਰ ਦੀ ਹਲਕੀ ਜਿਹੀ ਲਕੀਰ ਵੀ ਨਹੀਂ ਉੱਭਰ ਸਕੀ। ਸਰੀਰ ਦੇ ਸੜ-ਗਲ (ਬੁੱਢੇ) ਹੋ ਜਾਣ 'ਤੇ ਵੀ ਜਿਨ੍ਹਾਂ ਵਿੱਚ ਹੁਣ ਵੀ ਨੌਜਵਾਨਾਂ ਵਰਗਾ ਉਤਸ਼ਾਹ ਹੈ ਅਤੇ ਦੇਸ਼ ਦੇ ਭਵਿੱਖ ਦੇ ਪ੍ਰਤੀ ਜਿਨ੍ਹਾਂ ਦਾ ਵਿਸ਼ਵਾਸ ਦ੍ਰਿੜ ਹੁੰਦਾ ਗਿਆ। ਬਾਬਾ ਸੋਹਣ ਸਿੰਘ ਭਕਨਾ ਉਨ੍ਹਾਂ ਦੇਸ਼ ਭਗਤ ਮਹਾਂਪੁਰਸ਼ਾਂ ਵਿੱਚੋਂ ਇਕ ਹੈ।

ਅੰਮ੍ਰਿਤਸਰ ਤੋਂ ਦਸ ਮੀਲ ਪੱਛਮ ਵੱਲ ਭਕਨਾ ਇਕ ਬਹੁਤ ਵੱਡਾ ਪਿੰਡ ਹੈ। ਜਿਸ ਵਿੱਚ ਕਿੰਨੇ ਹੀ ਵਪਾਰੀ ਅਤੇ ਕਿੰਨੇ ਹੀ ਪ੍ਰਕਾਰ ਦੇ ਸ਼ਿਲਪਕਾਰ ਵਸਦੇ ਹਨ। ਉੱਥੋਂ ਦੇ ਬ੍ਰਾਹਮਣਾਂ ਵਿੱਚੋਂ ਕਿੰਨੇ ਹੀ ਸੰਸਕ੍ਰਿਤ ਦੇ ਵਿਦਵਾਨ ਹੁੰਦੇ ਆਏ ਹਨ। ਪਰ ਭਕਨਾ ਦੇ ਵਧੇਰੇ ਲੋਕਾਂ ਦਾ ਜੀਵਨ ਨਿਰਬਾਹ ਦਾ ਸਾਧਨ ਖੇਤੀ ਹੈ। 19ਵੀਂ ਸਦੀ ਦੇ ਆਰੰਭ ਵਿੱਚ (ਮਿਸਲਾਂ ਦੇ ਜ਼ਮਾਨੇ ਵਿੱਚ) ਸਰਦਾਰ ਚੰਦਾ ਸਿੰਘ (ਸ਼ੇਰਗਿੱਲ ਜੱਟ) ਕਿਸੇ ਹੋਰ ਪਿੰਡ ਦਾ ਤਿਆਗ ਕਰਕੇ ਭਕਨਾ ਵਿੱਚ ਆ ਵਸ ਗਏ। ਉਨ੍ਹਾਂ ਦਾ ਪੁੱਤਰ ਸ਼ਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿੱਚ ਇਕ ਪ੍ਰਭਾਵਸ਼ਾਲੀ ਵਿਅਕਤੀ ਸੀ। ਸ਼ਾਮ ਸਿੰਘ ਦਾ ਪੁੱਤਰ ਕਰਮ ਸਿੰਘ ਵੀ ਪਿੰਡ ਦਾ ਚੰਗਾ ਧਨਾਢ ਪੁਰਖ ਸੀ। ਕਰਮ ਸਿੰਘ ਦੀਆਂ ਦੋ ਔਰਤਾਂ ਸਨ। ਹਰ ਕੌਰ ਅਤੇ ਰਾਮ ਕੌਰ। ਚੰਦਾ ਸਿੰਘ ਦੇ ਸਮੇਂ ਤੋਂ ਹੀ ਘਰ ਵਿੱਚ ਖ਼ਾਨਦਾਨ ਚਲਾਉਣ ਵਾਲਾ ਸਿਰਫ਼ ਇਕ ਪੁੱਤਰ ਹੀ ਹੁੰਦਾ ਆਇਆ ਸੀ। ਹਰ ਕੌਰ ਦਾ ਕੋਈ ਪੁੱਤ ਨਹੀਂ ਸੀ ਅਤੇ ਰਾਮ ਕੌਰ ਦੇ ਇਕ ਪੁੱਤਰ ਸੋਹਣ ਸਿੰਘ 1870 ਈ. (ਮਾਘ) ਵਿੱਚ ਪੈਦਾ ਹੋਇਆ। ਬੱਚੇ ਦੇ ਸਾਲ ਕੁ ਦੇ ਹੁੰਦੇ ਹੁੰਦੇ ਕਰਮ ਸਿੰਘ ਦਾ ਦੇਹਾਂਤ ਹੋ ਗਿਆ। ਘਰ ਵਿੱਚ ਦੋ ਮਾਤਾਵਾਂ ਅਤੇ ਬੁੱਢੀ ਦਾਦੀ ਦੇ ਸਮੇਤ ਤਿੰਨ ਔਰਤਾਂ ਬਚੀਆਂ ਸਨ, ਜਿਨ੍ਹਾਂ ਦੀ ਸਾਰੀ ਆਸ ਇਕ ਸਾਲ ਦੇ ਬੱਚੇ ਸੋਹਣ ਉੱਤੇ ਕੇਂਦਰਤ ਸੀ। ਚਾਰ ਪੁਸ਼ਤਾਂ ਤੋਂ ਇਕ ਪੁੱਤਰ ਦੇ ਆਧਾਰ ਉੱਤੇ ਤੁਰਿਆ ਆਉਂਦਾ ਚੰਦਾ ਸਿੰਘ ਦਾ ਖ਼ਾਨਦਾਨ ਹੁਣ ਸੋਹਣ ਸਿੰਘ ਦੇ ਨਾਲ਼ ਖ਼ਤਮ ਹੋ ਰਿਹਾ ਹੈ, ਪਰ ਚੰਦਾ ਸਿੰਘ ਦੇ ਆਖ਼ਰੀ ਉੱਤਰਾਧਿਕਾਰੀ ਨੇ ਜੋ ਸੇਵਾ ਕੀਤੀ ਹੈ, ਉਸ ਤੋਂ ਉਹ ਮ੍ਰਿਤ ਨਹੀਂ ਅਮਰ ਖ਼ਾਨਦਾਨ ਅਖਵਾਇਆ ਜਾਵੇਗਾ। ਉਂਞ ਵੀ ਜਦ ਲੋਕ ਦਾਦੇ ਤੋਂ ਪਹਿਲਾਂ ਦੇ ਪੁਰਖਿਆਂ ਦਾ ਨਾਮ ਤੱਕ ਨਾ ਦੱਸ ਸਕਦੇ ਹੋਣ ਤਾਂ ਪੁੱਤਰ ਤੋਂ ਵੰਸ਼ ਦਾ ਨਾਮ ਹੋਣਾ ਬਿਲਕੁਲ ਗ਼ਲਤ ਗੱਲ ਲੱਗਦੀ ਹੈ।

ਬਚਪਨ ਵਿੱਚ ਸੋਹਣ ਸਿੰਘ ਦੀ ਸਿਹਤ ਚੰਗੀ ਸੀ। ਹਾਲਾਂਕਿ ਮਾਤਾਵਾਂ ਘਰ ਦੇ 'ਕੱਲੇ-ਕਾਰ੍ਹੇ ਪੁੱਤਰ ਨੂੰ ਸੋਹਲ ਬਣਾ ਕੇ ਰੱਖਣਾ ਚਾਹੁੰਦੀਆਂ ਸਨ; ਪਰ ਬੱਚੇ ਨੂੰ ਖੇਡਣ ਦਾ ਮੌਕਾ ਮਿਲ ਹੀ ਜਾਂਦਾ ਸੀ। ਸਰਦਾਰ ਕਰਮ ਸਿੰਘ ਬਹੁਤ ਉਦਾਰ ਪੁਰਸ਼ ਸਨ। ਉਹ ਅਕਾਲ ਪੈਣ 'ਤੇ ਗ਼ਰੀਬਾਂ ਨੂੰ ਆਪਣਾ ਸਭ ਕੁਝ ਵੰਡ ਦਿੰਦੇ ਅਤੇ ਆਪਣੇ ਕੰਮੀਆਂ (ਕੰਮ ਵਾਲਿਆਂ) ਦੇ ਬਾਲ ਬੱਚਿਆਂ ਨੂੰ ਖਾਣਾ ਕੱਪੜਾ ਦੇਣ ਵਿੱਚ ਬਹੁਤ ਉਤਸ਼ਾਹ ਰੱਖਦੇ ਸਨ। ਸੋਹਣ ਸਿੰਘ ਨੇ ਆਪਣੇ ਪਿਤਾ ਦੀ ਉਦਾਰਤਾ ਨੂੰ ਨਹੀਂ ਵੇਖ ਸਕਿਆ ਸੀ, ਪਰ ਉਸ ਦੀਆਂ ਦੋਵੇਂ ਮਾਵਾਂ ਇਸ ਗੱਲ ਵਿੱਚ ਪਤੀ ਦਾ ਅਨੁਸਰਣ ਕਰਨ ਵਾਲੀਆਂ ਸਨ। ਬਾਲਕ ਸੋਹਣ ਦਾ ਦਿਲ ਵੀ ਬਚਪਨ ਤੋਂ ਹੀ ਬਹੁਤ ਉਦਾਰ ਬਿਰਤੀ ਵਾਲਾ ਸੀ। ਉਹ ਘਰ ਤੋਂ ਹੀ ਚੀਜ਼ਾਂ ਦੀ ਝੋਲੀ ਭਰ ਕੇ ਲੈ ਜਾਂਦਾ ਅਤੇ ਬੱਚਿਆਂ ਵਿੱਚ ਵੰਡ ਕੇ ਖਾਂਦਾ। ਖਿਡੌਣਿਆਂ ਤੱਕ ਨੂੰ ਉਹ ਸਾਥੀਆਂ ਵਿੱਚ ਵੰਡ ਦਿੰਦਾ। 1875 ਦੇ ਨੇੜੇ-ਤੇੜੇ ਦਾ ਸਮਾਂ ਸੀ। ਸੋਹਣ ਦੀ ਉਮਰ ਪੰਜ ਸਾਲ ਦੀ ਸੀ। ਉਹ ਮੁੰਡਿਆਂ ਨਾਲ਼ ਖੇਡ ਰਿਹਾ ਸੀ। ਉਸੇ ਸਮੇਂ ਇਕ ਜ਼ਬਰਦਸਤ ਹਨੇਰੀ ਆਈ। ਧੂੜ-ਗਰਦ ਦੇ ਮਾਰੇ ਚਾਰੇ ਪਾਸੇ ਗੂੜ੍ਹਾ ਹਨੇਰਾ ਛਾ ਗਿਆ। ਡਰ ਦੇ ਮਾਰੇ ਸੋਹਣ ਅਤੇ ਦੂਜੇ ਬੱਚੇ ਇਕ ਦੂਜੇ ਦੇ ਨਾਲ਼ ਚਿੰਬੜ ਗਏ।

ਘਰ ਵਿੱਚ ਬਹੁਤ ਸਾਰੀ ਜਾਇਦਾਦ ਸੀ। ਪਰ ਜਦੋਂ ਸੰਭਾਲਣ ਵਾਲਾ ਕੋਈ ਪੁਰਖ ਨਾ ਹੋਵੇ, ਤਾਂ ਔਰਤਾਂ ਕਿਵੇਂ ਸੁਖੀ ਜੀਵਨ ਬਤੀਤ ਕਰ ਸਕਦੀਆਂ ਸਨ? ਸੋਹਣ ਸਿੰਘ ਦਾ ਪਿਆਰ ਆਪਣੀ ਮਾਂ ਨਾਲ਼ੋਂ ਵੱਧ ਮਤਰੇਈ ਮਾਂ (ਧਰਮ ਮਾਤਾ) ਨਾਲ਼ ਸੀ। ਉਸ ਨੇ ਜੀਵਨ ਦੇ ਦੁੱਖਾਂ ਨੂੰ ਬਹੁਤ ਨੇੜਿਓਂ ਅਨੁਭਵ ਕੀਤਾ ਸੀ ਅਤੇ ਜਿਨ੍ਹਾਂ ਕਥਾਵਾਂ ਨੂੰ ਉਹ ਆਪਣੇ ਪੁੱਤਰ ਦੇ ਕਹਿਣ 'ਤੇ ਸੁਣਾਉਂਦੀ, ਉਨ੍ਹਾਂ ਵਿੱਚ ਦੁੱਖ ਦੀ ਮਾਤਰਾ ਵਧੇਰੇ ਹੁੰਦੀ; ਜਦੋਂ ਮਾਤਾ ਦਾ ਗੱਚ ਭਰ ਆਉਂਦਾ, ਅੱਖਾਂ ਵਿੱਚ ਹੰਝੂ ਛਲਕ ਆਉਂਦੇ, ਤਾਂ ਉਸ ਦਾ ਪ੍ਰਭਾਵ ਸੋਹਣ 'ਤੇ ਵੀ ਪਏ ਬਿਨਾਂ ਨਹੀਂ ਸੀ ਰਹਿੰਦਾ।

ਪੜ੍ਹਾਈ- ਪੰਜ ਸਾਲ ਦੀ ਉਮਰ (1875) ਵਿੱਚ ਸੋਹਣ ਸਿੰਘ ਨੇ ਪਿੰਡ ਵਿੱਚ ਰਹਿਣ ਵਾਲੇ ਇਕ ਸਾਧੂ ਸੰਤ ਲਹਿਣਾ ਸਿੰਘ ਤੋਂ ਗੁਰਮੁਖੀ ਪੜ੍ਹਨੀ ਸ਼ੁਰੂ ਕੀਤੀ। ਉਹ ਦੋ ਸਾਲ ਤੱਕ ਉਸ ਦੇ ਕੋਲ਼ ਹੀ "ਪੰਜ ਗ੍ਰੰਥੀ" ਅਤੇ ਦੂਜੀਆਂ ਸਿੱਖ ਧਾਰਮਿਕ ਕਿਤਾਬਾਂ ਨੂੰ ਪੜ੍ਹਦਾ ਰਿਹਾ। ਸੱਤ ਸਾਲ (1877) ਦਾ ਹੋ ਜਾਣ 'ਤੇ ਉਹ ਪਿੰਡ ਦੇ ਸਕੂਲ ਵਿੱਚ ਦਾਖ਼ਲ ਹੋ ਗਿਆ। ਸਕੂਲ ਵਿੱਚ ਉਰਦੂ ਅਤੇ ਫ਼ਾਰਸੀ ਪੜ੍ਹਾਈ ਜਾਂਦੀ ਸੀ। ਸੋਹਣ ਸਿੰਘ ਪੰਜ ਸਾਲ ਤੱਕ ਉੱਥੇ ਹੀ ਪੜ੍ਹਦਾ ਰਿਹਾ। ਗਣਿਤ ਦਾ ਉਸ ਨੂੰ ਬਹੁਤ ਸ਼ੌਂਕ ਸੀ। ਭੂਗੋਲ ਪੜ੍ਹਦੇ ਸਮੇਂ ਉਸ ਨੂੰ ਨਕਸ਼ਿਆਂ ਦਾ ਬਹੁਤ ਖ਼ਿਆਲ ਰਹਿੰਦਾ ਸੀ।

ਬਾਰ੍ਹਾਂ ਸਾਲ ਦੀ ਉਮਰ ਵਿੱਚ ਪਿੰਡ ਦੇ ਸਕੂਲ ਦੀ ਪੜ੍ਹਾਈ ਖ਼ਤਮ ਹੋ ਚੁੱਕੀ ਸੀ। ਸੋਹਣ ਸਿੰਘ ਨੂੰ ਪੜ੍ਹਨ ਦਾ ਸ਼ੌਂਕ ਸੀ ਪਰ ਜਦੋਂ ਮਾਤਾਵਾਂ ਨੇ ਅੱਖਾਂ ਵਿੱਚ ਹੰਝੂ ਲਿਆ ਕੇ ਕਿਹਾ, "ਪੁੱਤ, ਤੂੰ ਹੀ ਸਾਡਾ ਇੱਕੋ-ਇੱਕ ਆਸਰਾ ਹੈਂ, ਤੈਨੂੰ ਅੱਖਾਂ ਤੋਂ ਓਹਲੇ ਕਰਕੇ ਅਸੀਂ ਜੀਅ ਨਹੀਂ ਸਕਦੀਆਂ।" ਤਾਂ ਸੋਹਣ ਸਿੰਘ ਨੂੰ ਅੱਗੇ ਪੜ੍ਹਨ ਦਾ ਖ਼ਿਆਲ ਛੱਡਣਾ ਪਿਆ। ਦਾਦੀ ਦਾ 11 ਸਾਲ ਦੀ ਉਮਰ (1881) ਵਿੱਚ ਦਿਹਾਂਤ ਹੋ ਗਿਆ, ਪਰ ਇਕ ਸਾਲ ਪਹਿਲਾਂ ਉਸ ਨੇ ਪੋਤਰੇ ਦਾ ਵਿਆਹ ਵੇਖ ਲਿਆ ਸੀ। ਹੁਣ ਅਗਲੇ ਪੰਜ ਸਾਲ ਸੋਹਣ ਸਿੰਘ ਦੇ ਖੇਡਣ-ਮੱਲਣ ਵਿੱਚ ਹੀ ਲੰਘੇ। ਵਿੱਚ-ਵਿੱਚ ਕਦੀ ਕਿਸੇ ਅਧਿਆਪਕ ਕੋਲ਼ੋਂ ਫ਼ਾਰਸੀ ਵੀ ਪੜ੍ਹ ਆਉਂਦਾ। ਇਕ ਵਾਰ ਸੋਹਣ ਸਿੰਘ ਦੇ ਖੇਤਾਂ ਵਿੱਚ ਕੋਈ ਆਦਮੀ ਬੱਕਰੀਆਂ ਚਰਾ ਰਿਹਾ ਸੀ। ਸੋਹਣ ਸਿੰਘ ਜਦੋਂ ਉਸ ਨੂੰ ਗ਼ੁੱਸੇ ਵਿੱਚ ਬੋਲ ਰਿਹਾ ਸੀ ਤਾਂ ਉਸ ਨੇ ਧੱਕਾ ਦੇ ਦਿੱਤਾ ਅਤੇ ਉਹ ਡਿੱਗ ਪਿਆ। ਫਿਰ ਤਿੰਨ ਸਾਲ ਤੱਕ ਉਹ ਲਗਾਤਾਰ ਅਖਾੜੇ ਵਿੱਚ ਜਾਂਦਾ ਰਿਹਾ ਅਤੇ ਡੰਡ-ਬੈਠਕਾਂ ਮਾਰਕੇ ਅਤੇ ਕੁਸ਼ਤੀ ਕਰਕੇ ਉਸ ਨੇ ਆਪਣੇ ਸਰੀਰ ਨੂੰ ਮਜ਼ਬੂਤ ਬਣਾਇਆ।

ਜਵਾਨੀ- ਸੋਹਣ ਸਿੰਘ ਹੁਣ 17 ਸਾਲ ਦਾ ਹੋ ਗਿਆ ਸੀ। ਉਹ ਘਰ ਦਾ ਇਕੱਲਾ ਪੁਰਖ ਮਾਲਕ ਸੀ। ਜਵਾਨੀ ਸੀ, ਪੈਸਾ-ਜਾਇਦਾਦ ਸੀ ਅਤੇ ਇਸ ਸਭ ਦੇ ਨਾਲ਼ ਅਣਜਾਣਪੁਣਾ ਵੀ। ਯਾਰ-ਦੋਸਤ ਉਸ ਦੇ ਆਲ਼ੇ-ਦੁਆਲ਼ੇ ਮੰਡਰਾਉਣ ਲੱਗੇ। ਉਨ੍ਹਾਂ ਨੇ ਜੀਵਨ ਦੇ ਮਜ਼ੇ ਲੁੱਟਣ ਦੇ ਕਿੰਨੇ ਹੀ ਢੰਗ-ਤਰੀਕੇ ਦੱਸੇ- ਤੁਹਾਡੇ ਜਿਹੇ ਅਮੀਰ ਨੌਜਵਾਨ ਜੇ ਸ਼ਿਕਾਰ ਦਾ ਸ਼ੌਂਕ ਨਹੀਂ ਰੱਖਣਗੇ, ਸ਼ਰਾਬ ਦਾ ਦੌਰ ਨਹੀਂ ਚਲਾਉਣਗੇ ਤਾਂ ਹੋਰ ਕੌਣ ਚਲਾਏਗਾ? ਸਰਦਾਰ ਸੋਹਣ ਸਿੰਘ ਨੇ ਚਾਰ ਸ਼ਿਕਾਰੀ ਕੁੱਤੇ ਰੱਖੇ ਅਤੇ ਸ਼ਿਕਾਰੀ ਘੋੜੇ ਵੀ। ਹੁਣ ਉਸ ਦਾ ਕੰਮ ਸੀ ਸ਼ਿਕਾਰ ਖੇਡਣਾ ਅਤੇ ਦੋਸਤਾਂ ਦੇ ਨਾਲ਼ ਬੋਤਲਾਂ 'ਤੇ ਬੋਤਲਾਂ ਖ਼ਾਲੀ ਕਰਨੀਆਂ। ਧਰਮ ਮਾਤਾ ਦਾ ਹੁਣ ਵੀ ਉਸ ਉੱਤੇ ਬਹੁਤ ਪ੍ਰਭਾਵ ਸੀ ਅਤੇ ਪਹਿਲਾਂ ਵੀ ਕਿੰਨੇ ਹੀ ਸਮੇਂ ਤੱਕ ਸੋਹਣ ਸਿੰਘ ਦੀ ਜੁੰਡਲੀ ਮਾਤਾ ਤੋਂ ਅੱਖ ਬਚਾ ਕੇ ਹੀ ਲੱਗਦੀ ਹੁੰਦੀ ਸੀ। ਪਰ ਉਮਰ ਵਧਣ ਦੇ ਨਾਲ਼ ਉਹ ਬਹੁਤ ਨਿਡਰ ਹੁੰਦਾ ਗਿਆ, ਕੋਲ਼ ਪੈਸਾ ਨਾ ਹੁੰਦਾ ਤਾਂ ਕਰਜ਼ਾ ਲੈਣ ਤੋਂ ਬਾਜ਼ ਨਾ ਆਉਂਦਾ। ਕਰਜ਼ਾ ਚੁਕਾਉਣ ਦੇ ਲਈ ਮਾਂ ਤੋਂ ਪੈਸੇ ਮੰਗਦਾ। ਮਾਂ ਆਖਦੀ, "ਪੁੱਤ! ਸੋਚ ਤੂੰ ਕਿਸ ਪਿਓ ਦਾ ਪੁੱਤ ਹੈਂ" ਅਤੇ ਪੈਸੇ ਦੇ ਦਿੰਦੀ।

ਨਵੀਂ ਧਾਰਮਿਕ ਜ਼ਿੰਦਗੀ- ਦਸ ਸਾਲ ਤੱਕ ਸੋਹਣ ਸਿੰਘ ਨੇ ਜੀਵਨ ਦੇ ਉਸ ਆਨੰਦ ਨੂੰ ਵੀ ਚੰਗਾ ਮਾਨਿਆ ਜਿਸ ਨੂੰ ਉਸ ਦੇ ਯਾਰ-ਦੋਸਤ ਜੀਵਨ ਦਾ ਅਸਲ ਸਾਰ ਕਹਿੰਦੇ ਸਨ; ਪਰ, ਉਸ ਨੂੰ ਸੰਤੋਖ ਨਹੀਂ ਸੀ। ਇਹ ਉਹ ਸਮਾਂ ਸੀ, ਜਦੋਂ ਗੁਰੂ ਰਾਮ ਸਿੰਘ ਦੇ ਅਨੁਯਾਈ ਕੂਕੇ ਸਿੱਖ ਆਪਣੀਆਂ ਕੁਰਬਾਨੀਆਂ ਨਾਲ਼ ਪੰਜਾਬ ਦੇ ਲੋਕਾਂ ਨੂੰ ਹੈਰਾਨ ਕਰ ਰਹੇ ਸਨ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਪੰਜਾਬ ਨੇ ਪਹਿਲੀ ਵਾਰ ਇਸ ਅਦਭੁਤ ਤਿਆਗ ਨੂੰ ਵੇਖਿਆ ਸੀ। ਕੂਕੇ ਵਿਦੇਸ਼ੀ ਸ਼ਾਸਨ ਨੂੰ ਮੰਨਣ ਲਈ ਤਿਆਰ ਨਹੀਂ ਸਨ। ਉਹ ਸਿੱਖਾਂ ਦੇ ਗੁਆਚ ਚੁੱਕੇ ਰਾਜ ਨੂੰ ਫਿਰ ਤੋਂ ਮੋੜ ਲਿਆਉਣਾ ਚਾਹੁੰਦੇ ਸਨ ਅਤੇ ਇਸ ਲਈ ਸੰਘਰਸ਼ ਕਰਨ ਵਿੱਚ ਸਿਰ ਧੜ ਦੀ ਬਾਜ਼ੀ ਲਗਾ ਰਹੇ ਸਨ। ਇਕੱਲੇ ਲੁਧਿਆਣੇ ਵਿੱਚ 70 ਨਾਮਧਾਰੀ (ਕੂਕੇ) ਸਿੱਖ ਇੱਕੋ ਵਾਰੀ ਤੋਪ ਨਾਲ਼ ਉਡਾ ਦਿੱਤੇ ਗਏ। ਤੋਪ ਦੇ ਸਾਹਮਣੇ ਖੜ੍ਹੇ ਕਰਨ ਲਈ ਜਦੋਂ ਉਨ੍ਹਾਂ ਦੇ ਹੱਥਾਂ ਨੂੰ ਪਿੱਛੇ ਬੰਨ੍ਹਿਆ ਜਾਣ ਲੱਗਾ ਤਾਂ ਉਨ੍ਹਾਂ ਨੇ ਕਿਹਾ, ਹੱਥ ਨਾ ਬੰਨ੍ਹੋ, ਮੌਤ ਸਾਡੇ ਲਈ ਡਰਾਉਣ ਵਾਲੀ ਨਹੀਂ ਸਗੋਂ ਸਾਧਨਾ ਵਾਲੀ ਚੀਜ਼ ਹੈ। ਨਾਮਧਾਰੀਆਂ ਦੇ ਗੁਰੂ ਬਾਬਾ ਰਾਮ ਸਿੰਘ ਨੂੰ ਫੜ ਕੇ ਬਰਮਾ ਵਿੱਚ ਰੱਖਿਆ ਗਿਆ। ਹਰ ਤਰ੍ਹਾਂ ਦੇ ਡਰ ਅਤੇ ਲਾਲਚ ਦੇ ਨਾਲ਼ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਅਡੋਲ ਰਹੇ। ਬਾਬਾ ਰਾਮ ਸਿੰਘ ਨੇ ਆਪਣੇ ਅਨੁਯਾਈਆਂ ਵਿੱਚ ਇਕ ਨਵੀਂ ਰੂਹ ਫੂਕ ਦਿੱਤੀ ਸੀ। ਉਨ੍ਹਾਂ ਨੇ ਵਿਦੇਸ਼ੀ ਸ਼ਾਸਨ ਦਾ ਪੂਰਨ ਬਾਈਕਾਟ ਕਰਨ ਦਾ ਮੰਤਰ ਦਿੱਤਾ। ਕੋਈ ਨਾਮਧਾਰੀ ਨਾ ਸਰਕਾਰੀ ਨੌਕਰੀ ਕਰਦਾ, ਨਾ ਹੀ ਸਰਕਾਰੀ ਅਦਾਲਤ ਵਿੱਚ ਜਾਂਦਾ। ਨਾਮਧਾਰੀ ਨਾ ਵਿਦੇਸ਼ੀ ਕੱਪੜੇ ਪਾਉਂਦੇ ਅਤੇ ਨਾ ਹੀ ਵਿਦੇਸ਼ੀ ਚੀਨੀ ਦੀ ਹੀ ਵਰਤੋਂ ਕਰਦੇ ਸਨ।

ਗੁਰੂ ਰਾਮ ਸਿੰਘ ਦੇ ਅਨੁਯਾਈ ਬਾਬਾ ਕੇਸਰ, ਉਹ ਸਿਰ 'ਤੇ ਕੇਸ ਨਹੀਂ ਰੱਖਦੇ ਸਨ, ਇਕ ਵਾਰੀ ਉਹ ਭਕਨੇ ਆਏ ਸਨ। ਉਸ ਸਮੇਂ ਸੋਹਣ ਸਿੰਘ ਦੀ ਉਮਰ 28 ਸਾਲ ਦੀ ਸੀ। ਉਦੋਂ ਉਹ ਸ਼ਰਾਬ ਅਤੇ ਸ਼ਿਕਾਰ ਵਿੱਚ ਨੱਕੋ-ਨੱਕ ਡੁੱਬਾ ਹੋਇਆ ਸੀ, ਤਦ ਵੀ ਸੋਹਣ ਸਿੰਘ ਦਾ ਦਿਲ ਕਦੀ-ਕਦੀ ਸਾਧੂ ਸੰਤਾਂ ਵੱਲ ਖਿੱਚਿਆ ਜਾਂਦਾ ਸੀ। ਬਾਬਾ ਕੇਸਰ ਇਕ ਅਸਾਧਾਰਨ ਸਾਧੂ ਸਨ। ਇਕ ਪਾਸੇ ਉਹ ਇਕ ਵੱਡੇ ਧਾਰਮਿਕ ਸੰਤ ਸਨ, ਦੂਜੇ ਪਾਸੇ ਛੂਆ-ਛੂਤ ਉਨ੍ਹਾਂ ਨੂੰ ਛੂਹ ਤੱਕ ਨਹੀਂ ਸੀ ਸਕੀ। ਹੁਣ ਤੱਕ ਕਿਸੇ ਸਾਧੂ ਨੇ ਸੋਹਣ ਸਿੰਘ 'ਤੇ ਕੋਈ ਪ੍ਰਭਾਵ ਨਹੀਂ ਪਾਇਆ ਸੀ, ਹਾਲਾਂਕਿ ਉਹ ਬਹੁਤ ਸਾਰੇ ਸੰਤਾਂ ਦਾ ਦਰਸ਼ਨ ਅਤੇ ਡੰਡੌਤ ਕਰਨ ਗਏ ਸਨ। ਬਾਬਾ ਕੇਸਰ ਨੇ ਸੋਹਣ ਸਿੰਘ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਉਸ ਨੇ ਬਾਬਾ ਜੀ ਦੀ ਜਮਾਤ ਦਾ ਘਰ ਵਿੱਚ ਮਹਾਂ ਭੋਜ ਕੀਤਾ। ਬਾਬੇ ਨੂੰ ਸੋਹਣ ਸਿੰਘ ਦੇ ਸ਼ਰਾਬ ਅਤੇ ਸ਼ਿਕਾਰ ਬਾਰੇ ਪਤਾ ਲੱਗ ਗਿਆ ਸੀ। ਵਿਦਾ ਹੁੰਦੇ ਸਮੇਂ ਬਾਬੇ ਨੇ ਕਿਹਾ, "ਮੈਂ ਸਿਰਫ਼ ਇਕ ਗੱਲ ਚਾਹੁੰਦਾ ਹਾਂ ਕਿ ਤੂੰ ਕਦੀ-ਕਦੀ ਮੈਨੂੰ ਮਿਲ ਲਿਆ ਕਰ। ਕਿਸੇ ਦੇ ਜ਼ਬਰਦਸਤੀ ਕਹਿਣ-ਸੁਣਨ ਨਾਲ਼ ਸ਼ਰਾਬ ਅਤੇ ਸ਼ਿਕਾਰ ਨੂੰ ਨਾ ਛੱਡਣਾ; ਜਦੋਂ ਤੇਰਾ ਆਪਣਾ ਦਿਲ ਕਰੇ ਤਦ ਹੀ ਛੱਡਣਾ।" ਸੋਹਣ ਸਿੰਘ ਬਾਬੇ ਨੂੰ ਦੋ-ਤਿੰਨ ਵਾਰ ਮਿਲਿਆ। ਹੌਲ਼ੀ-ਹੌਲ਼ੀ ਉਸ ਦਾ ਦਿਲ ਕਹਿਣ ਲੱਗਾ ਕਿ ਬਾਬੇ ਦਾ ਰਸਤਾ ਹੀ ਠੀਕ ਹੈ। ਬਾਬਾ ਜੀ ਨੇ ਇਹ ਸਹੁੰ ਖਵਾਈ, ਜਿਸ ਕਰਕੇ ਸੋਹਣ ਸਿੰਘ ਨੇ ਬਾਰ੍ਹਾਂ ਸਾਲਾ ਤੱਕ ਲੂਣ ਨਹੀਂ ਖਾਧਾ। ਪਹਿਲਾਂ ਸੋਹਣ ਸਿੰਘ ਸ਼ਰਾਬ ਅਤੇ ਸ਼ਿਕਾਰ ਦੇ ਨਸ਼ੇ ਵਿੱਚ ਦੁਨੀਆ ਨੂੰ ਭੁੱਲ ਗਿਆ ਸੀ ਅਤੇ ਹੁਣ ਉਹ ਪਰਮਾਤਮਾ ਦੀ ਭਗਤੀ ਵਿੱਚ। ਉਸ ਨੂੰ ਹਰ ਸਮੇਂ ਧਰਮ ਦਾ ਨਸ਼ਾ ਚੜ੍ਹਿਆ ਰਹਿੰਦਾ ਸੀ। ਬਾਬਾ ਕੇਸਰ ਜੀ ਪਿਆਰ ਮਾਰਗ ਦੇ ਪਾਂਧੀ ਸਨ। ਉਨ੍ਹਾਂ ਦਾ ਸਾਰੇ ਧਰਮਾਂ ਨਾਲ਼ ਪ੍ਰੇਮ ਸੀ, ਸੋਹਣ ਸਿੰਘ ਨੇ ਵੀ ਉਸੇ ਰਸਤੇ ਨੂੰ ਚੁਣਿਆ। 1905 ਤੋਂ ਸੋਹਣ ਸਿੰਘ ਨੇ ਸਾਲਾਨਾ "ਹੋਲਾ" (ਭੰਡਾਰਾ) ਕਰਨਾ ਸ਼ੁਰੂ ਕੀਤਾ, ਜਿਸ ਵਿੱਚ ਵੱਖ-ਵੱਖ ਧਰਮਾਂ ਵਾਲੇ ਭਕਨਾ ਵਿੱਚ ਇਕੱਠੇ ਹੋ ਪ੍ਰੇਮ ਸੰਗਤ ਕਰਦੇ। ਖ਼ਰਚ ਦਾ ਸਾਰਾ ਭਾਰ ਸੋਹਣ ਸਿੰਘ ਚੁੱਕਦਾ। ਪ੍ਰੇਮ ਸੰਗਤ ਸ਼ੁਰੂ ਕਰਨ ਤੋਂ ਪਹਿਲਾਂ ਹੀ 1902 ਵਿੱਚ ਸੋਹਣ ਸਿੰਘ ਨੇ ਆਪਣੇ ਦਿਲ ਵਿੱਚ ਮਹਿਸੂਸ ਕੀਤਾ ਕਿ ਤੇਰੇ ਕਰਜ਼ੇ ਹੇਠ ਦਬੇ ਲੋਕਾਂ ਦਾ ਦਿਲ ਦਿਨ-ਰਾਤ ਚਿੰਤਾ ਵਿੱਚ ਰਹਿੰਦਾ ਹੈ। ਇਕ ਦਿਨ ਉਸ ਨੇ ਸਾਰੇ ਕਰਜ਼ਦਾਰਾਂ ਨੂੰ ਕੋਲ਼ ਬੁਲਾ ਕੇ ਕਰਜ਼ ਵਾਲੇ ਸਾਰੇ ਕਾਗ਼ਜ਼ਾਂ ਨੂੰ ਉਨ੍ਹਾਂ ਦੇ ਸਾਹਮਣੇ ਹੀ ਪਾੜ ਦਿੱਤਾ। ਹਾਲਾਂਕਿ ਘਰ ਦੀ ਪੂਰੀ ਜਾਇਦਾਦ "ਹੋਲਾ" ਵਿੱਚ ਬਰਬਾਦ ਹੁੰਦੀ ਜਾ ਰਹੀ ਸੀ, ਪਰ ਸੋਹਣ ਸਿੰਘ ਦੀ ਧਰਮ ਮਾਤਾ ਇਸ ਨੂੰ ਬਰਬਾਦ ਹੋਣਾ ਨਹੀਂ ਸਮਝਦੀ ਸੀ।

1908 ਵਿੱਚ ਸੋਹਣ ਸਿੰਘ ਨੇ ਆਖ਼ਰੀ "ਹੋਲਾ" ਕੀਤਾ। ਸਾਰੀ ਜਾਇਦਾਦ ਹੋਲੇ ਦੀ ਭੇਂਟ ਚੜ੍ਹ ਗਈ ਸੀ। ਜ਼ਮੀਨ ਉੱਤੇ ਭਾਰੀ ਕਰਜ਼ਾ ਚੜ੍ਹ ਗਿਆ ਸੀ ਅਤੇ ਸਾਰਾ ਰੁਪਿਆ ਪੈਸਾ ਖ਼ਰਚ ਹੋ ਚੁੱਕਿਆ ਸੀ। ਇਸ ਤੋਂ ਇਕ ਸਾਲ ਪਹਿਲਾਂ ਹੀ ਬਾਬਾ ਕੇਸਰ ਨੇ ਕਿਹਾ ਸੀ, "ਬਜ਼ੁਰਗਾਂ ਦੀ ਕਮਾਈ ਗਈ, ਇਹ ਚੰਗਾ ਹੋਇਆ; ਹੁਣ ਆਪਣੇ ਹੱਥ ਦੀ ਮਿਹਨਤ ਮਜ਼ਦੂਰੀ ਦਾ 'ਦੁੱਧ-ਭੋਜਨ' ਖਾਓ।" ਸੋਹਣ ਸਿੰਘ ਦੇ ਸਾਹਮਣੇ ਇਹ ਛੱਡ ਕੇ ਦੂਜਾ ਕੋਈ ਹੋਰ ਰਾਹ ਵੀ ਨਹੀਂ ਸੀ। ਇਸੇ ਸਾਲ ਹੀ ਪੰਜਾਬ ਵਿੱਚ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੇ ਜੋ ਰਾਜਨੀਤਿਕ ਲਹਿਰ ਚਲਾਈ ਸੀ, ਉਸ ਦਾ ਕੁਝ ਅਸਰ ਸੋਹਣ ਸਿੰਘ ਉੱਤੇ ਵੀ ਪਿਆ ਸੀ। ਉਸ ਨੇ ਉਸ ਦੀਆਂ ਕਿਤਾਬਾਂ ਵੇਖੀਆਂ ਸਨ ਅਤੇ ਆਪਣੇ ਪਿੰਡ ਦੇ ਆਲ਼ੇ-ਦੁਆਲ਼ੇ ਵਿੱਚ ਇਸ ਦੇ ਬਾਰੇ ਵਿੱਚ ਕੁਝ ਪ੍ਰਚਾਰ ਵੀ ਕੀਤਾ।

18 ਸਾਲ ਦੀ ਉਮਰ (1908) ਵਿੱਚ ਸੋਹਣ ਸਿੰਘ ਨੇ ਸੰਤ ਲਹਿਣਾ ਸਿੰਘ ਦੇ ਉਪਦੇਸ਼ ਦੇ ਅਨੁਸਾਰ ਆਪਣੀ ਮਿਹਨਤ ਮਜ਼ਦੂਰੀ ਦੀ ਰੋਟੀ ਖਾਣ ਦਾ ਯਤਨ ਕੀਤਾ। ਉਸ ਦੇ ਕੋਲ਼ ਜੋ ਦੋ-ਤਿੰਨ ਏਕੜ ਖੇਤ ਬਚੇ ਸਨ, ਉਨ੍ਹਾਂ ਵਿੱਚ ਖੇਤੀ ਸ਼ੁਰੂ ਕੀਤੀ। ਪਰ ਬਚਪਨ ਤੋਂ ਕਦੇ ਸਰੀਰਕ ਮਿਹਨਤ (ਹੱਥੀ ਕੰਮ) ਨਹੀਂ ਕੀਤੀ ਸੀ, ਸੋ, ਉਸ ਦੇ ਲਈ ਇਹ ਏਨਾ ਸੌਖਾ ਕੰਮ ਨਹੀਂ ਸੀ। ਘਰ ਵਿੱਚ ਦੋ ਚਾਰ ਗਾਂਵਾਂ ਅਤੇ ਮੱਝਾਂ ਵੀ ਰੱਖੀਆਂ ਸਨ ਜਿਨ੍ਹਾਂ ਤੋਂ ਆਮਦਨ ਵਿੱਚ ਕੁਝ ਸਹਾਇਤਾ ਮਿਲਦੀ ਪਰ ਘਰ ਵਿੱਚ ਇਕ ਪਤਨੀ, ਦੋ ਮਾਤਾਵਾਂ, ਇਕ ਯਤੀਮ ਧਰਮ ਪੁੱਤਰੀ ਅਤੇ ਆਪਣੇ ਸਮੇਤ ਕੁੱਲ ਪੰਜ ਮੈਂਬਰ ਸਨ। ਜਿਨ੍ਹਾਂ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ਼ ਚਲਦਾ ਸੀ। ਇਕ ਦਿਨ ਸੋਹਣ ਸਿੰਘ ਸਿਰ 'ਤੇ ਪੱਠਿਆਂ ਦੀ ਪੰਡ ਚੁੱਕੀ ਆ ਰਿਹਾ ਸੀ। ਰਸਤੇ ਵਿੱਚ ਉਸ ਦਾ ਦੋਸਤ ਪਾਦਰੀ ਵਧਾਵਾ ਮੱਲ ਮਿਲ ਗਿਆ। ਪਾਦਰੀ ਨੇ ਪੱਠਿਆਂ ਦੇ ਬੋਝ ਨੂੰ ਹੇਠਾਂ ਲਾਹਿਆ। ਦੁਆ ਸਲਾਮ ਹੋਈ। ਸੋਹਣ ਸਿੰਘ ਦੇ ਚਿਹਰੇ 'ਤੇ ਡੂੰਘੀ ਪੀੜ ਦੇ ਨਿਸ਼ਾਨ ਸਨ। ਹੁਣ ਖਾਂਦੇ-ਪੀਂਦੇ ਚਰਬੀ ਨਾਲ਼ ਭਰੇ ਸੋਹਣ ਸਿੰਘ ਦਾ ਸਮਾਧੀ ਅਤੇ ਪਰਮਾਤਮਾ ਦੀ ਭਗਤੀ ਵਿੱਚ ਵਿਸ਼ਵਾਸ-ਅਲੋਪ ਹੋ ਚੁੱਕਾ ਸੀ। ਪਾਦਰੀ ਨੇ ਕਿੰਨੀ ਹੀ ਵਾਰ ਸੋਹਣ ਸਿੰਘ ਦੇ ਹੋਲਾ ਵਿੱਚ ਭਾਗ ਲਿਆ ਸੀ। ਉਹ ਉਸ ਦੇ ਵਿਸ਼ਾਲ ਹਿਰਦੇ ਅਤੇ ਤਿਆਗ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਆਪਣੇ ਮਿੱਤਰ ਦੀ ਇਸ ਸਥਿਤੀ ਨੇ ਵਧਾਵਾ ਮੱਲ ਦੇ ਚਿੱਤ ਨੂੰ ਫ਼ਿਕਰਮੰਦ ਕਰ ਦਿੱਤਾ। ਉਸ ਨੇ ਬਹੁਤ ਸੰਕੋਚ ਦੇ ਨਾਲ਼ ਕਿਹਾ, ਕਿ ਮੈਂ ਮਿਸ਼ਨ ਤੋਂ ਤੁਹਾਨੂੰ 50 ਰੁਪਏ ਮਾਸਿਕ ਸਹਾਇਤਾ ਦੁਆਉਣਾ ਚਾਹੁੰਦਾ ਹਾਂ, ਤੁਸੀਂ ਮਨਜ਼ੂਰ ਕਰੋ। ਸੋਹਣ ਸਿੰਘ ਨੇ ਬਹੁਤ ਨਿਮਰਤਾ ਸਹਿਤ ਧੰਨਵਾਦ ਅਦਾ ਕਰਦੇ ਹੋਏ ਸਹਾਇਤਾ ਨੂੰ ਅਸਵੀਕਾਰ ਕਰ ਦਿੱਤਾ।

ਸਾਲ ਭਰ ਦੇ ਤਜ਼ਰਬੇ ਤੋਂ ਸੋਹਣ ਸਿੰਘ ਨੂੰ ਪਤਾ ਲੱਗ ਗਿਆ ਕਿ ਮਿੱਟੀ ਤੋਂ ਅਨਾਜ ਉਗਾਉਣਾ ਉਸ ਦੇ ਵੱਸ ਦੀ ਗੱਲ ਨਹੀਂ ਹੈ। ਉਸ ਨੇ ਆਪਣੇ ਇਕ ਦੋਸਤ ਭਾਈ ਸੁਰੈਣ ਸਿੰਘ ਨੂੰ ਕਿਹਾ, "ਕਿਰਤ (ਸਰੀਰਕ ਮਿਹਨਤ) ਤਾਂ ਮੇਰੇ ਤੋਂ ਨਹੀਂ ਹੋ ਸਕਦੀ, ਮੇਰੀ ਆਰਥਕ ਦਸ਼ਾ ਵਿਗੜਦੀ ਜਾ ਰਹੀ ਹੈ। ਸੁਣਿਆ ਹੈ ਅਮਰੀਕਾ ਵਿੱਚ ਮਜ਼ਦੂਰੀ ਵੱਧ ਮਿਲਦੀ ਹੈ। ਜੇ ਉੱਥੇ ਚਲਾ ਜਾਵਾਂ ਤਾਂ ਸ਼ਾਇਦ ਆਰਥਿਕ ਦਸ਼ਾ ਸੁਧਰ ਜਾਵੇ।" ਅਮਰੀਕਾ ਦੇ ਦੋਸਤਾਂ ਨਾਲ਼ ਲਿਖਤ-ਪੜ੍ਹਤ ਹੁੰਦੀ ਰਹੀ। ਏਧਰ ਸਤਸੰਗੀ ਦੋਸਤ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦੇ ਸਨ, ਪਰ ਸੋਹਣ ਸਿੰਘ ਦਾ ਜੀਵਨ ਸੂਤਰ ਸੀ, ਹੱਥੀਂ ਕਮਾ ਕੇ ਖਾਣਾ, ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ। ਬਾਬੇ ਕੇਸਰ ਨੂੰ ਅੰਤ ਵਿੱਚ ਕਿਹਾ, "ਮੇਰੇ ਤੋਂ ਖੇਤੀ ਨਹੀਂ ਹੋ ਸਕਦੀ, 38 ਸਾਲਾਂ ਦਾ ਕੰਮਚੋਰ ਸਰੀਰ ਹੁਣ ਉਸ ਦੇ ਲਈ ਤਿਆਰ ਨਹੀਂ ਹੋ ਰਿਹਾ ਹੈ। ਅਮਰੀਕਾ ਜਾਣਾ ਚਾਹੁੰਦਾ ਹਾਂ।" ਬਾਬੇ ਨੇ ਕਿਹਾ, ਸਮੇਂ 'ਤੋਂ ਭੱਜ ਰਿਹਾ ਹੈਂ? ਬਾਬੇ ਦਾ ਭਗਤ ਇਕ ਸ਼ਾਹੂਕਾਰ ਕੋਲ਼ ਹੀ ਬੈਠਿਆ ਹੋਇਆ ਸੀ। ਬਾਬੇ ਨੇ ਉਸ ਵੱਲ ਮੂੰਹ ਕਰਕੇ ਕਿਹਾ, ਹੁਣ ਸੋਹਣ ਸਿੰਘ ਮਾਇਆ ਦੇ ਪਿਛੇ ਭੱਜ ਰਿਹਾ ਹੈ।" ਸ਼ਾਹੂਕਾਰ ਨੇ ਸੋਹਣ ਸਿੰਘ ਨੂੰ ਕਿਹਾ, "ਮੈਂ ਤੇਰੇ ਸਾਰੇ ਕਰਜ਼ ਚੁਕਾ ਦਿੰਦਾ ਹਾਂ, ਪਰ ਤੂੰ ਆਪਣੇ ਧਰਮ (ਪੁੰਨ) ਨੂੰ ਮੈਨੂੰ ਦਾਨ ਕਰ ਦੇ।" ਬਾਬੇ ਨੇ ਸੋਹਣ ਸਿੰਘ ਨੂੰ ਕਿਹਾ, "ਲੈ, ਸੌਦਾ ਕਰ ਲੈ ਪੁੱਤ।" ਸੋਹਣ ਸਿੰਘ ਨੇ ਇਹ ਕਹਿ ਕੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ, "ਧਰਮ ਨਹੀਂ ਵੇਚਾਂਗਾ ਬਾਬਾ ਜੀ।"

ਅਮਰੀਕਾ ਨੂੰ - ਅਮਰੀਕਾ ਜਾਣ ਲਈ ਵੀ ਰੁਪਿਆਂ-ਪੈਸਿਆਂ ਦੀ ਲੋੜ ਸੀ। ਸੋਹਣ ਸਿੰਘ ਨੇ ਇਕ ਹਜ਼ਾਰ ਰੁਪਈਆ ਕਰਜ਼ੇ 'ਤੇ ਲਿਆ, ਜਿਨ੍ਹਾਂ ਵਿੱਚੋਂ ਸੱਤ ਸੌ ਨਕਦ ਕੋਲ਼ ਰੱਖੇ ਅਤੇ ਤਿੰਨ ਸੌ ਦੀਆਂ ਵੇਲ ਬੂਟੇ ਕੱਢੀਆਂ ਚਾਦਰਾਂ ਖ਼ਰੀਦ ਲਈਆਂ। ਦੋਸਤਾਂ ਤੋਂ ਪਤਾ ਲੱਗਾ ਸੀ ਕਿ ਅਮਰੀਕਾ ਵਿੱਚ ਅਜਿਹੀਆਂ ਚਾਦਰਾਂ ਦੀ ਬਹੁਤ ਮੰਗ ਹੈ। ਜਿਸ ਸਮੇਂ ਮਾਵਾਂ ਨਾਲ਼ ਸੋਹਣ ਸਿੰਘ ਨੇ ਆਪਣੇ ਜਾਣ ਦੀ ਗੱਲ ਕੀਤੀ, ਉਸ ਸਮੇਂ ਦਾ ਦ੍ਰਿਸ਼ ਬਹੁਤ ਹੀ ਦੁਖਦਾਈ ਸੀ। ਉਨ੍ਹਾਂ ਨੇ ਬਦਲੇ ਹੋਏ ਸੋਹਣ ਸਿੰਘ ਦੇ ਇਸ ਜੀਵਨ ਨੂੰ ਵੇਖ ਕੇ ਸੁੱਖ ਦਾ ਸਾਹ ਲਿਆ। ਧਰਮ ਦੇ ਨਾਂ 'ਤੇ ਜਾਇਦਾਦ ਨੂੰ ਲੁਟਾਉਂਦੇ ਸਮੇਂ ਵੀ ਉਨ੍ਹਾਂ ਕੋਈ ਪਛਤਾਵਾ ਨਹੀਂ ਹੋਇਆ ਸੀ ਅਤੇ ਉਨ੍ਹਾਂ ਇਹ ਵੀ ਵੇਖਿਆ ਸੀ ਕਿ ਕਿਸ ਤਰ੍ਹਾਂ ਸੋਹਣ ਸਿੰਘ ਨੇ ਹੱਥਾਂ ਦੇ ਜ਼ੋਰ ਨਾਲ਼ ਕਮਾਈ ਕਰਕੇ ਪਰਿਵਾਰ ਚਲਾਉਣ ਦੀ ਕੋਸ਼ਿਸ਼ ਕੀਤੀ ਅਤੇ ਉਸ ਵਿੱਚ ਆਪਣੇ ਸੋਹਲ ਸਰੀਰ ਨੂੰ ਧੁੱਪ ਵਿੱਚ ਸੁਕਾਇਆ, ਪਰ ਉਸ ਤੋਂ ਕੁਝ ਨਹੀਂ ਬਣਿਆ। ਪਰ, ਜਦੋਂ ਉਨ੍ਹਾਂ ਨੇ ਚਾਰ ਪੁਸ਼ਤਾਂ ਤੋਂ ਇਕੱਲਿਆਂ ਦੀ ਇਕੱਲੀ ਔਲਾਦ ਨੂੰ ਵੀ ਬਿਨਾਂ ਵਾਰਸ ਛੱਡੇ ਇਸ ਤਰ੍ਹਾਂ ਦੁਨੀਆ ਦੇ ਦੂਜੇ ਕੋਨੇ ਤੱਕ ਜਾਣ ਦਾ ਖ਼ਿਆਲ ਕੀਤਾ ਤਾਂ ਉਹ ਬੇਹੋਸ਼ ਹੋ ਗਈਆਂ। ਪਰ ਸੋਹਣ ਸਿੰਘ ਦੇ ਲਈ ਦੂਜਾ ਹੋਰ ਕੋਈ ਰਾਹ ਨਹੀਂ ਸੀ। ਤਿੰਨ ਫਰਵਰੀ 1909 ਨੂੰ ਸੋਹਣ ਸਿੰਘ ਨੇ ਅਮਰੀਕਾ ਜਾਣ ਦੇ ਲਈ ਭਕਨਾ ਛੱਡਿਆ। ਉਹ ਕਲਕੱਤਾ, ਸਿੰਗਾਪੁਰ ਹੁੰਦੇ ਹੋਏ ਹਾਂਗਕਾਂਗ ਪਹੁੰਚਿਆ। ਹਾਂਗਕਾਂਗ ਤੋਂ ਸਿੱਧਾ ਅਮਰੀਕਾ ਦਾ ਜਹਾਜ਼ ਫੜਨਾ ਸੀ। ਜਹਾਜ਼ ਵਿੱਚ ਚੜ੍ਹਨ ਲਈ ਬਹੁਤ ਸਖ਼ਤ ਡਾਕਟਰੀ ਹੁੰਦੀ ਸੀ। ਸੋਹਣ ਸਿੰਘ ਦੇ ਸੱਤਾਂ ਸਾਥੀਆਂ ਦੀਆਂ ਅੱਖਾਂ ਵਿੱਚ ਕੁਕਰੇ ਸਨ। ਡਾਕਟਰਾਂ ਨੇ ਉਨ੍ਹਾਂ ਨੂੰ ਅਯੋਗ ਕਰਾਰ ਦੇ ਦਿੱਤਾ। ਪਰ ਸੋਹਣ ਸਿੰਘ ਡਾਕਟਰੀ ਪ੍ਰੀਖਿਆ ਵਿੱਚ ਪਾਸ ਹੋ ਗਿਆ। ਜਾਣਕਾਰ ਲੋਕ ਕਹਿਣ ਲੱਗੇ ਕਿ ਅਮਰੀਕਾ ਵਰਗੇ ਅਣਜਾਣ ਦੇਸ਼ ਵਿੱਚ ਇਕੱਲਾ ਨਾ ਜਾ। ਸੋਹਣ ਸਿੰਘ ਨੇ ਕਿਹਾ, "ਮੈਂ ਇਕੱਲਾ ਨਹੀਂ ਹਾਂ, ਪਰਮਾਤਮਾ ਵੀ ਤਾਂ ਨਾਲ਼ ਹੈ।"

ਜਿਸ ਜਹਾਜ਼ ਵਿੱਚ ਸੋਹਣ ਸਿੰਘ ਸਵਾਰ ਹੋਇਆ, ਉਹ ਇਕ ਜਾਪਾਨੀ ਜਹਾਜ਼ ਸੀ। ਸੋਹਣ ਸਿੰਘ ਨੇ ਹੁਣ ਤੱਕ ਆਪਣੇ ਹੱਥੀਂ ਰੋਟੀ ਨਹੀਂ ਪਕਾਈ ਸੀ। ਖ਼ੈਰ, ਰੋਟੀ ਦੀ ਸਮੱਸਿਆ ਜਹਾਜ਼ ਦੇ ਚੌਲ-ਮੱਛੀ ਨਾਲ਼ ਹੱਲ ਹੋ ਗਈ। ਉਹ ਤੀਸਰੇ ਦਰਜੇ ਦਾ ਮੁਸਾਫ਼ਿਰ ਸੀ। ਯੋਕੋਹਾਮਾ ਵਿੱਚ ਕਿੰਨੇ ਹੀ ਰੂਸੀ ਵੀ ਉਸੇ ਜਹਾਜ਼ ਵਿੱਚ ਚੜ੍ਹੇ।

ਭਾਵੇਂ ਸੋਹਣ ਸਿੰਘ ਅੰਗਰੇਜ਼ੀ ਨਹੀਂ ਜਾਣਦਾ ਸੀ ਅਤੇ ਨਾ ਹੀ ਰੂਸੀ ਭਾਸ਼ਾ, ਪਰ ਉਨ੍ਹਾਂ ਦੇ ਨਾਲ਼ ਉਸ ਦਾ ਬਹੁਤ ਪਿਆਰ ਪੈ ਗਿਆ ਸੀ। "ਵੰਡ ਖਾਣਾ" ਸਭ ਦਾ ਮੂਲ ਮੰਤਰ ਸੀ। ਸੋਹਣ ਸਿੰਘ ਬਾਅਦ ਵਿੱਚ ਸਮਝ ਸਕਿਆ ਕਿ ਉਹ ਜ਼ਰੂਰ ਜ਼ਾਰ ਦੇ ਮਾਰੇ ਰੂਸੀ ਦੇਸ਼ ਭਗਤ ਸਨ।

ਸਾਰੇ ਪ੍ਰਸ਼ਾਂਤ ਮਹਾਂ ਸਾਗਰ ਨੂੰ ਚੀਰਦੇ ਹੋਏ ਤਿੰਨ ਅਪ੍ਰੈਲ 1909 ਨੂੰ ਸੋਹਣ ਸਿੰਘ ਅਮਰੀਕਾ ਦੇ ਸਿਆਟਲ ਬੰਦਰਗਾਹ 'ਤੇ ਉਤਰਿਆ। ਸਰਕਾਰੀ ਜਾਂਚ ਅਫ਼ਸਰ ਨੇ ਜਾਂਚ ਪੜਤਾਲ ਸ਼ੁਰੂ ਕੀਤੀ-

1. "ਤੇਰੇ ਦੋਸਤ ਨੇ ਤੈਨੂੰ ਕੋਈ ਚਿੱਠੀ-ਪੱਤਰ ਭੇਜਿਆ ਸੀ?"

"ਨਹੀਂ"

2. "ਤੂੰ ਬਹੁ ਪਤਨੀ ਵਿਆਹ ਨੂੰ ਮੰਨਦਾ ਹੈਂ?" "ਨਹੀਂ" ਕਹਿੰਦੇ ਹੋਏ ਸੋਹਣ ਸਿੰਘ ਨੇ ਬਹੁਤ ਜ਼ੋਰ ਜ਼ਾਹਰ ਕੀਤਾ। ਇਹ ਜ਼ੋਰ ਦੇਣਾ ਬਣਾਉਟੀ ਨਹੀਂ ਸੀ। ਬਾਬਾ ਕੇਸਰ ਦੇ ਸਤਸੰਗ ਨਾਲ਼ ਸੋਹਣ ਸਿੰਘ ਬਹੁਪਤਨੀ ਵਿਆਹ ਦਾ ਸਖ਼ਤ ਵਿਰੋਧੀ ਹੋ ਗਿਆ ਸੀ। ਚਾਰ ਪੁਸ਼ਤਾਂ ਤੋਂ ਇੱਕ-ਇੱਕ ਪੁੱਤਰ ਨਾਲ਼ ਖ਼ਾਨਦਾਨ ਚੱਲਿਆ ਆਇਆ ਸੀ। ਹੁਣ ਵੰਸ਼ ਨਿਰਵੰਸ਼ ਹੋ ਰਿਹਾ ਸੀ। ਸਕੇ-ਸੰਬੰਧੀ ਪਹਿਲੀ ਪਤਨੀ ਤੋਂ ਔਲਾਦ ਨਾ ਹੁੰਦੇ ਵੇਖ ਦੂਜਾ ਵਿਆਹ ਕਰਾਉਣ ਉੱਤੇ ਜ਼ੋਰ ਦਿੰਦੇ ਰਹੇ। ਪਰ ਨਿਰਵੰਸ਼ ਹੋਣ ਦੀ ਜ਼ਰਾ ਵੀ ਪਰਵਾਹ ਕੀਤੇ ਬਿਨਾਂ ਉਸ ਨੇ ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ, ਹਾਲਾਂਕਿ ਉਸ ਦੇ ਪਿਤਾ ਨੇ ਆਪ ਦੋ ਵਿਆਹ ਕੀਤੇ ਸਨ। ਪਰ ਜਾਂਚ ਅਧਿਕਾਰੀ ਨੂੰ ਸੰਤੁਸ਼ਟੀ ਨਹੀਂ ਹੋਈ। ਅਖੀਰ ਉਹ ਜਾਣਦੇ ਸਨ ਕਿ ਹਿੰਦੂ ਬਹੁਪਤਨੀ ਵਿਆਹ ਨੂੰ ਮੰਨਦੇ ਹਨ। ਅਮਰੀਕਾ ਵਿੱਚ ਬਹੁਪਤਨੀ ਵਿਆਹ ਮੰਨਣ ਵਾਲਾ ਸੱਭਿਅਕ ਜੀਵਨ ਦਾ ਅਧਿਕਾਰੀ ਨਹੀਂ ਸੀ ਮੰਨਿਆ ਜਾਂਦਾ। ਉਨ੍ਹਾਂ ਨੇ ਸੋਹਣ ਸਿੰਘ ਨੂੰ ਰੋਕ ਲਿਆ। ਦੁਭਾਸ਼ੀਏ ਦੇ ਕਾਰਨ ਸਮਝਣ ਵਿੱਚ ਸ਼ਾਇਦ ਕੁਝ ਗੜਬੜ ਹੋਈ ਹੋਵੇ, ਇਸ ਖ਼ਿਆਲ ਨਾਲ਼ ਦੂਜੇ ਦਿਨ ਇਕ ਭਾਰਤੀ ਵਿਦਿਆਰਥੀ ਸਤਿਆਦੇਵ ਨੂੰ ਬੁਲਾਇਆ ਗਿਆ ਅਤੇ ਉਸ ਨੂੰ ਦੁਭਾਸ਼ੀਆ ਬਣਾ ਕੇ ਸੰਤੋਖਜਨਕ ਜਵਾਬ ਮਿਲਣ ਤੇ ਉਸ ਨੂੰ ਅਮਰੀਕਾ ਦੀ ਧਰਤੀ 'ਤੇ ਬੇਰੋਕ-ਟੋਕ ਉਤਰਨ ਦੀ ਆਗਿਆ ਮਿਲ ਗਈ। ਕਿੰਨੇ ਹੀ ਭਾਰਤੀ ਮਿੱਤਰ ਉੱਥੇ ਪਹੁੰਚੇ ਹੋਏ ਸਨ। ਸੋਹਣ ਸਿੰਘ ਨੂੰ ਹੋਟਲ ਵਿੱਚ ਲੈ ਗਏ। (ਡਾਕਟਰ) ਹਰਨਾਮ ਸਿੰਘ ਬੀ.ਏ. ਵਿੱਚ ਪੜ੍ਹ ਰਿਹਾ ਸੀ। ਉਸ ਨੇ ਦੇਸ਼ ਦੀ ਖ਼ਬਰ-ਸਾਰ ਪੁੱਛੀ।

ਚਾਦਰਾਂ ਦੀ ਵਿਕਰੀ ਹੋਣ ਨਾਲ਼ ਸੋਹਣ ਸਿੰਘ ਦਾ ਸਫ਼ਰ ਦਾ ਖ਼ਰਚ ਨਿਕਲ ਆਇਆ। ਕੰਮ ਦੀ ਖੋਜ ਵਿੱਚ ਓਰੀਗਿਨਾ ਸਟੇਟ ਵਿੱਚ ਗਿਆ। ਪੋਰਟਲੈਂਡ ਤੋਂ ਤਿੰਨ ਮੀਲ ਦੂਰ ਕੋਲੰਬੀਆ ਨਦੀ ਦੇ ਕੰਢੇ ਮੁਨਾਰਕ ਮਿਲ ਨਾਮਕ ਇਕ ਲੱਕੜ ਦਾ ਕਾਰਖ਼ਾਨਾ ਸੀ, ਸੋਹਣ ਸਿੰਘ ਉਸ ਵਿੱਚ ਭਰਤੀ ਹੋ ਗਿਆ। ਮਜ਼ਦੂਰੀ ਸੀ ਦੋ ਡਾਲਰ (ਛੇ ਰੁਪਏ 2 ਆਨੇ) ਰੋਜ਼। ਪਹਿਲਾਂ-ਪਹਿਲ ਕੰਮ ਬਹੁਤ ਸਖ਼ਤ ਲੱਗਿਆ। ਸਾਰਾ ਦਿਨ ਮਸ਼ੀਨ ਦੇ ਸਾਹਮਣੇ ਖੜ੍ਹੇ ਹੋ ਕੇ ਲੱਕੜ ਨੂੰ ਹਟਾਉਣਾ, ਚੀਰਨਾ ਪੈਂਦਾ। ਭਕਨੇ ਪਿੰਡ ਦੀ ਵਾਹੀ-ਗੋਡੀ ਨਾਲ਼ੋਂ ਇਹ ਕੰਮ ਸੌਖਾ ਨਹੀਂ ਸੀ। ਹਾਂ, ਪਰ ਇੱਥੇ ਮਜ਼ਦੂਰੀ ਵੱਧ ਸੀ ਅਤੇ ਕੰਮ ਤੋਂ ਭੱਜਣ ਦਾ ਕੋਈ ਰਾਹ ਵੀ ਨਹੀਂ ਸੀ। ਉਸ ਨੇ ਆਪਣੇ ਮਨ ਅਤੇ ਸਰੀਰ ਨੂੰ ਸਾਧਿਆ ਅਤੇ ਕੁਝ ਮਹੀਨੇ ਬਾਅਦ ਕੰਮ ਉਸ ਨੂੰ ਏਨਾ ਸੌਖਾ ਲੱਗਣ ਲੱਗਾ ਕਿ ਕੰਮ ਦੇ ਨਿਸ਼ਚਿਤ ਘੰਟਿਆਂ ਤੋਂ ਬਾਅਦ ਵੀ ਕੰਮ ਲੈ ਲੈਂਦਾ ਸੀ।

ਭਾਰਤੀ ਮਜ਼ਦੂਰਾਂ ਵਿੱਚ ਰਾਜਨੀਤਿਕ ਚੇਤਨਾ- 1907 ਵਿੱਚ ਅਮਰੀਕਾ ਵਿੱਚ ਜ਼ਬਰਦਸਤ ਮੰਦੀ (ਆਰਥਿਕ ਸੰਕਟ) ਆਈ ਸੀ। ਬਹੁਤ ਸਾਰੇ ਕਾਰਖ਼ਾਨੇ ਬੰਦ ਹੋ ਗਏ ਜਿਸ ਕਾਰਨ ਲੱਖਾਂ ਮਜ਼ਦੂਰ ਬੇਕਾਰ (ਬੇਰੁਜ਼ਗਾਰ) ਹੋ ਗਏ। ਜਦੋਂ ਕਾਰਖ਼ਾਨੇ ਦੀਆਂ ਬਣਾਈਆਂ ਚੀਜ਼ਾਂ ਨੂੰ ਸਸਤੇ ਮੁੱਲ 'ਤੇ ਵੀ ਵੇਚਣਾ ਮੁਸ਼ਕਿਲ ਹੋ ਗਿਆ ਤਾਂ ਕਾਰਖ਼ਾਨਿਆਂ ਦੇ ਮਾਲਕ ਗੁਦਾਮਾਂ ਵਿੱਚ ਸੜਨ ਲਈ ਮਾਲ ਕਿਉਂ ਪੈਦਾ ਕਰਨਗੇ? ਕਿੰਨੇ ਹੀ ਮਜ਼ਦੂਰਾਂ ਨੂੰ ਜਵਾਬ ਦੇ ਕੇ ਰਾਹ ਦੇ ਮੰਗਤੇ ਬਣਾ ਦਿੱਤਾ ਗਿਆ ਅਤੇ ਕਿੰਨਿਆਂ ਦੀ ਹੀ ਮਜ਼ਦੂਰੀ ਦਰ ਵਿੱਚ ਕਟੌਤੀ ਸ਼ੁਰੂ ਕੀਤੀ। ਅਮਰੀਕੀ ਮਜ਼ਦੂਰ ਤਨਖ਼ਾਹ ਘੱਟ ਕਰਾਉਣ ਦੇ ਲਈ ਰਾਜ਼ੀ ਨਹੀਂ ਸਨ। ਏਧਰ ਪੂਰਬੀ ਯੂਰਪ ਅਤੇ ਏਸ਼ੀਆ ਦੇ ਮਜ਼ਦੂਰ, ਜੋ ਆਪਣੇ ਦੇਸ਼ ਵਿੱਚ ਛੇ ਰੁਪਏ ਨਹੀਂ ਛੇ ਆਨੇ ਰੋਜ਼ ਮਜ਼ਦੂਰੀ ਪਾਉਣ ਦੇ ਆਦੀ ਸਨ, ਘੱਟ ਮਜ਼ਦੂਰੀ 'ਤੇ ਕੰਮ ਕਰਨ ਦੇ ਲਈ ਤਿਆਰ ਹੋ ਜਾਂਦੇ ਸਨ। ਅਮਰੀਕਾ ਦੇ ਮਿਲ ਮਾਲਕ ਅਜਿਹੇ ਮਜ਼ਦੂਰਾਂ ਨੂੰ ਪਸੰਦ ਕਰਦੇ ਸਨ, ਪਰ ਅਮਰੀਕੀ ਮਜ਼ਦੂਰ ਉਨ੍ਹਾਂ ਨੂੰ ਆਪਣੇ ਗਲੇ ਦੀ ਹੱਡੀ ਸਮਝਦੇ ਸਨ। ਅਮਰੀਕਾ ਦੇ ਮਜ਼ਦੂਰਾਂ ਨੇ ਵਿਦੇਸ਼ੀ ਮਜ਼ਦੂਰਾਂ ਦੇ ਵਿਰੁੱਧ ਜ਼ਬਰਦਸਤ ਅੰਦੋਲਨ ਸ਼ੁਰੂ ਕਰ ਦਿੱਤਾ ਜਿਸ ਦਾ ਪਹਿਲਾ ਨਤੀਜਾ ਇਹ ਹੋਇਆ- ਕਨੇਡਾ ਵਿੱਚ ਕਈ ਹਜ਼ਾਰ ਹਿੰਦੁਸਤਾਨੀ -ਵਧੇਰੇ ਕਰਕੇ ਪੰਜਾਬੀ- ਮਜ਼ਦੂਰ ਕੰਮ ਕਰਦੇ ਸਨ। ਸਿੱਧੇ ਤੌਰ 'ਤੇ ਹਿੰਦੁਸਤਾਨੀਆਂ ਦਾ ਨਾਮ ਲੈ ਕੇ ਉਨ੍ਹਾਂ ਨੂੰ ਕਨੇਡਾ ਆਉਣ ਤੋਂ ਰੋਕਦੇ ਤਾਂ ਇਸ 'ਤੇ ਵਧੇਰੇ ਹੱਲਾ-ਗੁੱਲਾ ਹੁੰਦਾ। ਇਸ ਲਈ ਕਾਨੂੰਨੀ ਚਾਲ ਨਾਲ਼ ਰੋਕਣ ਦਾ ਯਤਨ ਕੀਤਾ ਗਿਆ ਅਤੇ ਇਹ ਐਲਾਨ ਕੀਤਾ ਗਿਆ ਕਿ ਉਹ ਵਿਅਕਤੀ ਹੀ ਕਨੇਡਾ ਵਿੱਚ ਉੱਤਰ ਸਕਦਾ ਹੈ ਜੋ ਆਪਣੇ ਦੇਸ਼ ਤੋਂ ਸਿੱਧਾ ਬਿਨਾਂ ਕਿਤੇ ਰੁਕੇ ਕਨੇਡਾ ਵਿੱਚ ਪਹੁੰਚੇ। ਹਿੰਦੁਸਤਾਨ ਤੋਂ ਸਿੱਧਾ ਜਹਾਜ਼ ਕਨੇਡਾ ਨਹੀਂ ਜਾਂਦਾ ਅਤੇ ਨਾ ਹੀ ਹਿੰਦੁਸਤਾਨੀ ਗ਼ਰੀਬ ਮਜ਼ਦੂਰ ਆਪਣੇ ਪੈਸਿਆਂ ਨਾਲ਼ ਸਿੱਧਾ ਜਹਾਜ਼ ਕਨੇਡਾ ਲਿਜਾ ਸਕਦੇ ਸਨ, ਇਹ ਗੱਲ ਕਾਨੂੰਨ ਬਣਾਉਣ ਵਾਲਿਆਂ ਨੂੰ ਪਤਾ ਸੀ। ਇਸ ਕਾਨੂੰਨ ਦਾ ਮੁਕਾਬਲਾ ਕਰਨ ਦੇ ਲਈ ਸਰਦਾਰ ਗੁਰਦਿੱਤ ਸਿੰਘ ਨੇ 1917 ਦੇ ਸ਼ੁਰੂ ਵਿੱਚ ਕਾਮਾਗਾਟਾਮਾਰੂ ਨਾਮਕ ਜਾਪਾਨੀ ਜਹਾਜ਼ ਨੂੰ ਠੇਕੇ 'ਤੇ ਲਿਆ। ਅਮਰੀਕਾ ਵਿੱਚ ਬਹੁਤ ਸਾਰੀ ਜ਼ਮੀਨ ਖ਼ਾਲੀ ਪਈ ਸੀ। ਉੱਥੇ ਨਵੇਂ ਵਸਣ ਵਾਲਿਆਂ ਦੀ ਲੋੜ ਸੀ। ਦੂਜੀਆਂ ਆਜ਼ਾਦ ਸਰਕਾਰਾਂ ਨੇ ਜ਼ੋਰ ਦੇ ਕੇ ਅਮਰੀਕਾ ਨੂੰ ਇਸ ਗੱਲ ਦੇ ਲਈ ਰਾਜ਼ੀ ਕੀਤਾ ਸੀ ਕਿ ਉਹ ਹਰ ਸਾਲ ਇਕ ਨਿਸ਼ਚਿਤ ਗਿਣਤੀ ਵਿੱਚ ਉਨ੍ਹਾਂ ਦੇਸ਼ਾਂ ਤੋਂ ਆ ਕੇ ਵੱਸਣ ਵਾਲਿਆਂ ਨੂੰ ਸਵੀਕਾਰ ਕਰੇ। ਆਜ਼ਾਦ ਦੇਸ਼ ਹੀ ਅਜਿਹਾ ਸਮਝੌਤਾ ਕਰ ਸਕਦੇ ਸਨ। ਗ਼ੁਲਾਮ ਹਿੰਦੁਸਤਾਨੀਆਂ ਨੂੰ ਉੱਥੇ ਕੌਣ ਪੁੱਛਦਾ? ਕਨੇਡਾ ਵਿੱਚ ਕੁਝ ਹਜ਼ਾਰ ਭਾਰਤੀ ਜਾ ਪੁੱਜੇ ਸਨ। ਉਨ੍ਹਾਂ ਨੇ ਆਪਣੀ ਮਜ਼ਦੂਰੀ ਵਿੱਚੋਂ ਕੁਝ ਪੈਸਾ ਬਚਾਅ ਕੇ ਉੱਥੇ ਜ਼ਮੀਨਾਂ ਵੀ ਖ਼ਰੀਦਣੀਆਂ ਸ਼ੁਰੂ ਕੀਤੀਆਂ ਸਨ। ਉੱਧਰ ਕਨੇਡਾ ਦੀ ਸਰਕਾਰ ਭਾਰਤੀਆਂ 'ਤੇ ਹਰ ਤਰ੍ਹਾਂ ਦੇ ਹਥਿਆਰਾਂ ਦੀ ਵਰਤੋਂ ਕਰਨ ਲਈ ਤਿਆਰ ਸੀ। ਗ੍ਰੰਥੀ ਬਲਵੰਤ ਸਿੰਘ (ਸਿੰਗਾਪੁਰ ਵਿੱਚ ਫਾਂਸੀ 1917 ਵਿੱਚ) ਆਦਿ ਡੈਪੂਟੇਸ਼ਨ ਬਣਾ ਕੇ ਇੰਗਲੈਂਡ ਪਹੁੰਚੇ। ਉਨ੍ਹਾਂ ਨੇ ਭਾਰਤ-ਮੰਤਰੀ ਦੇ ਸਾਹਮਣੇ ਭਾਰਤੀਆਂ ਦੇ ਦੁੱਖ ਅਤੇ ਅਪਮਾਨ ਦੀ ਕਥਾ ਰੱਖਣੀ ਚਾਹੀ, ਪਰ ਭਾਰਤ-ਮੰਤਰੀ ਇਸ ਦੇ ਲਈ ਤਾਂ ਨਹੀਂ ਬਣਾਇਆ ਜਾਂਦਾ ਹੈ। ਉਸ ਨੇ ਡੈਪੂਟੇਸ਼ਨ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਜਿਵੇਂ-ਜਿਵੇਂ ਕਨੇਡਾ ਦੇ ਭਾਰਤੀਆਂ ਉੱਤੇ ਵਧੇਰੇ ਹਮਲੇ ਹੋ ਰਹੇ ਸਨ, ਉਵੇਂ ਹੀ ਉਵੇਂ ਉਹ ਆਪਣੇ ਬਚਾਅ ਦੇ ਲਈ ਸੰਗਠਿਤ ਹੁੰਦੇ ਜਾ ਰਹੇ ਸਨ। ਕਨੇਡਾ ਦੇ ਮੁੱਖ ਤੌਰ 'ਤੇ ਸਾਰੇ ਹੀ ਭਾਰਤੀ ਮਜ਼ਦੂਰ ਪੰਜਾਬੀ ਸਿੱਖ ਸਨ। ਉਨ੍ਹਾਂ ਨੇ ਉੱਥੇ ਬਹੁਤ ਸਾਰੀਆਂ ਜ਼ਮੀਨਾਂ ਖ਼ਰੀਦ ਕੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਸੀ, ਉੱਥੇ ਕਿੰਨੇ ਹੀ ਗੁਰਦੁਆਰੇ ਵੀ ਸਥਾਪਿਤ ਕੀਤੇ ਜਾ ਚੁੱਕੇ ਸਨ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਭਾਰਤੀਆਂ ਦੇ ਹਿੱਤ ਦੇ ਲਈ ਕੰਮ ਕਰ ਰਹੀਆਂ ਸਨ। ਕਨੇਡਾ ਸਰਕਾਰ ਕਿਸੇ ਤਰੀਕੇ ਵੀ ਭਾਰਤੀਆਂ ਤੋਂ ਪਿੱਛਾ ਛੁਡਾਉਣਾ ਚਾਹੁੰਦੀ ਸੀ। ਉਸ ਨੇ ਉਨ੍ਹਾਂ ਨੂੰ ਕਿਹਾ ਕਿ ਅਸੀਂ ਤੁਹਾਡੇ ਲਈ ਇਸ ਤੋਂ ਵੀ ਚੰਗੀ ਜ਼ਮੀਨ ਦੇਣ ਦਾ ਪ੍ਰਬੰਧ ਕਰ ਦਿੰਦੇ ਹਾਂ। ਤੁਸੀਂ ਉੱਥੇ ਜਾ ਕੇ ਵੱਸ ਜਾਓ। ਗ੍ਰੰਥੀ ਬਲਵੰਤ ਸਿੰਘ ਸਰਦਾਰ ਭਾਗ ਸਿੰਘ ਆਦਿ ਤਿੰਨ ਭਾਰਤੀ ਨੁਮਾਇੰਦਿਆਂ ਨੂੰ ਵੇਖਣ ਦੇ ਲਈ ਹਾਂਡੂਰਸ ਭੇਜ ਦਿੱਤਾ ਗਿਆ। ਹਾਂਡੂਰਸ ਵਿੱਚ ਉਨ੍ਹਾਂ ਨੂੰ ਕੁਲੀ ਬਣੇ ਕਿੰਨੇ ਹੀ ਭਾਰਤੀ ਮਿਲੇ। ਉਨ੍ਹਾਂ ਨੇ ਆਪਣੀ ਨਰਕ ਯਾਤਨਾ ਦੀਆਂ ਸਾਰੀਆਂ ਗੱਲਾਂ ਦੱਸੀਆਂ। ਸਰਕਾਰ ਨੇ ਤਿੰਨਾਂ ਨੁਮਾਇੰਦਿਆਂ ਨੂੰ ਰਿਸ਼ਵਤ ਦੇ ਕੇ ਆਪਣੇ ਮਨ ਦੀ ਗੱਲ ਕਹਾਉਣੀ ਚਾਹੀ ਪਰ ਉਨ੍ਹਾਂ ਨੇ ਮਨ੍ਹਾ ਕਰ ਦਿੱਤਾ। ਇਨ੍ਹਾਂ ਨੁਮਾਇੰਦਿਆਂ ਨੇ ਸੱਚੀ ਗੱਲ ਦੱਸ ਦਿੱਤੀ। ਲੋਕਾਂ ਨੂੰ ਪਤਾ ਲੱਗ ਗਿਆ ਕਿ ਕਿਸ ਤਰ੍ਹਾਂ ਕਨੇਡਾ ਸਰਕਾਰ ਦੇ ਨਾਲ਼ ਬ੍ਰਿਟਿਸ਼ ਸਰਕਾਰ ਵੀ ਭਾਰਤੀਆਂ ਦੇ ਵਿਰੁੱਧ ਸਾਜ਼ਿਸ਼ ਵਿੱਚ ਸ਼ਾਮਿਲ ਹੈ। ਭਾਰਤੀਆਂ ਨੇ "ਬੇਹਤਰੀਨ ਭੂਮੀ" ਵਿੱਚ ਜਾ ਕੇ ਵੱਸਣ ਤੋਂ ਮਨ੍ਹਾ ਕਰ ਦਿੱਤਾ। ਹੁਣ ਸਰਕਾਰ ਉਨ੍ਹਾਂ ਨੂੰ ਹਰ ਪਾਸਿਓਂ ਤੰਗ ਕਰਨ ਲੱਗੀ। ਖ਼ੁਫ਼ੀਆ ਗਰੋਹ ਲੋਕਾਂ ਦਾ ਪਿੱਛਾ ਕਰਦੇ। ਕਨੇਡਾ ਵਿੱਚ ਵੱਸ ਚੁੱਕੇ ਭਾਰਤੀਆਂ ਦੀਆਂ ਔਰਤਾਂ ਅਤੇ ਮਾਵਾਂ ਜਦੋਂ ਭਾਰਤ ਤੋਂ ਕਨੇਡਾ ਪਹੁੰਚੀਆਂ ਤਾਂ ਉਨ੍ਹਾਂ ਨੂੰ ਤਿੰਨ ਚਾਰ ਮਹੀਨਿਆਂ ਤੱਕ ਇਕਾਂਤਵਾਸ ਵਿੱਚ ਰੱਖ ਕੇ ਵਾਪਿਸ ਭਾਰਤ ਰਵਾਨਾ ਕਰ ਦਿੱਤਾ ਗਿਆ। ਜਹਾਜ਼ ਨਾਲ਼ ਜੋ ਵਿਅਕਤੀ ਪਹੁੰਚਦੇ ਸਨ, ਉਨ੍ਹਾਂ ਵਿੱਚੋਂ ਸਿਰਫ਼ 10 ਫ਼ੀਸਦੀ ਨੂੰ ਹੀ ਆਪਣੀ ਮਨਮਰਜ਼ੀ ਨਾਲ਼ ਚੁਣ ਕੇ ਉਤਰਨ ਦਿੱਤਾ ਜਾਂਦਾ ਸੀ, ਬਾਕੀ 90 ਫ਼ੀਸਦੀ ਨੂੰ ਜਹਾਜ਼ੀ ਕੰਪਨੀਆਂ ਦੇ ਮਾਲਕਾਂ ਦੀ ਮੁੱਠੀ ਗਰਮ ਕਰਕੇ ਬੇਰੰਗ ਪਰਤ ਜਾਣਾ ਪੈਂਦਾ ਸੀ। ਘਰ ਅਤੇ ਮਕਾਨ 'ਤੇ ਭਾਰੀ ਕਰਜ਼ਾ ਲੈ ਕੇ ਚੱਲੇ ਇਹ ਭਾਰਤੀ ਹੁਣ ਪਰਤ ਕੇ ਹਾਂਗਕਾਂਗ ਅਤੇ ਸ਼ੰਘਾਈ ਵਿੱਚ ਦਰ-ਦਰ ਭਟਕਦੇ ਫਿਰਦੇ ਸਨ।

ਸਰਕਾਰਾਂ ਦੇ ਇਲਾਵਾ ਅਮਰੀਕੀ ਮਜ਼ਦੂਰ ਵੱਖ ਹਿੰਦੁਸਤਾਨੀ ਮਜ਼ਦੂਰਾਂ ਦੇ ਪਿੱਛੇ ਪਏ ਹੋਏ ਸਨ। 1907 ਦੀ ਗੱਲ ਹੈ, ਏਬਰਟ ਅਤੇ ਵਿਲੀਅਮ ਦੇ ਕਾਰਖ਼ਾਨਿਆਂ ਵਿੱਚ ਹਜ਼ਾਰਾਂ ਹਿੰਦੁਸਤਾਨੀ ਕੰਮ ਕਰ ਰਹੇ ਸਨ। ਇਕ ਦਿਨ ਗੋਰੇ ਮਜ਼ਦੂਰਾਂ ਨੇ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਮਾਰਿਆ-ਕੁੱਟਿਆ, ਉਨ੍ਹਾਂ ਦੀਆਂ ਚੀਜ਼ਾਂ ਲੁੱਟ ਲਈਆਂ ਅਤੇ ਟਰਾਮ ਵਿੱਚ ਬਿਠਾ ਕੇ ਉਨ੍ਹਾਂ ਨੂੰ ਸ਼ਹਿਰ ਤੋਂ ਦੂਰ ਜੰਗਲਾਂ ਵਿੱਚ ਛੱਡ ਦਿੱਤਾ। ਇਹ ਪੱਗ-ਦਾੜ੍ਹੀ ਦੀ ਨਫ਼ਰਤ ਨਹੀਂ ਸੀ, ਇਨ੍ਹਾਂ ਕਾਰਖ਼ਾਨਿਆਂ ਦੇ ਹਿੰਦੁਸਤਾਨੀ (ਸਿੱਖ ਵੀ) ਪੱਗ ਵਾਲੇ ਨਹੀਂ ਹੈਟ ਵਾਲੇ ਸਨ।

ਹਰ ਜਗ੍ਹਾ ਹਿੰਦੁਸਤਾਨੀਆਂ ਦੇ ਵਿਰੁੱਧ ਨਫ਼ਰਤ ਦਾ ਜ਼ਬਰਦਸਤ ਪ੍ਰਚਾਰ ਵੇਖਿਆ ਜਾਂਦਾ ਸੀ। ਹੋਟਲਾਂ ਵਿੱਚ ਕੁੱਤੇ ਅਤੇ ਹਿੰਦੁਸਤਾਨੀਆਂ ਨੂੰ ਜਾਣ ਦਾ ਅਧਿਕਾਰ ਨਹੀਂ ਸੀ। ਕਿੰਨੇ ਹੀ ਸਿੱਖਾਂ ਨੂੰ ਵੇਖ ਕੇ ਲੋਕ ਦਾੜ੍ਹੀ ਵਾਲੀਆਂ ਬੀਬੀਆਂ ਕਹਿ ਕੇ ਉਨ੍ਹਾਂ ਦਾ ਮਖੌਲ ਉਡਾਉਂਦੇ। ਹਿੰਦੁਸਤਾਨੀ ਆਪਣੇ ਵੱਲੋਂ ਸ਼ਿਕਾਇਤ ਦਾ ਮੌਕਾ ਨਹੀਂ ਦੇਣਾ ਚਾਹੁੰਦੇ ਸਨ। ਉਹ ਦੂਜਿਆਂ ਦੇ ਮੁਕਾਬਲੇ ਆਪਣੇ ਕੱਪੜੇ-ਲੱਤੇ ਨੂੰ ਵਧੇਰੇ ਸਾਫ਼ ਰੱਖਦੇ ਪਰ ਫਿਰ ਵੀ ਸਭ ਤੋਂ ਵੱਧ ਠੋਕਰਾਂ ਉਨ੍ਹਾਂ ਨੂੰ ਹੀ ਖਾਣੀਆਂ ਪੈ ਰਹੀਆਂ ਸਨ। ਹੌਲ਼ੀ-ਹੌਲ਼ੀ ਹਿੰਦੁਸਤਾਨੀ ਇਸ ਤੋਂ ਸਾਫ਼ ਸਮਝਣ ਲੱਗੇ ਕਿ ਜੋ ਜ਼ੁਲਮ ਅਤੇ ਬੇਇੱਜ਼ਤੀ ਉਨ੍ਹਾਂ ਨੂੰ ਸਹਿਣੀ ਪੈ ਰਹੀ ਹੈ, ਉਨ੍ਹਾਂ ਦਾ ਕਾਰਨ ਹੈ ਹਿੰਦੁਸਤਾਨ ਦਾ ਗ਼ੁਲਾਮ ਹੋਣਾ, ਇਸ ਕਰਕੇ ਅਨਾਥ ਹੋਣਾ।

1912 ਵਿੱਚ ਸੋਹਣ ਸਿੰਘ ਨੂੰ ਪੋਰਟਲੈਂਡ ਦੇ ਲੱਕੜ ਦੇ ਕਾਰਖ਼ਾਨੇ ਵਿੱਚ ਕੰਮ ਕਰਦੇ ਤਿੰਨ ਸਾਲ ਹੋ ਗਏ ਸਨ। ਉਸ ਨੇ ਰਾਹ ਵਿੱਚ ਕੰਮ ਕਰਕੇ ਆ ਗਈ ਟੁੱਟੀ ਫੁੱਟੀ ਅੰਗਰੇਜ਼ੀ ਉੱਤੇ ਹੀ ਸੰਤੋਖ ਨਹੀਂ ਕੀਤਾ, ਸਗੋਂ ਉਹ ਦੋ ਸਾਲ ਤੱਕ ਰਾਤ ਦੀਆਂ ਪਾਠਸ਼ਾਲਾਵਾਂ ਵਿੱਚ ਪੜ੍ਹਨ ਵੀ ਜਾਂਦਾ ਸੀ। ਉਸ ਦਾ ਭਾਸ਼ਾਈ ਗਿਆਨ ਤਾਂ ਵਧਿਆ ਹੀ, ਨਾਲ਼ ਹੀ ਜਾਣ-ਪਛਾਣ ਵੀ ਵਧੀ। ਅਮਰੀਕੀ ਭਾਰਤੀਆਂ ਨੂੰ ਪੁੱਛਦੇ, "ਤੁਹਾਡੇ ਇੱਥੇ 30 ਕਰੋੜ ਭੇਡਾਂ ਹਨ ਜਾਂ ਆਦਮੀ?" ਇਹ ਇਕ ਆਮ ਸਵਾਲ ਸੀ। ਇਕ ਵਾਰ ਸੋਹਣ ਸਿੰਘ ਕੰਮ ਦੀ ਭਾਲ ਵਿੱਚ ਇਕ ਦਫ਼ਤਰ ਦੇ ਮੈਨੇਜਰ ਕੋਲ਼ ਜਾ ਕੇ ਬੋਲਿਆ, "ਕੋਈ ਕੰਮ ਹੈ?" "ਕੰਮ ਹੈ" ਪਰ ਤੈਨੂੰ ਨਹੀਂ ਦੇ ਸਕਦਾ। "ਕਿਉਂ?" "ਤੈਨੂੰ ਅਸੀਂ ਗੋਲੀ ਮਾਰ ਦੇਣਾ ਚਾਹੁੰਦੇ ਹਾਂ। ਤੈਨੂੰ ਵੇਖ ਕੇ ਸਾਡੇ ਮੁੰਡੇ ਗ਼ੁਲਾਮ ਬਣ ਜਾਣਗੇ। ਮੈਂ ਤੈਨੂੰ ਦੋ ਬੰਦੂਕਾਂ ਦਿੰਦਾ ਹਾਂ, ਜਾ ਪਹਿਲਾਂ ਆਪਣੇ ਮੁਲਕ ਨੂੰ ਆਜ਼ਾਦ ਕਰਾ ਕੇ ਆ। ਫਿਰ ਤੇਰੇ ਸਵਾਗਤ ਅਤੇ ਕੰਮ ਦੇ ਲਈ ਇੱਥੇ ਮੈਂ ਪਹਿਲਾ ਆਦਮੀ ਹੋਵਾਂਗਾ।" ਇਕ ਦਿਨ ਸੋਹਣ ਸਿੰਘ ਨੇ ਇਕ ਬਹੁਤ ਕੋਮਲ ਚਿੱਤ ਡਾਕਟਰ ਮਿੱਤਰ ਨੂੰ ਪੁੱਛਿਆ, "ਤੁਸੀਂ ਅਮਰੀਕੀ ਲੋਕ ਸਾਡੇ ਨਾਲ਼ ਏਨੀ ਨਫ਼ਰਤ ਕਿਉਂ ਕਰਦੇ ਹੋ?" ਡਾਕਟਰ ਨੇ ਕਿਹਾ, "ਤੁਹਾਡੇ ਨਾਲ਼ ਨਹੀਂ, ਤੁਹਾਡੀ ਗ਼ੁਲਾਮੀ ਨਾਲ਼ ਜ਼ਰੂਰ ਕਰਦਾ ਹਾਂ।"

ਇਸ ਤਰ੍ਹਾਂ ਦੀਆਂ ਰੋਜ਼-ਰੋਜ਼ ਦੀਆਂ ਘਟਨਾਵਾਂ ਭਾਰਤੀਆਂ ਨੂੰ ਸੋਚਣ ਲਈ ਮਜਬੂਰ ਕਰ ਰਹੀਆਂ ਸਨ। ਫਿਰ ਉਹ ਭਾਰਤ ਦੀ ਅੰਦਰੂਨੀ ਅਵਸਥਾ ਦੀ ਅਮਰੀਕਾ ਨਾਲ਼ ਤੁਲਨਾ ਕਰਕੇ ਵੇਖਦੇ ਸਨ ਕਿ ਇੱਥੇ ਅਮਰੀਕੀ ਪੁਲਿਸ ਲੋਕਾਂ ਨੂੰ ਆਪਣੀ ਸਵਾਮੀ ਮੰਨਦੀ ਹੈ, ਉੱਥੇ ਭਾਰਤੀ ਪੁਲਿਸ ਸ਼ਹਿਨਸ਼ਾਹ ਬਣਨਾ ਚਾਹੁੰਦੀ ਹੈ। ਇਕ ਵਾਰ ਤਤਕਾਲੀ ਰਾਸ਼ਟਰਪਤੀ (ਰੂਜ਼ਵੈਲਟ ਪਹਿਲਾ) ਪੋਰਟਲੈਂਡ ਆਉਣ ਵਾਲਾ ਸੀ। ਸੋਹਣ ਸਿੰਘ ਵੀ ਤਮਾਸ਼ਾ ਵੇਖਣ ਲਈ ਸਟੇਸ਼ਨ 'ਤੇ ਪਹੁੰਚਿਆ। ਉੱਥੇ ਕੋਈ ਸਜਾਵਟ ਨਹੀਂ ਸੀ। ਸਿਰਫ਼ ਮਿਊਨਸੀਪਲ ਦੇ ਕੁਝ ਮੈਂਬਰ ਇਕੱਠੇ ਹੋਏ ਸਨ। ਰਾਸ਼ਟਰਪਤੀ ਨੇ ਸਭ ਨਾਲ਼ ਹੱਥ ਮਿਲਾਇਆ। ਰਾਤ ਨੂੰ ਰਾਸ਼ਟਰਪਤੀ ਦਾ ਭਾਸ਼ਣ ਸੁਣਨ ਸੋਹਣ ਸਿੰਘ ਵੀ ਗਿਆ। ਭੀੜ ਵਿੱਚ ਉਹ ਇਕ ਇਸਤਰੀ ਦੇ ਸਿਰ ਨਾਲ਼ ਜੁੜ ਕੇ ਖੜ੍ਹਾ ਸੀ, ਪੁਲਿਸ ਨੇ ਟੋਕਿਆ। ਇਸਤਰੀ ਭੜਕ ਗਈ, "ਤੁਹਾਨੂੰ ਕੀ ਅਧਿਕਾਰ ਹੈ ਇਸ ਭਲੇ ਪੁਰਸ਼ ਨੂੰ ਬੇਇੱਜ਼ਤ ਕਰਨ ਦਾ?" ਪੁਲਿਸ ਨੂੰ ਮੁਆਫ਼ੀ ਮੰਗਣੀ ਪਈ।

ਨਵਾਂ ਜੀਵਨ- ਹੌਲ਼ੀ-ਹੌਲ਼ੀ ਸੋਹਣ ਸਿੰਘ ਸਮਝਣ ਲੱਗਾ ਕਿ ਗ਼ੁਲਾਮ ਦੇਸ਼ ਵਿੱਚ ਪੈਦਾ ਹੋਣਾ ਵੱਡਾ ਸਰਾਪ ਹੈ। ਉਸ ਦੀਆਂ ਅੱਖਾਂ ਨੂੰ ਖੋਲ੍ਹਣ ਦੇ ਲਈ ਕਿੰਨੀਆਂ ਹੀ ਘਟਨਾਵਾਂ ਸਾਹਮਣੇ ਵਾਪਰਨ ਲੱਗੀਆਂ। ਸੇਂਟ ਜਾਨ ਵਿੱਚ ਪੰਡਿਤ ਕਾਸ਼ੀ ਰਾਮ (1914 ਵਿੱਚ ਫਾਂਸੀ) ਨੇ ਕਿਸੇ ਕਾਰਖ਼ਾਨੇ ਦਾ ਠੇਕਾ ਲਿਆ ਹੋਇਆ ਸੀ। ਅਮਰੀਕੀ ਮਜ਼ਦੂਰਾਂ ਨੇ ਸਮਝਿਆ ਕਿ ਇਹ ਹਿੰਦੁਸਤਾਨੀ ਸਾਡੀ ਰੋਜ਼ੀ-ਰੋਟੀ ਮਾਰ ਰਹੇ ਹਨ। ਉਨ੍ਹਾਂ ਨੇ ਕਾਰਖ਼ਾਨੇ 'ਤੇ ਹਮਲਾ ਕਰ ਦਿੱਤਾ। ਪੁਲਿਸ ਨੂੰ ਪਤਾ ਸੀ ਪਰ ਉਹ ਬਚਾਉਣ ਲਈ ਨਾ ਆਈ। ਹਿੰਦੁਸਤਾਨੀ ਮਜ਼ਦੂਰਾਂ ਨੇ ਬਹੁਤ ਮਾਰ ਖਾਧੀ ਅਤੇ ਉਨ੍ਹਾਂ ਨੂੰ ਟਰਾਮ ਵਿੱਚ ਬਿਠਾ ਕੇ ਜੰਗਲ ਵਿੱਚ ਛੱਡ ਦਿੱਤਾ ਗਿਆ। ਇਹ ਇਸ ਤਰ੍ਹਾਂ ਦੀ ਪਹਿਲਾਂ ਵਾਲੀ ਘਟਨਾ ਤੋਂ ਚਾਰ ਸਾਲ ਬਾਅਦ ਵਾਪਰੀ ਸੀ। ਹਿੰਦੁਸਤਾਨੀ ਇਸ ਨੂੰ ਖ਼ਤਰੇ ਦੀ ਘੰਟੀ ਸਮਝਣ ਲੱਗੇ। ਹਿੰਦੁਸਤਾਨੀ ਹੁਣ ਆਪਸ ਵਿੱਚ ਇਸ ਬਾਰੇ ਗੱਲਬਾਤ ਕਰਨ ਲੱਗੇ ਸਨ। ਸਾਰਿਆਂ ਨੂੰ ਸੇਂਟ ਜਾਨ ਦੇ ਦੁਹਰਾਏ ਜਾਣ ਦਾ ਹਰ ਸਮੇਂ ਖ਼ਤਰਾ ਰਹਿੰਦਾ ਸੀ। ਦਸੰਬਰ ਦਾ ਵੱਡਾ ਦਿਨ ਆਇਆ। ਸਟੋਰੀਆ ਦੇ ਕਾਰਖ਼ਾਨੇ ਵਿੱਚ ਉਸ ਸਮੇਂ ਬਾਬਾ ਕੇਸਰ ਸਿੰਘ (ਅੱਜ ਵੀ ਜੇਲ੍ਹ ਵਿੱਚ ਪਿਆ ਸਾਡਾ ਵੀਰ ਸਿੰਘ) ਕੰਮ ਕਰ ਰਹੇ ਸਨ। ਉੱਥੇ ਹੀ ਆਲ਼ੇ-ਦੁਆਲ਼ੇ ਰਹਿਣ ਵਾਲੇ ਹਿੰਦੁਸਤਾਨੀ ਮਜ਼ਦੂਰ ਖ਼ਾਸ ਤੌਰ 'ਤੇ ਇਸ ਕੰਮ ਦੇ ਲਈ ਇਕੱਠੇ ਹੋਏ। ਇੱਥੇ ਹੀ ਉਨ੍ਹਾਂ ਨੇ ਹਿੰਦੀ ਸਭਾ ਨਾਮ ਦਾ ਇਕ ਆਪਣਾ ਸੰਗਠਨ ਤਿਆਰ ਕੀਤਾ।

ਜਿਸ ਤਰ੍ਹਾਂ ਓਰੀਗਿਨ ਵਿੱਚ ਸੋਹਣ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੰਗਠਨ ਦੀ ਲੋੜ ਅਨੁਭਵ ਕਰ ਰਹੇ ਸਨ, ਉਸੇ ਤਰ੍ਹਾਂ ਕੈਲੀਫੋਰਨੀਆ ਵਿੱਚ ਵੀ ਬਾਬਾ

(• ਬਾਕੀ ਸਫ਼ਾ 9 'ਤੇ)

ਨਵਾਂ ਜ਼ਮਾਨਾ
ਮੰਗਲਵਾਰ 16 ਸਤੰਬਰ 2025

# ਮਾਮਲਿਆਂ ਦਾ ਉੱਚਾ ਹੁੰਦਾ ਢੇਰ

ਸੁਪਰੀਮ ਕੋਰਟ ਵਿੱਚ ਪੈਂਡਿੰਗ ਮਾਮਲਿਆਂ ਦੀ ਗਿਣਤੀ ਹਾਲ ਹੀ ਦੇ ਸਾਲਾਂ ਵਿੱਚ ਸਭ ਤੋਂ ਵੱਧ 88,417 ਤੱਕ ਪੁੱਜ ਗਈ ਹੈ। ਹਾਲਾਂਕਿ ਕੋਰਟ ਵਿੱਚ ਪੂਰੇ ਮਨਜ਼ੂਰ 34 ਜੱਜ ਕੰਮ ਕਰ ਰਹੇ ਹਨ। ਨੈਸ਼ਨਲ ਜੁਡੀਸ਼ੀਅਲ ਡਾਟਾ ਗਰਿੱਡ ਮੁਤਾਬਕ ਸੁਪਰੀਮ ਕੋਰਟ ਵਿੱਚ ਇਸ ਸਮੇਂ 69553 ਦੀਵਾਨੀ ਤੇ 18,864 ਫੌਜਦਾਰੀ ਮਾਮਲੇ ਪੈਂਡਿੰਗ ਹਨ। ਅਗਸਤ 2025 ਵਿੱਚ ਦਾਖਲ ਹੋਏ ਨਵੇਂ ਮਾਮਲਿਆਂ ਦੀ ਗਿਣਤੀ 7080 ਹੈ, ਜਿਹੜੀ ਕਿ ਨਿਪਟਾਏ ਗਏ 5667 ਮਾਮਲਿਆਂ ਤੋਂ ਵੱਧ ਹਨ। ਚੀਫ ਜਸਟਿਸ ਬੀ ਆਰ ਗਵਈ ਨੇ ਇਸ ਵਾਰ ਗਰਮੀ ਦੀਆਂ ਲੰਮੀਆਂ ਛੁੱਟੀਆਂ ਦੌਰਾਨ ਵਧੇਰੇ ਬੈਂਚਾਂ ਨੂੰ ਕੰਮ 'ਤੇ ਲਾਇਆ ਸੀ, ਫਿਰ ਵੀ ਪੈਂਡਿੰਗ ਮਾਮਲਿਆਂ ਵਿੱਚ ਵਾਧਾ ਦੇਖਿਆ ਗਿਆ ਹੈ। ਚੀਫ ਜਸਟਿਸ ਨੇ 23 ਮਈ ਤੋਂ 23 ਜੁਲਾਈ ਤੱਕ ਦੀਆਂ ਗਰਮੀਆਂ ਦੀਆਂ ਛੁੱਟੀਆਂ ਦਾ ਨਾਂਅ ਬਦਲ ਕੇ 'ਅੰਸ਼ਕ ਕਾਰਜ ਦਿਵਸ' ਵੀ ਕੀਤਾ ਸੀ। ਇਸ ਦੌਰਾਨ ਚੀਫ ਜਸਟਿਸ ਤੇ ਪੰਜ ਸੀਨੀਅਰ ਜੱਜਾਂ ਨੇ ਪਹਿਲੀਆਂ ਬੈਂਚਾਂ ਵਿੱਚ ਬੈਠ ਕੇ ਮਾਮਲਿਆਂ ਦੀ ਸੁਣਵਾਈ ਕੀਤੀ। ਛੁੱਟੀਆਂ ਦੌਰਾਨ ਕੁਲ 21 ਜੱਜਾਂ ਨੇ ਵੱਖ-ਵੱਖ ਬੈਂਚਾਂ ਵਿੱਚ ਬੈਠ ਕੇ ਮਾਮਲੇ ਸੁਣੇ।

2025 ਵਿੱਚ ਹੁਣ ਤੱਕ 52,630 ਨਵੇਂ ਮਾਮਲੇ ਦਾਖਲ ਹੋਏ ਹਨ, ਜਦਕਿ 46,309 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ। ਇਹ ਲਗਭਗ 88 ਫੀਸਦੀ ਬਣਦਾ ਹੈ। ਇਸ ਸਾਲ ਹੁਣ ਤੱਕ ਦੋ ਚੀਫ ਜਸਟਿਸ ਅਹੁਦੇ ਸੰਭਾਲ ਚੁੱਕੇ ਹਨ ਤੇ ਨਵੰਬਰ ਦੇ ਅੰਤ ਵਿੱਚ ਜਸਟਿਸ ਸੂਰੀਆ ਕਾਂਤ ਦੀ ਚੀਫ ਜਸਟਿਸ ਬਣਨ ਦੀ ਵਾਰੀ ਹੈ। ਮਾਮਲਿਆਂ ਦੀ ਪਿਛਲੇ ਸਾਲ ਵੀ ਇਹ ਸਥਿਤੀ ਰਹੀ ਸੀ। 2024 ਵਿੱਚ ਮਾਮਲਿਆਂ ਦੀ ਗਿਣਤੀ 82 ਹਜ਼ਾਰ ਤੋਂ ਵਧ ਗਈ ਸੀ। 2021 ਵਿੱਚ ਪੈਂਡਿੰਗ ਮਾਮਲਿਆਂ ਦੀ ਗਿਣਤੀ 70 ਹਜ਼ਾਰ ਤੱਕ ਪੁੱਜ ਗਈ ਸੀ ਤੇ 2022 ਵਿੱਚ 79 ਹਜ਼ਾਰ ਹੋ ਗਈ ਸੀ। ਕੋਵਿਡ ਮਹਾਂਮਾਰੀ ਦੇ ਬਾਅਦ, ਖਾਸਕਰ 2023 ਦੇ ਬਾਅਦ ਪੈਂਡਿੰਗ ਮਾਮਲਿਆਂ ਦਾ ਢੇਰ ਵਧਦਾ ਜਾ ਰਿਹਾ ਹੈ। ਜਸਟਿਸ ਡੀ ਵਾਈ ਚੰਦਰਚੂੜ ਨੇ ਚੀਫ ਜਸਟਿਸ ਹੁੰਦਿਆਂ ਜੱਜਾਂ ਦੀਆਂ ਖਾਲੀ ਅਸਾਮੀਆਂ ਤੇਜ਼ੀ ਨਾਲ ਪੁਰ ਕਰਾਈਆਂ ਸਨ। ਉਸ ਦੇ ਬਾਅਦ ਚੀਫ ਜਸਟਿਸ ਸੰਜੀਵ ਖੰਨਾ ਤੇ ਵਰਤਮਾਨ ਚੀਫ ਜਸਟਿਸ ਗਵਈ ਨੇ ਜੱਜਾਂ ਦੇ ਨਾਵਾਂ ਦੀ ਸਿਫਾਰਸ਼ ਤੇਜ਼ੀ ਨਾਲ ਕੀਤੀ। ਵੱਖ-ਵੱਖ ਚੀਫ ਜਸਟਿਸ ਕਈ ਵਾਰ ਕਹਿ ਚੁੱਕੇ ਹਨ ਕਿ ਸਰਕਾਰ ਵੱਲੋਂ ਜੱਜਾਂ ਦੇ ਨਾਵਾਂ ਨੂੰ ਤੁਰੰਤ ਮਨਜ਼ੂਰੀ ਨਾ ਦੇਣ ਕਾਰਨ ਕੰਮਕਾਜ ਪ੍ਰਭਾਵਤ ਹੁੰਦਾ ਹੈ ਤੇ ਮਾਮਲੇ ਵਧ ਜਾਂਦੇ ਹਨ। ਹੁਣ ਜਦ ਜੱਜਾਂ ਦੀ ਗਿਣਤੀ ਪੂਰੀ ਹੈ ਤਾਂ ਫਿਰ ਵੀ ਮਾਮਲੇ ਵਧਣ ਤੋਂ ਸਾਫ ਹੈ ਕਿ ਏਨੇ ਜੱਜ ਵੀ ਘੱਟ ਹਨ। ਇਸ ਲਈ ਸੁਪਰੀਮ ਕੋਰਟ ਦੇ ਜੱਜਾਂ ਦੀ ਗਿਣਤੀ ਵਧਾਉਣ ਦੀ ਸਖਤ ਲੋੜ ਹੈ।

# ਕਮਿਊਨਿਸਟ ਪਾਰਟੀ ਪੰਜਾਬ ਦੇ ਇਤਿਹਾਸ ਦੀ ਝਲਕ

ਪਿਰਥੀਪਾਲ ਸਿੰਘ ਮਾੜੀਮੇਘਾ




ਪੰਜਾਬ ਦੀ ਕਮਿਊਨਿਸਟ ਲਹਿਰ 1920-21 ਤੋਂ ਪੰਜਾਬ ਵਿੱਚ ਪਨਪਣ ਲੱਗੀ ਅਤੇ ਪਾਰਟੀ ਨੇ ਹਿੰਦ ਤੇ ਪਾਕਿ ਦੇ ਸਾਂਝੇ ਪੰਜਾਬ ਨੂੰ ਆਪਣੀ ਕਰਮ ਭੂਮੀ ਬਣਾਇਆ।ਬਦਕਿਸਮਤੀ ਇਹ ਹੋਈ ਕਿ ਦੇਸ਼ ਤੇ ਆਜ਼ਾਦ ਹੋ ਗਿਆ, ਪਰ ਅੰਗਰੇਜ਼ ਹਾਕਮ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡ ਗਏ, ਜਦੋਂ ਕਿ ਸਾਰੇ ਪੰਜਾਬੀ ਭਰਾਵਾਂ ਦੀ ਤਰ੍ਹਾਂ ਰਹਿ ਰਹੇ ਸਨ। ਮੁਸਲਮਾਨ, ਸਿੱਖ ਅਤੇ ਹਿੰਦੂਆਂ ਵਿੱਚ ਪੂਰਾ ਮਿਲਵਰਤਨ ਸੀ, ਪਰ ਅੰਗਰੇਜ਼ਾਂ ਨੇ ਵੰਡੀਆਂ ਪਾ ਦਿੱਤੀਆਂ। ਵੰਡੀਆਂ ਪਾਉਣ ਕਰਕੇ ਪੰਜਾਬ ਦੀ ਧਰਤੀ 'ਤੇ ਮੁਸਲਮਾਨ, ਸਿੱਖ ਅਤੇ ਹਿੰਦੂ ਦੰਗਿਆਂ ਵਿੱਚ ਨਦੀ ਦੇ ਪਾਣੀ ਦੀ ਤਰ੍ਹਾਂ ਖ਼ੂਨ ਵਗਿਆ। ਸਦੀਆਂ ਤੋਂ ਭਰਾਵਾਂ ਵਾਂਗ ਵਸਦੀਆਂ ਕੌਮਾਂ ਇੱਕ-ਦੂਜੇ ਦੇ ਖ਼ੂਨ ਦੀਆਂ ਪਿਆਸੀਆਂ ਹੋ ਗਈਆਂ ਸਨ। ਦੋਹੀਂ ਪਾਸੀਂ ਲੱਖਾਂ ਬੇਗੁਨਾਹ ਲੋਕ ਮਾਰੇ ਗਏ। ਹਿੰਦੁਸਤਾਨ ਵਿੱਚ ਮੁਸਲਮਾਨ ਕੌਮ ਨੂੰ ਰਹਿ ਸਕਦੀ ਸੀ, ਪਰ ਪਾਕਿਸਤਾਨ ਵਿੱਚ ਦੂਜੀ ਕਿਸੇ ਵੀ ਕੌਮ ਰਹਿਣ ਦੀ ਇਜਾਜ਼ਤ ਨਹੀਂ ਸੀ। ਪਾਕਿਸਤਾਨ ਵਿੱਚ ਜਿਨ੍ਹਾਂ ਸਿੱਖਾਂ ਤੇ ਹਿੰਦੂਆਂ ਨੇ ਮੁਸਲਮਾਨ ਧਰਮ ਗ੍ਰਹਿਣ ਕਰ ਲਿਆ, ਉਹ ਓਧਰ ਹੀ ਵੱਸ ਗਏ। ਅਸਲ ਵਿੱਚ ਉਹ ਆਪਣੀ ਜਾਇਦਾਦ ਛੱਡ ਨਹੀਂ ਸਕਦੇ ਸਨ। ਓਧਰ ਵੱਸਣ ਵਾਲਿਆਂ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ ਹੈ।

ਪੰਜਾਬ ਦਾ ਪੂਰਬੀ ਹਿੱਸਾ ਹਿੰਦੁਸਤਾਨ ਵਿੱਚ ਅਤੇ ਪੱਛਮੀ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ। ਹਿੰਦ -ਪਾਕਿ ਦੀ ਵੰਡ ਤੋਂ ਪਹਿਲਾਂ ਪੰਜਾਬ ਦੇ ਕੁੱਲ 29 ਜ਼ਿਲ੍ਹੇ ਸਨ।ਵੰਡ ਤੋਂ ਬਾਅਦ 13 ਜ਼ਿਲ੍ਹੇ ਹਿੰਦੁਸਤਾਨ ਦੇ ਪੰਜਾਬ ਕੋਲ ਅਤੇ 16 ਪਾਕਿਸਤਾਨ ਦੇ ਪੰਜਾਬ ਵਾਲੇ ਪਾਸੇ ਚਲੇ ਗਏ। ਹਕੀਕਤਨ ਪੰਜਾਬ ਦਾ ਵੱਡਾ ਹਿੱਸਾ ਪਾਕਿਸਤਾਨ ਕੋਲ ਚਲਾ ਗਿਆ।

ਹਿੰਦੁਸਤਾਨ ਤੋਂ ਟੁੱਟ ਕੇ ਇੱਕ ਵੱਖਰਾ ਦੇਸ਼ ਪਾਕਿਸਤਾਨ ਬਣਨ ਸਮੇਂ ਜੋ ਫਿਰਕੂ ਦੰਗੇ ਹੋਏ ਸਨ, ਇਨ੍ਹਾਂ ਦੰਗਿਆਂ ਵਿੱਚ ਸੀ ਪੀ ਆਈ ਨੇ ਹਿੰਦੂ, ਸਿੱਖ ਤੇ ਮੁਸਲਮਾਨ ਫਸਾਦਾਂ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ। ਹਿੰਦੁਸਤਾਨ ਦੇ ਕਮਿਊਨਿਸਟਾਂ ਨੇ ਮੁਸਲਿਮ ਭਰਾਵਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਅਤੇ ਉਨ੍ਹਾਂ ਨੂੰ ਕੈਂਪਾਂ ਤੱਕ ਪਹੁੰਚਾਇਆ। ਇਸੇ ਤਰ੍ਹਾਂ ਮੁਸਲਮਾਨ ਕਮਿਊਨਿਸਟਾਂ ਨੇ ਕੀਤਾ। ਇਸ ਫ਼ਿਰਕੂ ਕਤਲੋਗਾਰਤ ਨੂੰ ਰੋਕਣ ਦੀ ਇਵਜ਼ ਵਿੱਚ ਕਮਿਊਨਿਸਟਾਂ ਨੂੰ ਕੁਰਬਾਨੀ ਵੀ ਦੇਣੀ ਪਈ। ਕਾਮਰੇਡ ਗਹਿਲ ਸਿੰਘ, ਪਿੰਡ ਛੱਜਲਵੱਡੀ ਜ਼ਿਲ੍ਹਾ ਅੰਮ੍ਰਿਤਸਰ ਨੂੰ ਮੁਸਲਮਾਨਾਂ ਦੇ ਕਾਫ਼ਲੇ ਬਚਾਉਣ ਦੀ ਖਾਤਰ ਜਨੂੰਨੀ ਸਿੱਖਾਂ ਨੇ ਕਤਲ ਕਰ ਦਿੱਤਾ ਸੀ। ਪਾਕਿਸਤਾਨ ਦੇ ਗੁਜਰਾਂਵਾਲਾ ਦੇ ਕਮਿਊਨਿਸਟ ਬਸ਼ੀਰ ਨੂੰ ਉਥੋਂ ਦੇ ਸਿੱਖਾਂ ਤੇ ਹਿੰਦੂਆਂ ਨੂੰ ਬਚਾਉਂਦੇ ਸਮੇਂ ਬਹੁਤ ਮੁਸੀਬਤਾਂ ਝੱਲਣੀਆਂ ਪਈਆਂ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਹਿੰਦ ਦੇ ਪੰਜਾਬ ਵਿੱਚ 1951 ਵਿੱਚ ਮਰਦਮਸ਼ੁਮਾਰੀ ਕਰਾਈ ਗਈ, ਜਿਸ ਨਾਲ ਹਿੰਦੂਆਂ ਤੇ ਸਿੱਖਾਂ ਵਿੱਚ ਪਾੜਾ ਵਧ ਗਿਆ। ਕਿਉਂਕਿ ਹਿੰਦੂ ਜਥੇਬੰਦੀਆਂ ਨੇ ਹਿੰਦੂਆਂ ਨੂੰ ਹਿੰਦੀ ਭਾਸ਼ਾ ਲਿਖਾਉਣ ਲਈ ਜ਼ੋਰ ਦਿੱਤਾ, ਜਦੋਂ ਕਿ ਭਾਰਤੀ ਕਮਿਊਨਿਸਟ ਪਾਰਟੀ ਨੇ ਇਸ ਮਰਦਮਸ਼ੁਮਾਰੀ ਦਾ ਡਟਵਾਂ ਵਿਰੋਧ ਕੀਤਾ ਸੀ।

ਇਸੇ ਸਮੇਂ ਦੌਰਾਨ ਜਲੰਧਰ ਵਿਖੇ ਇੱਕ ਕਨਵੈਨਸ਼ਨ ਹੋਈ, ਜਿਸ ਵਿੱਚ ਕਮਿਊਨਿਸਟ ਪਾਰਟੀ ਦੇ ਪ੍ਰਤੀਨਿਧ, ਪਰਜਾ ਸੋਸ਼ਲਿਸਟ ਪਾਰਟੀ, ਫਾਰਵਰਡ ਬਲਾਕ, ਰਿਆਸਤੀ ਅਕਾਲੀ ਦਲ ਦੇ ਪ੍ਰਤੀਨਿਧ ਅਤੇ ਕਈ ਮਸ਼ਹੂਰ ਸਿੱਖ ਤੇ ਹਿੰਦੂ ਸ਼ਾਮਲ ਹੋਏ।ਇਸ ਕਨਵੈਨਸ਼ਨ ਵਿੱਚ ਕਮਿਊਨਿਸਟ ਪੱਖੀਆਂ ਨੇ ਪੰਜਾਬੀ ਸੂਬਾ ਬਣਾਉਣ ਦੇ ਸੰਬੰਧ ਵਿੱਚ ਪੈਪਸੂ ਨੂੰ ਪੰਜਾਬੀ ਸੂਬੇ ਵਿੱਚ ਮਿਲਾਉਣ 'ਤੇ ਜ਼ੋਰ ਦਿੱਤਾ ਪਰ ਅਕਾਲੀ ਦਲ ਨਾ ਮੰਨਿਆ ਤੇ ਕਨਵੈਨਸ਼ਨ 'ਚੋਂ ਪਾਸਾ ਵੱਟ ਗਿਆ।

ਪੰਜਾਬ ਦੀ ਕਮਿਊਨਿਸਟ ਪਾਰਟੀ ਦੀ ਪਹਿਲੀ ਜਥੇਬੰਦਕ ਕਾਨਫਰੰਸ ਜੋ 4 ਤੋਂ 6 ਫਰਵਰੀ 1948 ਜੋ ਜੰਡਿਆਲਾ ਮੰਜਕੀ ਹੋਈ ਸੀ। ਉਂਝ ਸੀ ਪੀ ਆਈ 1926 ਵਿੱਚ ਬਣ ਚੁੱਕੀ ਸੀ, ਜਿਸ ਦੇ ਬਾਨੀ ਸਕੱਤਰ ਭਾਈ ਸੰਤੋਖ ਸਿੰਘ ਧਰਦਿਓ ਸਨ।ਉਸ ਵਿੱਚ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਨੂੰ ਸਕੱਤਰ ਚੁਣਿਆ ਗਿਆ ਸੀ। ਸੂਬਾ ਕਮੇਟੀ ਵਿੱਚ ਅਵਤਾਰ ਸਿੰਘ ਮਲਹੋਤਰਾ ਤੋਂ ਇਲਾਵਾ ਮਾਸਟਰ ਹਰੀ ਸਿੰਘ ਧੂਤ, ਵੀ ਡੀ ਚੋਪੜਾ, ਸੋਹਣ ਸਿੰਘ ਜੋਸ਼, ਹਰਕਿਸ਼ਨ ਸਿੰਘ ਸੁਰਜੀਤ, ਜਗਜੀਤ ਸਿੰਘ ਲਾਇਲਪੁਰੀ, ਜਗਜੀਤ ਸਿੰਘ ਆਨੰਦ, ਦੇਸ ਰਾਜ ਚੱਢਾ, ਸਤੀਸ਼ ਲੂੰਬਾ, ਬਾਬਾ ਗੁਰਮੁਖ ਸਿੰਘ, ਫੌਜਾ ਸਿੰਘ ਭੁੱਲਰ, ਦਲੀਪ ਸਿੰਘ ਟਪਿਆਲਾ ਅਤੇ ਮੋਹਿੰਦਰ ਸੇਨ ਸ਼ਾਮਲ ਸਨ।ਸੀ ਪੀ ਆਈ ਦੀ ਦੂਜੀ ਕਾਨਫਰੰਸ ਵਿੱਚ ਕੋਈ ਖਾਸ ਜਥੇਬੰਦਕ ਅਤੇ ਰਾਜਨੀਤਕ ਤਬਦੀਲੀ ਨਾ ਕੀਤੀ ਗਈ।

ਸੀ ਪੀ ਆਈ ਦੀ ਦੂਜੀ ਕੌਮੀ ਕਾਨਫਰੰਸ 28 ਫਰਵਰੀ ਤੋਂ 6 ਮਾਰਚ 1948 ਨੂੰ ਮੁਹੰਮਦ ਅਲੀ ਪਾਰਕ ਕਲਕੱਤਾ ਵਿਖੇ ਹੋਈ। ਇਸ ਕਾਨਫਰੰਸ ਵਿੱਚ ਪਾਕਿਸਤਾਨ ਦੀ ਅਸਲੀ ਪਾਕਿਸਤਾਨ ਕਮਿਊਨਿਸਟ ਪਾਰਟੀ ਬਣਾਉਣ ਦਾ ਵੀ ਫੈਸਲਾ ਲਿਆ ਗਿਆ। ਸੀ ਪੀ ਆਈ ਵਿੱਚ ਤਿੱਖੀ ਲਾਈਨ ਸ਼ੁਰੂ ਹੋ ਗਈ ਅਤੇ ਹਿੰਦੁਸਤਾਨ ਦੀ ਸਰਕਾਰ ਨੇ ਕਮਿਊਨਿਸਟਾਂ ਵਿਰੁੱਧ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ, ਜਦੋਂ ਕਿ ਤੇਲੰਗਾਨਾ ਅਤੇ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਕਮਿਊਨਿਸਟ ਸਰਗਰਮੀਆਂ ਤੋਂ ਸਰਕਾਰ ਪਹਿਲਾਂ ਹੀ ਪਰੇਸ਼ਾਨ ਸੀ। ਅਖੀਰ ਸਰਕਾਰ ਨੇ ਸੀ ਪੀ ਆਈ 'ਤੇ ਪਾਬੰਦੀ ਲਾ ਦਿੱਤੀ ਤੇ ਇਸ ਕਰਕੇ ਕਮਿਊਨਿਸਟਾਂ ਨੂੰ ਅੰਡਰਗਰਾਊਂਡ ਹੋ ਕੇ ਪਾਰਟੀ ਦੇ ਵਿਕਾਸ ਲਈ ਕੰਮ ਕਰਨਾ ਪਿਆ। ਮਾਰਚ 1948 ਦੇ ਆਖਰ ਵਿੱਚ ਪਾਰਟੀ ਦੀਆਂ ਆਵਾਮੀ ਜਥੇਬੰਦੀਆਂ 'ਤੇ ਵੀ ਪਾਬੰਦੀ ਲਾ ਦਿੱਤੀ ਅਤੇ 'ਡਿਫੈਂਸ ਆਫ ਇੰਡੀਆ ਐਕਟ' ਦੇ ਕਾਨੂੰਨ ਹੇਠ ਹਜ਼ਾਰਾਂ ਕਮਿਊਨਿਸਟਾਂ ਨੂੰ ਹਕੂਮਤ ਨੇ ਗ੍ਰਿਫਤਾਰ ਕਰ ਲਿਆ। ਕਾਮਰੇਡ ਸੋਹਣ ਸਿੰਘ ਜੋਸ਼, ਗਦਰੀ ਬਾਬਾ ਸੋਹਣ ਸਿੰਘ ਭਕਨਾ, ਅਰਜਨ ਸਿੰਘ ਗੜਗੱਜ ਅਤੇ ਕਈ ਹੋਰਾਂ ਨੂੰ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ।

ਸੀ ਪੀ ਆਈ ਨੇ ਦੇਸ਼ ਦੀ ਆਜ਼ਾਦੀ ਨੂੰ ਝੂਠੀ ਆਜ਼ਾਦੀ ਐਲਾਨ ਦਿੱਤਾ ਅਤੇ ਪਾਰਟੀ ਦੇ ਸੱਦੇ ਤੇ 1949 ਨੂੰ ਰੇਲਵੇ ਹੜਤਾਲ ਦਾ ਸੱਦਾ ਦਿੱਤਾ ਅਤੇ ਹੜਤਾਲ ਫੇਲ੍ਹ ਹੋ ਗਈ।ਕਮਿਊਨਿਸਟ ਮਾਯੂਸ ਹੋ ਕੇ ਘਰਾਂ 'ਚ ਬੈਠ ਗਏ ਤੇ ਪਾਰਟੀ ਮੈਂਬਰਸ਼ਿਪ 80000 ਤੋਂ ਘਟ ਕੇ 20000 ਰਹਿ ਗਈ। ਸੀ ਆਈ ਦੀ ਤਿੱਖੀ ਲਾਈਨ ਦੇ ਅਨੁਸਾਰ ਪੰਜਾਬ ਵਿੱਚ ਥਾਂ-ਥਾਂ ਕਾਂਗਰਸ ਸਰਕਾਰ ਵਿਰੁੱਧ ਮੁਜ਼ਾਹਰੇ ਕੀਤੇ ਗਏ। ਕਾਂਗਰਸ ਪਾਰਟੀ ਵੱਲੋਂ 17 ਸਤੰਬਰ 1949 ਨੂੰ ਫ਼ਿਰੋਜ਼ਪੁਰ ਦੇ 'ਹੈਰਨ' ਪਾਰਕ ਵਿੱਚ ਹੋ ਰਹੇ ਵਿਸ਼ਾਲ ਜਲਸੇ ਦਾ ਵਿਰੋਧ ਕਰਨ ਲਈ ਕਮਿਊਨਿਸਟ ਲਾਲ ਝੰਡੇ ਲੈ ਕੇ ਪਹੁੰਚ ਗਏ। ਜਲਸੇ ਨੂੰ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਸੰਬੋਧਨ ਕਰਨਾ ਸੀ। ਪੁਲਸ ਨੇ ਕਮਿਊਨਿਸਟਾਂ 'ਤੇ ਹਮਲਾ ਕਰ ਦਿੱਤਾ। ਪੁਲਸ ਦੀ ਗੋਲੀ ਨਾਲ ਕਾਮਰੇਡ ਸ਼ਿੰਗਾਰਾ ਸਿੰਘ ਦੀ ਮੌਤ ਹੋ ਗਈ। ਸ਼ਿੰਗਾਰਾ ਸਿੰਘ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਹਿਲਾ ਕਮਿਊਨਿਸਟ ਸ਼ਹੀਦ ਮੰਨਿਆ ਜਾਂਦਾ ਹੈ।

ਪ੍ਰਸਿੱਧ ਆਜ਼ਾਦੀ ਘੁਲਾਟੀਏ ਕਮਿਊਨਿਸਟ ਆਜ਼ਾਦ ਭਾਰਤ ਦੀ ਕਾਂਗਰਸ ਸਰਕਾਰ ਵੇਲੇ ਵੀ ਗਦਰੀ ਦੇਸ਼ ਭਗਤਾਂ ਦੀ ਤਰ੍ਹਾਂ ਜੇਲ੍ਹ 'ਚੋਂ ਵਿਉਂਤਬੰਦੀ ਨਾਲ ਫਰਾਰ ਹੋ ਗਏ ਸਨ। ਸਤੰਬਰ 1949 ਦੀ 25 ਤਾਰੀਕ ਨੂੰ ਕਾਮਰੇਡ ਵਿਧਾਵਾ ਰਾਮ, ਰਜਿੰਦਰ ਸਿੰਘ ਸਰੀਂਹ ਅਤੇ ਗੁਰਚਰਨ ਸਿੰਘ ਰੰਧਾਵਾ ਜੇਲ੍ਹ ਤੋੜ ਕੇ ਨਿਕਲ ਗਏ। ਇਹ ਤਿੰਨੇ ਆਗੂ ਲਾਲ ਪਾਰਟੀ ਨਾਲ ਸੰਬੰਧਤ ਸਨ। ਦੌੜਨ ਤੋਂ ਬਾਅਦ ਇਹ ਕਾਮਰੇਡ ਮੁਜ਼ਾਰਾ ਲਹਿਰ ਵਿੱਚ ਕੁੱਦ ਪਏ। ਇਸ ਲਹਿਰ ਦੇ ਮੁੱਖ ਕਰਤਾ-ਧਰਤਾ ਕਾਮਰੇਡ ਧਰਮ ਸਿੰਘ ਫੱਕਰ ਸਨ। ਮੁਜ਼ਾਰਾ ਲਹਿਰ ਵਿੱਚ ਸੀ ਪੀ ਆਈ ਤੇ ਲਾਲ ਕਮਿਊਨਿਸਟ ਪਾਰਟੀ ਦੋਵੇਂ ਹੀ ਅਗਵਾਈ ਕਰ ਰਹੀਆਂ ਸਨ।

ਕਮਿਊਨਿਸਟ ਪਾਰਟੀ ਦੀ ਦੂਜੀ ਪੰਜਾਬ ਦੀ ਰਾਜਨੀਤਕ ਤੇ ਜਥੇਬੰਦਕ ਕਾਨਫਰੰਸ ਅਗਸਤ - ਸਤੰਬਰ 1951 ਵਿੱਚ ਜਲੰਧਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਜਕਲਪੁਰ ਵਿਖੇ ਹੋਈ। ਇਸ ਕਾਨਫਰੰਸ ਵਿੱਚ ਪਾਰਟੀ ਲਾਈਨ ਵਿੱਚ ਆਈ ਤਬਦੀਲੀ ਦੇ ਕਾਰਨ 1950 ਦੇ ਅੱਧ ਵਿੱਚ ਅਵਤਾਰ ਸਿੰਘ ਮਲਹੋਤਰਾ ਨੂੰ ਹਟਾ ਕੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੂੰ ਪੰਜਾਬ ਦਾ ਸਕੱਤਰ ਬਣਾ ਦਿੱਤਾ ਗਿਆ। ਇਸੇ ਸਾਲ ਸੀ ਪੀ ਆਈ ਤੇ ਲਾਲ ਕਮਿਊਨਿਸਟ ਪਾਰਟੀ ਦੀਆਂ ਕਿਸਾਨ ਜਥੇਬੰਦੀਆਂ ਦਾ ਰਲੇਵਾਂ ਹੋ ਗਿਆ।ਏ ਆਈ ਐੱਸ ਐੱਫ ਨੂੰ ਸਰਗਰਮ ਕਰਨ ਲਈ ਡਾਕਟਰ ਹਰਸ਼ਰਨ ਸਿੰਘ ਏਕਲਗੱਡਾ ਨੂੰ ਪ੍ਰਧਾਨ ਅਤੇ ਡਾਕਟਰ ਪ੍ਰੇਮ ਸਿੰਘ ਨੂੰ ਜਨਰਲ ਸਕੱਤਰ ਬਣਾਇਆ ਗਿਆ। ਏਟਕ ਨੂੰ ਸਰਗਰਮ ਕਰਨ ਲਈ ਸ਼ਹੀਦ ਭਗਤ ਦੇ ਇਨਕਲਾਬੀ ਸਾਥੀ ਪੰਡਿਤ ਕਿਸ਼ੋਰੀ ਲਾਲ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ।

ਜਾਣਕਾਰੀ ਲਈ ਤੇਲੰਗਾਨਾ ਸੰਘਰਸ਼ ਵਿੱਚ ਸੀ ਪੀ ਆਈ ਨੇ 3000 ਪਿੰਡ ਜਿਨ੍ਹਾਂ ਵਿੱਚ ਕਰੀਬ 30 ਲੱਖ ਵਸੋਂ ਸੀ ਅਤੇ 16000 ਵਰਗ ਮੀਲ ਦਾ ਖੇਤਰ ਆਜ਼ਾਦ ਕਰਵਾ ਲਿਆ ਸੀ। ਇਸ ਆਜ਼ਾਦ ਕਰਾਉਣ ਵਾਲੇ ਖੇਤਰ ਲਈ 2000 ਗਰੀਲੇ ਦਸਤਿਆਂ ਅਤੇ 10000 ਲੋਕਾਂ ਦੀ ਫੌਜ ਨੇ ਪਿੰਡਾਂ ਦੀ ਰਾਖੀ ਕੀਤੀ। ਇਸ ਸੰਘਰਸ਼ ਦੀ ਪ੍ਰਾਪਤੀ ਇਹ ਹੈ ਕਿ 10 ਲੱਖ ਏਕੜ ਜ਼ਮੀਨ ਵਾਹੀਯੋਗ ਬੇਜ਼ਮੀਨਿਆਂ ਵਿੱਚ ਵੰਡੀ ਗਈ।

ਸੀ ਪੀ ਆਈ ਤੇ ਕਾਂਗਰਸ ਹਕੂਮਤ ਨੇ ਲਾਈ ਪਾਬੰਦੀ ਹਟਾ ਦਿੱਤੀ ਅਤੇ ਹਿੰਦੁਸਤਾਨ ਵਿੱਚ 1952 ਵਿੱਚ ਪਹਿਲੀਆਂ ਲੋਕ ਸਭਾ ਦੀਆਂ ਚੋਣਾਂ ਹੋਈਆਂ।ਇਨ੍ਹਾਂ ਚੋਣਾਂ ਵਿੱਚ ਸੀ ਪੀ ਆਈ ਨੇ ਪੂਰੀ ਸਰਗਰਮੀ ਨਾਲ ਹਿੱਸਾ ਲਿਆ, ਪਾਰਟੀ ਨੇ 31 ਪਾਰਲੀਮੈਂਟ ਦੀਆਂ ਸੀਟਾਂ ਜਿੱਤੀਆਂ, ਜਦੋਂ ਕਿ ਪੰਜਾਬ ਤੇ ਪੈਪਸੂ 'ਚੋਂ ਕੋਈ ਵੀ ਸੀਟ ਨਹੀਂ ਸੀ ਮਿਲੀ। ਸੀ ਪੀ ਆਈ ਦੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਹੁਸ਼ਿਆਰਪੁਰ ਪਾਰਲੀਮੈਂਟ ਸੀਟ ਤੋਂ 29.39 ਫੀਸਦੀ ਵੋਟਾਂ ਲੈ ਕੇ ਦੂਜਾ ਸਥਾਨ ਅਤੇ ਇਸੇ ਤਰ੍ਹਾਂ ਤਰਨ ਤਾਰਨ ਤੋਂ ਸੀ ਪੀ ਆਈ ਦੇ ਉਮੀਦਵਾਰ ਕਾਮਰੇਡ ਦਲੀਪ ਸਿੰਘ ਜੌਹਲ ਨੇ 25.28 ਫੀਸਦੀ ਵੋਟਾਂ ਲੈ ਕੇ ਦੂਜਾ ਸਥਾਨ ਪ੍ਰਾਪਤ ਕੀਤਾ ਸੀ। ਪੰਜਾਬ ਵਿਧਾਨ ਸਭਾ ਦੀਆਂ 1951-52 ਵਿੱਚ ਹੋਈਆਂ ਚੋਣਾਂ ਵਿੱਚ ਸੀ ਪੀ ਆਈ ਨੇ 4, ਲਾਲ ਕਮਿਊਨਿਸਟ ਪਾਰਟੀ ਨੇ ਇੱਕ ਅਤੇ ਫਾਰਵਰਡ ਬਲਾਕ ਮਾਰਕਸਿਸਟ ਗਰੁੱਪ ਨੇ ਵੀ ਇੱਕ ਸੀਟ ਜਿੱਤੀ ਸੀ। ਪੈਪਸੂ ਦੀਆਂ 1952 ਦੀਆਂ ਆਮ ਵਿਧਾਨ ਸਭਾ ਚੋਣਾਂ ਵਿੱਚ ਮੁਜ਼ਾਰਾ ਲਹਿਰ ਦੇ ਆਗੂ ਚੌਧਰੀ ਵਧਾਵਾ ਰਾਮ, ਅਰਜਨ ਸਿੰਘ ਭਦੌੜ ਅਤੇ ਗਿਆਨੀ ਬਚਨ ਸਿੰਘ ਬਖ਼ਸ਼ੀਵਾਲਾ ਚੋਣ ਜਿੱਤੇ ਸਨ। ਚੌਧਰੀ ਵਧਾਵਾ ਰਾਮ ਤਾਂ ਜੇਲ੍ਹ 'ਚੋਂ ਹੀ ਚੋਣ ਜਿੱਤ ਗਏ ਸਨ। ਪੰਜਾਬ ਦੀਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਮਰੇਡ ਅੱਛਰ ਸਿੰਘ ਛੀਨਾ ਅਤੇ ਕਾਮਰੇਡ ਚੰਨਣ ਸਿੰਘ ਧੂਤ ਕਲਾਂ ਵੀ ਜੇਲ੍ਹ 'ਚੋਂ ਜਿੱਤੇ ਸਨ।

1952 ਦੀਆਂ ਚੋਣਾਂ ਪਿੱਛੋਂ ਸੀ ਪੀ ਆਈ ਤੇ ਲਾਲ ਕਮਿਊਨਿਸਟ ਪਾਰਟੀ ਵਿੱਚ ਏਕਤਾ ਹੋ ਗਈ। ਲਾਲ ਕਮਿਊਨਿਸਟ ਪਾਰਟੀ ਦੇ ਕਰਤਾ-ਧਰਤਾ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਲਾਲ ਪਾਰਟੀ ਤੋੜ ਕੇ ਸੀ ਪੀ ਆਈ ਵਿੱਚ ਮਰਜ ਕਰ ਦਿੱਤੀ। ਮੌਕੇ 'ਤੇ ਲਾਲ ਪਾਰਟੀ ਨੇ 7 ਲੱਖ ਰੁਪਏ ਅਤੇ ਹਥਿਆਰ ਸੀ ਪੀ ਆਈ ਕੋਲ ਜਮ੍ਹਾਂ ਕਰਾ ਦਿੱਤੇ। ਲਾਲ ਪਾਰਟੀ ਨੂੰ ਨੈਨੀਤਾਲ ਬੈਂਕ ਡਾਕੇ 'ਚੋਂ 38 ਸੇਰ ਸੋਨਾ, 14 ਕਿੱਲੋ ਚਾਂਦੀ ਅਤੇ ਤਿੰਨ ਲੱਖ ਰੁਪਏ ਹੱਥ ਲੱਗੇ ਸਨ। ਉਸ ਵੇਲੇ ਚਰਚਾ ਸੀ ਕਿ ਡਾਕੇ ਦੇ ਪੈਸਿਆਂ ਦੇ ਇੱਕ ਹਿੱਸੇ ਨਾਲ ਕਮਿਊਨਿਸਟ ਪੱਖੀ ਅਖ਼ਬਾਰ 'ਨਯਾ ਜ਼ਮਾਨਾ' ਦਾ ਪ੍ਰਕਾਸ਼ਨ ਸ਼ੁਰੂ ਹੋਇਆ।

ਪੰਜਾਬ ਦੀ ਕਮਿਊਨਿਸਟ ਲਹਿਰ ਵਿੱਚ ਦੋ ਵਿਚਾਰ ਚੱਲ ਰਹੇ ਸਨ। ਅਖੀਰ ਦੋਵਾਂ ਵਿਚਾਰਾਂ ਦਾ 1952 ਵਿੱਚ ਰਲੇਵਾਂ ਹੋ ਗਿਆ। ਪੈਪਸੂ ਵਿੱਚ ਵੀ ਇਸੇ ਤਰ੍ਹਾਂ ਹੋਇਆ। ਕਮਿਊਨਿਸਟਾਂ ਦੀ ਮੰਗ 'ਤੇ ਅਖੀਰ ਭਾਰਤ ਸਰਕਾਰ ਨੇ ਨਵੰਬਰ 1956 ਵਿੱਚ ਪੈਪਸੂ ਨੂੰ ਪੰਜਾਬ ਵਿੱਚ ਮਿਲਾ ਦਿੱਤਾ।

ਮੁਜ਼ਾਰਾ ਲਹਿਰ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਸ਼ੁਰੂ ਹੋਈ ਅਤੇ 1955 ਵਿੱਚ ਲਹਿਰ ਦੀ ਜਿੱਤ ਸਮਾਪਤ ਹੋਈ। ਇਸ ਜਿੱਤ ਦੇ ਕਾਰਨ ਲੱਖਾਂ ਏਕੜ ਜ਼ਮੀਨ ਹਲਵਾਹਕ ਕਿਸਾਨਾਂ ਨੂੰ ਮਿਲ ਗਈ। ਮੁਜ਼ਾਰਿਆਂ ਦੀ ਜਿੱਤ ਤੋਂ ਬਾਅਦ 1957 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੀ ਪੀ ਆਈ ਨੂੰ 25 ਫੀਸਦੀ ਵੋਟਾਂ ਮਿਲੀਆਂ।

ਕਮਿਊਨਿਸਟ ਪਾਰਟੀ ਵਿੱਚ 1962 ਆਉਂਦੇ ਤੱਕ ਦੋਵਾਂ ਵਿਚਾਰਾਂ ਵਿੱਚ ਮੱਤਭੇਦ ਫਿਰ ਤਿੱਖੇ ਹੋ ਗਏ ਅਤੇ ਅਖੀਰ ਵਿਚਾਰਾਂ 'ਚੋਂ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਇੱਕ ਵੱਖਰੀ ਪਾਰਟੀ ਬਣ ਗਈ। ਪੰਜਾਬੀ ਸੂਬਾ ਬਣਨ ਤੋਂ ਬਾਅਦ 1967 ਵਿੱਚ ਪਹਿਲੀ ਵਾਰ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਤੇ ਸੀ ਪੀ ਆਈ ਅਤੇ ਸੀ ਪੀ ਆਈ ਐੱਮ ਦੋਵੇਂ ਕਮਿਊਨਿਸਟ ਪਾਰਟੀਆਂ ਨੇ ਵੱਖ-ਵੱਖ ਚੋਣਾਂ ਲੜੀਆਂ।ਇਨ੍ਹਾਂ ਚੋਣਾਂ ਵਿੱਚ ਸੀ ਪੀ ਆਈ ਨੂੰ 9 ਅਤੇ ਸੀ ਪੀ ਆਈ ਐੱਮ ਨੂੰ 8 ਸੀਟਾਂ ਮਿਲੀਆਂ। ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਵਿੱਚ ਸੀ ਪੀ ਆਈ ਸ਼ਾਮਲ ਹੋ ਗਈ।ਜਿਸ ਵਿੱਚ ਕਾਮਰੇਡ ਸੱਤਪਾਲ ਡਾਂਗ ਮਨਿਸਟਰ ਬਣੇ ਸਨ। ਸੀ ਪੀ ਆਈ ਐੱਮ ਨੇ ਸਰਕਾਰ ਨੂੰ ਬਾਹਰੋਂ ਸਮਰਥਨ ਦਿੱਤਾ ਸੀ। ਇਹ ਹੈ ਪੰਜਾਬ ਦੀ ਕਮਿਊਨਿਸਟ ਪਾਰਟੀ ਦੀ ਮੁੱਢਲੀ ਝਲਕ।

**ਸੀ ਪੀ ਆਈ ਕੌਂਸਲ ਮੈਂਬਰ**
**# ਸੰਪਰਕ : 98760-78731**

## ਪੰਜਾਬ 'ਚ ਹੜ੍ਹਾਂ ਦਾ ਕਹਿਰ ਬਨਾਮ ਸੇਵਾ ਦੀ ਲਹਿਰ

ਪੰਜਾਬ ਵਿੱਚ ਹਰ ਸਾਲ ਮੌਸਮੀ ਮੀਂਹ ਦੇ ਦੌਰਾਨ ਕਈ ਇਲਾਕੇ ਹੜ੍ਹਾਂ ਦੀ ਲਪੇਟ ਵਿੱਚ ਆ ਜਾਂਦੇ ਹਨ, ਪਰ ਇਸ ਵਾਰ ਸਾਡਾ ਸੂਬਾ ਹੜ੍ਹਾਂ ਦੀ ਮਾਰ ਦੇ ਸਭ ਤੋਂ ਭਿਆਨਕ ਰੂਪ ਨਾਲ ਜੂਝ ਰਿਹਾ ਹੈ। ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਪੈ ਰਹੇ ਭਾਰੀ ਮੀਂਹ ਅਤੇ ਦਰਿਆਵਾਂ ਦੇ ਚੜ੍ਹਾਅ ਨੇ ਕਈ ਜ਼ਿਲ੍ਹਿਆਂ ਵਿੱਚ ਹੜ੍ਹ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਹੜ੍ਹਾਂ ਕਾਰਨ ਖੜ੍ਹੀਆਂ ਫ਼ਸਲਾਂ ਪਾਣੀ ਹੇਠ ਆ ਗਈਆਂ ਹਨ, ਘਰਾਂ ਦੀਆਂ ਕੰਧਾਂ ਢਹਿ ਗਈਆਂ ਹਨ, ਪਸ਼ੂ ਰੁੜ੍ਹ ਗਏ ਹਨ, ਪਰਿਵਾਰ ਬੇਘਰ ਹੋ ਚੁੱਕੇ ਹਨ ਅਤੇ ਬੇਸ਼ਕੀਮਤੀ ਮਨੁੱਖੀ ਜਾਨਾਂ ਹੜ੍ਹ ਦੀ ਭੇਟ ਚੜ੍ਹ ਗਈਆਂ ਹਨ। ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਲੋਕ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਕਈ ਪਿੰਡ ਪੂਰੀ ਤਰ੍ਹਾਂ ਪਾਣੀ ਨਾਲ ਘਿਰੇ ਹੋਏ ਹਨ, ਜਿੱਥੇ ਪਹੁੰਚਣ ਲਈ ਸਿਰਫ਼ ਕਿਸ਼ਤੀਆਂ ਜਾਂ ਰਾਹਤ ਟੀਮਾਂ ਦੇ ਬਚਾਅ ਸਾਧਨਾਂ 'ਤੇ ਹੀ ਭਰੋਸਾ ਕੀਤਾ ਜਾ ਰਿਹਾ ਹੈ। ਹਾਲਾਤ ਏਨੇ ਗੰਭੀਰ ਹੋ ਗਏ ਹਨ ਕਿ ਹਜ਼ਾਰਾਂ ਲੋਕ ਕੈਂਪਾਂ ਵਿੱਚ ਪਨਾਹ ਲੈਣ ਲਈ ਮਜਬੂਰ ਹੋ ਗਏ ਹਨ ਅਤੇ ਲੋਕਾਂ ਦਾ ਰੋਜ਼ਾਨਾ ਜਨ-ਜੀਵਨ ਠੱਪ ਹੋ ਕੇ ਰਹਿ ਗਿਆ ਹੈ। ਸਭ ਤੋਂ ਵੱਡਾ ਦੁੱਖ ਇਹ ਹੈ ਕਿ ਇਹ ਹਾਲਾਤ ਕਿਸੇ ਇਕ ਸਾਲ ਦੀ ਘਟਨਾ ਨਹੀਂ, ਸਗੋਂ ਲਗਾਤਾਰ ਦੁਹਰਾਉਣ ਵਾਲਾ ਸੱਚ ਬਣ ਗਏ ਹਨ। ਸਰਕਾਰੀ ਪ੍ਰਬੰਧ ਅਕਸਰ ਕਾਗਜ਼ੀ ਯੋਜਨਾਵਾਂ ਤੱਕ ਹੀ ਸੀਮਤ ਰਹਿੰਦੇ ਹਨ। ਨਦੀਆਂ ਦੇ ਕੰਢੇ ਮਜ਼ਬੂਤ ਕਰਨ, ਨਿਕਾਸੀ ਪ੍ਰਣਾਲੀ ਸੁਧਾਰਨ ਅਤੇ ਬਚਾਅ ਲਈ ਲੰਮੇ ਸਮੇਂ ਦੀ ਯੋਜਨਾ ਬਣਾਉਣ ਦੀ ਬਜਾਏ ਹਰ ਵਾਰ ਲੋਕਾਂ ਨੂੰ ਐਮਰਜੈਂਸੀ ਮਦਦ ਦੇ ਵਾਅਦਿਆਂ ਨਾਲ ਹੀ ਟਾਲ ਦਿੱਤਾ ਜਾਂਦਾ ਹੈ। ਰਾਹਤ ਕੈਂਪਾਂ ਦੀ ਘਾਟ, ਦਵਾਈਆਂ ਦੀ ਕਮੀ ਅਤੇ ਪ੍ਰਸ਼ਾਸਨ ਦੀ ਦੇਰੀ ਦੁਖੀ ਲੋਕਾਂ ਦੇ ਦੁੱਖਾਂ ਨੂੰ ਹੋਰ ਵਧਾ ਦਿੰਦੀ ਹੈ। ਇਕ ਪਾਸੇ ਜਿੱਥੇ ਹੜ੍ਹਾਂ ਦੇ ਭਿਆਨਕ ਕਹਿਰ ਕਰਕੇ ਹਰ ਪਾਸੇ ਡਰ ਅਤੇ ਬੇਬਸੀ ਦਾ ਮਾਹੌਲ ਬਣਿਆ ਹੋਇਆ ਹੈ, ਉੱਥੇ ਦੂਸਰੇ ਪਾਸੇ ਸੇਵਾ ਅਤੇ ਸਹਿਯੋਗ ਦੀ ਵੱਡੀ ਲਹਿਰ ਨੇ ਮਨੁੱਖਤਾ ਦੀ ਨਵੀਂ ਮਿਸਾਲ ਪੇਸ਼ ਕੀਤੀ ਹੈ।

ਭਾਵੇਂ ਫੌਜ ਅਤੇ ਐੱਨ ਡੀ ਆਰ ਐੱਫ ਦੀਆਂ ਟੀਮਾਂ ਵੱਖ-ਵੱਖ ਥਾਵਾਂ 'ਤੇ ਬਚਾਅ ਕਾਰਜਾਂ ਵਿੱਚ ਸਰਗਰਮ ਹਨ, ਪਰ ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕ ਵੀ ਸੇਵਾ ਕਾਰਜਾਂ ਵਿੱਚ ਪਿੱਛੇ ਨਹੀਂ ਹਨ। ਲੋਕ ਆਪਣੇ ਟਰੈਕਟਰਾਂ ਅਤੇ ਕਿਸ਼ਤੀਆਂ ਰਾਹੀਂ ਪਾਣੀ ਵਿੱਚ ਫ਼ਸੇ ਪਰਵਾਰਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਰਹੇ ਹਨ, ਗੁਰੂ ਘਰ ਅਤੇ ਹੋਰ ਧਾਰਮਿਕ ਸਥਾਨ ਹਮੇਸ਼ਾਂ ਦੀ ਤਰ੍ਹਾਂ ਵਧ-ਚੜ੍ਹ ਕੇ ਲੰਗਰ ਦੀ ਸੇਵਾ ਕਰ ਰਹੇ ਹਨ ਅਤੇ ਦਵਾਈਆਂ, ਕੱਪੜੇ ਤੇ ਹੋਰ ਜ਼ਰੂਰੀ ਸਮਾਨ ਦੀ ਵੰਡ ਲਗਾਤਾਰ ਜਾਰੀ ਹੈ। ਇਸ ਤੋਂ ਇਲਾਵਾ ਫ਼ਿਲਮੀ ਕਲਾਕਾਰ, ਗਾਇਕ ਅਤੇ ਹੋਰ ਪ੍ਰਸਿੱਧ ਸ਼ਖ਼ਸੀਅਤਾਂ ਵੀ ਅੱਗੇ ਆ ਕੇ ਪਿੰਡਾਂ ਨੂੰ ਗੋਦ ਲੈ ਕੇ ਰਾਹਤ ਕਾਰਜਾਂ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਹੀਆਂ ਹਨ। ਇਹ ਸੇਵਾ ਕਾਰਜ ਸਾਫ਼ ਦਰਸਾਉਂਦੇ ਹਨ ਕਿ ਪੰਜਾਬੀ ਸੱਭਿਆਚਾਰ ਅਤੇ ਸਿੱਖ ਵਿਚਾਰਧਾਰਾ ਦੀ ਰੂਹ ਸਰਬੱਤ ਦਾ ਭਲਾ ਅਤੇ ਨਿਸ਼ਕਾਮ ਸੇਵਾ ਭਾਵਨਾ ਦੇ ਸੁਨੇਹੇ ਨਾਲ ਜੁੜੀ ਹੋਈ ਹੈ। ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਜਦੋਂ ਵੀ ਕੋਈ ਕੁਦਰਤੀ ਆਫ਼ਤ ਜਾਂ ਸਮਾਜਿਕ ਸੰਕਟ ਪੈਦਾ ਹੁੰਦਾ ਹੈ, ਪੰਜਾਬੀ ਲੋਕ ਬਿਨਾਂ ਕਿਸੇ ਭੇਦਭਾਵ ਤੋਂ ਮਨੁੱਖਤਾ ਦੀ ਸੇਵਾ ਲਈ ਸਭ ਤੋਂ ਪਹਿਲਾਂ ਅੱਗੇ ਆਉਂਦੇ ਹਨ। ਮੌਜੂਦਾ ਹਾਲਾਤ ਵਿੱਚ ਵੀ ਭਾਵੇਂ ਸਰਕਾਰ ਵੱਲੋਂ ਰਾਹਤ ਅਤੇ ਪੁਨਰਵਾਸ ਲਈ ਯਤਨ ਜਾਰੀ ਹਨ, ਪਰ ਲੋਕਾਂ ਦੀ ਆਪਣੀ ਭਾਗੀਦਾਰੀ ਨੇ ਹੀ ਇਸ ਸੰਕਟ ਨੂੰ ਝੱਲਣ ਯੋਗ ਬਣਾਇਆ ਹੈ। ਬੇਸ਼ੱਕ ਹੜ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਅਤੇ ਅਰਥ ਵਿਵਸਥਾ ਨੂੰ ਮੁੜ-ਮੁੜ ਝਟਕੇ ਦਿੱਤੇ ਹਨ, ਪਰ ਹਰ ਵਾਰ ਪੰਜਾਬੀ ਲੋਕਾਂ ਨੇ ਆਪਣੀ ਹਿੰਮਤ, ਸੇਵਾ ਭਾਵਨਾ ਅਤੇ ਜ਼ਿੰਮੇਵਾਰੀ ਨਾਲ ਇਸ ਸੰਕਟ ਦਾ ਡਟ ਕੇ ਸਾਹਮਣਾ ਕੀਤਾ ਹੈ।

ਪੰਜਾਬੀ ਲੋਕਾਂ ਦੀ ਇਹ ਜ਼ਿੰਦਾਦਿਲੀ ਸਾਬਤ ਕਰਦੀ ਹੈ ਕਿ ਹੜ੍ਹਾਂ ਦੇ ਹਨੇਰੇ ਵਿੱਚ ਵੀ ਆਸ ਦੀ ਰੌਸ਼ਨੀ ਕਦੇ ਬੁਝਦੀ ਨਹੀਂ। ਕੁਦਰਤ ਦਾ ਕਹਿਰ ਭਾਵੇਂ ਮਨੁੱਖ ਨੂੰ ਕੁਝ ਸਮੇਂ ਲਈ ਲਾਚਾਰ ਬਣਾ ਸਕਦਾ ਹੈ, ਪਰ ਸੇਵਾ ਦੀ ਲਹਿਰ ਹਰ ਵੱਡੀ ਤੋਂ ਵੱਡੀ ਮੁਸ਼ਕਿਲ ਨੂੰ ਮਿਟਾ ਸਕਦੀ ਹੈ। ਇਹੀ ਚੜ੍ਹਦੀਕਲਾ ਅਤੇ ਵਿਸ਼ਵਾਸ ਸਾਨੂੰ ਹਰ ਵਾਰ ਮੁੜ ਖੜ੍ਹਾ ਕਰਦੇ ਹਨ ਅਤੇ ਨਵਾਂ ਸਵੇਰਾ ਦਿਖਾਉਂਦੇ ਹਨ। ਹੁਣ ਸਮਾਂ ਕਾਗਜ਼ੀ ਦਾਅਵਿਆਂ ਤੋਂ ਬਾਹਰ ਨਿਕਲ ਕੇ ਠੋਸ ਕਾਰਵਾਈ ਕਰਨ ਦਾ ਹੈ, ਨਹੀਂ ਤਾਂ ਹੜ੍ਹ ਸਿਰਫ਼ ਕੁਦਰਤੀ ਆਫ਼ਤਾਂ ਤੱਕ ਸੀਮਤ ਨਹੀਂ ਰਹਿਣਗੇ, ਸਗੋਂ ਸਰਕਾਰੀ ਬੇਰੁਖ਼ੀ ਅਤੇ ਲਾਪਰਵਾਹੀ ਦੇ ਨਤੀਜੇ ਵਜੋਂ ਵੀ ਵੇਖੇ ਜਾਣਗੇ।

**- ਡਾ. ਹਰਗੁਣਪ੍ਰੀਤ ਸਿੰਘ, ਸੰਪਰਕ: 94636-19353**

# ਪੰਜਾਬ ਨੂੰ ਹਿੱਕ ਨਾਲ ਲਾਉਣ ਦਾ ਵੇਲਾ


ਗੁਰਮੀਤ ਸਿੰਘ ਪਲਾਹੀ

ਕਦੇ ਪੰਜਾਬ ਦੀ ਪ੍ਰਮੁੱਖ ਸਿਆਸੀ ਧਿਰ ਗਿਣਿਆ ਜਾਣ ਵਾਲਾ ਸ਼੍ਰੋਮਣੀ ਅਕਾਲੀ ਦਲ ਅੱਜ ਅੰਦਰੂਨੀ ਕਾਟੋ-ਕਲੇਸ਼ ਕਾਰਨ ਖ਼ਤਰਨਾਕ ਤੌਰ 'ਤੇ ਟੁੱਟ ਚੁੱਕਾ ਹੈ। ਇੱਕ ਧਿਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੱਝੀ ਹੈ। ਦੂਜੇ ਧਿਰ 'ਤੇ ਸੁਖਬੀਰ ਸਿੰਘ ਬਾਦਲ ਦਾ ਕਬਜ਼ਾ ਹੈ ਅਤੇ ਤੀਜੀ ਧਿਰ ਸਿੱਖ ਰਾਜਨੀਤੀ ਦੀ ਤਾਕਤ ਰੂਪ ਵਿੱਚ ਅੱਗੇ ਵਧ ਰਹੇ ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਹੈ। ਇਹ ਸਾਰੀਆਂ ਧਿਰਾਂ ਨਵੀਂ ਦਿੱਲੀ ਦੇ ਵਿਰੋਧ ਵਿੱਚ ਖੜ੍ਹੀਆਂ ਹਨ, ਪਰ ਇਹ ਸਿੱਖ ਵੋਟ ਆਪੋ-ਆਪਣੇ ਫ਼ਾਇਦਿਆਂ, ਮੁੱਦਿਆਂ ਨੂੰ ਲੈ ਕੇ ਵੰਡੀ ਹੋਈ ਨਜ਼ਰ ਆਉਂਦੀ ਹੈ।

ਭਾਜਪਾ ਇੱਕ ਲਗਾਤਾਰ ਚੋਣ ਲੜਨ ਵਾਲੀ ਸੈਨਾ ਦੀ ਤਰ੍ਹਾਂ ਹੈ ਅਤੇ ਪੰਜਾਬ ਵਿੱਚ ਸਰਗਰਮ ਹੈ। ਉਸ ਦੇ ਨੇਤਾ ਸੋਚਦੇ ਹਨ ਕਿ ਜੇਕਰ ਸਿੱਖ ਵੋਟ ਤਿੰਨ ਹਿੱਸਿਆਂ- ਸ਼੍ਰੋਮਣੀ ਅਕਾਲੀ ਦਲ (ਦੋਵੇਂ ਧੜੇ), ਕਾਂਗਰਸ ਅਤੇ ਗਰਮ ਖਿਆਲੀਆਂ ਦਰਮਿਆਨ ਵੰਡੀ ਜਾਏ ਤਾਂ ਉਹ ਇਕੱਲਿਆਂ ਸੱਤਾ ਹਾਸਲ ਕਰ ਸਕਦੀ ਹੈ।

ਹਿੰਦੂ-ਮੁਸਲਿਮ ਧਰੁਵੀਕਰਨ ਦੇ ਜ਼ਰੀਏ ਜਿੱਤਣਾ ਖ਼ਾਸ ਕਰਕੇ ਉੱਥੇ, ਜਿੱਥੇ ਮੁਸਲਮਾਨ ਘੱਟ ਗਿਣਤੀ ਵਿੱਚ ਹਨ, ਭਾਜਪਾ ਦੀ ਰਣਨੀਤੀ ਹੈ, ਪਰ ਪੰਜਾਬ 'ਚ ਸਥਿਤੀ ਬਿਲਕੁਲ ਵੱਖਰੀ ਹੈ, ਇੱਥੇ ਸਿੱਖ ਬਹੁਮਤ ਵਿੱਚ ਹਨ।

ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਅਕਾਲੀਆਂ ਦਾ ਪ੍ਰਦਰਸ਼ਨ ਇਸ ਲਈ ਏਨਾ ਖਰਾਬ ਰਿਹਾ ਸੀ, ਕਿਉਂਕਿ ਉਨ੍ਹਾਂ ਦਾ ਅੱਧਾ ਵੋਟ, ਲਗਭਗ 13 ਫ਼ੀਸਦੀ ਗਰਮ ਖਿਆਲੀਆਂ ਨੇ ਹਥਿਆ ਲਿਆ। ਚਾਹੇ ਕਿਸੇ ਨੂੰ ਪਸੰਦ ਆਵੇ ਜਾਂ ਨਾ ਆਵੇ, ਪਰ ਪੰਜਾਬ ਗਰਮ ਖਿਆਲੀਆਂ ਦੀ ਹਰਮਨਪਿਆਰਤਾ ਬਣ ਚੁੱਕਿਆ ਹੈ। ਲੋਕਾਂ ਦਾ ਅਕਾਲੀਆਂ ਤੋਂ ਮੋਹ-ਭੰਗ ਵਧ ਰਿਹਾ ਹੈ। ਭਾਜਪਾ ਨੂੰ ਧਰੁਵੀਕਰਨ ਵਾਲੀ ਪਾਰਟੀ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।

ਭਾਜਪਾ ਸਭ ਕੁਝ ਜਿੱਤਣ ਦੀ ਸੋਚ ਰੱਖਦੀ ਹੈ। ਪੰਜਾਬ ਦੀ ਉਸ ਤੋਂ ਦੂਰੀ ਭਾਜਪਾ ਨੂੰ ਪ੍ਰੇਸ਼ਾਨ ਕਰ ਰਹੀ ਹੈ। ਹੁਣ ਤੱਕ ਇੱਕ ਵੇਰ ਹੀ ਉਹ ਸੱਤਾ ਵਿੱਚ ਆਈ ਹੈ, ਉਹ ਵੀ ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝੀਦਾਰ ਬਣ ਕੇ। ਇਹ ਕਦਮ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ 1990 ਦੇ ਦਹਾਕੇ 'ਚ ਉਠਾਇਆ ਸੀ, ਪਰ ਮੌਜੂਦਾ ਹਾਕਮਾਂ ਨੇ ਇਹ ਗੱਠਜੋੜ ਤੋੜ ਕੇ ਇਕੱਲਿਆਂ ਚੋਣ ਲੜਨ ਦਾ ਫ਼ੈਸਲਾ ਲਿਆ। ਇਸ ਨਾਲ ਭਾਜਪਾ ਨੂੰ ਪੰਜਾਬ 'ਚ ਕੋਈ ਫ਼ਾਇਦਾ ਨਹੀਂ ਮਿਲਿਆ, ਪਰ ਪੰਜਾਬ 'ਚ ਉਸ ਦੀ ਵੋਟ ਪ੍ਰਤੀਸ਼ਤ ਵਧੀ ਹੈ।

2022 'ਚ ਵਿਧਾਨ ਸਭਾ ਵਿੱਚ ਇਹ 6.6 ਫ਼ੀਸਦੀ ਸੀ, ਜੋ 2024 ਲੋਕ ਸਭਾ 'ਚ 18.56 ਫ਼ੀਸਦੀ ਹੋ ਗਈ। ਇਸ ਤਰ੍ਹਾਂ ਉਹ ਆਪਣੇ ਪੁਰਾਣੇ ਸਾਂਝੀਵਾਲ ਸ਼੍ਰੋਮਣੀ ਅਕਾਲੀ ਦਲ ਤੋਂ ਅੱਗੇ ਨਿਕਲ ਗਈ, ਜਿਸ ਨੂੰ 13.2 ਫ਼ੀਸਦੀ ਵੋਟਾਂ ਮਿਲੀਆਂ, ਜਦ ਕਿ ਆਮ ਆਦਮੀ ਪਾਰਟੀ 26 ਫ਼ੀਸਦੀ ਅਤੇ ਕਾਂਗਰਸ ਵੀ 26 ਫ਼ੀਸਦੀ ਵੋਟਾਂ ਲੈ ਗਈ।

ਬਿਨਾਂ ਸ਼ੱਕ ਲੋਕਾਂ ਦੇ ਘਰਾਂ ਦੀ ਬਿਜਲੀ ਮੁਆਫ਼ੀ ਅਤੇ ਕੁਝ ਹੋਰ ਭਲਾਈ ਕੰਮਾਂ ਨੇ ਆਮ ਆਦਮੀ ਪਾਰਟੀ ਨੂੰ ਹਾਲੇ ਤੱਕ ਲੋਕਾਂ ਦੇ ਨੇੜੇ ਰੱਖਿਆ ਹੋਇਆ ਹੈ।

ਆਲ ਇੰਡੀਆ ਕਾਂਗਰਸ ਪਾਰਟੀ ਪੰਜਾਬ 'ਚ ਅੱਗੇ ਤਾਂ ਵਧ ਰਹੀ ਹੈ, ਦੇਸ਼ ਦੀਆਂ ਬਦਲ ਰਹੀਆਂ ਹਾਲਤਾਂ ਦੇ ਮੱਦੇਨਜ਼ਰ, ਪਰ ਪੰਜਾਬ 'ਚ ਇਸ ਦੀ ਲੀਡਰਸ਼ਿਪ ਖੱਖੜੀਆਂ-ਖੱਖੜੀਆਂ ਹੋਈ ਪਈ ਹੈ, ਲੋਕ ਇਸ ਪਾਰਟੀ ਨੂੰ ਪੰਜਾਬ 'ਚ ਬਦਲ ਦੇ ਰੂਪ 'ਚ ਤਾਂ ਵੇਖਦੇ ਹਨ, ਪਰ ਜ਼ਮੀਨੀ ਪੱਧਰ ਉੱਤੇ ਕਾਂਗਰਸ ਦੀ ਕਾਰਗੁਜ਼ਾਰੀ ਵਿਰੋਧੀ ਧਿਰ ਵਜੋਂ ਤਸੱਲੀਬਖ਼ਸ਼ ਨਹੀਂ ਹੈ। ਪੰਜਾਬ 'ਚ ਜਿੰਨੇ 5-6 ਕੁ ਉਪਰਲੇ ਕਾਂਗਰਸੀ ਹਨ, ਸਾਰੇ ਹੀ ਮੁੱਖ ਮੰਤਰੀ ਬਣਨ ਦੇ ਇਛੁੱਕ ਹਨ।

ਪੰਜਾਬ ਚ ਬਾਕੀ ਸਿਆਸੀ ਧਿਰਾਂ ਖੱਬੇ ਪੱਖੀ, ਬਸਪਾ, ਸ਼੍ਰੋਮਣੀ ਅਕਾਲੀ ਦਲ (ਮਾਨ) ਆਪੋ-ਆਪਣੇ ਤੌਰ 'ਤੇ ਪੰਜਾਬ 'ਚ ਆਪਣੀ ਹੋਂਦ ਵਿਖਾਉਣ ਲਈ ਤਤਪਰ ਦਿਸਦੇ ਹਨ, ਪਰ ਉਨ੍ਹਾਂ ਦੀਆਂ ਸਿਆਸੀ ਪ੍ਰਾਪਤੀਆਂ ਵਜੋਂ ਪ੍ਰਸ਼ਨ ਚਿੰਨ੍ਹ ਵੱਧ ਹਨ।

ਪੰਜਾਬ 'ਚ ਆਈ ਵੱਡੀ ਆਫਤ ਹੜ੍ਹਾਂ ਨੇ ਸਿਆਸੀ ਧਿਰਾਂ ਅਤੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਪੀੜਤ ਲੋਕਾਂ ਤੱਕ ਪਹੁੰਚ ਦੂਰ ਰਹੀ ਹੈ। ਫੋਟੋ ਖਿਚਵਾਉਣ ਤੱਕ ਦੀ ਮਸ਼ਕ ਨਾਲ ਉਨ੍ਹਾਂ ਦੀ ਲੋਕਾਂ ਨਾਲ ਦੂਰੀ ਵਧ ਗਈ। ਇਹ ਦੂਰੀ ਹੁਣ ਹੋਰ ਵੀ ਵਧ ਰਹੀ ਹੈ, ਜਦੋਂ ਭਾਜਪਾ, ਕਾਂਗਰਸ, ਅਕਾਲੀ ਦਲ, ਹੜ੍ਹ ਰਾਹਤ ਫੰਡ ਸੰਬੰਧੀ ਬੇਤੁਕੀ ਦੂਸ਼ਣਬਾਜ਼ੀ ਕਰ ਰਹੇ ਹਨ। ਆਖ਼ਰ ਪੀੜਤਾਂ ਨੂੰ ਇਸ ਦਾ ਕੀ ਲਾਭ ਹੋਏਗਾ? ਇਹੋ ਜਿਹੀ ਔਖੀ ਘੜੀ ਵੋਟ-ਰਾਜਨੀਤੀ ਨਿੰਦਣਯੋਗ ਹੈ।

ਕੇਂਦਰ ਦੀ ਸਰਕਾਰ ਦੇ ਮੁਖੀ ਨਰਿੰਦਰ ਮੋਦੀ ਨੇ 1600 ਕਰੋੜ ਪੰਜਾਬ ਲਈ ਫੌਰੀ ਰਾਹਤ ਐਲਾਨੀ ਹੈ। ਮੋਦੀ ਦੇ ਦੌਰੇ ਤੋਂ ਵੱਡੀ ਰਾਹਤ ਦੀ ਉਮੀਦ ਸੀ, ਉਹ ਰਤਾ ਭਰ ਵੀ ਪੂਰੀ ਨਹੀਂ ਹੋਈ। ਇਨ੍ਹਾਂ ਐਲਾਨਾਂ ਨਾਲ ਪੰਜਾਬੀ ਇਸ ਦੌਰੇ ਉਪਰੰਤ ਪਰੇਸ਼ਾਨ ਹੋਏ ਹਨ। ਪੰਜਾਬ 'ਚ ਹੜ੍ਹਾਂ ਨੇ ਭਿਆਨਕ ਤਬਾਹੀ ਮਚਾਈ। ਸੂਬੇ ਦੇ 2185 ਪਿੰਡ ਹੜ੍ਹਾਂ ਦੇ ਪਾਣੀ ਦੀ ਮਾਰ ਹੇਠ ਆਏ। ਪੰਜਾਬ 'ਚ 1.91 ਲੱਖ ਹੈਕਟੇਅਰ ਫ਼ਸਲ ਬਰਬਾਦ ਹੋ ਗਈ।

ਵੱਖੋ-ਵੱਖਰੀਆਂ ਸਿਆਸੀ ਧਿਰਾਂ ਕੇਂਦਰੀ ਰਾਹਤ ਨੂੰ ਪੰਜਾਬ ਲਈ ਮਜ਼ਾਕ ਕਹਿ ਰਹੀਆਂ ਹਨ। ਕੇਂਦਰ ਤੇ ਰਾਜ ਸਰਕਾਰ ਦਰਮਿਆਨ 'ਕੌਮੀ ਆਫ਼ਤ ਰਾਹਤ ਫੰਡ' ਨੂੰ ਲੈ ਕੇ ਘਮਸਾਨ ਛਿੜਿਆ ਹੋਇਆ ਹੈ। ਹੜ੍ਹਾਂ ਦੇ ਪਾਣੀ ਤੋਂ ਥੋੜ੍ਹੀ ਰਾਹਤ ਮਿਲਣ 'ਤੇ ਪਿੰਡਾਂ ਦੇ ਲੋਕ ਆਪਣੇ ਖੇਤਾਂ, ਘਰਾਂ ਦੀ ਸਾਰ ਲੈ ਰਹੇ ਹਨ। ਵਲੰਟੀਅਰ ਸੰਸਥਾਵਾਂ, ਕਿਸਾਨ ਜਥੇਬੰਦੀਆਂ ਉਨ੍ਹਾਂ ਨਾਲ ਖੜੀਆਂ ਹਨ। ਕਿਧਰੇ-ਕਿਧਰੇ ਸਿਆਸੀ ਧਿਰਾਂ ਵੀ ਪੁੱਜਦੀਆਂ ਹਨ। ਕਿਸਾਨ, ਖੇਤ ਮਜ਼ਦੂਰ, ਪੇਂਡੂ ਲੋਕ ਹੜ੍ਹਾਂ ਦੀ ਮਾਰ ਨਾਲ ਪੂਰੀ ਤਰ੍ਹਾਂ ਪਿੰਜੇ ਗਏ ਹਨ। ਸਿਆਸੀ ਧਿਰਾਂ ਤੇ ਸਰਕਾਰ ਵੱਲੋਂ ਐਲਾਨ 'ਤੇ ਐਲਾਨ ਹੋ ਰਹੇ ਹਨ। ਪੰਜਾਬ ਦੇ ਹੜ੍ਹ ਪੀੜਤਾਂ ਨੂੰ ਰਾਹਤ ਕੇਵਲ ਐਲਾਨਾਂ ਨਾਲ ਨਹੀਂ ਮਿਲਣੀ।

ਇਸ ਸਭ ਕੁਝ ਦੇ ਦਰਮਿਆਨ ਲੋਕਾਂ ਦੇ ਮਨਾਂ 'ਚ ਇਹ ਗੱਲ ਘਰ ਕਰ ਰਹੀ ਹੈ ਕਿ ਕੇਂਦਰੀ ਹਾਕਮ ਪੰਜਾਬ ਨਾਲ ਨਫ਼ਰਤ ਕਰਦੇ ਹਨ। ਪੰਜਾਬ ਨੂੰ ਤਬਾਹ ਕਰਨਾ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ 1600 ਕਰੋੜ ਦੇ ਐਲਾਨ ਨੇ ਪੰਜਾਬ ਦੇ ਜਜ਼ਬਾਤ ਨੂੰ ਵਲੂੰਧਰਿਆ ਹੈ।12000 ਕਰੋੜ ਰਾਹਤ ਇੱਕ ਛਲਾਵਾ ਹੈ। ਅਸਲ ਵਿੱਚ ਉਦੋਂ ਜਦੋਂ ਹੁਣ ਪੰਜਾਬ ਨੂੰ ਵਿਸ਼ੇਸ਼ ਰਾਹਤ ਪੈਕੇਜ ਦੀ ਲੋੜ ਹੈ। ਉਦੋਂ ਜਦੋਂ ਹੁਣ ਪੰਜਾਬ ਨੂੰ ਪਿੰਡਾਂ ਦੀਆਂ ਸੜਕਾਂ, ਬੁਨਿਆਦੀ ਢਾਂਚੇ ਅਤੇ ਲੋਕਾਂ ਦੇ ਘਰਾਂ ਦੇ ਮੁੜ ਉਸਾਰੀ ਦੀ ਲੋੜ ਹੈ, ਪੰਜਾਬ ਵੱਲ ਹਾਕਮ ਪਿੱਠ ਕਰੀ ਬੈਠੇ ਹਨ। ਪੰਜਾਬ ਉਧੜ ਗਿਆ ਹੈ। ਇਸ ਨੂੰ ਮੁੜ ਉਣਨ ਦੀ ਲੋੜ ਹੈ। ਲੋਕ ਮਨੋਵਿਗਿਆਨਿਕ ਤੌਰ 'ਤੇ ਪਰੇਸ਼ਾਨ ਹੋ ਉਠੇ ਹਨ। ਇਹਨਾਂ ਨੂੰ ਸਾਂਭਣ ਦੀ ਲੋੜ ਹੈ।

ਲੋਕ ਸਮਝਣ ਲੱਗੇ ਹਨ ਕਿ ਪੰਜਾਬ ਨਾਲ ਵੱਡੇ ਹਾਕਮ ਮਤਰੇਆ ਸਲੂਕ ਕਰ ਰਹੇ ਹਨ। ਪੰਜਾਬ ਨਾਲ ਕੀਤੇ ਮਤਰੇਏ ਸਲੂਕ ਕਾਰਨ ਪੈਦਾ ਹੋਈ ਦੂਰੀ ਹੋਰ ਵਧ ਰਹੀ ਹੈ। ਪ੍ਰਧਾਨ ਮੰਤਰੀ ਦੇ ਦੌਰੇ ਤੋਂ ਬਾਅਦ 12 ਹਜ਼ਾਰ ਕਰੋੜ ਦੀ ਆਫ਼ਤ ਪ੍ਰਬੰਧਨ ਰਾਹਤ, 1600 ਕਰੋੜ ਦੀ ਰਾਸ਼ੀ ਵਰਗੇ ਖੋਖਲੇ ਐਲਾਨਾਂ ਨਾਲ ਇਹ ਦੂਰੀ ਹੋਰ ਵਧੀ ਹੈ। ਪੰਜਾਬ 'ਚ ਹੜ੍ਹਾਂ ਦੀ ਭਿਆਨਕ ਸਥਿਤੀ ਕਾਰਨ ਪ੍ਰਧਾਨ ਮੰਤਰੀ ਦਾ ਕੁਝ ਵੀ ਨਾ ਬੋਲਣਾ, ਲੋਕਾਂ ਨੂੰ ਪਰੇਸ਼ਾਨ ਕਰਦਾ ਰਿਹਾ। ਇਹ ਪਰੇਸ਼ਾਨੀ ਉਦੋਂ ਹੋਰ ਵੀ ਵਧੀ, ਜਦੋਂ ਪ੍ਰਧਾਨ ਮੰਤਰੀ ਨੇ ਅਫਗਾਨਿਸਤਾਨ 'ਚ ਆਏ ਭੁਚਾਲ ਪ੍ਰਤੀ ਤਾਂ ਤੁਰੰਤ ਬੋਲਿਆ, ਉਹਨਾਂ ਲਈ ਰਾਹਤ ਦਾ ਐਲਾਨ ਵੀ ਕੀਤਾ, ਪਰ ਪੰਜਾਬ ਦੇ ਹੜ੍ਹਾਂ ਸੰਬੰਧੀ ਕੁਝ ਵੀ ਆਪਣੇ ਮੁਖਾਰਬਿੰਦ ਤੋਂ ਨਹੀਂ ਕਿਹਾ।

ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਪੰਜਾਬੀਆਂ ਦੇ ਮਨਾਂ ਦੀ ਤਰਜਮਾਨੀ ਕਰਨ ਵਾਲਾ ਹੈ। ਗਿਆਨੀ ਜੀ ਕਹਿੰਦੇ ਹਨ-ਸਤਿਕਾਰਤ ਪ੍ਰਧਾਨ ਮੰਤਰੀ ਜੀ, ਅਫਗਾਨਿਸਤਾਨ ਨਾਲ ਦੁੱਖ ਦਾ ਪ੍ਰਗਟਾਵਾ ਚੰਗਾ ਹੈ, ਪਰ ਪੰਜਾਬ, ਦੇਸ਼ ਦਾ ਹਿੱਸਾ ਹੈ, ਜਿੱਥੇ 17 ਅਗਸਤ ਨੂੰ ਲਗਭਗ 1500 ਪਿੰਡ ਅਤੇ 3 ਲੱਖ ਲੋਕ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ।

ਅੱਜ ਪੰਜਾਬ ਦੇ ਲੋਕਾਂ ਨੂੰ ਸਾਂਭਣ ਦੀ ਲੋੜ ਹੈ। ਪੰਜਾਬ ਦੇ ਖਰਾਬ ਹੋਏ ਬੁਨਿਆਦੀ ਢਾਂਚੇ ਨੂੰ ਨਵਿਆਉਣ ਦੀ ਲੋੜ ਹੈ। ਮੁਸੀਬਤ ਦੀ ਘੜੀ ਉਹਨਾਂ ਦੀ ਬਾਂਹ ਫੜਨ ਦੀ ਲੋੜ ਹੈ। ਇਸ ਆਫ਼ਤ ਮੌਕੇ ਕੇਂਦਰ ਅਤੇ ਭਾਜਪਾ ਲਈ ਪੰਜਾਬ ਦੇ ਨਾਲ ਖੜੇ ਹੋਣ ਦਾ ਵੱਡਾ ਮੌਕਾ ਹੋ ਸਕਦਾ ਹੈ। ਇਹ ਉਸ ਸੂਬੇ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਮੌਕਾ ਹੋ ਸਕਦਾ ਹੈ, ਜਿਸ ਦੇ ਲੋਕ ਖੇਤੀ ਕਾਨੂੰਨਾਂ ਅਤੇ ਚੰਡੀਗੜ੍ਹ ਦਰਿਆਈ ਪਾਣੀਆਂ ਜਿਹੇ ਵਿਤਕਰੇ ਕਾਰਨ ਦਿੱਲੀ ਤੋਂ ਦੂਰ ਹੋਏ ਹਨ।

ਵਿਰੋਧੀ ਧਿਰਾਂ ਕਾਂਗਰਸ, ਅਕਾਲੀ ਦਲ ਵੀ ਇਸ ਸਮੇਂ ਇਸ ਮੁੱਦੇ 'ਤੇ ਸਿਆਸਤ ਨਾ ਕਰਨ। ਇੰਜ ਕੀਤਿਆਂ ਪੰਜਾਬੀਆਂ ਦਾ ਨੇਤਾਵਾਂ ਪ੍ਰਤੀ ਬਚਿਆ-ਖੁਚਿਆ ਭਰੋਸਾ ਵੀ ਟੁੱਟ ਜਾਏਗਾ। ਹਾਕਮਾਂ ਨਾਲ ਪੰਜਾਬੀਆਂ ਦੀ ਦੂਰੀ ਪਹਿਲੇ ਕਾਂਗਰਸੀ ਹਾਕਮਾਂ ਨਾਲ ਵੀ ਵੱਡੀ ਰਹੀ ਹੈ।

ਅੱਜ ਦਿੱਲੀ ਹਾਕਮਾਂ ਵੱਲੋਂ ਪੰਜਾਬ ਨਾਲ, ਪੰਜਾਬ ਦੇ ਲੋਕਾਂ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਸਮਾਂ ਹੈ। ਭਾਰਤ ਦੀ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਲਈ, ਪੰਜਾਬ ਦੇ ਲੋਕਾਂ ਲਈ ਸਭ ਕੁਝ ਕਰੇ, ਜਿਨ੍ਹਾਂ ਦੇ ਯੋਗਦਾਨ ਬਿਨਾਂ 'ਭਾਰਤੀ ਗਣਰਾਜ' ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਸੀ, ਕਿਉਂਕਿ ਪੰਜਾਬ ਸਰਹੱਦਾਂ ਦਾ ਪਹਿਰੇਦਾਰ ਹੈ। ਪੰਜਾਬ ਦੇਸ਼ ਦਾ ਅੰਨਦਾਤਾ ਹੈ। ਕੀ ਦੇਸ਼ ਪੰਜਾਬ ਪ੍ਰਤੀ ਅੱਖਾਂ ਮੀਟ ਸਕਦਾ ਹੈ?

ਦੇਸ਼ ਦੇ ਹਾਕਮਾਂ ਅਤੇ ਸਿਆਸਤਦਾਨਾਂ ਨੂੰ ਸਮਝਣ ਦੀ ਲੋੜ ਹੈ ਕਿ ਇੱਕ ਰਾਸ਼ਟਰ, ਜੋ ਆਪਣੇ ਇਤਿਹਾਸ ਤੋਂ ਨਹੀਂ ਸਿੱਖਦਾ, ਉਸ ਨੂੰ ਕੀਮਤ ਚੁਕਾਉਣੀ ਪੈਂਦੀ ਹੈ। ਪੰਜਾਬ ਜੇ ਦਿੱਲੀ ਤੋਂ ਦੂਰ ਹੁੰਦਾ ਰਿਹਾ ਤਾਂ ਆਖ਼ਿਰ ਇਸ ਦਾ ਕੀ ਸਿੱਟਾ ਨਿਕਲੇਗਾ, ਮਿਜ਼ੋਰਮ ਉਦਾਹਰਣ ਹੈ।

**# ਸੰਪਰਕ : 98158-02070**

# ਸਿਹਤ ਵਿਭਾਗ ਦੇ ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਰੋਸ ਰੈਲੀ

## ਸਿਹਤ ਮੰਤਰੀ ਨੂੰ ਲੰਬਿਤ ਮੰਗਾਂ ਦਾ ਰੋਸ ਮਾਰਚ ਕਰਕੇ ਦਿੱਤਾ ਯਾਦ ਪੱਤਰ




**ਪਟਿਆਲਾ (ਰਾਜਿੰਦਰ ਥਿੰਦ)**
ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਸਿਹਤ ਵਿਭਾਗ ਵਿਚਲੇ ਚੌਥਾ ਦਰਜਾ ਮੁਲਾਜ਼ਮਾਂ, ਕੰਟਰੈਕਟ, ਆਊਟ ਸੋਰਸ ਤੇ ਐਂਟੀ-ਲਾਰਵਾ ਕਰਮੀਆਂ ਦੀਆਂ ਮੰਗਾਂ ਦਾ ਯਾਦ ਪੱਤਰ ਸਰਕਾਰੀ ਮਾਤਾ ਕੁਸ਼ੱਲਿਆ ਹਸਪਤਾਲ ਬਾਹਰ ਰੋਸਮਈ ਰੈਲੀ ਤੇ ਸਿਹਤ ਮੰਤਰੀ ਦਫਤਰ ਤੱਕ ਪਹੁੰਚ ਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਲੰਮੇ ਸਮੇਂ ਤੋਂ ਲੰਬਿਤ ਮੰਗਾਂ ਦਾ ਯਾਦ ਪੱਤਰ ਦਿੱਤਾ ਗਿਆ।ਮੁਲਾਜ਼ਮ ਆਗੂਆਂ ਦਰਸ਼ਨ ਸਿੰਘ ਲੁਬਾਣਾ, ਜਗਮੋਹਨ ਨੌਲੱਖਾ ਤੇ ਸ਼ਿਵ ਚਰਨ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਦੋਂ ਤੋਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਿਹਤ ਵਿਭਾਗ ਦੀ ਜ਼ਿੰਮੇਵਾਰੀ ਸੰਭਾਲੀ ਹੈ, ਸਿਹਤ ਵਿਭਾਗ ਵਿਚਲਿਆਂ ਮੁਲਾਜ਼ਮਾਂ, ਪੈਰਾ ਮੈਡੀਕਲ ਤੇ ਚੌਥਾ ਦਰਜਾ ਮੁਲਾਜ਼ਮ ਯੂਨੀਅਨ ਆਪਣੀਆਂ-ਆਪਣੀਆਂ ਮੰਗਾਂ ਦੇ ਮੰਗ ਪੱਤਰ ਪੜਾਅਵਾਰ ਪ੍ਰਦਰਸ਼ਨ ਕਰਕੇ ਲਗਾਤਾਰ ਸੌਂਪਦੀਆਂ ਆ ਰਹੀਆਂ ਹਨ, ਪ੍ਰੰਤੂ ਮੰਗਾਂ ਦਾ ਨਿਪਟਾਰਾ ਨਾ ਤਾਂ ਸਿਹਤ ਮੰਤਰੀ ਦਫਤਰ ਨੇ ਗੱਲਬਾਤ ਕਰਕੇ ਕੀਤਾ ਹੈ ਤੇ ਨਾ ਹੀ ਸਬੰਧਤ ਸਿਹਤ ਵਿਭਾਗ ਵਿਚਲੇ ਅਧਿਕਾਰੀਆਂ ਨੇ ਕੀਤਾ ਹੈ, ਇਸ ਤਰ੍ਹਾਂ ਮੁਲਾਜ਼ਮਾਂ, ਕੰਟਰੈਕਟ, ਆਊਟ ਸੋਰਸ ਮੁਲਾਜ਼ਮ, ਜੋ ਸਿਹਤ ਤੇ ਪਰਿਵਾਰ ਭਲਾਈ, ਖੋਜ ਮੈਡੀਕਲ ਤੇ ਸਿੱਖਿਆ ਅਤੇ ਆਯੁਰਵੈਦਿਕ ਵਿਭਾਗ ਵਿੱਚ ਕੰਮ ਕਰ ਰਹੇ ਹਨ, ਨੂੰ ਕਿਸੇ ਪੱਧਰ 'ਤੇ ਕੋਈ ਰਾਹਤ ਨਹੀਂ ਦਿੱਤੀ ਗਈ।ਵਿਭਾਗ ਵਿਚਲੀ ਅਫਸਰਸ਼ਾਹੀ ਮੁਲਾਜ਼ਮਾਂ, ਮੁਲਾਜ਼ਮ ਆਗੂਆਂ ਦੀਆਂ ਬਦਲੀਆਂ ਬਦਲਾ ਲਊ ਭਾਵਨਾ ਨਾਲ, ਜਿਸ ਵਿੱਚ ਚੌਥਾ ਦਰਜਾ ਮੁਲਾਜ਼ਮਾਂ ਆਗੂ ਸ੍ਰੀ ਰਾਮ ਪ੍ਰਸਾਦ ਨੂੰ ਫਿਰੋਜ਼ਪੁਰ ਤੋਂ ਅਬੋਹਰ ਬਦਲਿਆ ਹੈ ਤੇ ਰਣਜੀਤ ਸਿੰਘ ਵੀ ਸ਼ਾਮਲ ਹੈ।ਮੰਗ ਪੱਤਰ, ਜੋ ਸਿਹਤ ਮੰਤਰੀ ਨੂੰ ਦਿੱਤਾ ਗਿਆ ਹੈ, ਉਸ ਵਿੱਚ ਆਸ਼ਾ ਵਰਕਰਾਂ, ਚੌਥਾ ਦਰਜਾ ਮੁਲਾਜ਼ਮਾਂ, ਕੰਟਰੈਕਟ/ਆਊਟ ਸੋਰਸ, ਸਫਾਈ ਸੇਵਕਾਂ, ਅਟੈਂਡੈਂਟਾਂ, ਟੈਕਨੀਕਲ ਤੇ ਐਂਟੀ-ਲਾਰਵਾ ਕਰਮੀਆਂ ਦੀਆਂ ਮੰਗਾਂ ਵੀ ਸ਼ਾਮਲ ਹਨ, ਜਿਨ੍ਹਾਂ ਦਾ ਸਰਕਾਰ ਤੇ ਵਿਭਾਗ ਵੱਲੋਂ ਲਗਾਤਾਰ ਸ਼ੋਸ਼ਣ ਕੀਤਾ ਜਾ ਰਿਹਾ ਹੈ।ਐਂਟੀ-ਲਾਰਵਾ ਵਿਚਲੇ ਕਾਮਿਆਂ ਨੂੰ ਪੂਰਾ ਸਾਲ ਕੰਮ ਦਿੱਤਾ ਜਾਵੇ ਤੇ ਇਨ੍ਹਾਂ ਨੂੰ ਹਰ ਸਾਲ ਫਾਰਗ ਕਰਕੇ ਧੱਕਾ ਕਰਨਾ ਬੰਦ ਕੀਤਾ ਜਾਵੇ।ਰੈਲੀ ਵਿੱਚ ਐਲਾਨ ਕੀਤਾ ਗਿਆ ਕਿ ਜੇਕਰ ਇਨ੍ਹਾਂ ਕਾਮਿਆਂ ਨੂੰ ਫਾਰਗ ਕੀਤਾ ਜਾਵੇਗਾ ਤਾਂ ਇਹ ਕਾਮੇ ਪਰਵਾਰ ਸਮੇਤ ਸਿਹਤ ਮੰਤਰੀ ਦੀ ਰਿਹਾਇਸ਼ ਅੱਗੇ ਅਣਮਿੱਥੇ ਸਮੇਂ ਲਈ ਧਰਨਾ/ਰੈਲੀਆਂ ਸ਼ੁਰੂ ਕਰਨਗੇ।ਰੈਲੀ ਵਿੱਚ ਹੋਰਨਾਂ ਤੋਂ ਇਲਾਵਾ ਰਾਜੇਸ਼ ਕੁਮਾਰ, ਰਾਮ ਕੈਨਾਸ਼, ਸੁਨੀਤਾ, ਤਰਲੋਚਨ ਮਾੜੂ, ਤਰਲੋਚਨ ਮੰਡੋਲੀ, ਧਰਮਿੰਦਰ, ਅਮਰ ਨਾਥ, ਸਵਰਨ ਸਿੰਘ, ਰੁਪਿੰਦਰ, ਹਰਪ੍ਰੀਤ ਸਿੰਘ, ਬਲਬੀਰ ਸਿੰਘ, ਸਤਵਿੰਦਰ ਸਿੰਘ, ਬਲਦੇਵ ਸਿੰਘ, ਹਰਚਰਨ ਸਿੰਘ ਮੁਕਤਸਰ, ਧਰਮਿੰਦਰ, ਹਰਦੀਪ ਸਿੰਘ, ਕੁਲਜੀਤ ਸਿੰਘ ਫਤਿਹਗੜ ਆਦਿ ਹਾਜ਼ਰ ਸਨ।

# ਪੰਜਾਬ 'ਚ ਇੰਡਸਟਰੀਲਿਸਟਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ : ਅਮਨ ਅਰੋੜਾ




**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ, ਪ੍ਰਸਿੱਧ ਇੰਡਸਟਰੀਲਿਸਟ ਤੇ ਸੰਗਰੂਰ ਜ਼ਿਲ੍ਹਾ ਇੰਡਸਟਰੀ ਚੈਂਬਰ ਦੇ ਉੱਪ ਪ੍ਰਧਾਨ ਭਾਰਤ ਭੂਸ਼ਣ ਗਰਗ ਅਤੇ ਇੰਡਸਟਰੀਲਿਸਟ ਨਿਤਿਨ ਗਰਗ ਦੀ ਪੀਬੀਸੀ ਪੈਨਲ ਸਵਿਫਟ ਡੈਕੋਰ ਫੈਕਟਰੀ ਵਿੱਚ ਪੁੱਜੇ। ਇਸ ਮੌਕੇ ਇੰਡਸਟਰੀਲਿਸਟਾਂ ਵੱਲੋਂ ਵਿਸ਼ੇਸ਼ ਤੌਰ 'ਤੇ ਕੈਬਨਿਟ ਮੰਤਰੀ ਅਮਨ ਅਰੋੜਾ, ਨਗਰ ਕੌਂਸਲ ਪ੍ਰਧਾਨ ਨਿਸ਼ਾਨ ਸਿੰਘ ਟੋਨੀ ਤੇ ਮਾਰਕੀਟ ਕਮੇਟੀ ਚੇਅਰਮੈਨ ਮੁਕੇਸ਼ ਜਨੇਜਾ, ਆਪ ਨੇਤਾ ਰਾਮ ਕੁਮਾਰ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਭਾਰਤ ਭੂਸ਼ਣ ਗਰਗ ਨੇ ਕਿਹਾ ਕਿ ਛਾਜਲੀ ਰੋਡ 'ਤੇ ਕਾਫੀ ਇੰਡਸਟਰੀ ਲੱਗ ਚੁੱਕੀ ਹੈ, ਪਰ ਇੱਥੇ ਪਾਣੀ ਦੀ ਨਿਕਾਸੀ ਤੇ ਸੀਵਰੇਜ ਦੀ ਸਮੱਸਿਆ ਨੂੰ ਲੈ ਕੇ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਵੱਲੋਂ ਸ੍ਰੀ ਅਮਨ ਅਰੋੜਾ ਨੂੰ ਇੰਡਸਟਰੀ ਲਈ ਆ ਰਹੀ ਸਬਸਿਡੀ ਦੀ ਦੇਰੀ ਬਾਰੇ ਵੀ ਜਾਣੂ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਕੁਝ ਕੁ ਚੀਜ਼ਾਂ, ਜਿਸ ਨਾਲ ਰੈਵਨਿਊ ਨੂੰ ਕੋਈ ਫਰਕ ਨਹੀਂ ਪੈਂਦਾ, ਪਰ ਉਹ ਇੰਡਸਟਰੀ ਲਗਾਉਣ ਸਮੇਂ ਕਾਫੀ ਦਿੱਕਤਾਂ ਖੜੀਆਂ ਕਰਦੀਆਂ ਹਨ, ਨੂੰ ਵੀ ਸਾਦੇ ਤਰੀਕੇ ਨਾਲ ਕੀਤਾ ਜਾਵੇ, ਜਿਸ ਨਾਲ ਹੋਰ ਇੰਡਸਟਰੀ ਲੱਗ ਸਕੇ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਪੰਜਾਬ ਵਿੱਚ ਇੰਡਸਟਰੀ ਨੂੰ ਵਧਾਉਣ ਲਈ ਕੰਮ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇੰਡਸਰੀਲਿਸਟ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਨੀਤੀਨ ਗਰਗ, ਗੁਰਿੰਦਰ ਹੈਪੀ, ਦੀਵਾਂਸ਼ ਗਰਗ, ਮਹਿਕ, ਦੀਕਸ਼ਿਤ, ਮਨਪ੍ਰੀਤ, ਬੰਟੀ, ਸਾਮੀ, ਧਰਮਪਾਲ ਆਦਿ ਮੌਜੂਦ ਸਨ।

# 'ਮੁਕਾਬਲਿਆਂ' ਦੇ ਨਾਂਅ ਹੇਠ ਨਕਸਲੀਆਂ ਨੂੰ ਕਤਲ ਕਰਨਾ ਬੰਦ ਕਰੇ ਭਾਜਪਾ ਸਰਕਾਰ : ਜਮਹੂਰੀ ਫਰੰਟ

## ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ





**ਲੁਧਿਆਣਾ (ਰੈਕਟਰ ਕਥੂਰੀਆ)**
ਨਕਸਲੀਆਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰਨ ਦੇ ਸਿਲਸਿਲੇ ਖ਼ਿਲਾਫ਼ ਜਮਹੂਰੀ ਫਰੰਟ ਇੱਕ ਵਾਰ ਫੇਰ ਖੁੱਲ੍ਹ ਕੇ ਸਾਹਮਣੇ ਆਇਆ ਹੈ।ਇੱਥੇ ਪ੍ਰੈੱਸ ਬਿਆਨ ਜਾਰੀ ਕਰਕੇ ਓਪ੍ਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ, ਪ੍ਰੋਫੈਸਰ ਏ. ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਤੇ ਯਸ਼ਪਾਲ ਨੇ ਛੱਤੀਸਗੜ੍ਹ ਦੇ ਗਰੀਆਬੰਦ ਤੇ ਬੀਜਾਪੁਰ ਜ਼ਿਲ੍ਹਿਆਂ ਵਿੱਚ 12 ਨਕਸਲੀਆਂ ਨੂੰ ਘੇਰ ਕੇ ਬੇਰਹਿਮੀ ਨਾਲ ਹੱਤਿਆ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਫਰੰਟ ਆਗੂਆਂ ਨੇ ਕਿਹਾ ਕਿ ਮਾਓਵਾਦੀ ਤੇ ਹੋਰ ਹਥਿਆਰਬੰਦ ਲਹਿਰਾਂ ਦੇ ਰੂਪ 'ਚ ਭਾਰਤੀ ਸਟੇਟ ਨਾਲ ਹਥਿਆਰਬੰਦ ਟਕਰਾਅ ਨੰਗੇ ਅਨਿਆਂ, ਘੋਰ ਨਾਬਰਾਬਰੀ ਤੇ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਦਾ ਨਤੀਜਾ ਹੈ, ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈਣ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਦਹਾਕਿਆਂ ਤੋਂ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਆਪਣੇ ਹੀ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੀ ਨੀਤੀ 'ਤੇ ਚੱਲ ਰਹੇ ਹਨ। ਇਸ ਫਰੰਟ ਦੇ ਬੁੱਧੀਜੀਵੀ ਮੈਂਬਰਾਂ ਨੇ ਦੱਸਿਆ ਕਿ ਜਨਵਰੀ 2025 ਤੋਂ ਲੈ ਕੇ ਹੁਣ ਤੱਕ ਛੱਤੀਸਗੜ੍ਹ ਵਿੱਚ ਸੁਰੱਖਿਆ ਬਲਾਂ ਵੱਲੋਂ 'ਮੁਕਾਬਲਿਆਂ' ਦੇ ਨਾਂਅ ਹੇਠ 241 ਤੋਂ ਵੱਧ ਗ਼ੈਰ-ਅਦਾਲਤੀ ਹੱਤਿਆਵਾਂ ਕੀਤੀਆਂ ਗਈਆਂ ਹਨ।ਸਖ਼ਤ ਸ਼ਬਦਾਂ ਦੀ ਵਰਤੋਂ ਕਰਦਿਆਂ ਫਰੰਟ ਨੇ ਦੱਸਿਆ ਕਿ ਆਦਿਵਾਸੀਆਂ ਤੇ ਹੋਰ ਮਿਹਨਤਕਸ਼ ਜਮਾਤਾਂ ਦੇ ਨੌਜਵਾਨਾਂ ਨੂੰ ਸਰਕਾਰੀ ਲਸ਼ਕਰਾਂ 'ਚ ਭਰਤੀ ਕਰਕੇ ਆਦਿਵਾਸੀਆਂ ਤੇ ਹੋਰ ਹੱਕੀ ਸੰਘਰਸ਼ਾਂ ਦੇ ਲਹੂ 'ਚ ਡਬੋਣ ਲਈ ਮੋਹਰੇ ਬਣਾ ਕੇ ਵਰਤਿਆ ਜਾ ਰਿਹਾ ਹੈ। ਇਨ੍ਹਾਂ ਆਗੂਆਂ ਤੇ ਮੈਂਬਰਾਂ ਨੇ ਕਿਹਾ ਕਿ 'ਓਪ੍ਰੇਸ਼ਨ ਕਗਾਰ' ਤਹਿਤ 'ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ' ਦੀ ਭਾਜਪਾ ਦੀ ਨੀਤੀ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਕਥਿਤ ਵਿਕਾਸ ਦੇ ਨਾਂ ਹੇਠ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ। ਇਸ ਨੀਤੀ ਦਾ ਸਖ਼ਤ ਵਿਰੋਧ ਹੋਣਾ ਚਾਹੀਦਾ ਹੈ।ਫਰੰਟ ਨੇ ਸੱਦਾ ਦਿੱਤਾ ਹੈ ਕਿ ਸਮੂਹ ਜਮਹੂਰੀ ਤੇ ਨਿਆਂਪਸੰਦ ਤਾਕਤਾਂ ਨੂੰ ਇਸ ਕਤਲੇਆਮ ਵਿਰੁੱਧ ਜ਼ੋਰਦਾਰ ਆਵਾਜ਼ ਉਠਾ ਕੇ ਹੁਕਮਰਾਨਾਂ ਦੇ ਇਨ੍ਹਾਂ ਖ਼ੂਨੀ ਮਨਸੂਬਿਆਂ ਨੂੰ ਨਾਕਾਮ ਬਣਾਉਣਾ ਹੋਵੇਗਾ, ਇਹੀ ਸਮੇਂ ਦੀ ਮੰਗ ਹੈ।ਉਨ੍ਹਾਂ ਮੰਗ ਕੀਤੀ ਕਿ ਆਦਿਵਾਸੀ ਇਲਾਕਿਆਂ ਵਿੱਚ ਝੂਠੇ ਮੁਕਾਬਲਿਆਂ ਤੇ ਹੋਰ ਰੂਪਾਂ ਵਿੱਚ ਕਤਲੇਆਮ ਬੰਦ ਕੀਤਾ ਜਾਵੇ, ਸਾਰੇ ਸਕਿਊਰਿਟੀ ਕੈਂਪ ਹਟਾਏ ਜਾਣ ਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ, ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣਾ ਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਹੱਕਾਂ ਦੇ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿੱਚ ਡੱਕਣਾ ਬੰਦ ਕੀਤਾ ਜਾਵੇ।

## ਕਾਤਰਾਂ

### ਸੜਕ ਹਾਦਸੇ 'ਚ ਐਕਟਿਵਾ ਸਵਾਰ ਦੀ ਮੌਤ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਦੇ ਚਾਵਲਾ ਚੌਕ ਨਜ਼ਦੀਕ ਵਾਪਰੇ ਇੱਕ ਸੜਕ ਹਾਦਸੇ ਵਿੱਚ ਇੱਕ ਐਕਟਿਵਾ ਸਵਾਰ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੁਖਮਿੰਦਰ ਸਿੰਘ ਵਾਸੀ ਪਿੰਡ ਮਾਧੋਪੁਰ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸ ਦਾ ਭਰਾ ਪਰਵਿੰਦਰ ਸਿੰਘ (34) ਆਪਣੇ ਐਕਟਿਵਾ ਸਕੂਟਰ 'ਤੇ ਸਵਾਰ ਹੋ ਬੀਮਾਰ ਮਾਸੜ ਦਾ ਪਤਾ ਲੈਣ ਲਈ ਜਾ ਰਿਹਾ ਸੀ ਤਾਂ ਸਰਹਿੰਦ ਦੇ ਚਾਵਲਾ ਚੌਕ ਵਾਲਾ ਪੁਲ ਚੜ੍ਹਨ ਤੋਂ ਪਹਿਲਾਂ ਤੇਜ਼ ਰਫਤਾਰ ਨਾਲ ਓਵਰਟੇਕ ਕਰ ਰਹੀ ਗੱਡੀ ਨੰਬਰ ਪੀ.ਬੀ.12-ਏ.ਕੇ. 3681 ਨੇ ਉਸ ਦੇ ਸਕੂਟਰ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਸੜਕ 'ਤੇ ਡਿੱਗੇ ਪਰਵਿੰਦਰ ਸਿੰਘ ਦੇ ਗੰਭੀਰ ਸੱਟਾਂ ਵੱਜੀਆਂ ਤੇ ਉਸ ਦੀ ਮੌਤ ਹੋ ਗਈ।ਸੁਖਮਿੰਦਰ ਸਿੰਘ ਦੇ ਬਿਆਨਾਂ 'ਤੇ ਗੱਡੀ ਦੇ ਨਾਮਾਲੂਮ ਡਰਾਇਵਰ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

### ਬੱਚੇ ਦੇ ਕਾਤਲ ਨੂੰ ਦਿੱਤੀ ਜਾਵੇ ਫਾਂਸੀ : ਧੀਮਾਨ

**ਜਗਰਾਓਂ (ਅਮਿਤ ਖੰਨਾ)**-ਬੀਤੇ ਦਿਨੀਂ ਹੁਸ਼ਿਆਰਪੁਰ ਵਿਖੇ ਇੱਕ ਪ੍ਰਵਾਸੀ ਵੱਲੋਂ ਪੰਜ ਸਾਲਾ ਬੱਚੇ ਨਾਲ ਕੁਕਰਮ ਕਰਨ ਤੋਂ ਬਾਅਦ ਉਸ ਦੀ ਬੇਰਹਿਮੀ ਨਾਲ ਹੱਤਿਆ ਕਰਨ ਦੇ ਰੋਸ ਵਜੋਂ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ:133 ਦੇ ਮੈਂਬਰਾਂ ਵੱਲੋਂ 2 ਮਿੰਟ ਦਾ ਮੋਨ ਧਾਰਨ ਕਰਕੇ ਬੱਚੇ ਦੀ ਆਤਮਿਕ ਸ਼ਾਂਤੀ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਗਈ।ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ:133 ਦੇ ਪ੍ਰਧਾਨ ਜਿੰਦਰਪਾਲ ਧੀਮਾਨ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ 5 ਸਾਲਾ ਬੱਚੇ ਦਾ ਕਤਲ ਕਰਨ ਵਾਲੇ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਤਾਂ ਜੋ ਅਜਿਹੇ ਦੋਸ਼ੀਆਂ ਦੇ ਮਨਾਂ ਵਿੱਚ ਦਹਿਸ਼ਤ ਪੈਦਾ ਹੋ ਸਕੇ।

### 90 ਪ੍ਰੈਗਾਬਾਲਿਨ ਕੈਪਸੂਲ ਸਣੇ ਇੱਕ ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)** ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਇਕ ਵਿਅਕਤੀ ਨੂੰ 90 ਪ੍ਰੈਗਾਬਾਲਿਨ ਕੈਪਸੂਲ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਚੌਕੀ ਘੁਬਾਇਆ ਦੇ ਇੰਚਾਰਜ ਬਲਕਾਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੇ ਨਾਲ ਸ਼ੱਕੀ ਪੁਰਸ਼ਾਂ ਤੇ ਵਹਕੀਲਾਂ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਐਫ.ਐਫ. ਰੋਡ ਤੋਂ ਮੁਹੰਮਦੇ ਵਾਲਾ ਨੂੰ ਜਾ ਰਹੇ ਸੀ ਤਾਂ ਇੱਕ ਮੋਨਾ ਵਿਅਕਤੀ ਆਉਂਦਾ ਦਿਖਾਈ ਦਿੱਤਾ, ਜੋ ਪੁਲਿਸ ਪਾਰਟੀ ਨੂੰ ਦੇਖ ਕੇ ਖਿਸਕਣ ਲੱਗਾ ਤਾਂ ਪੁਲਸ ਪਾਰਟੀ ਨੇ ਉਸ ਨੂੰ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਉਸ ਪਾਸੋਂ 90 ਪ੍ਰੈਗਾਬਾਲਿਨ ਕੈਪਸੂਲ ਸਣੇ ਕਾਬੂ ਕਰ ਲਿਆ। ਇਸ ਵਿਅਕਤੀ ਦੀ ਪਛਾਣ ਗੁਰਦੀਪ ਸਿੰਘ ਉਰਫ਼ ਦੀਪੂ ਪੁੱਤਰ ਬੁੱਧ ਸਿੰਘ ਵਾਸੀ ਲੱਖੇ ਕੇ ਉਤਾੜ ਵਜੋਂ ਹੋਈ ਹੈ। ਥਾਣਾ ਸਦਰ ਵਿਖੇ ਮੁਕੱਦਮਾ ਨੰਬਰ 122 ਮਿਤੀ 14-09-2025 ਨੂੰ ਧਾਰਾ 223 ਤਹਿਤ ਦਰਜ ਕੀਤਾ ਗਿਆ ਹੈ।

# ਕਾਉਂਕੇ 'ਚ ਚੋਰਾਂ ਨੂੰ ਲੋਕਾਂ ਨੇ ਬੰਨ੍ਹ ਕੇ ਚਾੜ੍ਹਿਆ ਕੁਟਾਪਾ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੇਟ ਇਲਾਕੇ ਦੇ ਪਿੰਡ ਕਾਉਂਕੇ ਵਿਖੇ ਅੱਧੀ ਰਾਤ ਨੂੰ ਉਸ ਵੇਲੇ ਰੌਲਾ ਪੈ ਗਿਆ, ਜਦੋਂ ਲੋਕਾਂ ਨੇ ਚੋਰੀ ਕਰਨ ਆਏ ਸ਼ਾਤਿਰ ਚੋਰਾਂ ਨੂੰ ਬੰਨ੍ਹ ਕੇ ਕੁਟਾਪਾ ਚਾੜ੍ਹਿਆ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਕਾਉਂਕੇ ਵਿਖੇ ਜਦੋਂ ਕੁਝ ਚੋਰ ਕਿਸੇ ਦੇ ਘਰ ਅੰਦਰ ਚੋਰੀ ਕਰਨ ਲਈ ਦਾਖਲ ਹੋਣ ਲੱਗੇ ਤਾਂ ਪਰਵਾਰ ਵਾਲਿਆਂ ਦੀ ਅੱਖ ਖੁੱਲ੍ਹ ਗਈ। ਉਨ੍ਹਾਂ ਵੱਲੋਂ ਰੌਲਾ ਪਾਉਣ 'ਤੇ ਸਾਰਾ ਪਿੰਡ ਇਕੱਠਾ ਹੋ ਗਿਆ ਤੇ ਪਿੰਡ ਵਾਲਿਆਂ ਨੇ ਚੋਰਾਂ ਨੂੰ ਘੇਰਾ ਪਾ ਕੇ ਕਾਬੂ ਕਰ ਲਿਆ। ਪਿੰਡ ਵਾਲਿਆਂ ਹੱਥ 2 ਚੋਰ ਕਾਬੂ ਆ ਗਏ, ਜਿਨ੍ਹਾਂ 'ਚੋਂ ਇੱਕ ਦੀ ਗੋਬਿੰਦਾ ਤੇ ਦੂਜੇ ਦੀ ਸ਼ਿਵਾ ਵਜੋਂ ਪਹਿਚਾਣ ਹੋਈ, ਜੋ ਕਿ ਮਾਛੀਵਾੜਾ ਇਲਾਕੇ ਦੇ ਰਹਿਣ ਵਾਲੇ ਦੱਸੇ ਜਾਂਦੇ ਹਨ। ਪਿੰਡ ਵਾਸੀਆਂ ਨੇ ਇਨ੍ਹਾਂ ਚੋਰਾਂ ਨੂੰ ਬੰਨ੍ਹ ਕੇ ਪਹਿਲਾਂ ਚੰਗਾ ਕੁਟਾਪਾ ਚਾੜ੍ਹਿਆ ਅਤੇ ਫਿਰ ਮਾਛੀਵਾੜਾ ਪੁਲਸ ਨੂੰ ਸੂਚਿਤ ਕੀਤਾ। ਇਹ ਚੋਰ ਨਸ਼ੇ ਦੇ ਆਦੀ ਹਨ, ਜਿਨ੍ਹਾਂ ਤੋਂ ਗਾਂਜਾ ਵੀ ਬਰਾਮਦ ਹੋਇਆ। ਮੌਕੇ 'ਤੇ ਪੁਲਸ ਪਾਰਟੀ ਪੁੱਜੀ, ਜਿਨ੍ਹਾਂ ਨੇ ਇਨ੍ਹਾਂ 2 ਚੋਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਗਤਾਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਚੋਰਾਂ ਖਿਲਾਫ਼ ਮਾਮਲਾ ਦਰਜ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਕੋਲੋਂ ਚੋਰੀ ਦਾ ਇੱਕ ਮੋਬਾਇਲ ਵੀ ਬਰਾਮਦ ਹੋਇਆ ਹੈ। ਸਹਾਇਕ ਥਾਣੇਦਾਰ ਨੇ ਦੱਸਿਆ ਕਿ ਗੋਬਿੰਦਾ 'ਤੇ ਪਹਿਲਾਂ ਵੀ 4 ਮਾਮਲੇ ਦਰਜ ਹਨ, ਜੋ ਜ਼ਮਾਨਤ 'ਤੇ ਆ ਕੇ ਮੁੜ ਚੋਰੀ ਦੀਆਂ ਵਾਰਦਾਤਾਂ ਕਰਨ ਲੱਗ ਜਾਂਦਾ ਹੈ।



# ਰਾਮਲੀਲ੍ਹਾ 'ਚ ਹੋਏ ਅਸ਼ਲੀਲ ਦ੍ਰਿਸ਼ ਦਾ ਮਾਮਲਾ ਭਖਿਆ, ਹਿੰਦੂ ਸੰਗਠਨਾਂ ਨੇ ਮੰਗੀ ਕਾਰਵਾਈ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਰਾਮਲੀਲ੍ਹਾ ਦੀ ਸਟੇਜ 'ਤੇ ਇੱਕ ਲੜਕੇ ਨੇ ਇੱਕ ਲੜਕੀ ਨੂੰ ਸ਼ਰੇਆਮ ਅਸ਼ਲੀਲ ਹਰਕਤ (ਕਿਸ) ਕੀਤੀ, ਜੋ ਕੈਮਰਿਆਂ ਵਿੱਚ ਵੀ ਕੈਦ ਹੋ ਗਈ।ਇਹ ਅਸ਼ਲੀਲ ਦ੍ਰਿਸ਼ ਇੱਥੇ ਹੀ ਖਤਮ ਨਹੀਂ ਹੋਇਆ, ਇਸ ਦੀ ਵੀਡੀਓ ਅੱਗ ਦੀ ਤਰ੍ਹਾਂ ਫੈਲ ਗਈ, ਜਿਸ ਕਰਕੇ ਹਿੰਦੂ ਸੰਗਠਨਾਂ ਵੱਲੋਂ ਜਿੱਥੇ ਉਕਤ ਲੜਕਾ ਤੇ ਲੜਕੀ ਅਤੇ ਇਸ ਦੇ ਨਾਲ ਯੂਨਾਈਟਡ ਥਿਏਟਰ ਕਲੱਬ ਬਠਿੰਡਾ ਦੇ ਮੈਂਬਰਾਂ ਖਿਲਾਫ ਕਾਰਵਾਈ ਮੰਗੀ ਗਈ ਹੈ, ਉਥੇ ਹੀ ਇਸ ਮਾਮਲੇ ਨੇ ਸ਼ਹਿਰ ਵਾਸੀਆਂ ਵਿੱਚ ਵੀ ਨਾਰਾਜ਼ਗੀ ਭਰ ਦਿੱਤੀ ਹੈ, ਪ੍ਰੰਤੂ ਹੈਰਾਨਗੀ ਦੀ ਗੱਲ ਹੈ ਕਿ ਇਸ ਮਾਮਲੇ ਤੇ ਯੂਨਾਇਟਡ ਥਿਏਟਰ ਕਲੱਬ ਬਠਿੰਡਾ ਦੇ ਮੈਂਬਰ ਪੱਲਾ ਝਾੜਦੇ ਹੋਏ ਨਜ਼ਰ ਆ ਰਹੇ ਹਨ। ਮਾਮਲਾ ਪ੍ਰਸ਼ਾਸਨ ਦੇ ਦਰਬਾਰ ਪਹੁੰਚ ਚੁੱਕਿਆ ਹੈ।ਜਾਣਕਾਰੀ ਅਨੁਸਾਰ ਯੂਨਾਈਟਡ ਥਿਏਟਰ ਕਲੱਬ ਬਠਿੰਡਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਐਸਐਸਡੀ (ਲੜਕੇ) ਸਕੂਲ ਗੋਲ ਡਿੱਗੀ ਕੋਲ ਰਾਮਲੀਲ੍ਹਾ ਕਰਵਾਈ ਜਾ ਰਹੀ ਹੈ, ਇਕ ਦਿਨ ਪਹਿਲਾਂ ਰਾਮਲੀਲ੍ਹਾ ਦੀ ਸਟੇਜ 'ਤੇ ਇੱਕ ਲੜਕਾ ਤੇ ਲੜਕੀ ਡਾਂਸ ਕਰ ਰਹੇ ਸਨ ਕਿ ਉਕਤ ਲੜਕੇ ਨੇ ਉਕਤ ਲੜਕੀ ਨੂੰ ਸ਼ਰੇਆਮ ਸਟੇਜ ਤੇ (ਕਿਸ) ਕਰ ਲਿਆ, ਜਿਸ ਦੀ ਵੀਡੀਓ ਵਾਇਰਲ ਹੋ ਗਈ।ਹੁਣ ਇਹ ਮਾਮਲੇ ਤੇ ਹਿੰਦੂ ਸੰਗਠਨਾਂ ਵੱਲੋਂ ਸਖਤ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ ਤੇ ਪੁਲਸ ਨੂੰ ਸ਼ਿਕਾਇਤ ਵੀ ਕੀਤੀ ਗਈ ਹੈ।ਇਸ ਮਾਮਲੇ ਸਬੰਧੀ ਜਦੋਂ ਕਲੱਬ ਦੇ ਮੈਂਬਰ ਮਨੋਜ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਪੱਲਾ ਝਾੜਦਿਆਂ ਕਿਹਾ ਕਿ ਰਾਮਲੀਲ੍ਹਾ ਵਾਲੀ ਸਟੇਜ ਤੋਂ ਥੋੜ੍ਹੀ ਦੂਰ ਇਹ ਸਭ ਕੁਝ ਹੋਇਆ ਸੀ, ਪ੍ਰੰਤੂ ਇਸ ਨਾਲ ਕਲੱਬ ਮੈਂਬਰਾਂ ਦਾ ਕੋਈ ਲੈਣ ਦੇਣ ਨਹੀਂ, ਉਸ ਤੋਂ ਬਾਅਦ ਸਕੂਲ ਦੀ ਬਾਊਂਡਰੀ ਤੋਂ ਬਾਹਰ ਦੋ ਗਰੁੱਪਾਂ ਵਿੱਚ ਝੜਪ ਵੀ ਹੋਈ ਹੈ ਅਤੇ ਇਸ ਮਾਮਲੇ ਵਿੱਚ ਨਾਮਜਦ ਵਿਅਕਤੀਆਂ ਦੀ ਪਹਿਚਾਣ ਵੀ ਹੋ ਚੁੱਕੀ ਹੈ, ਜਿਸ ਦੀ ਐੱਸ ਐੱਸ ਪੀ ਬਠਿੰਡਾ ਨੂੰ ਸ਼ਿਕਾਇਤ ਦੇ ਕੇ ਕਾਰਵਾਈ ਵੀ ਮੰਗੀ ਗਈ ਹੈ।ਹੁਣ ਸਵਾਲ ਇਹ ਖੜਾ ਹੁੰਦਾ ਹੈ ਕਿ ਰਾਮਲੀਲ੍ਹਾ ਦੀ ਸਟੇਜ ਤੇ ਧਾਰਮਿਕ ਪ੍ਰੋਗਰਾਮ ਦੌਰਾਨ ਹੋਰ ਗੀਤ ਲਾ ਕੇ ਇਸ ਤਰ੍ਹਾਂ ਦੇ ਅਸ਼ਲੀਲ ਡਾਂਸ ਕਰਨਾ ਕਿੱਥੋਂ ਤੱਕ ਸਹੀ ਹੈ? ਕੀ ਇਹ ਭਾਵਨਾਵਾਂ ਨੂੰ ਆਹਤ ਕਰਨ ਵਾਲੀ ਕਾਰਵਾਈ ਨਹੀਂ? ਕੀ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਉਣ ਵਾਲੀਆਂ ਪ੍ਰਬੰਧਕ ਸੰਸਥਾਵਾਂ ਖਿਲਾਫ ਕਾਰਵਾਈ ਨਹੀਂ ਹੋਣੀ ਚਾਹੀਦੀ?

ਇਸ ਸੰਬੰਧੀ ਸ਼ਿਵ ਸੈਨਾ ਪੰਜਾਬ ਦੇ ਆਗੂ ਅੰਕੁਰ ਗਰਗ ਨੇ ਕਿਹਾ ਕਿ ਰਾਮਲੀਲ੍ਹਾ ਦੀ ਸਟੇਜ 'ਤੇ ਇਸ ਤਰ੍ਹਾਂ ਅਸ਼ਲੀਲ ਹਰਕਤਾਂ ਕਰਵਾਉਣੀਆਂ ਹਿੰਦੂ ਭਾਵਨਾਵਾਂ ਨੂੰ ਆਹਤ ਕਰਨ ਵਾਲੀ ਕਾਰਵਾਈ ਹੈ, ਜਿਸ ਕਰਕੇ ਉਕਤ ਪ੍ਰਬੰਧਕਾਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਦੀਆਂ ਹਰਕਤਾਂ ਬੰਦ ਹੋਣੀਆਂ ਚਾਹੀਦੀਆਂ ਹਨ।ਉਨ੍ਹਾਂ ਕਿਹਾ ਕਿ ਹਿੰਦੂ ਦੇਵੀ ਦੇਵਤਿਆਂ ਦਾ ਅਪਮਾਨ ਕੀਤਾ ਜਾ ਰਿਹਾ ਹੈ, ਪ੍ਰੰਤੂ ਕੋਈ ਵੀ ਇਸ ਪਾਸੇ ਧਿਆਨ ਨਹੀਂ ਦੇ ਰਿਹਾ, ਜਿਸ ਕਰਕੇ ਅੱਜ ਉਹ ਐੱਸ ਐੱਸ ਪੀ ਬਠਿੰਡਾ ਨੂੰ ਸ਼ਿਕਾਇਤ ਦੇ ਕੇ ਕਾਰਵਾਈ ਦੀ ਮੰਗ ਕਰਦੇ ਹਨ।

# ਸੜਕ ਹਾਦਸੇ 'ਚ ਆਲਟੋ ਕਾਰ ਸਵਾਰ ਨੌਜਵਾਨ ਦੀ ਮੌਤ, ਦੋ ਜ਼ਖ਼ਮੀ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਨਿਹਾਲੂਵਾਲ ਨੇੜੇ ਮੁੱਖ ਮਾਰਗ ਉੱਪਰ ਬੀਤੀ ਰਾਤ ਵਾਪਰੇ ਭਿਆਨਕ ਸੜਕ ਹਾਦਸੇ 'ਚ ਨੌਜਵਾਨ ਲਖਵਿੰਦਰ ਸਿੰਘ (29) ਪੁੱਤਰ ਜਗਰਾਜ ਸਿੰਘ ਵਾਸੀ ਮਹਿਲ ਕਲਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦੇ ਦੋ ਸਾਥੀ ਜ਼ਖ਼ਮੀ ਹੋ ਗਏ। ਥਾਣਾ ਮਹਿਲ ਕਲਾਂ ਦੇ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਨੌਜਵਾਨ ਲਖਵਿੰਦਰ ਸਿੰਘ ਮਹਿਲ ਕਲਾਂ ਆਪਣੇ ਦੋ ਸਾਥੀਆਂ ਗੌਰਵ ਸਿੰਗਲਾ ਮਹਿਲ ਕਲਾਂ ਤੇ ਦਿਨੇਸ਼ ਕੁਮਾਰ ਵਾਸੀ ਅਮਲੋਹ (ਫ਼ਤਿਹਗੜ੍ਹ ਸਾਹਿਬ) ਦੇ ਨਾਲ ਆਲਟੋ ਕਾਰ 'ਤੇ ਸਵਾਰ ਹੋ ਕੇ ਰਾਏਕੋਟ ਤੋਂ ਆਪਣੇ ਘਰ ਮਹਿਲ ਕਲਾਂ ਪਰਤ ਰਿਹਾ ਸੀ।ਰਸਤੇ ਵਿੱਚ ਮੁੱਖ ਮਾਰਗ ਉੱਪਰ ਪਿੰਡ ਨਿਹਾਲੂਵਾਲ ਨੇੜੇ ਪਹੁੰਚਣ 'ਤੇ ਇਕ ਅਣਪਛਾਤੇ ਵਾਹਨ ਨੇ ਉਨ੍ਹਾਂ ਦੀ ਕਾਰ ਨੂੰ ਜ਼ੋਰਦਾਰ ਟੱਕਰ ਮਾਰਨ ਨਾਲ ਵਾਪਰੇ ਹਾਦਸੇ 'ਚ ਨੌਜਵਾਨ ਲਖਵਿੰਦਰ ਸਿੰਘ ਮਹਿਲ ਕਲਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।ਹਾਦਸੇ ਵਿੱਚ ਗੌਰਵ ਸਿੰਗਲਾ ਤੇ ਦਿਨੇਸ਼ ਕੁਮਾਰ ਜ਼ਖ਼ਮੀ ਹੋ ਗਏ।ਗੌਰਵ ਸਿੰਗਲਾ ਨੂੰ ਤੁਰੰਤ ਬਰਨਾਲਾ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਦਕਿ ਮ੍ਰਿਤਕ ਨੌਜਵਾਨ ਦੇ ਸਾਲੇ ਦਿਨੇਸ਼ ਕੁਮਾਰ ਵਾਸੀ ਅਮਲੋਹ (ਫ਼ਤਿਹਗੜ੍ਹ ਸਾਹਿਬ) ਦੀ ਹਾਲਤ ਵਧੇਰੇ ਗੰਭੀਰ ਹੋਣ ਕਰ ਕੇ ਉਸ ਨੂੰ ਲੁਧਿਆਣਾ ਦੇ ਇੱਕ ਨਿੱਜੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।ਇਸ ਸਬੰਧੀ ਥਾਣਾ ਮਹਿਲ ਕਲਾਂ ਪੁਲਸ ਵੱਲੋਂ ਹਸਪਤਾਲ ਬਰਨਾਲਾ 'ਚ ਦਾਖਲ ਗੌਰਵ ਸਿੰਗਲਾ ਮਹਿਲ ਕਲਾਂ ਦੇ ਬਿਆਨ ਦਰਜ ਕਰ ਲਏ ਗਏ ਹਨ।

ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਕਿਹਾ ਕਿ ਤਫ਼ਤੀਸ਼ ਮੁਕੰਮਲ ਹੋਣ ਤੋਂ ਬਾਅਦ ਹੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਧੂਰੀ ਰੇਲਵੇ ਬਰਿੱਜ 'ਚ ਅੜਿੱਕਾ ਡਾਹੁਣ ਬਦਲੇ ਰਵਨੀਤ ਬਿੱਟੂ ਦਾ ਪੁਤਲਾ ਫੂਕਿਆ

## ਰਵਨੀਤ ਬਿੱਟੂ ਦੇ ਬਿਆਨ ਨੇ ਹੀ ਉਸ ਦਾ ਦੋਗ਼ਲਾ ਚਿਹਰਾ ਨੰਗਾ ਕੀਤਾ : ਢਿੱਲੋਂ, ਘੁੱਲੀ, ਲੱਖਾ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਧੂਰੀ ਰੇਲਵੇ ਬਰਿੱਜ ਮਸਲੇ ਵਿੱਚ ਕੇਂਦਰੀ ਰੇਲਵੇ ਰਾਜ ਮੰਤਰ ਰਵਨੀਤ ਸਿੰਘ ਬਿੱਟੂ ਵੱਲੋਂ ਕਥਿਤ ਤੌਰ 'ਤੇ ਪਾਏ ਜਾ ਰਹੇ ਅੜਿੱਕੇ ਦੇ ਵਿਰੋਧ ਵਿੱਚ 'ਆਪ' ਵਰਕਰਾਂ, ਪੰਚਾਂ, ਸਰਪੰਚਾਂ ਤੇ ਕੌਂਸਲਰਾਂ ਵੱਲੋਂ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਦੀ ਅਗਵਾਈ ਹੇਠ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਬਿੱਟੂ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚ ਰੋਸ ਮਾਰਚ ਕਰਦਿਆਂ ਰੇਲਵੇ ਚੌਂਕ ਵਿਖੇ ਇਕੱਠੇ ਹੋ ਕੇ ਬਿੱਟੂ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਤੇ ਯੂਥ ਵਿੰਗ ਦੇ ਸੂਬਾਈ ਆਗੂ ਅਮਰਦੀਪ ਸਿੰਘ ਧਾਂਦਰਾ ਨੇ ਵੀ ਸ਼ਮੂਲੀਅਤ ਕੀਤੀ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਧੂਰੀ ਰੇਲਵੇ ਬਰਿੱਜ ਦੀ ਉਸਾਰੀ ਵਿੱਚ ਆ ਰਹੀਆਂ ਰੁਕਾਵਟਾਂ ਲਈ ਬਿੱਟੂ ਨੂੰ ਜ਼ਿੰਮੇਵਾਰ ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਰਵਨੀਤ ਬਿੱਟੂ ਦੇ ਹਾਲੀਆ ਬਿਆਨ ਨੇ ਉਸ ਦਾ ਦੋਹਰਾ ਚਿਹਰਾ ਬੇਨਕਾਬ ਕਰ ਦਿੱਤਾ ਹੈ।ਉਹ ਧੂਰੀ ਦੇ ਲੋਕਾਂ ਨੂੰ ਭੁਲੇਖੇ ਵਿੱਚ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਸੱਚਾਈ ਲੋਕਾਂ ਸਾਹਮਣੇ ਆ ਚੁੱਕੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਰਵਨੀਤ ਬਿੱਟੂ ਨੂੰ ਬਤੌਰ ਮੈਂਬਰ ਪਾਰਲੀਮੈਂਟ ਸਤਿਕਾਰ ਦਿੱਤਾ, ਪਰ ਇਸ ਵਾਰ ਇਹ ਪਾਰਲੀਮੈਂਟ ਚੋਣ ਹਾਰਨ ਤੋਂ ਬਾਅਦ ਇਹ ਪੰਜਾਬ ਦੇ ਲੋਕਾਂ ਤੋਂ ਆਪਣੀ ਹਾਰ ਦਾ ਬਦਲਾ ਲੈ ਰਿਹਾ ਹੈ ਅਤੇ ਭਵਿੱਖ ਵਿੱਚ ਜਿਥੋਂ ਵੀ ਇਹ ਚੋਣ ਲੜੇਗਾ, ਧੂਰੀ ਦੇ ਲੋਕ ਉਸ ਦਾ ਵਿਰੋਧ ਕਰਨਗੇ।ਉਨ੍ਹਾਂ ਕਿਹਾ ਕਿ ਧੂਰੀ ਵਾਸੀਆਂ ਨੇ ਲੰਬੇ ਸਮੇਂ ਤੋਂ ਇਸ ਪੁਲ ਦੀ ਮੰਗ ਕੀਤੀ ਹੋਈ ਹੈ।ਰੋਜ਼ਾਨਾ ਸੈਂਕੜੇ ਲੋਕਾਂ ਨੂੰ ਰੇਲਵੇ ਫਾਟਕ 'ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਕੇਂਦਰ ਸਰਕਾਰ ਵੱਲੋਂ ਬਿਨਾਂ ਕਿਸੇ ਵਾਜਬ ਕਾਰਨ ਦੇ ਦੇਰੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਧੂਰੀ ਰੇਲਵੇ ਬਰਿੱਜ ਸਿਰਫ਼ ਇੱਕ ਵਿਕਾਸੀ ਪ੍ਰੋਜੈਕਟ ਨਹੀਂ, ਸਗੋਂ ਸ਼ਹਿਰ ਦੇ ਲੋਕਾਂ ਦੀ ਜ਼ਰੂਰਤ ਹੈ।ਅੱਜ ਦਾ ਰੋਸ ਮਾਰਚ ਇਸ ਗੱਲ ਦਾ ਸਪੱਸ਼ਟ ਸੰਕੇਤ ਸੀ ਕਿ ਧੂਰੀ ਵਾਸੀ ਆਪਣੇ ਹੱਕ ਲਈ ਇਕੱਠੇ ਹਨ ਤੇ ਕਿਸੇ ਵੀ ਸਿਆਸੀ ਦਬਾਅ ਅੱਗੇ ਝੁਕਣ ਵਾਲੇ ਨਹੀਂ।

ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਆਪ ਆਗੂ ਰਛਪਾਲ ਸਿੰਘ ਭੁੱਲਰ, ਸਰਪੰਚ ਯੂਨੀਅਨ ਦੇ ਪ੍ਰਧਾਨ ਜਗਸੀਰ ਸਿੰਘ ਜੱਗਾ, ਜ਼ਿਲ੍ਹਾ ਯੋਜਨਾ ਬੋਰਡ ਦੇ ਮੈਂਬਰ ਨਰੇਸ਼ ਸਿੰਗਲਾ, ਸਰਪੰਚ ਭਗਵਾਨ ਸਿੰਘ ਭਲਵਾਨ, ਸਰਪੰਚ ਬਲਜਿੰਦਰ ਸਿੰਘ ਹਰਚੰਦਪੁਰ, ਰਮਨਦੀਪ ਜਵੰਧਾ, ਗਗਨ ਭਸੌੜ, ਗੁਰਮੇਲ ਸਿੰਘ ਘਨੌਰੀ, ਮਹਿਲਾ ਵਿੰਗ ਦੀ ਆਗੂ ਨਵਜੋਤ ਕੌਰ, ਕੌਂਸਲਰ ਭੂਪਿੰਦਰ ਸਿੰਘ, ਸਾਬਕਾ ਕੌਂਸਲਰ ਅਸ਼ਵਨੀ ਕੁਮਾਰ ਧੀਰ, ਦਰਸ਼ਨ ਕੁਮਾਰ ਪਾਠਕ ਆਦਿ ਹਾਜ਼ਰ ਸਨ।

# ਸੜਕ ਹਾਦਸੇ 'ਚ ਇਕ ਨੌਜਵਾਨ ਦੀ ਮੌਤ, ਦੋ ਗੰਭੀਰ ਜ਼ਖ਼ਮੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮੁੱਖ ਮਾਰਗ ਉੱਪਰ ਮਹਿਲ ਕਲਾਂ ਨੇੜੇ ਬੰਦ ਪਏ ਟੋਲ ਪਲਾਜ਼ੇ 'ਤੇ ਬੀਤੀ ਰਾਤ ਵਾਪਰੇ ਇੱਕ ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਵਿੱਚੋਂ ਇਕ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਦੋ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਏ।ਮਿਲੀ ਜਾਣਕਾਰੀ ਅਨੁਸਾਰ ਮਨਰਾਜ ਸਿੰਘ (18) ਪੁੱਤਰ ਚੰਨਪ੍ਰਤਾਪ ਸਿੰਘ ਵਾਸੀ ਅਵਾਨ ਖਾਲਸਾ (ਜਲੰਧਰ) ਆਪਣੇ ਦੇ ਸਾਥੀਆਂ ਜਗਰਾਜ ਸਿੰਘ ਤੇ ਅਸਮਨਪ੍ਰੀਤ ਸਿੰਘ ਵਾਸੀ ਸਿਧਵਾਂ ਬੇਟ ਸਮੇਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਮਾਨਸਾ ਜਾ ਰਹੇ ਸਨ।

ਜਦੋਂ ਉਹ ਮੁੱਖ ਮਾਰਗ 'ਤੇ ਮਹਿਲ ਕਲਾਂ ਟੋਲ ਪਲਾਜ਼ਾ ਨਜ਼ਦੀਕ ਪੁੱਜੇ ਤਾਂ ਸੜਕ 'ਤੇ ਬਣੇ ਡੂੰਘੇ ਖੱਡੇ 'ਚ ਮੋਟਰਸਾਈਕਲ ਇਕਦਮ ਡਿੱਗਣ ਨਾਲ ਬੇਕਾਬੂ ਹੋ ਕੇ ਹਾਦਸਾ ਗ੍ਰਸਤ ਹੋ ਗਿਆ। ਸਿੱਟੇ ਵਜੋਂ ਨੌਜਵਾਨ ਮਨਰਾਜ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਉਸ ਦੇ ਦੋ ਸਾਥੀ ਗੰਭੀਰ ਜ਼ਖ਼ਮੀ ਹੋ ਗਏ।ਥਾਣਾ ਮਹਿਲ ਕਲਾਂ ਦੇ ਏ ਐੱਸ ਆਈ ਗੁਰਮੇਲ ਸਿੰਘ ਅਨੁਸਾਰ ਮ੍ਰਿਤਕ ਨੌਜਵਾਨ ਦੇ ਪਿਤਾ ਚੰਨਪ੍ਰਤਾਪ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਪਰਚਾ ਦਰਜ ਕਰ ਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਸਹਾਇਕ ਪ੍ਰੋਫ਼ੈਸਰ ਤੇ ਲਾਇਬ੍ਰੇਰੀਅਨ ਫ਼ਰੰਟ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ



**ਸੰਗਰੂਰ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਰਿਹਾਇਸ਼ ਦੇ ਸਾਹਮਣੇ 1158 ਸਹਾਇਕ ਪ੍ਰੋਫ਼ੈਸਰ ਤੇ ਲਾਇਬ੍ਰੇਰੀਅਨ ਫ਼ਰੰਟ ਵੱਲੋਂ ਵੱਡੀ ਗਿਣਤੀ ਵਿੱਚ ਇਕੱਠ ਕਰਕੇ ਰੋਸ ਪ੍ਰਦਰਸ਼ਨ ਕਰ ਕੇ ਘਿਰਾਓ ਕੀਤਾ ਗਿਆ।ਪੰਜਾਬ ਦੇ ਸਾਰੇ ਸਰਕਾਰੀ ਕਾਲਜਾਂ ਵਿੱਚੋਂ 1158 ਭਰਤੀ ਅਧੀਨ ਕੰਮ ਕਰ ਰਹੇ ਪ੍ਰੋਫ਼ੈਸਰ ਤੇ ਲਾਇਬ੍ਰੇਰੀਅਨ ਸਮੂਹਕ ਛੁੱਟੀ ਲੈ ਕੇ ਇਸ ਪ੍ਰਦਰਸ਼ਨ ਵਿੱਚ ਪਹੁੰਚੇ। ਪ੍ਰਦਰਸ਼ਨ ਤਹਿਤ ਫ਼ਰੰਟ ਦੇ ਕਾਰਕੁਨਾਂ ਨੇ ਵੇਰਕਾ ਪਲਾਂਟ ਤੋਂ ਸ਼ੁਰੂ ਕਰਕੇ ਵੱਡੀ ਗਿਣਤੀ ਵਿੱਚ ਪੈਦਲ ਰੋਸ ਮਾਰਚ ਕੀਤਾ ਅਤੇ ਮੁੱਖ ਮੰਤਰੀ ਦੀ ਕੋਠੀ ਸਾਹਮਣੇ ਰੋਸ ਜ਼ਾਹਰ ਕਰਦਿਆਂ ਸਟੇਜ ਚਲਾਈ।

ਮੀਡੀਆ ਨਾਲ ਗੱਲਬਾਤ ਕਰਦਿਆਂ ਆਗੂ ਡਾ. ਪਰਮਜੀਤ ਸਿੰਘ ਨੇ ਦੱਸਿਆ ਕਿ ਫ਼ਰੰਟ ਦੀਆਂ ਮੰਗਾਂ ਜਿਵੇਂ ਸੁਪਰੀਮ ਕੋਰਟ ਵਿੱਚ ਭਰਤੀ ਨੂੰ ਬਚਾਉਣ ਲਈ ਸਰਕਾਰ ਰੀਵਿਊ ਤੇ ਕਿਊਰੇਟਿਵ ਪਟੀਸ਼ਨ ਦਾਇਰ ਕਰ ਕੇ ਪੁਰਜ਼ੋਰ ਪੈਰਵੀ ਕਰੇ, ਮੁੱਖ ਮੰਤਰੀ ਨਾਲ ਪੈਨਲ ਮੀਟਿੰਗ ਦਿੱਤੀ ਜਾਵੇ ਤੇ ਇਸ ਦੇ ਨਾਲ ਹੀ ਮੁੱਖ ਮੰਤਰੀ ਜਨਤਕ ਬਿਆਨ ਜਾਰੀ ਕਰ ਕੇ 1158 ਸਹਾਇਕ ਪ੍ਰੋਫ਼ੈਸਰਾਂ ਤੇ ਲਾਇਬ੍ਰੇਰੀਅਨਾਂ ਦਾ ਰੁਜ਼ਗਾਰ ਸੁਰੱਖਿਅਤ ਕਰਨ ਦਾ ਭਰੋਸਾ ਦਿਵਾਉਣ।

ਡਾ. ਮੁਹੰਮਦ ਸੋਹੇਲ ਨੇ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਵੱਲੋਂ 1158 ਸਹਾਇਕ ਪ੍ਰੋਫ਼ੈਸਰ ਤੇ ਲਾਇਬ੍ਰੇਰੀਅਨ ਭਰਤੀ ਨੂੰ ਰੱਦ ਕਰਨ ਦਾ ਫ਼ੈਸਲਾ ਬਹੁਤ ਮੰਦਭਾਗਾ ਹੈ।ਇਹ ਫ਼ੈਸਲਾ ਸਿਰਫ਼ ਇਸ ਭਰਤੀ ਦੇ ਉਮੀਦਵਾਰਾਂ ਜਾਂ ਉਨ੍ਹਾਂ ਦੇ ਪਰਵਾਰਾਂ ਖਿਲਾਫ਼ ਹੀ ਨਹੀਂ, ਬਲਕਿ ਪੰਜਾਬ ਦੀ ਉਚੇਰੀ ਸਿੱਖਿਆ ਤੇ ਵਿਦਿਆਰਥੀਆਂ ਦੇ ਭਵਿੱਖ ਖਿਲਾਫ਼ ਵੀ ਹੈ।ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਇਸ ਭਰਤੀ ਦੇ ਪੂਰ ਚੜ੍ਹਨ ਨਾਲ ਜਿੱਥੇ ਪੰਜਾਬ ਦੀ ਉਚੇਰੀ ਸਿੱਖਿਆ ਨੂੰ ਇੱਕ ਹੁਲਾਰਾ ਮਿਲਿਆ ਸੀ, ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਮੁੜ ਰੌਣਕ ਪਰਤੀ ਸੀ ਅਤੇ ਨੌਜਵਾਨਾਂ ਅੰਦਰ ਰੁਜ਼ਗਾਰ ਪ੍ਰਾਪਤੀ ਦੀ ਲੋਅ ਮਘਣ ਲੱਗੀ ਸੀ, ਇਸ ਭਰਤੀ ਦੇ ਰੱਦ ਹੋਣ ਦੇ ਫ਼ੈਸਲੇ ਨਾਲ ਸਭ ਨੂੰ ਧੱਕਾ ਲੱਗਾ ਹੈ।ਧਰਨੇ ਨੂੰ ਪ੍ਰਿਤਪਾਲ, ਜਸਵਿੰਦਰ ਕੌਰ ਤੇ ਨਿਰਭੈ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ 1158 ਭਰਤੀ ਨੂੰ ਬਚਾਉਣ ਦੇ ਸਾਰਥਕ ਯਤਨ ਨਜ਼ਰ ਨਹੀਂ ਆਉਂਦੇ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇਸ ਪ੍ਰਦਰਸ਼ਨ ਵਿੱਚ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ, ਪੀਐੱਸਯੂ ਸ਼ਹੀਦ ਰੰਧਾਵਾ, ਪੰਜਾਬ ਸਟੂਡੈਂਟਸ ਯੂਨੀਅਨ, ਪੀਐੱਸਯੂ ਲਲਕਾਰ, ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ), ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ, ਮੈਰੀਟੋਰੀਅਸ ਟੀਚਰਜ਼ ਯੂਨੀਅਨ ਦੇ ਆਗੂ ਤੇ ਮੈਂਬਰ ਸ਼ਾਮਲ ਹੋਏ।ਰੈਲੀ ਦੌਰਾਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜਸਕਰਨ ਸਿੰਘ ਨੇ ਬਾਖੂਬੀ ਨਿਭਾਈ।

# 'ਸਾਨੂੰ ਜੇ ਰੇਤਾ ਵੇਚਣਾ ਆਉਂਦਾ ਹੁੰਦਾ ਤਾਂ ਅਸੀਂ ਠੇਕੇਦਾਰ ਨਾ ਬਣ ਜਾਂਦੇ'

## ਖੇਤਾਂ 'ਚ ਆਈ ਗਾਰ, ਮਿੱਟੀ ਤੇ ਰੇਤ ਕਿਸਾਨਾਂ ਲਈ ਬਣੀ ਵੱਡੀ ਚੁਣੌਤੀ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-'ਸਰਕਾਰ ਦੀ ਨੀਤੀ ਹੈ ਕਿ ਕਿਸਾਨ ਆਪਣੇ ਖੇਤ ਵਿੱਚੋਂ ਰੇਤ ਜਾਂ ਮਿੱਟੀ ਚੁੱਕੇ ਕੇ ਵੇਚ ਸਕਦੇ ਹਨ, ਪਰ ਇਹ ਨਹੀਂ ਦੱਸਿਆ ਕਿ ਇਸ ਨੂੰ ਵੇਚਣਾ ਕਿੱਥੇ ਹੈ, ਅਸੀਂ ਕਿਸਾਨ ਹਾਂ, ਰੇਤ ਵੇਚਣ ਵਾਲੇ ਠੇਕੇਦਾਰ ਨਹੀਂ।' ਪਟਿਆਲਾ ਜ਼ਿਲ੍ਹੇ ਦੇ ਚਮਾਰੂ ਪਿੰਡ ਦੇ ਰਹਿਣ ਵਾਲੇ ਮਨਦੀਪ ਸਿੰਘ ਨੇ ਪੱਤਰਕਾਰਾਂ ਨਾਲ ਇਸ ਗੱਲ ਦਾ ਖ਼ੁਲਾਸਾ ਕਿੱਤਾ।ਉਨ੍ਹਾਂ ਦੱਸਿਆ ਕਿ ਉਹ 18 ਏਕੜ ਵਿੱਚ ਖੇਤੀ ਕਰਦੇ ਹਨ।ਉਨ੍ਹਾਂ ਦੇ ਖੇਤਾਂ ਨੂੰ ਘੱਗਰ ਨਦੀ ਦੇ ਪਾਣੀ ਦੀ ਮਾਰ ਪਈ ਹੈ ਅਤੇ ਪੂਰੀ ਦੀ ਪੂਰੀ ਫ਼ਸਲ ਤਬਾਹ ਹੋ ਗਈ ਹੈ।ਆਲਮ ਇਹ ਹੈ ਕਿ ਖੇਤਾਂ ਵਿੱਚ ਰੇਤ ਤੇ ਮਿੱਟੀ ਦੀ ਮੋਟੀ ਪਰਤ ਜੰਮ ਗਈ ਹੈ, ਜਿਸ ਨੂੰ ਹਟਾਉਣਾ ਇੱਕ ਵੱਡੀ ਚੁਣੌਤੀ ਹੈ।ਫ਼ਸਲ ਦੀ ਬਰਬਾਦੀ, ਜ਼ਮੀਨ ਵਿੱਚ ਹੜ੍ਹ ਦੇ ਪਾਣੀ ਨਾਲ ਆਈ ਮਿੱਟੀ ਅਤੇ ਰੇਤ ਨੂੰ ਹਟਾਉਣਾ, ਜ਼ਮੀਨ ਨੂੰ ਮੁੜ ਤੋਂ ਵਾਹੀ ਯੋਗ ਬਣਾਉਣ ਵਰਗੀਆਂ ਚੁਣੌਤੀਆਂ ਇਸ ਸਮੇਂ ਕਿਸਾਨਾਂ ਸਾਹਮਣੇ ਖੜ੍ਹੀਆਂ ਹਨ।ਝੋਨੇ ਦੀ ਫ਼ਸਲ ਨੂੰ ਹੜ੍ਹ ਦੇ ਪਾਣੀ ਨੇ ਪੂਰੀ ਤਰ੍ਹਾਂ ਬਰਬਾਦ ਕਰ ਦਿੱਤਾ ਹੈ।ਖੇਤਾਂ ਵਿੱਚ ਰੇਤ ਤੇ ਮਿੱਟੀ ਦੀ ਚਾਰ ਤੋਂ ਪੰਜ ਫੁੱਟ ਮੋਟੀ ਪਰਤ ਜੰਮ ਹੋ ਗਈ ਹੈ, ਜਿਸ ਵਿੱਚ ਪਾਣੀ ਅਜੇ ਵੀ ਰਿਸ ਰਿਹਾ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਉਹ ਇਸ ਮਿੱਟੀ ਜਾਂ ਰੇਤ ਨੂੰ ਵੇਚ ਨਹੀਂ ਸਕਦੇ, ਸਰਕਾਰ ਆਪ ਹੀ ਇਸ ਨੂੰ ਚੁੱਕੇ ਤੇ ਵੇਚ ਕੇ ਕਮਾਈ ਕਰੇ। ਕਿਸਾਨਾਂ ਨੇ ਦੱਸਿਆ ਕਿ ਜਿਨ੍ਹਾਂ ਕੋਲ ਇੱਕ ਟਰੈਕਟਰ ਹੈ, ਅਜਿਹੇ ਵਿੱਚ ਮਿੱਟੀ ਤੇ ਰੇਤ ਦੀ ਮੋਟੀ ਪਰਤ ਨੂੰ ਹਟਾਉਣ ਸੌਖਾ ਨਹੀਂ ਹੈ, ਇਸ ਨੂੰ ਇੱਕ ਸਾਲ ਤੋਂ ਜ਼ਿਆਦਾ ਸਮਾਂ ਲੱਗਾ ਜਾਵੇਗਾ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਇਸ ਦੌਰਾਨ ਘਰ ਦਾ ਖਰਚਾ ਕਿਵੇਂ ਚੱਲੇਗਾ।ਉਨ੍ਹਾਂ ਆਖਿਆ ਕਿ ਸਰਕਾਰ ਕਹਿੰਦੀ ਹੈ ਕਿ ਅਸੀਂ ਰੇਤ ਜਾਂ ਮਿੱਟੀ ਨੂੰ ਵੇਚ ਸਕਦੇ ਹਾਂ, ਪਰ ਸਾਡੇ ਕੋਲ ਨਾ ਤਾਂ ਅਜਿਹੀ ਮਸ਼ੀਨਰੀ ਹੈ, ਜਿਸ ਰਾਹੀਂ ਮਿੱਟੀ ਦੀ ਪਰਤ ਨੂੰ ਹਟਾਇਆ ਜਾ ਸਕੇ ਅਤੇ ਨਾ ਹੀ ਵਿੱਤੀ ਵਸੀਲੇ।ਕਿਸਾਨਾਂ ਦਾ ਕਹਿਣਾ ਹੈ ਕਿ ਹੜ੍ਹ ਦਾ ਪਾਣੀ, ਮਿੱਟੀ ਤੇ ਰੇਤ ਦੀ ਅਜਿਹੀ ਪਰਤ ਜ਼ਮੀਨ ਵਿੱਚ ਛੱਡ ਗਿਆ ਹੈ, ਜਿਸ ਦੀ ਕੋਈ ਵਰਤੋਂ ਨਹੀਂ ਹੋਣੀ, ਕਿਉਂਕਿ ਨਾ ਤਾਂ ਇਸ ਨੂੰ ਰੇਤ ਆਖ ਸਕਦੇ ਹਾਂ ਅਤੇ ਨਾ ਹੀ ਮਿੱਟੀ।

ਉਹ ਪੁੱਛਦੇ ਹਨ ਕਿ ਅਜਿਹੇ ਵਿੱਚ ਇਸ ਨੂੰ ਕੌਣ ਖ਼ਰੀਦੇਗਾ? ਕਿਉਂਕਿ ਇਸ ਦੀ ਕੋਈ ਵਰਤੋਂ ਨਹੀਂ ਹੈ।ਕਿਸਾਨਾਂ ਨੇ ਕਿਹਾ ਕਿ ਸਰਕਾਰ ਦੀਆਂ ਮਿੱਟੀ ਚੁੱਕਣ ਦੀਆਂ ਹਦਾਇਤਾਂ ਕੁਝ ਮਹੀਨਿਆਂ ਲਈ ਹੀ ਹਨ, ਪਰ ਇਸ ਮਿੱਟੀ ਨੂੰ ਸੁੱਕਣ ਵਿੱਚ ਕਾਫ਼ੀ ਸਮਾਂ ਲੱਗ ਜਾਵੇਗਾ, ਅਜਿਹੇ ਵਿੱਚ ਦੱਸੋ ਇਸ ਦਾ ਕੀ ਕੀਤਾ ਜਾਵੇ। ਕਿਸਾਨਾਂ ਦਾ ਕਹਿਣਾ ਹੈ ਕਿ ਸਥਿਤੀ ਇੰਨੀ ਜ਼ਿਆਦਾ ਖ਼ਰਾਬ ਹੈ ਕਿ ਹੜ੍ਹ ਕਾਰਨ ਉਹ ਆਰਥਿਕ ਤੌਰ ਉਤੇ ਦਸ ਸਾਲ ਪਿੱਛੇ ਚਲੇ ਗਏ ਹਨ, ਕਿਉਂਕਿ ਇੱਕ ਸਾਲ ਕੋਈ ਵੀ ਫ਼ਸਲ ਇਨ੍ਹਾਂ ਖੇਤਾਂ ਵਿੱਚ ਨਹੀਂ ਹੋਣੀ।ਉਨ੍ਹਾਂ ਆਖਿਆ ਕਿ ਸਾਨੂੰ ਸਰਕਾਰੀ ਮੁਆਵਜ਼ੇ ਦੀ ਲੋੜ ਨਹੀਂ, ਸਗੋਂ ਸਰਕਾਰ ਉਸੇ ਪੈਸੇ ਨਾਲ ਕਿਸਾਨਾਂ ਦੇ ਖੇਤ ਠੀਕ ਕਰ ਕੇ ਦੇਵੇ।ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਹੜ੍ਹ ਨੇ ਉਨ੍ਹਾਂ ਵਰਗੇ ਕਈ ਕਿਸਾਨਾਂ ਨੂੰ ਵਿੱਤੀ ਪੱਖੋਂ ਹੌਲਾ ਕਰ ਦਿੱਤਾ ਹੈ।ਉਹ ਕਹਿੰਦੇ ਹਨ, 'ਕਰਜ਼ੇ ਦਾ ਭਾਰ ਅਜੇ ਹੋਰ ਵਧੇਗਾ, ਪਹਿਲਾਂ ਕਰਜ਼ਾ ਲੈ ਕੇ ਝੋਨੇ ਦੀ ਫ਼ਸਲ ਬੀਜੀ ਸੀ, ਹੁਣ ਹੋਰ ਕਰਜ਼ਾ ਲੈ ਕੇ ਜ਼ਮੀਨ ਠੀਕ ਕਰਨੀ ਪਵੇਗੀ ਅਤੇ ਕਣਕ ਦੀ ਫ਼ਸਲ ਬਾਰੇ ਤਾਂ ਸੋਚ ਵੀ ਨਹੀਂ ਪਾ ਰਹੇ।' ਆਰਥਿਕ ਮਾਮਲਿਆਂ ਦੇ ਜਾਣਕਾਰ ਰਣਜੀਤ ਸਿੰਘ ਘੁੰਮਣ ਮੁਤਾਬਕ 'ਜਿਸ ਦਾ ਖੇਤ, ਉਸ ਦੀ ਰੇਤ' ਨਾਮਕ ਨੀਤੀ ਨਾਲ ਕਿਸਾਨਾਂ ਨੂੰ ਫ਼ਾਇਦਾ ਘੱਟ ਹੋਣ ਦੇ ਆਸਾਰ ਹਨ।

ਪੰਜਾਬ ਦੀ ਕਿਸਾਨੀ, ਕਰਜ਼ੇ ਤੇ ਖੁਦਕੁਸ਼ੀਆਂ ਉੱਤੇ ਖੋਜ ਦਾ ਕੰਮ ਕਰਨ ਵਾਲੇ ਆਰਥਿਕ ਮਾਮਲਿਆਂ ਦੇ ਜਾਣਕਾਰ ਰਣਜੀਤ ਸਿੰਘ ਘੁੰਮਣ ਮੁਤਾਬਕ ਸਾਲ 1988 ਵਿੱਚ ਆਏ ਹੜ੍ਹ ਨਾਲੋਂ ਇਸ ਵਾਰ ਸਥਿਤੀ ਗੰਭੀਰ ਹੈ।ਉਨ੍ਹਾਂ ਆਖਿਆ ਕਿ ਬੇਸ਼ੱਕ ਸਰਕਾਰ ਨੇ 'ਜਿਸ ਦਾ ਖੇਤ, ਉਸ ਦੀ ਰੇਤ' ਨਾਮਕ ਨੀਤੀ ਲਾਗੂ ਕੀਤੀ ਹੈ, ਪਰ ਇਸ ਦਾ ਕਿਸਾਨਾਂ ਨੂੰ ਫ਼ਾਇਦਾ ਘੱਟ ਹੋਣ ਦੇ ਆਸਾਰ ਹਨ, ਕਿਉਂਕਿ ਖੇਤਾਂ ਵਿੱਚ ਮਿੱਟੀ ਤੇ ਰੇਤ ਦੇ ਮਿਸ਼ਰਨ ਦੀ ਪਰਤ ਜਮ੍ਹਾਂ ਹੈ, ਉਸ ਨੂੰ ਰੇਤ ਨਹੀਂ ਆਖਿਆ ਜਾ ਸਕਦਾ ਹੈ ਅਤੇ ਨਾ ਹੀ ਇਸ ਦਾ ਕੋਈ ਖ਼ਰੀਦ ਦਾਰ ਹੈ।ਉਨ੍ਹਾਂ ਆਖਿਆ ਕਿ ਜਿੱਥੇ ਕਈ ਥਾਵਾਂ ਉੱਤੇ ਖੇਤਾਂ ਵਿੱਚ ਰੇਤ ਪਿਆ ਹੈ, ਉਹ ਵੀ ਠੀਕ ਨਹੀਂ ਕਿਉਂਕਿ ਉਸ ਦੀ ਕੁਆਲਿਟੀ ਬਹੁਤ ਮਾੜੀ ਹੈ। ਪੀੜਤ ਕਿਸਾਨਾਂ ਦਾ ਕਹਿਣਾ ਹੈ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੀਆਂ ਵਾਹੀਯੋਗ ਜ਼ਮੀਨਾਂ ਵਿੱਚ ਪੰਜ ਤੋਂ ਸੱਤ ਫੁੱਟ ਮੋਟੀ ਰੇਤ-ਮਿੱਟੀ ਦੀ ਪਰਤ ਜਮ੍ਹਾਂ ਹੈ, ਜਿਸ ਨੂੰ ਹਟਾਉਣ ਲਈ ਵੱਡੀ ਮਸ਼ੀਨਰੀ ਦੀ ਲੋੜ ਪਵੇਗੀ, ਜੋ ਕਿ ਕਿਸਾਨ ਕੋਲ ਫ਼ਿਲਹਾਲ ਨਹੀਂ ਹੈ।

ਓਧਰ, ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਮੁਤਾਬਕ, ਵਾਤਾਵਰਣ ਦੇ ਦ੍ਰਿਸ਼ਟੀਕੋਣ ਤੋਂ ਜ਼ਮੀਨ ਦੇ ਮਾਲਕ ਕਿਸਾਨ ਦੁਆਰਾ ਖੇਤੀਬਾੜੀ ਖੇਤਰ ਤੋਂ ਰੇਤ ਹਟਾਉਣ ਨੂੰ (ਜਦੋਂ ਤੱਕ ਇਹ ਸਿਰਫ਼ ਖੇਤੀਬਾੜੀ ਲਈ ਜ਼ਮੀਨ ਨੂੰ ਮੁੜ ਤਿਆਰ ਕਰਨ ਦੇ ਉਦੇਸ਼ ਨਾਲ ਕੀਤਾ ਜਾਂਦਾ ਹੈ) ਮਾਈਨਿੰਗ ਕਾਰਜ ਨਹੀਂ ਮੰਨਿਆ ਜਾਵੇਗਾ।ਪੰਜਾਬ ਸਰਕਾਰ ਵੱਲੋਂ ਹੜ੍ਹਾਂ ਤੋਂ ਬਾਅਦ ਹੁਣ ਸਫਾਈ ਮੁਹਿੰਮ ਵੀ ਸ਼ੁਰੂ ਕੀਤੀ ਜਾਵੇਗੀ।ਬਹੁਤ ਸਾਰੇ ਇਲਾਕਿਆਂ ਵਿੱਚ ਹੁਣ ਹੜ੍ਹਾਂ ਦਾ ਪਾਣੀ ਉੱਤਰ ਚੁੱਕਿਆ ਹੈ, ਪਰ ਮਿੱਟੀ, ਜਿਸ ਨੂੰ ਸਿਲਟ ਕਿਹਾ ਜਾਂਦਾ ਹੈ, ਉਹ ਪਿੰਡਾਂ ਤੇ ਕਸਬਿਆਂ ਵਿੱਚ ਫੈਲੀ ਹੋਈ ਹੈ।

ਜਨ-ਜੀਵਨ ਨੂੰ ਲੀਹ ਉੱਤੇ ਲਿਆਉਣ ਵਾਸਤੇ ਅਸੀਂ ਸਫਾਈ ਮੁਹਿੰਮ ਸ਼ੁਰੂ ਕਰ ਰਹੇ ਹਾਂ।ਇਸ ਮੁਹਿੰਮ ਤਹਿਤ ਪਹਿਲਾਂ ਹੜ੍ਹਾਂ ਨਾਲ ਪ੍ਰਭਾਵਿਤ ਲਗਭਗ 2300 ਪਿੰਡ ਤੇ ਵਾਰਡ ਲਏ ਜਾਣਗੇ।ਹਰ ਪਿੰਡ ਵਿੱਚ ਇੱਕ ਜੇਸੀਬੀ ਇੱਕ ਟਰੈਕਟਰ-ਟਰਾਲੀ ਤੇ ਲੇਬਰ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਵੇਗਾ।ਹਰ ਪਿੰਡ ਵਿੱਚੋਂ ਮਿੱਟੀ, ਮਲਬਾ ਜਾਂ ਹੜ੍ਹਾਂ ਵਿੱਚ ਵਹਿ ਕੇ ਆਈਆਂ ਚੀਜ਼ਾਂ ਨੂੰ ਸਾਫ ਕੀਤਾ ਜਾਵੇਗਾ।ਇਸ ਮੁਹਿੰਮ ਲਈ ਸਰਕਾਰ ਨੇ 100 ਕਰੋੜ ਰੁਪਏ ਰੱਖੇ ਹਨ। ਇੱਕ-ਇੱਕ ਲੱਖ ਰੁਪਏ ਪਹਿਲਾਂ ਪਿੰਡਾਂ ਨੂੰ ਦਿੱਤਾ ਜਾਵੇਗਾ ਤੇ ਫਿਰ ਲੋੜ ਮੁਤਾਬਕ ਉਨ੍ਹਾਂ ਨੂੰ ਪੈਸੇ ਦਿੱਤੇ ਜਾਣਗੇ।ਸਾਫ ਸਫਾਈ ਦਾ ਸਾਰਾ ਖ਼ਰਚਾ ਪੰਜਾਬ ਸਰਕਾਰ ਕਰੇਗੀ।24-25 ਸਤੰਬਰ ਤੱਕ ਮਿੱਟੀ ਤੇ ਮਲਬਾ ਸਾਫ ਕਰਨ ਦਾ ਕੰਮ ਨਬੇੜ ਲਿਆ ਜਾਵੇਗਾ, ਕਿਉਂਕਿ ਸਾਡੇ ਕੋਲ ਹੁਣ ਜ਼ਿਆਦਾ ਸਮਾਂ ਨਹੀਂ ਹੈ, ਅਗਲੀ ਫਸਲ ਬੀਜਣ ਦੀ ਤਿਆਰੀ ਕਰਨੀ ਹੈ।

# ਬਰੈਂਪਟਨ ਵਿਖੇ ਚੇਤਨਾ ਪ੍ਰਕਾਸ਼ਨ ਵੱਲੋਂ ਪੰਜਾਬੀ ਪੁਸਤਕਾਂ ਦਾ ਪੰਦਰਾ ਰੋਜ਼ਾ ਮੇਲਾ ਸ਼ੁਰੂ

## ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਨੇ ਕੀਤਾ ਉਦਘਾਟਨ




**ਲੁਧਿਆਣਾ (ਰੈਕਟਰ ਕਥੂਰੀਆ)**
ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ ਦੇ ਸਹਿਯੋਗੀ ਅਦਾਰੇ ਗੁਲਾਟੀ ਪਬਲਿਸ਼ਰਜ਼ ਵੱਲੋਂ ਵਿਸ਼ਵ ਪੰਜਾਬੀ ਭਵਨ ਬਰੈਂਪਟਨ (ਕੈਨੇਡਾ) ਵਿਖੇ ਵਿਸ਼ਵ ਪੰਜਾਬੀ ਸਭਾ ਦੇ ਸਹਿਯੋਗ ਨਾਲ ਪੰਦਰਾਂ ਰੋਜ਼ਾ ਵਿਸ਼ਾਲ ਪੁਸਤਕ ਮੇਲਾ ਲਗਾਇਆ ਗਿਆ ਹੈ, ਜਿਸ ਦਾ ਉਦਘਾਟਨ ਵਿਸ਼ਵ ਪੰਜਾਬੀ ਸਭਾ ਦੇ ਆਲਮੀ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਕੀਤਾ। ਪ੍ਰਦਰਸ਼ਨੀ ਦੇ ਮੁੱਖ ਪ੍ਰਬੰਧਕ ਸਤੀਸ਼ ਗੁਲਾਟੀ ਨੇ ਦੱਸਿਆ ਕਿ ਇਸ ਪ੍ਰਦਰਸ਼ਨੀ ਵਿੱਚ ਪੰਜ ਸੌ ਨਵੇਂ ਟਾਈਟਲ ਸ਼ਾਮਲ ਕੀਤੇ ਗਏ ਹਨ।ਪ੍ਰਦਰਸ਼ਨੀ ਦੇ ਉਦਘਾਟਨ ਮੌਕੇ ਬਰੈਂਪਟਨ ਕੈਨੇਡਾ ਵਸਦੇ ਪੰਜਾਬੀਆਂ ਨੇ ਭਾਰੀ ਉਤਸ਼ਾਹ ਦਿਖਾਇਆ ਤੇ ਕਿਤਾਬਾਂ ਖ਼ਰੀਦਣ ਵਿੱਚ ਪਹਿਲ ਕੀਤੀ।ਇਸ ਮੌਕੇ ਪੰਜਾਬੀ ਲੇਖਕ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਕਿਹਾ ਕਿ ਕਿਤਾਬਾਂ ਹੀ ਮਹਾਨ ਮਨੁੱਖੀ ਗਿਆਨ ਮਈ ਤਰੰਗਾਂ ਨੂੰ ਸ਼ਬਦਾਂ ਵਿਚ ਉਕਰ ਕੇ ਸਾਡੇ ਸਮਾਜ ਅੱਗੇ ਪੜ੍ਹਨ ਲਈ ਪਰੋਸਦੀਆਂ ਹਨ।ਗੁਰਦਾਸਪੁਰ ਤੋਂ ਕੈਨੇਡਾ ਗਏ ਪੰਜਾਬੀ ਕਵੀ ਮੱਖਣ ਕੋਹਾੜ ਨੇ ਕਿਹਾ ਕਿ ਚੇਤਨਾ ਪ੍ਰਕਾਸ਼ਨ ਦੇ ਮਾਲਕ ਸਤੀਸ਼ ਗੁਲਾਟੀ ਵਧਾਈ ਦੇ ਪਾਤਰ ਹਨ, ਜੋ ਹਰ ਸਾਲ ਪੰਜਾਬ ਤੋਂ ਇੱਥੇ ਪਹੁੰਚ ਕੇ ਪ੍ਰਦਰਸ਼ਨੀ ਲਗਾਉਂਦੇ ਹਨ ਅਤੇ ਪੰਜਾਬੀਆਂ ਦੇ ਗਿਆਨ ਦਾ ਦਾਇਰਾ ਵਧਾਉਣ ਵਿੱਚ ਯੋਗਦਾਨ ਪਾਉਂਦੇ ਹਨ।ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਉਦਘਾਟਨ ਕਰਨ ਉਪਰੰਤ ਕਿਹਾ ਕਿ ਕੈਨੇਡਾ ਵਿੱਚ ਪੁਸਤਕ ਮੇਲੇ ਲੱਗਣੇ ਇਸ ਲਈ ਵੀ ਜ਼ਰੂਰੀ ਹਨ ਕਿ ਪੰਜਾਬੀਆਂ ਨੂੰ ਭਾਸ਼ਾ ਤੇ ਵਿਰਾਸਤ ਨਾਲ ਜੋੜ ਕੇ ਰੱਖਿਆ ਜਾ ਸਕੇ।ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਸਾਹਮਣੇ ਅਸੀਂ ਮੰਗ ਉਠਾ ਰਹੇ ਹਾਂ ਕਿ ਸਕੂਲਾਂ ਵਿੱਚ ਪੰਜਾਬੀ ਪੜ੍ਹਾਏ ਜਾਣ ਦੇ ਪ੍ਰਬੰਧ ਕੀਤੇ ਜਾਣ।ਉਨ੍ਹਾਂ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਦਾ ਸੁਝਾਅ ਪ੍ਰਵਾਨ ਕਰਦਿਆਂ ਇਸ ਪੁਸਤਕ ਮੇਲੇ ਨੂੰ ਸਭਾ ਦੇ ਸਾਲਾਨਾ ਕੈਲੰਡਰ ਵਿੱਚ ਸ਼ਾਮਲ ਕੀਤਾ ਜਾਵੇਗਾ।ਇਸ ਮੌਕੇ ਉੱਘੇ ਨਾਟਕਕਾਰ ਬਲਜਿੰਦਰ ਲੇਲਨਾ ਤੇ ਵਿਸ਼ਵ ਪੰਜਾਬੀ ਸਭਾ ਦੇ ਭਾਰਤੀ ਚੈਪਟਰ ਦੀ ਪ੍ਰਧਾਨ ਬਲਵੀਰ ਕੌਰ ਰਾਏਕੋਟੀ ਨੇ ਕਿਹਾ ਕਿ ਕਿਤਾਬਾਂ ਸਾਡੀ ਸੱਭਿਆਚਾਰਕ ਪਛਾਣ ਨੂੰ ਕਾਇਮ ਰੱਖਣ ਵਿੱਚ ਸਹਾਈ ਹਨ ਤੇ ਹਰ ਪੰਜਾਬੀ ਆਪਣੇ ਘਰ ਵਿੱਚ ਲਾਇਬ੍ਰੇਰੀ ਬਣਾਉਣੀ ਚਾਹੀਦੀ ਹੈ।ਇਸ ਮੌਕੇ ਪਾਕਿਸਤਾਨ ਤੋਂ ਆਈ ਕਵਿੱਤਰੀ ਤਾਹਿਰਾ ਸਰਾ, ਲੋਕ ਗਾਇਕ ਹਸਨੈਨ ਅਕਬਰ (ਬਾਬਾ ਗਰੁੱਪ), ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਤੀਨਿਧ ਲੇਖਕ ਮੱਖਣ ਕੋਹਾੜ ਗੁਰਦਾਸਪੁਰ, ਡਾ. ਦਰਸ਼ਨਦੀਪ, ਸਰਬਜੀਤ ਕੌਰ, ਰਾਜਿੰਦਰ ਸਿੰਘ, ਨਾਟਕਕਾਰ ਨਾਹਰ ਸਿੰਘ ਔਜਲਾ, ਡਾ. ਪ੍ਰਗਟ ਸਿੰਘ ਬੱਗਾ, ਹੀਰਾ ਸਿੰਘ ਰੰਧਾਵਾ, ਜਸਵਿੰਦਰ ਸਿੰਘ ਬਿੱਟਾ, ਸਤਿਬੀਰ ਸਿੰਘ ਸਿੱਧੂ, ਹੰਸਪਾਲ ਸਰਬਜੀਤ ਕੌਰ ਕੋਹਲੀ, ਪਰਮਜੀਤ ਸਿੰਘ ਵਿਰਦੀ ਆਦਿ ਨੇ ਕਿਤਾਬਾਂ ਬਾਰੇ ਵਿਚਾਰ ਸਾਂਝੇ ਕੀਤੇ।ਪੁਸਤਕ ਮੇਲੇ ਦੇ ਮੁੱਖ ਪ੍ਰਬੰਧਕ ਤੇ ਪੰਜਾਬੀ ਕਵੀ ਸਤੀਸ਼ ਗੁਲਾਟੀ ਨੇ ਵਿਸ਼ਵ ਪੰਜਾਬੀ ਸਭਾ ਦੇ ਸਹਿਯੋਗ ਤੇ ਵਿਸ਼ਵ ਪੰਜਾਬੀ ਭਵਨ ਦੀ ਵਰਤੋਂ ਲਈ ਡਾ. ਕਥੂਰੀਆ ਦਾ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਇਸ ਪੁਸਤਕ ਮੇਲੇ ਵਿੱਚ ਲਗਪਗ ਤਿੰਨ ਸੌ ਲੇਖਕਾਂ ਦੀਆਂ ਪੁਸਤਕਾਂ ਸ਼ਾਮਲ ਹਨ।

## ਸੀਵਰੇਜ ਦੇ ਢੱਕਣ ਨਾ ਹੋਣ ਕਰਕੇ ਵੱਡੇ ਹਾਦਸੇ ਦਾ ਖਦਸ਼ਾ



ਬਰੇਟਾ (ਰੀਤਵਾਲ)-ਸਥਾਨਕ ਸ਼ਹਿਰ ਬਰੇਟਾ ਅੰਦਰ ਜਿੱਥੇ ਸੜਕਾਂ ਗਲੀਆਂ ਦਾ ਬੁਰਾ ਹਾਲ ਹੈ, ਉੱਥੇ ਬੱਸ ਸਟੈਂਡ ਰੋਡ ਨੇੜੇ ਭਾਈ ਘਨੱਈਆ ਗੁਰਦੁਆਰਾ ਸਾਹਿਬ ਕੋਲ ਸੀਵਰੇਜ ਦੇ ਦੋ ਢੱਕਣ ਪਿਛਲੇ ਲੰਮੇ ਸਮੇਂ ਤੋਂ ਟੁੱਟੇ ਪਏ ਹਨ, ਜਿੱਥੇ ਬੱਸਾਂ ਦੀ ਆਵਾਜਾਈ ਸਾਰਾ ਦਿਨ ਬਣੀ ਰਹਿੰਦੀ ਹੈ ਅਤੇ ਹੋਰ ਵੀ ਸਾਧਨ ਚੱਲਦੇ ਹਨ।ਲੋਕਾਂ ਨੂੰ ਲੰਘਣ ਵੇਲੇ ਤੇ ਸਾਈਡ ਦੇਣ ਵੇਲੇ ਬਹੁਤ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ, ਉੱਥੇ ਦੇ ਵਸਨੀਕ ਜੋਗਿੰਦਰ ਸਿੰਘ ਨੇ ਦੱਸਿਆ ਕਿ ਕਿਸੇ ਵੇਲੇ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ।ਇਸ ਸਮੱਸਿਆ ਸੰਬੰਧੀ ਸੀਵਰੇਜ ਦੇ ਅਧਿਕਾਰੀਆਂ ਨੂੰ ਕਈ ਵਾਰੀ ਦੱਸਿਆ ਜਾ ਚੁੱਕਿਆ ਹੈ, ਪਰ ਕਿਸੇ ਦੇ ਕੰਨ 'ਤੇ ਕੋਈ ਜੂੰ ਨਹੀਂ ਸਰਕੀ।ਵਰਨਣਯੋਗ ਹੈ ਕਿ ਇਹ ਰਸਤਾ ਨਗਰ ਕੌਂਸਲ ਦੇ ਪ੍ਰਧਾਨ ਗਾਂਧੀ ਰਾਮ ਦੇ ਵਾਰਡ ਨੰਬਰ ਵਿੱਚ ਪੈਂਦਾ ਹੈ।ਜਦੋਂ ਇਸ ਸੰਬੰਧੀ ਸੀਵਰੇਜ ਮਹਿਕਮੇ ਦੇ ਮੁਲਾਜ਼ਮ ਕੁਲਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ, ਜਦੋਂ ਵੀ ਨਵੇਂ ਢੱਕਣ ਆ ਗਏ ਤਾਂ ਜਲਦ ਹੀ ਠੀਕ ਹੋ ਜਾਵੇਗਾ।

## ਸਰਵਤਰਾ ਸਿੱਖਿਆ ਸਮਿਤੀ ਨੇ ਵੰਡੇ ਨਿਯੁਕਤੀ ਪੱਤਰ



ਮਾਨਸਾ/ਬੁਢਲਾਡਾ (ਪਮਾਰ/ਲਾਕੜਾ)-ਸਰਵਤਰਾ ਸਿੱਖਿਆ ਸਮਿਤੀ ਨੇ ਲਖਵਿੰਦਰ ਸਿੰਘ ਨੂੰ ਪੰਜਾਬ ਰਾਜ ਦੇ ਸੰਗਰੂਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪ੍ਰੋਜੈਕਟ ਕੰਟਰੋਲ ਅਫ਼ਸਰ ਵਜੋਂ ਨਿਯੁਕਤ ਕੀਤਾ ਗਿਆ ਹੈ, ਜਿਨ੍ਹਾਂ ਨੂੰ ਨਿਯੁਕਤੀ ਪੱਤਰ ਉੱਤਮ ਸਿੰਘ ਮੰਡਲ ਪ੍ਰੋਜੈਕਟ ਕੰਟਰੋਲ ਅਫ਼ਸਰ ਵੱਲੋਂ ਦਿੱਤਾ ਗਿਆ। ਇਹ ਨਿਯੁਕਤੀ ਪੱਤਰ ਸਟੇਟ ਪ੍ਰੋਜੈਕਟ ਡਾਇਰੈਕਟਰ ਸੁਖਰਾਮ ਸਿੰਘ ਦੀ ਮੌਜੂਦਗੀ ਵਿੱਚ ਦਿੱਤੇ ਗਏ।ਇਸ ਮੌਕੇ ਸੁਖਦੀਪ ਸਿੰਘ, ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਮਾਨਤਾ ਪ੍ਰਾਪਤ ਸੱਭਿਆਚਾਰ ਮੰਤਰਾਲਾ ਭਾਰਤ ਸਰਕਾਰ ਵੱਲੋਂ ਸਰਵਤਰਾ ਸਿੱਖਿਆ ਸਮਿਤੀ ਪੰਜਾਬ ਦੇ ਸਰਕਾਰੀ ਤੇ ਨਿੱਜੀ ਪ੍ਰਾਇਮਰੀ ਸਕੂਲਾਂ ਵਿੱਚ ਸੰਸਕਾਰ ਅਧਿਆਪਕਾਂ ਦੀ ਭਰਤੀ ਕਰ ਰਹੀ ਹੈ, ਜਿਸ 'ਚ 12ਵੀਂ ਪਾਸ ਯੋਗਤਾ ਵਾਲੇ ਅਪਲਾਈ ਕਰ ਸਕਦੇ ਹਨ ਤੇ ਰੋਜ਼ਾਨਾ 2 ਘੰਟੇ ਪੜ੍ਹਾਉਣ ਲਈ 9240 ਰੁਪਏ ਦੀ ਰਾਸ਼ੀ ਮਿਲਣਯੋਗ ਹੋਵੇਗੀ।ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਵੀ ਸੰਸਕਾਰ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਵੇਗੀ।ਇਹ ਅਧਿਆਪਕ ਬੱਚਿਆਂ ਨੂੰ ਸਿੱਖਿਆ ਦੇ ਨਾਲ-ਨਾਲ ਸੱਭਿਆਚਾਰ, ਮਾਣ ਤੇ ਨੈਤਿਕ ਕਦਰਾਂ-ਕੀਮਤਾਂ ਬਾਰੇ ਵੀ ਸਿੱਖਿਆ ਦੇਣਗੇ।ਇਹ ਪ੍ਰੋਜੈਕਟ ਸਕੂਲੀ ਸਿੱਖਿਆ ਤੇ ਸਾਖਰਤਾ ਮਿਸ਼ਨ ਅਧੀਨ ਚਲਾਇਆ ਜਾਵੇਗਾ।ਸੱਭਿਆਚਾਰ ਮੰਤਰਾਲਾ ਵੀ ਇਸ ਦਾ ਸਮਰਥਨ ਕਰੇਗਾ।ਨਿਯੁਕਤੀ ਲਈ ਬਿਨੈਕਾਰ ਦੀ ਉਮਰ 18 ਤੋਂ 42 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।ਯੋਜਨਾ ਦੀ ਨਿਗਰਾਨੀ ਲਈ 7 ਮੈਂਬਰੀ ਕਮੇਟੀ ਬਣਾਈ ਜਾਵੇਗੀ।ਇਸ ਦੇ ਮੈਂਬਰ ਵੀ 12ਵੀਂ ਪਾਸ ਹੋਣਗੇ ਤੇ ਸਮਾਜ ਸੇਵਾ ਨਾਲ ਜੁੜੇ ਹੋਣਗੇ।ਇਹ ਕਮੇਟੀ ਐੱਸ ਐੱਮ ਸੀ ਤੋਂ ਵੱਖਰੀ ਹੋਵੇਗੀ, ਪ੍ਰੰਤੂ ਐੱਸ ਐੱਮ ਸੀ ਮੈਂਬਰ ਵੀ ਇਸ 'ਚ ਸ਼ਾਮਲ ਹੋ ਸਕਦੇ ਹਨ।ਇਸ ਲਈ ਉਨ੍ਹਾਂ ਨੂੰ ਵੀ ਵਿੱਦਿਅਕ ਮਾਪਦੰਡ ਪੂਰੇ ਕਰਨੇ ਪੈਣਗੇ।

## ਇੰਡੀਅਨ ਆਰਮੀ ਵੱਲੋਂ ਵੈਟਰਨਜ਼ ਤੇ ਵੀਰ ਨਾਰੀਆਂ ਲਈ ਮੈਡੀਕਲ ਕੈਂਪ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਭਾਰਤੀ ਫੌਜ ਨੇ ਆਪਣੇ ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਪਰਵਾਰਾਂ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਯਤਨ ਕਰਦੇ ਹੋਏ ਈਐੱਸਐੱਮ ਤੇ ਵੀਰ ਨਾਰੀਆਂ ਲਈ ਇੱਕ ਵਿਸ਼ੇਸ਼ ਮੈਡੀਕਲ ਕੈਂਪ ਦਾ ਆਯੋਜਨ ਕੀਤਾ।ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋ ਵਿਖੇ ਮੈਡੀਕਲ ਕੈਂਪ ਸ਼ਪਤ ਸ਼ਕਤੀ ਕਮਾਂਡ ਦੇ ਬਲੈਕ ਚਾਰਜਰ ਬ੍ਰਿਗੇਡ ਦੁਆਰਾ ਕਰਵਾਇਆ ਗਿਆ ਸੀ, ਜਿੱਥੇ ਫੌਜ ਦੇ ਡਾਕਟਰਾਂ ਤੇ ਏਮਜ਼ ਬਠਿੰਡਾ ਦੇ ਮਾਹਰਾਂ ਦੀ ਇੱਕ ਸਮਰਪਤ ਟੀਮ ਨੇ ਸਾਬਕਾ ਸੈਨਿਕਾਂ ਨੂੰ ਡਾਕਟਰੀ ਦੇਖਭਾਲ ਪ੍ਰਦਾਨ ਕੀਤੀ।ਇਸ ਕੈਂਪ 'ਚ ਫੌਜ ਨੇ ਵੀਰ ਨਾਰੀਆਂ ਤੇ ਵੀਰ ਮਾਤਾਵਾਂ ਨੂੰ ਉਨ੍ਹਾਂ ਦੇ ਬਲੀਦਾਨ ਲਈ, ਏਮਜ਼ ਬਠਿੰਡਾ ਦੇ ਡੀਨ ਪ੍ਰੋਫੈਸਰ ਡਾ. ਅਖਿਲੇਸ਼ ਪਾਠਕ ਸਮੇਤ ਮਾਹਰ ਡਾਕਟਰਾਂ ਨੂੰ ਉਨ੍ਹਾਂ ਦੇ ਬੇਮਿਸਾਲ ਸਮਰਥਨ ਲਈ ਅਤੇ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀ ਪ੍ਰੋ. ਸ਼ਾਲਨੀ ਸਾਹਿਗਲ ਨੂੰ ਸਾਰਾ ਸਥਾਨ ਦੇਣ ਲਈ ਸਨਮਾਨਤ ਕੀਤਾ।

## ਪੰਜਾਬ ਮਹਿਲਾ ਕਾਂਗਰਸ ਪ੍ਰਧਾਨ ਨੇ ਘਿਓਰਾ 'ਚ ਵੰਡੀ ਰਾਹਤ ਸਮੱਗਰੀ



ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਪਿਛਲੇ ਦਿਨੀਂ ਬਰਸਾਤਾਂ, ਖਰਾਬ ਮੌਸਮ ਤੇ ਹੜ੍ਹਾਂ ਨਾਲ ਹੋਏ ਨੁਕਸਾਨ ਨੂੰ ਧਿਆਨ ਵਿੱਚ ਰੱਖਦਿਆਂ ਹਲਕਾ ਸਮਾਣਾ ਦੇ ਪਿੰਡ ਘਿਓਰਾ ਵਿਖੇ ਸੈਂਕੜੇ ਲੋੜਵੰਦ ਬੀਬੀਆਂ, ਬੇਟੀਆਂ ਤੇ ਵਿਧਵਾ ਔਰਤਾਂ ਨੂੰ ਕੰਬਲ, ਤਰਪਾਲਾਂ ਤੇ ਹੋਰ ਲੋੜੀਂਦਾ ਸਾਮਾਨ ਜਿਵੇਂ ਰਾਸ਼ਨ ਆਦਿ ਵੰਡਿਆ।ਗੁਰਸ਼ਰਨ ਕੌਰ ਰੰਧਾਵਾ ਨੇ ਦੱਸਿਆ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਤੇ ਮਹਿਲਾ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਅਲਕਾ ਲਾਂਬਾ ਜੀ ਦੇ ਦਿਸ਼ਾ ਨਿਰਦੇਸ਼ਾਂ 'ਤੇ ਉਹ ਅੱਜ ਹਲਕਾ ਸਮਾਣਾ ਦੇ ਪਿੰਡ ਘਿਓਰਾ ਵਿਖੇ ਅਤਿ ਲੋੜਵੰਦ ਪਰਵਾਰਾਂ ਨੂੰ ਹੜ੍ਹ ਰਾਹਤ ਸਮੱਗਰੀ ਦੇਣ ਆਏ ਹਨ।ਉਨ੍ਹਾਂ ਕਿਹਾ ਕਿ ਉਹ ਇਸ ਪਿੰਡ ਨਾਲ 25 ਸਾਲ ਦੇ ਲੰਬੇ ਸਮੇਂ ਤੋਂ ਜੁੜੇ ਹੋਏ ਹਨ ਤੇ ਆਪਣੇ ਜ਼ਿਲ੍ਹਾ ਪ੍ਰੀਸ਼ਦ ਦੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਪਿੰਡ ਦੇ ਹਲਾਤਾਂ ਨੂੰ ਮੁੱਖ ਰੱਖਦਿਆਂ ਕਈ ਗਰੀਬ ਲੋਕਾਂ ਦੇ ਮਕਾਨ ਪੱਕੇ ਕਰਾਏ ਤੇ ਹਮੇਸ਼ਾ ਲੋੜਵੰਦਾਂ ਦੇ ਨਾਲ ਖੜੇ ਹਨ।ਇਸ ਮੌਕੇ ਉਨ੍ਹਾਂ ਨਾਲ ਪਿੰਡ ਵਾਸੀ ਬੂਟਾ ਸਿੰਘ ਘਿਓਰਾ ਵਾਈਸ ਪ੍ਰਧਾਨ ਕਾਂਗਰਸ ਐੱਸਸੀ ਸੈੱਲ (ਦਿਹਾਤੀ), ਅਮਨਦੀਪ ਸਿੰਘ, ਰਾਜਵਿੰਦਰ ਸਿੰਘ ਖਾਲਸਾ, ਗੁਲਾਬ ਸਿੰਘ, ਜਗਤਾਰ ਸਿੰਘ, ਸ਼ਕਤੀਬੀਰ ਭੁੱਲਰ ਵੀ ਹਾਜ਼ਰ ਸਨ।

## ਸਰਕਾਰੀ ਕਾਲਜ ਵਿਖੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ



ਲੁਧਿਆਣਾ (ਰੈਕਟਰ ਕਥੂਰੀਆ)-ਸਰਕਾਰੀ ਕਾਲਜ ਲੜਕੀਆਂ ਲੁਧਿਆਣਾ ਵਿਖੇ ਨੈਸ਼ਨਲ ਟਾਸਕ ਫੋਰਸ ਦੀ ਪਹਿਲਕਦਮੀ ਤਹਿਤ 'ਮਾਨਸਿਕ ਸਿਹਤ ਜਾਗਰੂਕਤਾ' ਵਿਸ਼ੇ 'ਤੇ ਇੱਕ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ।ਇਸ ਸਮਾਗਮ ਦਾ ਉਦੇਸ਼ ਵਿਦਿਆਰਥਣਾਂ ਨੂੰ ਮਾਨਸਿਕ ਤੰਦਰੁਸਤੀ ਦੀ ਮਹੱਤਤਾ ਬਾਰੇ ਸੰਵੇਦਨਸ਼ੀਲ ਬਣਾਉਣਾ ਤੇ ਇਸ ਮਹੱਤਵਪੂਰਨ ਵਿਸ਼ੇ 'ਤੇ ਰਚਨਾਤਮਕ ਪ੍ਰਗਟਾਵੇ ਨੂੰ ਉਤਸ਼ਾਹਤ ਕਰਨਾ ਸੀ।ਇਸ ਮੁਕਾਬਲੇ ਦੀ ਸ਼ੁਰੂਆਤ ਪ੍ਰਿੰਸੀਪਲ ਸ੍ਰੀਮਤੀ ਸੁਮਨ ਲਤਾ ਵੱਲੋਂ ਭਾਗੀਦਾਰਾਂ ਦੇ ਯਤਨਾਂ ਦੀ ਸ਼ਲਾਘਾ ਨਾਲ ਕੀਤੀ ਗਈ।ਉਨ੍ਹਾਂ ਭਾਗੀਦਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਦੇ ਸੰਸਾਰ ਵਿੱਚ ਮਾਨਸਿਕ ਸਿਹਤ ਪ੍ਰਤੀ ਨਿਰੰਤਰ ਜਾਗਰੂਕਤਾ ਦੀ ਲੋੜ ਹੈ।ਇਸ ਪ੍ਰੋਗਰਾਮ ਦੀ ਅਗਵਾਈ ਪ੍ਰੋ. ਮਨਦੀਪ, ਜੋ ਮਨੋਵਿਗਿਆਨ ਸੈੱਲ ਦੇ ਕਨਵੀਨਰ ਹਨ, ਨੇ ਕੀਤੀ, ਜਿਸ ਵਿੱਚ ਟੀਮ ਮੈਂਬਰਾਂ ਪ੍ਰੋ. ਕਿਰਨ ਗੁਪਤਾ, ਪ੍ਰੋ. ਹਰਲੀਨ ਕੌਰ ਤੇ ਪ੍ਰੋ. ਪ੍ਰਿਯੰਕਾ ਦਾ ਸਰਗਰਮ ਯੋਗਦਾਨ ਰਿਹਾ।ਇਸ ਸਮਾਗਮ ਵਿੱਚ ਵਿਦਿਆਰਥਣਾਂ ਨੇ ਆਪਣੀ ਚਿੱਤਰਕਲਾ ਰਾਹੀਂ ਭੇਦਭਾਵ ਨੂੰ ਦੂਰ ਕਰਨ ਤੇ ਸਕਾਰਾਤਮਕਤਾ ਫੈਲਾਉਣ ਜਿਹੇ ਸ਼ਕਤੀਸ਼ਾਲੀ ਸੰਦੇਸ਼ ਪ੍ਰਗਟ ਕੀਤੇ।

## ਹੀਰੇ ਵੈੱਲਫੇਅਰ ਕਲੱਬ ਦੇ ਅਹੁਦੇਦਾਰਾਂ ਦਾ ਐਲਾਨ



ਕੋਟਕਪੂਰਾ (ਰਛਪਾਲ ਭੁੱਲਰ)-ਹੀਰੇ ਵੈੱਲਫੇਅਰ ਕਲੱਬ ਦੀ ਅਹਿਮ ਜਨਰਲ ਮੀਟਿੰਗ ਸਥਾਨਕ ਹੋਟਲ ਵਿੱਚ ਪ੍ਰਧਾਨ ਸੰਦੀਪ ਕਟਾਰੀਆ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਲੱਬ ਵੱਲੋਂ ਬੀਤੇ ਵਿੱਚ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਉੱਪਰ ਤਸੱਲੀ ਪ੍ਰਗਟ ਕੀਤੀ ਗਈ।ਮੰਚ ਸੰਚਾਲਨ ਕਰਦਿਆਂ ਦਲਜਿੰਦਰ ਸਿੰਘ ਸੰਧੂ ਵੱਲੋਂ ਕਲੱਬ ਦੀਆਂ ਪ੍ਰਾਪਤੀਆਂ ਉੱਪਰ ਚਾਨਣਾ ਪਾਇਆ ਗਿਆ।ਉਪਰੰਤ ਪ੍ਰਧਾਨ ਵੱਲੋਂ ਆਪਣੇ ਅਖਤਿਆਰ ਵਰਤਦਿਆਂ ਟੀਮ ਦਾ ਐਲਾਨ ਕੀਤਾ ਗਿਆ।ਟੀਮ ਵਿੱਚ ਚੀਫ ਪੈਟਰਨ ਦਰਸ਼ਨ ਸਿੰਘ ਸੰਧੂ, ਮੁੱਖ ਸੰਸਥਾਪਕ ਰਾਜਿੰਦਰ ਸਿੰਘ ਸਰਾਂ, ਚੀਫ ਸਪੋਕਸਮੈਨ ਬਿੱਟਾ ਨਰੂਲਾ, ਚੇਅਰਮੈਨ ਦਲਜਿੰਦਰ ਸਿੰਘ ਸੰਧੂ, ਸੀਨੀਅਰ ਵਾਈਸ ਚੇਅਰਮੈਨ ਗੁਰਦੀਪ ਸਿੰਘ ਮੈਨੇਜਰ, ਜੂਨੀਅਰ ਵਾਈਸ ਚੇਅਰਮੈਨ ਲਕਸ਼ਮਣ ਮਹਿਰਾ, ਚੇਅਰਮੈਨ ਐੱਨ ਆਰ ਆਈ ਵਿੰਗ ਨਛੱਤਰ ਸਿੰਘ ਇੰਸਪੈਕਟਰ, ਸੀਨੀਅਰ ਮੀਤ ਪ੍ਰਧਾਨ ਮਨਤਾਰ ਸਿੰਘ ਮੱਕੜ, ਮੀਤ ਪ੍ਰਧਾਨ ਕੈਪਟਨ ਜਰਨੈਲ ਸਿੰਘ ਮਾਨ, ਜਨਰਲ ਸਕੱਤਰ ਗੋਪਾਲ ਕ੍ਰਿਸ਼ਨ ਵੋਹਰਾ, ਐਡੀ. ਜਨਰਲ ਸਕੱਤਰ ਗੁਰਵੀਰ ਕਰਨ ਸਿੰਘ ਢਿੱਲੋਂ, ਕੈਸ਼ੀਅਰ ਕੌਂਸਲ ਪ੍ਰਕਾਸ਼ ਬਾਂਸਲ, ਐਡੀ. ਕੈਸ਼ੀਅਰ ਸੁਰਿੰਦਰ ਸਿੰਘ ਰਾਮਗੜ੍ਹੀਆ, ਐਡੀਟਰ ਬਸੰਤ ਕੁਮਾਰ ਮੈਨੇਜਰ, ਮੀਤ ਪ੍ਰਧਾਨ ਬਲਵੀਰ ਸਿੰਘ ਤੱਗੜ, ਮੀਤ ਪ੍ਰਧਾਨ, ਕਮਲ ਰਾਜਪੂਤ, ਮੀਤ ਪ੍ਰਧਾਨ ਜੋਗਿੰਦਰ ਸਿੰਘ ਮੱਕੜ, ਪ੍ਰੈੱਸ ਸਕੱਤਰ ਸੰਜੀਵ ਧੀਂਗੜਾ ਬਣਾਏ ਗਏ।ਪ੍ਰੋਗਰਾਮ ਵਿੱਚ ਉਦੋਂ ਚਾਰ ਚੰਨ ਲੱਗ ਗਏ, ਜਦ ਉੱਘੇ ਲੋਕ ਗਾਇਕ ਰਾਜਾ ਰਣਜੋਧ ਕੈਨੇਡਾ ਵੱਲੋਂ ਆਪਣੇ ਫਨ ਦਾ ਜ਼ੋਰਦਾਰ ਮੁਜ਼ਾਹਰਾ ਕੀਤਾ ਗਿਆ।ਹਾਜ਼ਰ ਸਰੋਤਿਆਂ ਵੱਲੋਂ ਭਰਪੂਰ ਆਨੰਦ ਮਾਣਿਆ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਚੰਦਰ ਅਰੋੜਾ, ਸੁਰਜੀਤ ਬਤਰਾ, ਅਸ਼ੋਕ ਸੇਠੀ, ਜਗਸੀਰ ਸਿੰਘ ਖਾਰਾ, ਰਾਜਿੰਦਰ ਰਾਜਾ ਠੇਕੇਦਾਰ, ਸੰਜੀਵ ਦਿਉੜਾ ਐਡਵੋਕੇਟ, ਸਵਰਨ ਸਿੰਘ ਪੀਟਰ, ਵਿਜੈ ਮੋਗਾ ਆਦਿ ਹਾਜ਼ਰ ਸਨ।

## ਪ੍ਰੈੱਸ ਕਲੱਬ ਵੱਲੋਂ ਲਗਾਏ ਮੁਫਤ ਮੈਡੀਕਲ ਕੈਂਪ 'ਚ 275 ਮਰੀਜ਼ਾਂ ਦੀ ਜਾਂਚ

### ਹੜ੍ਹਾਂ ਦੇ ਮੱਦੇਨਜ਼ਰ ਮੈਡੀਕਲ ਕੈਂਪ ਲਗਾਉਣਾ ਸ਼ਲਾਘਾਯੋਗ ਕੰਮ : ਜੌੜਾਮਾਜਰਾ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਪ੍ਰੈੱਸ ਕਲੱਬ ਸਮਾਣਾ ਵੱਲੋਂ ਕਲੱਬ ਦੇ ਪ੍ਰਧਾਨ ਅਸ਼ੋਕ ਕੁਮਾਰ ਦੀ ਅਗਵਾਈ ਵਿੱਚ ਪਹਿਲਾ ਮੈਡੀਕਲ ਚੈੱਕਅਪ ਕੈਂਪ ਸਥਾਨਕ ਅਗਰਵਾਲ ਧਰਮਸ਼ਾਲਾ ਸਮਾਣਾ ਵਿੱਚ ਲਗਾਇਆ ਗਿਆ।ਇਹ ਮੈਡੀਕਲ ਕੈਂਪ ਜੀਵਨ ਹਸਪਤਾਲ ਪਟਿਆਲਾ ਤੇ ਸੂਰਜ ਦੰਦਾਂ ਦੇ ਹਸਪਤਾਲ ਸਮਾਣਾ ਦੇ ਸਹਿਯੋਗ ਨਾਲ ਲਗਾਇਆ ਗਿਆ।ਇਸ ਕੈਂਪ ਵਿੱਚ ਸ਼ੂਗਰ ਤੇ ਥਾਇਰਾਇਡ ਦੀ ਮਾਹਰ ਡਾ. ਸਿਮਰਨ ਕੌਰ ਮਾਨ, ਜੋੜਾਂ ਦੇ ਦਰਦ ਦੇ ਮਾਹਰ ਡਾ. ਰੋਹੀ ਮਹਿਤਾ, ਜਨਾਨਾ ਰੋਗਾਂ ਦੇ ਮਾਹਰ ਡਾ. ਰਵਿੰਦਰ ਕੌਰ, ਫਿਜ਼ਿਓਥੈਰੇਪੀ ਮਾਹਰ ਡਾ. ਖੁਸ਼ਬੂ, ਅੱਖਾਂ ਦੇ ਮਾਹਰ ਡਾ. ਆਸ਼ਾ ਪ੍ਰੀਤਪਾਲ ਕੌਰ ਤੇ ਦੰਦਾਂ ਦੇ ਮਾਹਰ ਡਾ. ਹਿਮਾਂਸ਼ੂ ਨੇ ਮਰੀਜ਼ਾਂ ਦੀ ਜਾਂਚ ਕੀਤੀ।ਇਸ ਮੈਡੀਕਲ ਕੈਂਪ ਵਿੱਚ ਲਗਭਗ 275 ਮਰੀਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਮੁਫਤ ਟੈਸਟ ਕੀਤੇ ਗਏ ਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ।ਇਸ ਕੈਂਪ ਦਾ ਉਦਘਾਟਨ ਸਾਬਕਾ ਮੰਤਰੀ ਤੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕੀਤਾ। ਇਸ ਮੌਕੇ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਤੇ ਇਲਾਕੇ ਵਿੱਚ ਆਏ ਹੜ੍ਹਾਂ ਦੇ ਮੱਦੇਨਜ਼ਰ ਇਸ ਤਰ੍ਹਾਂ ਦੇ ਮੈਡੀਕਲ ਕੈਂਪ ਲਗਾ ਕੇ ਪ੍ਰੈੱਸ ਕਲੱਬ ਸਮਾਣਾ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰੈੱਸ ਕਲੱਬ ਸਮਾਣਾ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਸ਼ਹਿਰ ਦੇ ਕਈ ਸਮਾਜ ਸੇਵਾ ਕੰਮਾਂ ਵਿੱਚ ਅੱਗੇ ਰਹਿੰਦਾ ਹੈ।ਪ੍ਰੈੱਸ ਕਲੱਬ ਵੱਲੋਂ ਸ਼ਹਿਰ ਦੀਆਂ ਮੁਸ਼ਕਲਾਂ ਸਰਕਾਰ ਤੱਕ ਪਹੁੰਚਾਉਣ ਦੇ ਨਾਲ ਨਾਲ ਸ਼ਹਿਰ ਨੂੰ ਹਰਾ-ਭਰਾ ਬਣਾਉਣ ਲਈ ਹਜ਼ਾਰਾਂ ਰੁੱਖ ਲਗਾ ਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਅਜਿਹੇ ਸਮਾਜ ਸੇਵਾ ਕੰਮਾਂ ਲਈ ਉਹ ਤੇ ਸਰਕਾਰ ਹਮੇਸ਼ਾ ਕਲੱਬ ਨਾਲ ਖੜ੍ਹੇ ਹਨ।ਇਸ ਮੌਕੇ ਪ੍ਰੈੱਸ ਕਲੱਬ ਸਮਾਣਾ ਦੇ ਪ੍ਰਧਾਨ ਅਸ਼ੋਕ ਕੁਮਾਰ ਨੇ ਆਏ ਹੋਏ ਸਾਰੇ ਮਹਿਮਾਨਾਂ ਤੇ ਡਾਕਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰੈੱਸ ਕਲੱਬ ਸਮਾਣਾ ਸ਼ਹਿਰ ਦੀ ਤਰੱਕੀ, ਵਿਕਾਸ ਕਾਰਜਾਂ ਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਹਮੇਸ਼ਾ ਹੀ ਅੱਗੇ ਰਹੇਗਾ।ਇਸ ਮੌਕੇ ਪ੍ਰੈੱਸ ਕਲੱਬ ਵੱਲੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਮੈਡੀਕਲ ਕੈਂਪ ਵਿੱਚ ਆਏ ਸਾਰੇ ਡਾਕਟਰਾਂ ਤੇ ਉਨ੍ਹਾਂ ਦੇ ਮੈਂਬਰਾਂ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਪੱਤਰਕਾਰ ਭਾਈਚਾਰੇ ਸਮੇਤ ਸ਼ਹਿਰ ਦੇ ਪਤਵੰਤੇ ਮੌਜੂਦ ਸਨ।

## ਝੋਨੇ ਦੀ ਸਰਕਾਰੀ ਖ਼ਰੀਦ ਅੱਜ ਤੋਂ

ਪਟਿਆਲਾ (ਰਜਿੰਦਰ ਸਿੰਘ ਥਿੰਦ)-ਸਰਕਾਰ ਵੱਲੋਂ ਪੰਜਾਬ ਅੰਦਰ ਇਸ ਵਾਰ ਝੋਨੇ ਦੀ ਖਰੀਦ 1 ਅਕਤੂਬਰ ਤੋਂ ਸ਼ੁਰੂ ਕਰਨ ਦੀ ਥਾਂ 16 ਸਤੰਬਰ ਤੋਂ ਕਰਨ ਦਾ ਐਲਾਨ ਕੀਤਾ ਗਿਆ ਹੈ।ਇਸ ਸਬੰਧੀ ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਲੋੜੀਂਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ।ਖ਼੍ਰੀਦ ਕਰਨ ਲਈ ਪੰਜਾਬ ਸਰਕਾਰ ਵੱਲੋਂ ਲੋੜੀਂਦੇ ਪ੍ਰਬੰਧ ਕਰਨ ਲਈ ਖ਼੍ਰੀਦ ਏਜੰਸੀਆਂ ਨੂੰ ਖ਼੍ਰੀਦ ਨਾਲ ਸੰਬੰਧਤ ਫੀਲਡ ਸਟਾਫ਼ ਦੀ ਤੈਨਾਤੀ ਕਰਨ ਤੇ ਹੋਰ ਮੁੱਢਲੇ ਪ੍ਰਬੰਧ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਪੰਜਾਬ ਸਰਕਾਰ ਸੂਬੇ ਦੀਆਂ ਮੰਡੀਆਂ ਵਿੱਚੋਂ ਝੋਨੇ ਦਾ ਇੱਕ-ਇੱਕ ਦਾਣਾ ਖ਼੍ਰੀਦਣ ਲਈ ਪੂਰੀ ਤਰ੍ਹਾਂ ਤਿਆਰ ਹੈ।ਇਹ ਜਾਣਕਾਰੀ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ 16 ਸਤੰਬਰ 2025 ਤੋਂ ਸ਼ੁਰੂ ਹੋਣ ਵਾਲੇ ਸਾਉਣੀ ਖਰੀਦ ਸੀਜ਼ਨ ਲਈ ਸੁਚਾਰੂ ਤੇ ਕੁਸ਼ਲ ਖਰੀਦ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਅੱਜ ਸਮੀਖਿਆ ਮੀਟਿੰਗ ਦੌਰਾਨ ਦਿੱਤੀ।ਬਰਸਟ ਨੇ ਸਕੱਤਰ ਪੰਜਾਬ ਮੰਡੀ ਬੋਰਡ ਰਾਮਵੀਰ ਦੇ ਨਾਲ ਖਰੀਦ ਪ੍ਰਬੰਧਾਂ ਸਬੰਧੀ ਬੋਰਡ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਮੰਡੀ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਵੀ ਕੀਤੀ।

## ਲੋਕਾਂ ਦੇ ਮਸਲੇ ਤੁਰੰਤ ਹੱਲ ਕਰਨ ਲਈ ਪੁਲਸ ਵੱਲੋਂ ਸਮਾਧਾਨ ਕੈਂਪ




ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)-ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਰੀਦਕੋਟ, ਜਿਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਲੋਕਾਂ ਦੀ ਸਹੂਲਤ ਲਈ ਕਦਮ ਉਠਾਏ ਜਾਂਦੇ ਰਹਿੰਦੇ ਹਨ, ਦੇ ਨਿਰਦੇਸ਼ਾਂ ਤਹਿਤ ਜਨਤਾ ਨੂੰ ਬਿਹਤਰ ਪ੍ਰਸ਼ਾਸਨਕ ਸੁਵਿਧਾਵਾਂ ਪ੍ਰਦਾਨ ਕਰਨ ਅਤੇ ਸ਼ਿਕਾਇਤਾਂ ਦਾ ਤਤਕਾਲ ਹੱਲ ਯਕੀਨੀ ਬਣਾਉਣ ਲਈ ਬੀਤੇ ਐਤਵਾਰ ਨੂੰ ਫਰੀਦਕੋਟ ਜ਼ਿਲ੍ਹੇ ਦੇ ਸਾਰੇ ਥਾਣਿਆਂ ਤੇ ਚੌਕੀਆਂ ਵਿੱਚ ਵਿਸ਼ੇਸ਼ ਸਮਾਧਾਨ ਕੈਂਪਾਂ ਦਾ ਆਯੋਜਨ ਕੀਤਾ ਗਿਆ।ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਲੋਕਾਂ ਦੀਆਂ ਵਿਅਕਤੀਗਤ, ਪਰਿਵਾਰਕ, ਜਾਇਦਾਦੀ ਜਾਂ ਹੋਰ ਕਿਸੇ ਕਿਸਮ ਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਸੁਣ ਕੇ, ਉਸ ਦਾ ਤੁਰੰਤ ਨਿਵਾਰਨ ਕਰਨਾ ਹੈ, ਤਾਂ ਜੋ ਨਾਗਰਿਕਾਂ ਨੂੰ ਜਲਦੀ ਤੇ ਨਿਆਪੂਰਨ ਇਨਸਾਫ ਮਿਲ ਸਕੇ।ਇਸ ਉਪਰਾਲੇ ਨਾਲ ਲੋਕਾਂ ਦੇ ਕੀਮਤੀ ਸਮੇਂ ਦਾ ਵੀ ਬਚਾਅ ਹੋ ਰਿਹਾ ਹੈ ਅਤੇ ਉਨ੍ਹਾਂ ਦੀ ਪੁਲਸ ਪ੍ਰਸ਼ਾਸਨ ਉੱਤੇ ਭਰੋਸਾ ਹੋਰ ਮਜ਼ਬੂਤ ਹੋਇਆ ਹੈ।ਇਸ ਸਬੰਧੀ ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਰੀਦਕੋਟ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਫਰੀਦਕੋਟ ਜ਼ਿਲ੍ਹੇ ਅੰਦਰ ਅੱਜ ਸਾਰੇ ਥਾਣਿਆਂ ਅੰਦਰ ਸਮਾਧਾਨ ਕੈਂਪਾਂ ਦਾ ਆਯੋਜਨ ਕੀਤਾ ਗਿਆ ਹੈ।

ਇਸ ਦੌਰਾਨ ਸਮੂਹ ਮੁੱਖ ਅਫਸਰ ਥਾਣਾ ਵੱਲੋਂ ਪਬਲਿਕ ਨਾਲ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਯਕੀਨੀ ਬਣਾਇਆ ਜਾ ਰਿਹਾ ਹੈ।ਸਮਾਧਾਨ ਕੈਂਪਾਂ ਦਾ ਮੁੱਖ ਮਕਸਦ ਪਬਲਿਕ ਦੀਆਂ ਸ਼ਿਕਾਇਤਾਂ ਨੂੰ ਤੁਰੰਤ, ਨਿਰਪੱਖ ਤੇ ਕਾਨੂੰਨੀ ਢੰਗ ਨਾਲ ਸੁਣ ਕੇ ਉਨ੍ਹਾਂ ਦਾ ਹੱਲ ਕਰਨਾ ਹੈ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਹ ਕੈਂਪ ਲੋਕਾਂ ਲਈ ਨਾ ਸਿਰਫ਼ ਸੁਣਵਾਈ ਦਾ ਇਕ ਮਜ਼ਬੂਤ ਮਾਧਿਅਮ ਬਣ ਰਹੇ ਹਨ, ਬਲਕਿ ਪੂਰੇ ਵਿਸ਼ਵਾਸ ਨਾਲ ਇਨਸਾਫ ਦੀ ਪਹੁੰਚ ਵੀ ਦੇ ਰਹੇ ਹਨ।ਉਨ੍ਹਾ ਕਿਹਾ ਕਿ ਫਰੀਦਕੋਟ ਪੁਲਸ ਭਵਿੱਖ ਵਿੱਚ ਵੀ ਇਨ੍ਹਾਂ ਸਮਾਧਾਨ ਕੈਂਪਾਂ ਦੀ ਲੜੀ ਜਾਰੀ ਰਖੇਗੀ, ਤਾਂ ਜੋ ਨਾਗਰਿਕਾਂ ਦੀਆਂ ਸ਼ਿਕਾਇਤਾਂ ਦਾ ਤਤਕਾਲ, ਨਿਰਪੱਖ ਤੇ ਕਾਨੂੰਨੀ ਨਿਪਟਾਰਾ ਯਕੀਨੀ ਬਣਾਇਆ ਜਾ ਸਕੇ।

## ਅੰਤਰਰਾਸ਼ਟਰੀ ਜੱਟ ਸਿੱਖ ਸਭਾ ਨੇ ਕੁਲਦੀਪ ਸਿੰਘ ਗੜਗੱਜ ਨਾਲ ਕੀਤੀ ਮੀਟਿੰਗ



ਮੰਡੀ ਘੁਬਾਇਆ (ਬਲਵਿੰਦਰ ਸਿੰਘ)-ਅੰਤਰਰਾਸ਼ਟਰੀ ਜੱਟ ਸਿੱਖ ਭਾਈਚਾਰਾ ਜਥੇਬੰਦੀ ਦੇ ਸਰਗਰਮ ਮੈਂਬਰਾਂ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਬੁਲਾਈ ਗਈ ਇਕੱਤਰਤਾ 'ਚ ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਕਰਨ ਲਈ ਕੀਤੇ ਗਏ ਹੁਕਮਾਂ ਤੇ ਦਿਸ਼ਾ-ਨਿਰਦੇਸ਼ਾਂ 'ਤੇ ਵਿਚਾਰ ਵਟਾਂਦਰਾ ਕਰਨ ਲਈ ਮੀਟਿੰਗ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਗਈ।ਮੀਟਿੰਗ ਵਿੱਚ ਜਥੇਬੰਦੀ ਦੇ ਸੇਵਾਦਾਰ ਜਸਬੀਰ ਸਿੰਘ ਸੰਧੂ, ਸਿਮਰਜੀਤ ਸਿੰਘ ਸੰਧੂ, ਜਸਪਾਲ ਸਿੰਘ ਸੰਧੂ, ਗੁਰਨਾਮ ਸਿੰਘ ਸੰਧੂ, ਸੁਰਜੀਤ ਸਿੰਘ ਪੱਡਾ, ਬਲਜੀਤ ਸਿੰਘ ਸੰਧੂ, ਬਲਰਾਜ ਸਿੰਘ ਚੰਨਣ ਖੇੜਾ, ਸਤਵੰਤ ਸਿੰਘ ਸੰਧੂ, ਮਲਕੀਤ ਸਿੰਘ ਗਰੇਵਾਲ, ਕਮਲ ਸੰਧੂ, ਸੁਖਵਿੰਦਰ ਸਿੰਘ ਸਰਪੰਚ, ਮਾਸਟਰ ਮੋਹਰ ਸਿੰਘ ਔਲਖ, ਜਸਬੀਰ ਸਿੰਘ ਪਿਆਰੇਆਣਾ, ਦਲਜੀਤ ਸਿੰਘ ਗੋਲਡੀ ਸੰਧੂ ਸ਼ਾਮਲ ਹੋਏ।ਜਸਬੀਰ ਸਿੰਘ ਸੰਧੂ ਵੱਲੋਂ ਦੱਸਿਆ ਗਿਆ ਕਿ ਜਥੇਦਾਰ ਸਾਹਿਬ ਵੱਲੋਂ ਬੁਲਾਈ ਗਈ ਇਕੱਤਰਤਾ 'ਚ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਇਸ ਵੇਲੇ ਸਰਗਰਮ ਭੂਮਿਕਾ ਨਿਭਾਅ ਰਹੀਆਂ ਪੰਜਾਬ ਤੇ ਪੰਜਾਬ ਤੋਂ ਬਾਹਰ ਦੀਆਂ ਕਰੀਬ 60 ਜਥੇਬੰਦੀਆਂ ਸ਼ਾਮਲ ਹੋਈਆਂ ਸਨ ਅਤੇ ਉਨ੍ਹਾਂ ਵੱਲੋਂ ਇਸ ਇਕੱਤਰਤਾ ਵਿੱਚ ਆਪਣੀ ਅੰਤਰਰਾਸ਼ਟਰੀ ਜੱਟ ਸਿੱਖ ਭਾਈਚਾਰਾ ਜਥੇਬੰਦੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ, ਖਾਲਸਾ ਏਡ, ਦਲ ਖਾਲਸਾ, ਚੀਫ਼ ਖ਼ਾਲਸਾ ਦੀਵਾਨ ਤੇ ਪੰਜਾਬ ਦੀਆਂ ਹੋਰ ਪ੍ਰਮੁੱਖ ਸਮਾਜ ਸੇਵੀ ਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ ਸਨ ਤੇ ਉਨ੍ਹਾਂ ਵੱਲੋਂ ਆਪਣੀ ਜਥੇਬੰਦੀ ਦੇ ਮੰਤਵ, ਕਾਰਜ ਤੇ ਜਥੇਬੰਦੀ ਦੇ ਮੈਂਬਰਾਂ/ਵਲੰਟੀਅਰਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਸੀ।ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹਾਜ਼ਰ ਜਥੇਬੰਦੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਹੜ੍ਹ ਪ੍ਰਭਾਵਤ ਲੋਕਾਂ ਦੀ ਆਉਣ ਵਾਲੇ ਮੰਗਲਵਾਰ ਤੱਕ 'ਸਰਕਾਰੇ ਖਾਲਸਾ' ਨਾਂਅ ਦੀ ਇੱਕ ਵੈੱਬਸਾਈਟ ਬਣਾਈ ਜਾਵੇਗੀ, ਜਿਸ ਉੱਪਰ ਸਾਰੀਆਂ ਸਰਗਰਮ ਜਥੇਬੰਦੀਆਂ ਦੀ ਰਜਿਸਟ੍ਰੇਸ਼ਨ ਕੀਤੀ ਜਾਵੇਗੀ, ਹਰ ਜਥੇਬੰਦੀ ਦੇ ਦੋ ਵਲੰਟੀਅਰ ਉਸ ਵੈੱਬਸਾਈਟ ਉੱਪਰ ਰਜਿਸਟਰਡ ਕੀਤੇ ਜਾਣਗੇ, ਜੋ ਜਥੇਦਾਰ ਸਾਹਿਬ ਵੱਲੋਂ ਕੋਈ ਹੁਕਮ ਆਉਣ 'ਤੇ ਜ਼ਰੂਰਤ ਵਾਲੀ ਜਗ੍ਹਾ 'ਤੇ ਆਪਣੀਆਂ ਸੇਵਾਵਾਂ ਦੇਣ ਲਈ ਹਾਜ਼ਰ ਹੋਣਗੇ।ਜਥੇਦਾਰ ਵੱਲੋਂ ਇੱਕ ਪੋਰਟਲ ਬਣਵਾਇਆ ਜਾਵੇਗਾ, ਜਿਸ ਉੱਪਰ ਇਹ ਜਾਣਕਾਰੀ ਦਿੱਤੀ ਜਾਵੇਗੀ ਕਿ ਕਿਸ ਜਗ੍ਹਾ 'ਤੇ ਹੜ੍ਹਾਂ ਨਾਲ ਕਿੰਨਾ ਨੁਕਸਾਨ ਹੋਇਆ ਹੈ, ਕਿਹੜੀ ਜਥੇਬੰਦੀ ਉਸ ਜਗ੍ਹਾ 'ਤੇ ਆਪਣੀਆਂ ਸੇਵਾਵਾਂ ਦੇ ਰਹੀ ਹੈ ਜਾਂ ਦੇਵੇਗੀ ਤੇ ਕਿਹੜੀ ਜਥੇਬੰਦੀ ਉਥੇ ਸਹਿਯੋਗ ਦੇਵੇਗੀ।ਹੜ੍ਹ ਪ੍ਰਭਾਵਤ ਲੋਕਾਂ ਦੇ ਮੁੜ ਵਸੇਬੇ ਲਈ ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੇਵਾ ਕਰ ਰਹੇ ਲੋਕਾਂ ਅਤੇ ਜਥੇਬੰਦੀਆਂ ਦੇ ਵਿਚਕਾਰ ਇੱਕ ਪੁਲ਼ ਵਾਂਗ ਕੰਮ ਕਰਨ ਪ੍ਰਤੀਬੱਧਤਾ ਪ੍ਰਗਟ ਕੀਤੀ ਗਈ।ਜਥੇਬੰਦੀ ਦੀ ਮੀਟਿੰਗ 'ਚ ਸ਼ਾਮਲ ਮੈਂਬਰਾਂ ਵੱਲੋਂ ਇਨ੍ਹਾਂ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ ਤੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਲਈ ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਦੀ ਟੀਮ ਨੂੰ ਤਨ ਮਨ ਧਨ ਨਾਲ ਸਹਿਯੋਗ ਦਿੱਤਾ ਜਾਵੇਗਾ।

## ਫਤਿਹ ਗਰੁੱਪ ਦੇ ਸਕੂਲ ਵਿੰਗ ਖਿਡਾਰੀਆਂ ਦਾ ਜ਼ੋਨਲ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਫਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ ਸਕੂਲ ਵਿੰਗ ਦੇ ਖਿਡਾਰੀਆਂ ਨੇ ਹਾਲ ਹੀ ਵਿੱਚ ਆਯੋਜਿਤ ਜ਼ੋਨਲ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 7 ਗੋਲਡ ਮੈਡਲ ਤੇ 4 ਸਿਲਵਰ ਮੈਡਲ ਆਪਣੇ ਨਾਮ ਕੀਤੇ।ਇਹ ਜਾਣਕਾਰੀ ਸਾਂਝੀ ਕਰਦਿਆਂ ਖੇਡ ਵਿਭਾਗ ਮੁਖੀ ਪ੍ਰੋ. ਕੁਲਦੀਪ ਸਿੰਘ ਤੇ ਪ੍ਰੋ. ਵਰਿੰਦਰ ਕੌਰ ਨੇ ਦੱਸਿਆ ਕਿ ਕੱਬਡੀ ਸਰਕਲ ਲੜਕੀਆਂ ਅੰਡਰ-19 ਵਿੱਚ ਮਾਤਾ ਸੁੰਦਰੀ ਗਰਲਜ਼ ਸਕੂਲ ਢੱਡੇ ਤੇ ਆਦਰਸ਼ ਸਕੂਲ ਚਾਉਕੇ ਨੂੰ ਹਰਾ ਕੇ ਫਤਿਹ ਗਰੁੱਪ ਦੀ ਟੀਮ ਨੇ ਸੋਨਾ ਜਿੱਤਿਆ।ਲੜਕਿਆਂ ਅੰਡਰ-19 ਕੱਬਡੀ ਸਰਕਲ ਵਿੱਚ ਡੀ. ਐੱਮ. ਸਕੂਲ ਕਰਾੜਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁੱਤੀਵਾਲ ਕਲਾਂ ਤੇ ਗੁਰੂ ਰਾਮਦਾਸ ਪਬਲਿਕ ਸਕੂਲ ਲਹਿਰਾ ਮੁਹੱਬਤ ਨੂੰ ਪਿੱਛੇ ਛੱਡ ਕੇ ਫਤਿਹ ਦੇ ਖਿਡਾਰੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ।ਕ੍ਰਿਕਟ ਅੰਡਰ-17 ਵਿੱਚ ਵੀ ਫਤਿਹ ਦੇ ਜਵਾਨਾਂ ਨੇ ਡੀ. ਐੱਮ. ਸਕੂਲ ਕਰਾੜਵਾਲਾ, ਗਲੋਬਲ ਡਿਸਕਵਰੀ ਸਕੂਲ ਤੇ ਫਾਈਨਲ ਵਿੱਚ ਮੰਡੀ ਕਲਾਂ ਦੀ ਟੀਮ ਨੂੰ ਹਰਾਉਂਦਿਆਂ ਸੋਨੇ ਦਾ ਤਮਗਾ ਹਾਸਲ ਕੀਤਾ।ਰੱਸਾਕਸ਼ੀ ਅੰਡਰ-19 ਲੜਕਿਆਂ ਵਿੱਚ ਡੀ.ਐੱਮ. ਸਕੂਲ ਤੇ ਦੂਨ ਸਕੂਲ ਕਰਾੜਵਾਲਾ ਨੂੰ ਪਿੱਛੇ ਛੱਡ ਕੇ ਸੋਨਾ ਜਿੱਤਿਆ ਗਿਆ।ਖੋ-ਖੋ ਅੰਡਰ-19 ਲੜਕਿਆਂ ਨੇ ਗਲੋਬਲ ਡਿਸਕਵਰੀ ਸਕੂਲ ਨੂੰ ਫਾਈਨਲ ਵਿੱਚ ਹਰਾਇਆ।ਕੁਸ਼ਤੀ ਅੰਡਰ-19 ਵਿੱਚ 57 ਕਿੱਲੋ ਵਿੱਚ ਬਲਕਰਨ ਸਿੰਘ ਤੇ 61 ਕਿੱਲੋ ਵਿੱਚ ਅਕਾਸ਼ਦੀਪ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਚਾਰ ਸਿਲਵਰ ਮੈਡਲ ਜਿਨ੍ਹਾਂ ਵਿੱਚ ਖੋ-ਖੋ ਅੰਡਰ-19 ਲੜਕੀਆਂ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕਰਦੇ ਹੋਏ ਚਾਂਦੀ ਦਾ ਤਮਗਾ ਹਾਸਲ ਕੀਤਾ। ਹੈਂਡਬਾਲ ਅੰਡਰ-19 ਲੜਕਿਆਂ ਨੇ ਵੀ ਸਿਲਵਰ ਹਾਸਲ ਕੀਤਾ।ਕ੍ਰਿਕਟ ਅੰਡਰ-19 ਵਿੱਚ ਰਾਮਪੁਰਾ ਪਿੰਡ ਦੀ ਟੀਮ ਨੂੰ ਹਰਾਉਂਦਿਆਂ ਫਾਈਨਲ ਤੱਕ ਪਹੁੰਚ ਕੇ ਦੂਜਾ ਸਥਾਨ ਪ੍ਰਾਪਤ ਕੀਤਾ।ਰੱਸਾਕਸ਼ੀ ਅੰਡਰ-19 ਲੜਕੀਆਂ ਨੇ ਵੀ ਚਾਂਦੀ ਦਾ ਤਮਗਾ ਆਪਣੇ ਨਾਮ ਕੀਤਾ।ਫਤਿਹ ਗਰੁੱਪ ਰਾਮਪੁਰਾ ਦੇ 60 ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰ 'ਤੇ ਖੇਡਣ ਲਈ ਆਪਣੀ ਜਗ੍ਹਾ ਬਣਾਈ, ਜੋ ਇਲਾਕੇ ਵਿੱਚੋਂ ਇਤਿਹਾਸਕ ਪ੍ਰਾਪਤੀ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ।

ਇਸ ਜਿੱਤ 'ਤੇ ਚੇਅਰਮੈਨ ਐੱਸ. ਐੱਸ. ਚੱਠਾ, ਐੱਮ ਡੀ ਮਨਜੀਤ ਕੌਰ ਚੱਠਾ ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਬਘੇਲ ਸਿੰਘ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ ਤੇ ਸਹਾਇਕ ਡਾਇਰੈਕਟਰ ਪਬਲਿਕ ਰਿਲੇਸ਼ਨ ਹਰਪ੍ਰੀਤ ਸ਼ਰਮਾ ਸਮੇਤ ਸਮੂਹ ਸਟਾਫ਼ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ।

## ਬਘੇਲ ਵੱਲੋਂ ਹੜ ਪੀੜਤ ਪਿੰਡਾਂ ਦਾ ਦੌਰਾ, ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



ਮੋਗਾ (ਇਕਬਾਲ ਸਿੰਘ ਖਹਿਰਾ)

ਹੜਾਂ ਤੋਂ ਪ੍ਰਭਾਵਤ ਹੋਏ ਪਿੰਡਾਂ ਦਾ ਹਵਾਈ ਦੌਰਾ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 1600 ਕਰੋੜ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ ਸੀ। ਇਸ ਉਪਰੰਤ ਉਨ੍ਹਾਂ ਵੱਲੋਂ ਵੱਖ-ਵੱਖ ਕੈਬਨਿਟ ਮੰਤਰੀਆਂ ਨੂੰ ਆਦੇਸ਼ ਕੀਤੇ ਗਏ ਕਿ ਉਹ ਜ਼ਮੀਨੀ ਪੱਧਰ 'ਤੇ ਜਾ ਕੇ ਪੀੜਤਾਂ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਤਾਂ ਜੁ ਉਨ੍ਹਾਂ ਦਾ ਸੁਚਾਰੂ ਢੰਗ ਨਾਲ ਹੱਲ ਕੀਤਾ ਜਾ ਸਕੇ ਤੇ ਲੋੜੀਂਦੀ ਹੋਰ ਰਾਸ਼ੀ ਵੀ ਭੇਜੀ ਜਾ ਸਕੇ।

ਇਸੇ ਕੜੀ ਤਹਿਤ ਅੱਜ ਹਲਕਾ ਧਰਮਕੋਟ ਕੇਂਦਰੀ ਪਸ਼ੂ ਪਾਲਣ ਮੰਤਰੀ ਐਸ ਪੀ ਸਿੰਘ ਬਘੇਲ ਵੱਲੋਂ ਸਤਲੁਜ ਦਰਿਆ ਨਾਲ ਲੱਗਦੇ ਦੇ ਧੁੱਸੀ ਬੰਨ੍ਹ ਦੇ ਹੜ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਗਿਆ । ਕੇਂਦਰੀ ਮੰਤਰੀ ਵੱਲੋਂ ਪਿੰਡ ਬੋਗੇਵਾਲਾ, ਸੰਘੇੜਾ, ਕੰਬੋ ਖੁਰਦ, ਭੈਣੀ, ਸ਼ੇਰਪੁਰ ਆਦਿ ਪਿੰਡਾਂ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਸੁਣਿਆ।ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਬੰਨ੍ਹ ਦਾ ਜੋ 7 ਕਿਲੋਮੀਟਰ ਦਾ ਏਰੀਆ ਹੈ, ਜੇਕਰ ਉਸ ਉੱਪਰ ਬੰਨ ਬਣਾਇਆ ਜਾਵੇ ਤਾਂ ਬਹੁਤ ਜਿਆਦਾ ਫਾਇਦਾ ਹੋ ਸਕਦਾ ਹੈ। ਕੇਂਦਰੀ ਮੰਤਰੀ ਐਸ.ਪੀ ਬਘੇਲ ਪੀੜਤ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨਾਂ ਨੂੰ ਭਰੋਸਾ ਦਵਾਇਆ ਕਿ ਉਹ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਕੇ ਇਨ੍ਹਾਂ ਦਾ ਤੁਰੰਤ ਹੱਲ ਕਰਨ ਦਾ ਯਤਨ ਕਰਨਗੇ।ਇਸ ਮੌਕੇ ਉਨ੍ਹਾਂ ਨਾਲ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਹਰਜੋਤ ਕਮਲ, ਸੀਨੀਅਰ ਭਾਜਪਾ ਆਗੂ ਦੇਵ ਪ੍ਰੀਆ ਤਿਆਗੀ, ਧਰਮਕੋਟ ਮੰਡਲ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਕੈਲਾ,ਭਾਜਪਾ ਆਗੂ ਮੁਖਤਿਆਰ ਸਿੰਘ, ਸਾਬਕਾ ਜ਼ਿਲ੍ਹਾ ਪ੍ਰਧਾਨ ਰਕੇਸ਼ ਸ਼ਰਮਾ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਆਗੂ ਤੇ ਵਰਕਰ ਹਾਜ਼ਰ ਸਨ। ਬਘੇਲ ਨੇ ਕਿਹਾ ਕਿ ਅੱਜ ਅਸੀਂ ਮੋਗਾ ਜ਼ਿਲ੍ਹਾ ਦੇ ਵੱਖ-ਵੱਖ ਪਿੰਡਾਂ ਦੇ ਵਿੱਚ ਹੜ੍ਹ ਪੀੜਤਾਂ ਨਾਲ ਮੁਲਾਕਾਤ ਕਰਨ ਪਹੁੰਚੇ ਹਾਂ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਾਂ।


### ਉੱਤਰ ਰੇਲਵੇ

#### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-31/25-26 ਈ. ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 07.10.2025 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ। ਐਨ.ਆਈ.ਟੀ

| | | |
|---|---|---|
| ਕੰਮ ਦਾ ਨਾਮ | (i) ਫਿਰੋਜਪੁਰ ਮੰਡਲ ਦੇ 5 ਸਟੇਸ਼ਨਾਂ ਤੇ ਮੇਧਾ ਦੇ ਵਿਆਪਕ ਸਲਾਨਾ ਰਖਰਖਾਅ ਕਾਂਟਰੈਕਟ (ਏਐਮਸੀ) ਦੇ ਤਹਿਤ ਤਿੰਨ (03) ਸਾਲਾਂ ਦੇ ਲਈ ਇਲੈਕਟ੍ਰਾਨਿਕ ਇੰਟਰਲਾਕਿੰਗ ਪ੍ਰਣਾਲੀ ਸਥਾਪਿਤ ਕਰਨ ਦਾ ਕੰਮ। (ii) ਫਿਰੋਜਪੁਰ ਮੰਡਲ ਦੇ 06 ਸਟੇਸ਼ਨਾਂ (ਖੁਦ੍ਰਪੁਰ, ਨਸਰਾਲਾ, ਹੋਸ਼ਿਆਰਪੁਰ, ਨੂਰਮਹਲ, ਬਿਲਗਾ ਅਤੇ ਨਕੋਦਰ) ਤੇ ਸਥਾਪਿਤ ਕਯੋਸਲ ਮੇਕ ਇਲੈਕਟ੍ਰਾਨਿਕ ਇੰਟਰਲਾਕਿੰਗ ਸਿਸਟਮ ਦਾ ਦੋ ਸਾਲ ਦੇ ਲਈ ਵਿਆਪਕ ਸਲਾਨਾ ਰਖਰਖਾਅ ਕਾਂਟਰੈਕਟ। | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 07.10.2025 को 15:00 ਵਜੇ | |
| ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 15.09.2025 को 10:23 ਵਜੇ | |
| ਅੰਦਾਜਨ ਲਾਗਤ (₹) | (i) ₹1,23,79,407.60 | (ii) ₹2,39,93,681.76 |
| ਬਿਆਨਾ ਰਾਸ਼ੀ (₹) | (i) ₹2,11,900/- | (ii) ₹2,70,000/- |
| ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 23.09.2025 | |
| ਕੰਮ ਪੂਰਾ ਕਰਨ ਦਾ ਸਮਾਂ | (i) 36 ਮਹੀਨੇ | (ii) 36 ਮਹੀਨੇ |

ਨੋਟ: ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ।

ਨਿਵਿਦਾ ਸੂਚਨਾ ਨੰ. 433-ਸਿਗ-ਟੀ-31-25-26 ਮਿਤੀ 15.09.2025 2826/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਸ੍ਰੀ ਰਾਮਲੀਲ੍ਹਾ ਕਮੇਟੀ ਦੇ ਅਰੁਣ ਬਾਂਸਲ ਪ੍ਰਧਾਨ ਤੇ ਵਿਜੇ ਬੰਟੀ ਵਾਈਸ ਪ੍ਰਧਾਨ ਬਣੇ



ਬਾਘਾ ਪੁਰਾਣਾ (ਮਨੀ ਸਿੰਗਲਾ)-ਸ੍ਰੀ ਰਾਮਲੀਲ੍ਹਾ ਉਤਸਵ ਕਮੇਟੀ ਦਾ ਸਮਾਂ ਪੂਰਾ ਹੋਣ 'ਤੇ ਬੀਤੇ ਦਿਨ ਸ੍ਰੀ ਸ਼ਿਵ ਮੰਦਰ ਵਿਖੇ ਅਸ਼ਵਨੀ ਸ਼ਰਮਾ ਤੇ ਰੋਸ਼ੀ ਦੀ ਅਗਵਾਈ ਹੇਠ ਮੀਟਿੰਗ ਹੋਈ, ਜਿਸ ਵਿੱਚ ਸ੍ਰੀ ਰਾਮਲੀਲ੍ਹਾ ਉਤਸਵ ਦੀ ਨਵੀਂ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਹੋਈ।ਮੀਟਿੰਗ ਦੌਰਾਨ ਅਰੁਣ ਬਾਂਸਲ ਤੇ ਐੱਮ ਵਾਲਿਆਂ ਨੂੰ ਪ੍ਰਧਾਨ ਐਲਾਨਿਆ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਪਾਸ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਦੋ ਨਾਮ ਅਰੁਣ ਬਾਂਸਲ ਤੇ ਵਿਜੇ ਜਿੰਦਲ ਬੰਟੀ ਦੇ ਨਾਮ ਆਏ ਸਨ, ਦੋਨੇ ਹੀ ਸਾਡੇ ਮੈਂਬਰ ਸਤਿਕਾਰਯੋਗ ਸਨ।ਉਨ੍ਹਾਂ ਵਿੱਚੋਂ ਅਰੁਣ ਬਾਂਸਲ ਨੂੰ ਪ੍ਰਧਾਨ ਚੁਣਿਆ ਗਿਆ, ਜਦਕਿ ਇਕ ਬਾਉਲ ਵਿੱਚ 11 ਪਰਚੀਆਂ ਪਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਇਕ 'ਤੇ ਅਰੁਣ ਬਾਂਸਲ ਤੇ ਦੂਸਰੀ ਪਰਚੀ 'ਤੇ ਵਿਜੇ ਜਿੰਦਲ ਬੰਟੀ ਅਤੇ ਬਾਕੀ ਨੌਂ ਪਰਚੀਆਂ 'ਤੇ ਜੈ ਸ੍ਰੀ ਰਾਮ ਲਿਖਿਆ ਹੋਇਆ ਸੀ, ਜਿਨ੍ਹਾਂ ਵਿੱਚੋਂ ਅਰੁਣ ਬਾਂਸਲ ਦੀ ਪਰਚੀ ਨਿਕਲਣ 'ਤੇ ਸਾਰੇ ਮੈਂਬਰਾਂ ਵੱਲੋਂ ਆਪਣੀ ਸਹਿਮਤੀ ਪ੍ਰਗਟ ਕਰਦੇ ਹੋਏ ਅਰੁਣ ਬਾਂਸਲ ਦੇ ਗਲ ਵਿੱਚ ਫੁੱਲਾਂ ਵਾਲੇ ਹਾਰ ਪਾ ਕੇ ਵਧਾਈਆਂ ਦਿੱਤੀਆਂ ਗਈਆਂ।ਇਸ ਮੌਕੇ ਪਹਿਲੇ ਪ੍ਰਧਾਨ ਦੀਪਕ ਗਰਗ ਬੌਬੀ ਨੂੰ ਰਾਮਲੀਲ੍ਹਾ ਉੱਤਵਸ ਕਮੇਟੀ ਦਾ ਚੇਅਰਮੈਨ ਐਲਾਨਿਆ ਗਿਆ, ਜਦਕਿ ਕੈਸ਼ੀਅਰ ਅਮਨ ਅਰੋੜਾ, ਸੈਕਟਰੀ ਮਨੋਜ ਗੋਇਲ ਨੂੰ ਨਾਮਜ਼ਦ ਕੀਤਾ ਗਿਆ।ਇਸ ਮੌਕੇ ਛੇ ਮੰਦਰ ਪ੍ਰਬੰਧਕ ਕਮੇਟੀ ਪ੍ਰਧਾਨ ਬਲਵਿੰਦਰ ਗਰਗ ਵੱਲੋਂ ਚੁਣੇ ਹੋਏ ਅਹੁਦੇਦਾਰਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ।ਇਸ ਮੌਕੇ ਹੋਰਨਾਂ ਆਗੂਆਂ ਵਿੱਚ ਸੰਦੀਪ ਗੋਇਲ ਠੰਡੂ, ਰਜਿੰਦਰ ਗੋਇਲ, ਵਿਮਲ ਗੋਇਲ, ਕਰਸ਼ ਕੁਮਾਰ ਤੱਤਾ, ਸੁਨੀਲ ਕੁਮਾਰ ਸੋਮੀ ਪ੍ਰਾਪਰਟੀ ਡੀਲਰ, ਮਨੋਹਰ ਲਾਲ ਧਾਂਧੀ, ਸੰਦੀਪ ਭੱਠਾਲੀ, ਵਰਿੰਦਰ ਕੁਮਾਰ ਕੱਦੂ, ਸ਼ਿਵਮ ਸਿੰਗਲਾ, ਰਤਨ ਜਿੰਦਲ, ਤਿਲਕ ਰਾਜ ਸੋਨੀ, ਰਾਜੂ ਬਾਂਸਲ, ਬਲਦੇਵ ਸ਼ਕਤੀ ਵਾਲੇ, ਦਰਸ਼ਨ ਕੁਮਾਰ, ਵਿਨੋਦ ਕੁਮਾਰ, ਅਮਿਤ ਕੁਮਾਰ, ਚਤੁਰਭੁਜ ਜਿੰਦਲ, ਨਰੋਤਮ ਕੰਬੋਜ, ਮਾਤੂਰਾਮ ਸ਼ਰਮਾ, ਪੰਕਜ ਸ਼ਰਮਾ, ਵਿਕਰਮ ਬਾਂਸਲ ਰਾਮਾ ਸ਼ਕਤੀ ਵਾਲਾ, ਸ਼ਾਮ ਲਾਲ ਸ਼ਰਮਾ ਰਿੰਕੂ ਨਰੂਲਾ, ਦਵਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

## ਮੇਅਰ ਨੇ ਮੈਡੀਕਲ ਚੈੱਕਅੱਪ ਕੈਂਪ ਦਾ ਕੀਤਾ ਉਦਘਾਟਨ

ਲੁਧਿਆਣਾ (ਰਾਜ ਸਿੰਗਲਾ)-ਜੈਨ ਜਾਗ੍ਰਿਤੀ ਸੰਗ ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੁਧਿਆਣਾ ਦੀ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਵਾਰਡ ਨੰਬਰ 11 ਵਿਖੇ ਜੈਨ ਜਾਗਰਤੀ ਸੰਘ ਵੱਲੋਂ ਲਾਏ ਗਏ ਮੈਡੀਕਲ ਚੈੱਕ ਅਪ ਕੈਂਪ ਦਾ ਉਦਘਾਟਨ ਕਰਦਿਆਂ ਵਿਚਾਰ ਸਾਂਝੇ ਕੀਤੇ। ਕੈਂਪ ਵਿੱਚ ਡਾਕਟਰਾਂ ਵੱਲੋਂ ਆਏ ਮਰੀਜਤਾਂ ਨੂੰ ਚੈੱਕਅਪ ਕੀਤਾ ਗਿਆ ਤੇ ਦਵਾਈਆਂ ਵੰਡੀਆਂ ਗਈਆਂ। ਜੈਨ ਜਾਗ੍ਰਿਤੀ ਮੰਚ ਦੇ ਪ੍ਰਬੰਧਕਾਂ ਵੱਲੋਂ ਲੋੜਵੰਦਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਮੈਡੀਕਲ ਸਹੂਲਤਾਂ ਮੁਹੱਈਆ ਕਰਾਈਆਂ ਗਈਆਂ। ਇਸ ਮੌਕੇ ਵਾਰਡ ਨੰਬਰ 11 ਦੇ ਕੌਂਸਲਰ ਅਨੁਜ ਚੌਧਰੀ ਉਹ ਇਲਾਵਾ ਪਾਰਟੀ ਦੇ ਆਗੂ ਸਾਹਿਬਾਨ ਤੇ ਜੈਨ ਸੰਘ ਦੇ ਆਗੂ ਸਾਹਿਬਾਨ ਹਾਜ਼ਰ ਸਨ।


### ਉੱਤਰ ਰੇਲਵੇ

#### ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਸਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433-ਸਿਗ-ਟੀ-30-25-26 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 06.10.2025 ਨੂੰ 15.00 ਵਜੇ ਤਕ https://www.ireps.gov.in ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ । ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ । ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ । ਐਨਆਈਟੀ ।

| | | | |
|---|---|---|---|
| ਕੰਮ ਦਾ ਨਾਮ | ਫਿਰੋਜ਼ਪੁਰ ਡਵੀਜਨ ਵਿਚ ਫਿਰੋਜ਼ਪੁਰ, ਲੁਧਿਆਣਾ, ਜਲੰਧਰ ਸਿਟੀ ਅਤੇ ਅੰਮ੍ਰਿਤਸਰ ਵਿਚ ਸੀਐਲਆਈ ਲਾਬੀ ਵਿਚ ਸੀਸੀਟੀਵੀ ਨਿਗਰਾਨੀ ਪ੍ਰਣਾਲੀ ਦਾ ਪ੍ਰਾਵਧਾਨ । | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 06.10.2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 13.09.2025 13:04 |
| ਅਨੁਮਾਨਿਤ ਕੀਮਤ | 819068.69 | ਬਿਡਿੰਗ ਸ਼ੁਰੂ ਦੀ ਮਿਤੀ (ਆਈ.ਆਰ.ਈ.ਪੀ.ਐਸ) | 22.09.2025 |
| ਬਿਆਨਾ ਰਾਸ਼ੀ (ਰੁ:) | 16400.00 | ਕੰਮ ਪੂਰਾ ਕਰਨ ਦਾ ਸਮਾਂ | 2 ਮਹੀਨੇ |
| ਨੋਟ: | ਟੈਂਡਰਕਰਤਾ ਨਿਯਮਿਤ ਰੂਪ ਤੋਂ ਵੈੱਬਸਾਈਟ ਦੇ ਸੰਪਰਕ ਵਿਚ ਰਹਿਕੇ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖੇ । | | |

ਟੈਂਡਰ ਸੂਚਨਾ ਨੰ: 433-ਸਿਗ-ਟੀ-30-25-26 ਮਿਤੀ : 05.08.2025
ਬੰਦ ਹੋਣ ਦੀ ਮਿਤੀ/ਸਮੇਂ ਨੂੰ 06.10.2025 15:00 ਵਜੇ 2827/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### Capital Small Finance Bank

Capital Small Finance Bank Limited
H.O: MIDAS Corporate Park, 3rd Floor, 37 G.T. Road, JALANDHAR CITY

#### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀ ਰਾਕੇਸ਼ ਸਾਹਨੀ ਪੁੱਤਰ ਪਲਟਨ ਸਾਹਨੀ ਵਾਸੀ ਮਕਾਨ ਨੰ. 136, ਮੁਹੱਲਾ ਰਵਿਦਾਸ ਨਗਰ, ਮਲੇਰਕੋਟਲਾ (ਆਰ) ਮਲੇਰਕੋਟਲਾ, ਪੰਜਾਬ-148023 (2) ਸ੍ਰੀਮਤੀ ਰੋਬੀ ਕੁਮਾਰੀ ਪਤਨੀ ਰਾਕੇਸ਼ ਸਾਹਨੀ ਵਾਸੀ ਮਕਾਨ ਨੰ. 136, ਮੁਹੱਲਾ ਰਵਿਦਾਸ ਨਗਰ, ਮਲੇਰਕੋਟਲਾ (ਆਰ) ਮਲੇਰਕੋਟਲਾ, ਪੰਜਾਬ-148023 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਕੁਲਾਦੀਪ ਸ਼ਾਹ ਪੁੱਤਰ ਵਾਸੂਦੇਵ ਸ਼ਾਹ ਵਾਸੀ ਨੇੜੇ ਰੇਲਵੇ ਰੋਡ, ਮੁਹੱਲਾ ਰਵਿਦਾਸ ਨਗਰ, ਮਲੇਰਕੋਟਲਾ (ਆਰ) ਮਲੇਰਕੋਟਲਾ, ਪੰਜਾਬ-148023 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਐੱਲ ਏ ਪੀ/013602004540 'ਚ ਰੁਪਏ 3,84,824.40 ਦੀ ਬਕਾਇਆ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਮੋੜਨ ਲਈ ਮਿਤੀ 30.06.2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਐੱਲ ਏ ਪੀ/013602004540 'ਚ ਬਕਾਇਆ ਰਕਮ ਰੁਪਏ 3,84,824.40/- ਸਮੇਤ 01.06.2025 ਤੋਂ ਭਵਿੱਖੀ ਵਿਆਜ ਦੇ ਵਸੂਲ ਕੀਤੀ ਜਾਵੇਗੀ।

#### ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2021-22/131/1/3455 ਮਿਤੀ 28-01-2022 ਅਨੁਸਾਰ ਸ੍ਰੀ ਰਾਕੇਸ਼ ਸਾਹਨੀ ਪੁੱਤਰ ਪਲਟਨ ਸਾਹਨੀ ਦੀ ਮਲਕੀਅਤ ਜਾਇਦਾਦ ਰਕਬਾ 0-2 ਬਿਸਵਾ 17 ਬਿਸਵਾਸੀ (143.17 ਵਰਗ ਗਜ਼) ਨੌਧਰਾਣੀ ਵਿਖੇ ਸਥਿਤ, ਤਹਿਸੀਲ ਮਲੇਰਕੋਟਲਾ, ਹੱਦਬਸਤ ਨੰ. 89 ਨਾਲ ਸੰਬੰਧਤ ਸਭ ਕੁਝ।

ਸਥਾਨ : ਮਲੇਰਕੋਟਲਾ | ਮਿਤੀ : 15-09-2025 | ਸਹੀ/- ਅਧਿਕਾਰਤ ਅਫਸਰ

### LOVELY PROFESSIONAL UNIVERSITY

Jalandhar-Delhi G.T. Road. Phagwara, Distt. Kapurthala, Punjab (India) - 144411

#### CORRIGENDUM

Certain updations, clarifications and rectifications with respect to provisions contained in the Prospectus 2025 and other publications related to the admission and allied matters of the regular mode programmes of the University have been made, which may or may not be covered in any information material or publication issued by the University; and therefore are listed below for the information of all the concerned:

1. There are certain updations in important dates, fees and scholarship amounts for Type-A, Type-B and Type-C programmes. For updated details, refer to the University website (under the head Admissions i.e. https://www.lpu.in/admission/ ).
2. Eligibility of Integrated B. Plan - M. Plan has been updated and for details, refer to the university website (under the head Admissions i.e. https://www.lpu.in/admission/).
3. Programmes named B.Tech. [CSE - User Experience (UX) / User Interface (UI)], B.Tech. (CSE - Augmented Reality and Virtual Reality), B.Tech. (Semiconductor Technology and VLSI design) [ 3+1 with international credit transfer option], B.Tech. (Electrical and Computer Engineering), M.Sc. (Product and Industrial Design), Master of Architecture and M.Tech. (Power Systems) are not offered for the session 2025-2026.
4. The programme nomenclature B.Tech. CSE - DevOps (Software Development and IT Operations) wherever mentioned is to be read as B.Tech. (CSE - AI-Powered DevOps Engineering).

For more details, contact at th e University Campus or visit the University website (under the head Admissions i.e. https://www.lpu.in/admission/).

Registrar

### ਉੱਤਰ ਰੇਲਵੇ

#### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉੱਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ (ਰੁ) | ਬਿਆਨਾ ਰਾਸ਼ੀ (ਰੁ) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| 251- ਬਿਜਲੀ – T-15-2025-26 | ਫਿਰੋਜਪੁਰ ਡਵੀਜਨ ਵਿਚ 600 ਕਰਮਚਾਰੀਆਂ ਵਾਲੇ ਕਵਾਟਰਾਂ ਵਿਚ ਨਵੇਂ ਫਿਟਿੰਗ ਸਕੇਲ ਦੇ ਅਨੁਸਾਰ ਬਿਜਲੀ ਤਾਰਾਂ ਦੇ ਅਪਗ੍ਰੇਡੇਸ਼ਨ ਦੇ ਸਬੰਧ ਵਿਚ ਬਿਜਲੀ ਕੰਮ। | Rs. 2,89,12,201/- | Rs. 294600.00 | 06 ਮਹੀਨੇ | 06.10.2025 15:00ਵਜੇ ਦੇ ਬਾਅਦ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 17-ਬਿਜਲੀ-2025-26 ਮਿਤੀ : 15.09.2025 2821/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਸੰਧਵਾਂ ਵੱਲੋਂ ਮਹਿੰਦਰ ਸਿੰਘ ਕੇਪੀ ਦੇ ਇਕਲੌਤੇ ਪੁੱਤਰ ਰਿਚੀ ਕੇਪੀ ਦੇ ਅਚਨਚੇਤ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



ਚੰਡੀਗੜ੍ਹ (ਕ੍ਰਿਸ਼ਨ ਗਰਗ)- ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਾਬਕਾ ਸੰਸਦ ਮੈਂਬਰ ਮਹਿੰਦਰ ਸਿੰਘ ਕੇਪੀ ਦੇ ਇਕਲੌਤੇ ਪੁੱਤਰ ਰਿਚੀ ਕੇਪੀ ਦੇ ਜਲੰਧਰ ਵਿਖੇ ਸੜਕ ਹਾਦਸੇ ਵਿੱਚ ਹੋਏ ਬੇਵਕਤੀ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।ਸਪੀਕਰ ਸੰਧਵਾਂ ਨੇ ਕਿਹਾ ਕਿ ਇਹ ਖ਼ਬਰ ਸੁਣ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਹੈ ਅਤੇ ਉਹ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਉਹ ਵਿਛੜੀ ਰੂਹ ਨੂੰ ਸ਼ਾਂਤੀ ਦੇਵੇ ਅਤੇ ਇਸ ਦੁੱਖ ਦੀ ਘੜੀ ਵਿੱਚ ਦੁਖੀ ਪਰਵਾਰ ਨੂੰ ਇਹ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਕਰਨ ਦੀ ਤਾਕਤ ਦੇਵੇ।

### ਭੋਗ 'ਤੇ ਵਿਸ਼ੇਸ਼

## ਹਰਭਜਨ ਸਿੰਘ ਅਕਾਲੀ ਮਿਲਾਪੜੇ ਸੁਭਾਅ ਦੇ ਸਨ ਮਾਲਕ



ਹਰਭਜਨ ਸਿੰਘ ਅਕਾਲੀ ਜੀ ਦਾ ਜਨਮ 3 ਜਨਵਰੀ 1936 ਨੂੰ ਪਿੰਡ ਰਸੂਲਪੁਰ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਮਾਤਾ ਬੇਅੰਤ ਕੌਰ ਅਤੇ ਪਿਤਾ ਸਵ ਸੰਤ ਹਜ਼ਾਰਾਂ ਸਿੰਘ ਅਕਾਲੀ ਜੀ ਦੇ ਘਰ ਹੋਇਆ। ਸੰਤ ਹਜ਼ਾਰਾਂ ਸਿੰਘ ਅਕਾਲੀ ਅਕਾਲੀ ਲਹਿਰ ਸਮੇਂ ਸਰਗਰਮ ਆਗੂ ਤੌਰ ਤੇ ਵਿਚਰੇ , ਉਨ੍ਹਾਂ ਗੁਰੂ ਕੇ ਬਾਗ ਚਾਬੀਆਂ ਦੇ ਜੱਥੇ ਵਿੱਚ ਅਹਿਮ ਸੇਵਾਵਾਂ ਦਿੱਤੀਆਂ। ਸੰਤ ਹਜ਼ਾਰਾਂ ਸਿੰਘ ਅਕਾਲੀ ਜੀ 1920 'ਚ ਅਕਾਲੀ ਦਲ ਤਹਿਸੀਲ ਫਿਲੌਰ ਦੇ ਮੁੱਖ ਸੇਵਾਦਾਰ ਬਣੇ ਅਤੇ ਅਕਾਲੀ ਦਲ 'ਚ ਲੰਬਾ ਸਮਾ ਸੇਵਾਵਾਂ ਨਿਭਾਈਆਂ।ਸੰਤ ਹਜ਼ਾਰਾਂ ਸਿੰਘ ਰਾਜਾ ਸਾਹਿਬ ਮਜਾਰਾ ਵਾਲਿਆਂ ਦੇ ਨਾਲ ਕਾਫੀ ਸਮਾਂ ਰਹੇ ਅਤੇ ਨਾਲ ਰਹਿੰਦੇ ਸੰਗਤਾ ਦੀ ਸੇਵਾ ਕੀਤੀ।ਉਨ੍ਹਾਂ ਦੇ ਜੀਵਨ ਤੋਂ ਪ੍ਰੇਰਿਤ ਹੋ ਕੇ ਸਵ. ਹਰਭਜਨ ਸਿੰਘ ਅਕਾਲੀ ਵੱਲੋਂ ਵੀ ਸਿੱਖੀ ਸਿਧਾਂਤਾਂ ਤੇ ਪਹਿਰਾ ਦਿੰਦੇ ਹੋਏ ਅਕਾਲੀ ਦਲ 'ਚ ਕਈ ਮੋਰਚਿਆਂ ਚ ਸਰਗਰਮ ਰਹੇ ਅਤੇ ਜੇਲ੍ਹਾਂ ਕੱਟੀਆਂ। ਉਨ੍ਹਾਂ ਦੀ ਧਰਮਪਤਨੀ ਬੀਬੀ ਨਰੰਜਣ ਕੌਰ ਵੱਲੋਂ ਵੀ ਅਕਾਲੀ ਦਲ ਦੀ ਇਲਾਕੇ 'ਚ ਨੁਮਾਇੰਦਗੀ ਕੀਤੀ। ਸਵ. ਹਰਭਜਨ ਸਿੰਘ ਅਕਾਲੀ ਬਹੁਤ ਹੀ ਨਿੱਘੇ ਅਤੇ ਮਿਲਾਪੜੇ ਸੁਭਾਅ ਦੇ ਇਨਸਾਨ ਸਨ ਜੋ ਹਰ ਇੱਕ ਵਿਅਕਤੀ ਨਾਲ ਵਧੀਆ ਤਰੀਕੇ ਨਾਲ ਵਿਚਰਦੇ ਸਨ।ਸਵ. ਹਰਭਜਨ ਸਿੰਘ ਅਕਾਲੀ ਦੀ ਫੁਲਵਾੜੀ 'ਚ ਦੋ ਸਪੁੱਤਰ ਮਹਾਂ ਸਿੰਘ, ਬਲਵੀਰ ਸਿੰਘ ਤੇ ਦੋ ਪੁੱਤਰੀਆਂ ਬਲਵਿੰਦਰ ਕੌਰ, ਸੁਰਿੰਦਰ ਕੌਰ ਹਨ, ਜੋ ਸਵ. ਹਰਭਜਨ ਸਿੰਘ ਅਕਾਲੀ ਦੀ ਪ੍ਰੇਰਨਾ ਤੇ ਚੱਲਦੇ ਹੋਏ ਧਾਰਮਿਕ ਅਤੇ ਸਮਾਜਿਕ ਤੌਰ 'ਤੇ ਵਧੀਆ ਢੰਗ ਨਾਲ ਵਿਚਰਦੇ ਹੋਏ ਪਰਵਾਰ ਦਾ ਨਾਮ ਰੌਸ਼ਨ ਕਰ ਰਹੇ ਹਨ। ਸਵ. ਹਰਭਜਨ ਸਿੰਘ ਜੀ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 19 ਸਤੰਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਿੰਘ ਸਭਾ ਪਿੰਡ ਰਸੂਲਪੁਰ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਹੋਵੇਗੀ। -ਨਿਰਮਲ ਕੁਮਾਰ



ਫਿਲੌਰ : ਸ੍ਰੀ ਵੈਭਵ ਸ਼ਰਮਾ ਫਿਲੌਰ ਨੂੰ 'ਆਪ' ਹਾਈ ਕਮਾਂਡ ਵੱਲੋਂ ਆਮ ਆਦਮੀ ਪਾਰਟੀ ਯੂਥ ਵਿੰਗ ਹਲਕਾ ਫਿਲੌਰ ਦਾ ਪ੍ਰਧਾਨ ਥਾਪਿਆ ਗਿਆ ਜਿਸ ਦਾ ਪਾਰਟੀ ਵਰਕਰਾਂ ਵੱਲੋਂ ਅਤੇ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ 'ਆਪ' ਵੱਲੋਂ ਸਵਾਗਤ ਕੀਤਾ ਗਿਆ।
(ਫੋਟੋ ਤੇ ਵੇਰਵਾ-ਨਿਰਮਲ ਫਿਲੌਰ)

## ਆਮ ਸੂਚਨਾ

ਮੈ ਹੁਕਮ ਚੰਦ ਪੁੱਤਰ ਜੋਗਿੰਦਰ ਕੁਮਾਰ ਵਾਸੀ ਔਜਲਾ ਫਾਟਕ ਦੀਪ ਨਗਰ ਕਪੂਰਥਲਾ, ਪੰਜਾਬ ਦਾ ਹਾਂ ਅਤੇ ਬਿਆਨ ਕਰਦਾ ਕਰਦਾ ਹਾਂ ਕਿ ਇਹ ਕਿ ਮੇਰਾ ਨਾਮ ਅਧਾਰ ਕਾਰਡ ਵਿੱਚ ਅਤੇ ਬਾਕੀ ਕਾਗਜਾਤ ਵਿੱਚ ਹਰਵਿੰਦਰ ਕੁਮਾਰ ਹੈ ਅਤੇ ਮੈਨੂੰ ਹੁਕਮ ਚੰਦ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ।ਇਹ ਕਿ ਇਹ ਦੋਨੋਂ ਨਾਮ ਮੇਰੇ ਇੱਕ ਹੀ ਆਦਮੀ ਦੇ ਹਨ।ਜੋ ਕਿ ਸਹੀ ਵਾ ਦਰੁਸਤ ਹਨ।ਕ੍ਰਿਪਾ ਨੋਟ ਕੀਤਾ ਜਾਵੇ ਜੀ।

ਮੈਂ, ਜਤਿੰਦਰ ਕੌਰ ਪਤਨੀ ਰਜਿੰਦਰ ਸਿੰਘ ਵਾਸੀ ਮਕਾਨ ਨੰ: 9709, ਅਬਾਦੀ ਸਰਵਰਪੁਰਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਜੀਤ ਸਿੰਘ ਉਰਫ ਬੱਬਾ ਮੇਰੇ ਕਹਿਣੇ ਤੋਂ ਬਾਹਰ ਹੈ। ਜਿਸ ਕਰਕੇ ਮੈਂ ਇਸ ਨਾਲੋਂ ਆਪਣੇ ਸੰਬੰਧ ਖਤਮ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਤਰਲੋਚਨ ਸਿੰਘ ਪੁੱਤਰ ਦਿਦਾਰ ਸਿੰਘ ਵਾਸੀ ਪਿੰਡ ਬਿੱਲੀ ਬੜੈਚ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸਤਵੰਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ-ਅੱਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇਕਾਰ ਹੈ। ਇਸ ਲਈ ਮੈਂ ਆਪਣੇ ਲੜਕੇ ਸਤਵੰਤ ਸਿੰਘ ਨੂੰ ਦਿੱਤੀ ਬੇਦਖਲੀ ਰੱਦ ਕਰਦਾ ਹਾਂ।

ਮੈਂ, ਜਸ਼ਨਵੀਰ ਸਿੰਘ ਪੁੱਤਰ ਸੁਖਮੰਦਰ ਸਿੰਘ ਵਾਸੀ ਪਿੰਡ ਬਧੋਨਾ, ਜ਼ਿਲ੍ਹਾ ਮੋਗਾ ਨੇ ਮੋਟਰ ਕੁਨੈਕਸ਼ਨ ਆਪਣੇ ਨਾਂਅ 'ਤੇ ਤਬਦੀਲ ਕਰਾਉਣ ਲਈ ਬਿਨੈ ਪੱਤਰ ਉਪ ਮੰਡਲ ਚੜਿਕ ਵਿਖੇ ਪੇਸ਼ ਕੀਤਾ ਹੈ, ਜੋ ਕਿ ਮੋਟਰ ਕੁਨੈਕਸ਼ਨ ਖਾਤਾ ਨੰ. ਏ ਪੀ 01/0249 ਕੇ ਬਲਵੰਤ ਸਿੰਘ ਪੁੱਤਰ ਨਿਧਾਨ ਸਿੰਘ ਦੇ ਨਾਂਅ 'ਤੇ ਚਲਦਾ ਹੈ। ਜੇ ਕਿਸੇ ਨੂੰ ਇਤਰਾਜ਼ ਹੈ ਤਾਂ 15 ਦਿਨਾਂ ਦੇ ਅੰਦਰ ਇਤਰਾਜ਼ ਪੇਸ਼ ਕਰ ਸਕਦਾ ਹੈ। ਨਹੀਂ ਤਾਂ 15 ਦਿਨਾਂ ਤੋਂ ਬਾਅਦ ਇਹ ਕੁਨੈਕਸ਼ਨ ਜਸ਼ਨਵੀਰ ਸਿੰਘ ਪੁੱਤਰ ਸੁਖਮੰਦਰ ਸਿੰਘ ਦੇ ਨਾਂਅ ਤਬਦੀਲ ਕਰ ਦਿੱਤਾ ਜਾਵੇਗਾ।

ਮੈਂ, ਹਰੀ ਦਾਸ ਪੁੱਤਰ ਹੰਸ ਰਾਜ ਸ਼ਰਮਾ, ਵਾਸੀ ਪਿੰਡ ਤਾਲਿਬਪੁਰ, ਡਾਕ ਪੰਡੋਰੀ ਮਹੰਤਾਂ, ਜ਼ਿਲ੍ਹਾ ਗੁਰਦਾਸਪੁਰ, ਇੱਕ ਟਿਊਬਵੈੱਲ ਕੁਨੈਕਸ਼ਨ ਨੰਬਰ AP24/1047, ਜੋ ਕਿ ਮੈਂ ਵੱਸਣ ਸਿੰਘ ਪੁੱਤਰ ਮੱਸਾ ਸਿੰਘ, ਵਾਸੀ ਪਿੰਡ ਕਰਵਾਲ, ਡਾਕ. ਪੰਡੋਰੀ ਮਹੰਤਾਂ, ਜ਼ਿਲ੍ਹਾ ਗੁਰਦਾਸਪੁਰ ਕੋਲੋਂ ਖਰੀਦਿਆ ਸੀ, ਆਪਣੇ ਨਾਂਅ ਪਰ ਕਰਵਾਉਣਾ ਚਾਹੁੰਦਾ ਹਾਂ। ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਅੰਦਰ ਬਿਜਲੀ ਦਫਤਰ, ਸਬ-ਡਵੀਜ਼ਨ ਪੰਡੋਰੀ ਮਹੰਤਾਂ, ਜ਼ਿਲ੍ਹਾ ਗੁਰਦਾਸਪੁਰ ਵਿਖੇ ਆਪਣਾ ਇਤਰਾਜ਼ ਦਰਜ ਕਰਵਾਏ।

## ਨਾਂਅ ਦੀ ਬਦਲੀ

ਮੈਂ ਜੈਸਮੀਨ ਪੁੱਤਰੀ ਅਮਨਦੀਪ ਸਿੰਘ ਵਾਸੀ ਪਿੰਡ ਮੇਹਲੀ ਤਹਿਸੀਲ ਬੰਗਾ ਜਿਲਾਂ ਸ਼ਹੀਦ ਭਗਤ ਸਿੰਘ ਨਗਰ ਨੇ ਆਪਣਾ ਨਾਮ ਜੈਸਮੀਨ ਤੋਂ ਬਦਲ ਕੇ ਜੈਸਮੀਨ ਕੌਰ ਰੱਖ ਲਿਆ।

ਮੈਂ ਨਿਖਲ ਪੁੱਤਰ ਅਮਨਦੀਪ ਸਿੰਘ ਵਾਸੀ ਪਿੰਡ ਮੇਹਲੀ ਤਹਿਸੀਲ ਬੰਗਾ ਜਿਲਾਂ ਸ਼ਹੀਦ ਭਗਤ ਸਿੰਘ ਨਗਰ ਨੇ ਆਪਣਾ ਨਾਮ ਨਿਖਲ ਤੋਂ ਬਦਲ ਕੇ ਨਿਖਲ ਸਿੰਘ ਰੱਖ ਲਿਆ।

ਮੈਂ, ਜਸਵੀਰ ਕੌਰ ਪੁੱਤਰੀ ਪਿਆਰਾ ਸਿੰਘ, ਵਾਸੀ ਪਿੰਡ ਫਿਰੋਜ ਰੋਲੀਆ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ, ਹਾਲ ਪਤਨੀ ਜਸਕਰਨ ਸਿੰਘ, ਵਾਸੀ ਪਿੰਡ ਰਾਜਪੁਰ, ਤਹਿਸੀਲ ਦਸੂਹਾ (ਹੁਸ਼ਿਆਰਪੁਰ) ਮੇਰਾ ਨਾਂਅ ਜਮ੍ਹਾਂਬੰਦੀ ਵਿਚ ਜਸਵੰਤ ਕੌਰ ਚੱਲ ਰਿਹਾ ਹੈ। ਹੁਣ ਮੈਂ ਆਪਣਾ ਨਾਂਅ ਜਸਵੀਰ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।




## Change of Name

I, Sukhwinder Singh S/O Sukhdev Singh R/O VPO Bhoma, Distt. Gurdaspur, Punjab have changed my name from Sukhwinder Singh to Sukhwinder as my Given name and Singh as my Surname. Concerned note.

I, Nanda Devi Yadav W/O late Ram Sagar R/O H.No. 2513, Ram Tirath Road,Gali No.1, Putlighar, Amritsar, Punjab have changed my name from Nanda Devi Yadav to Nanda Devi . Concerned note.

I, Kamalpreet S/o Buta Ram, VPO Rurka Kalan, Patti Bulla Ki, Teh. Phillaur, Distt. Jalandhar have changed of my name from Kamalpreet to Kamalpreet Salhan. All Concerned please note.

I, Abhishek S/o Ashwani Kumar R/o Samrai, PO Samrai District Gurdaspur have changed my name from Abhishek to Abhishek Kumar

I, Hema Rani D/o Suraj Parkash Ahuja W/o Naveen Dhawan R/o H.No.26, Gali No.1, Model Town Amritsar have changed my name from Hema Rani to Kanika Dhawan

I, Tarasyot Singh S/o Jhirmal Singh R/o VPO Babowal Tehsil Majitha Distt. Amritsar have changed my name from Tarasyot Singh to Given name Tarasyot Surname Singh

I, Amritpal Singh S/o Ajaib singh R/o Vill Cheleke PO Preet Nagar, Amritsar have changed my name from Amritpal singh to Singh is my Surname and Given name is Amritpal.

I, Vishal Gupta S/o Ram Bilas Gupta R/o H.No.643 Sandhu Colony Majitha Road Amritsar declare that Vishal and Vishal Gupta both names are mine and both names relate to one and same person

I Rajni Gupta D/o Sh. Sanjeev Kumar W/o Mr. Prince Singla R/o H No. 2004, Gali Kamboj Gali No.4, Ramanand Bagh, Amritsar. I have changed my name after marriage from Rajni Gupta to Rajni Singla. all concerned please note.

I, Arshnoor Singh S/o Bhupinder Pal Singh, R/o Vill. Lodhi Chak, PO. Kurala, Teh. Dasuya, Distt. Hoshiarpur, Punjab-144204 have changed my name and shall hereafter be known as Singh Arshnoor.

I,Surinder Kumar S/O Kanshi Ram Saini R/O 1814/14, Opp. Railway Workshop,Putlighar, Guru Ram Dass Nagar, Amritsar, Punjab have changed my name from Surinder Kumar to Surinder Kumar Saini. Concerned note.

I, Sukhjit Kaur W/o Rajwinder Singh R/o Village Usman, Tehsil Baba Bakala, Distt. Amritsar, Punjab-143114 have changed my name from Sukhjit Kaur to Sukhjeet Kaur.

I, Hardeep Singh S/o Darshan Singh R/o 568, Green Field Avenue, Majitha Road, Amritsar, Punjab have changed my name from Hardeep Singh to Hardeep Singh Thakur.

I Kusum w/o Rajesh Kumar R/o H.no. 242, Datar Nagar, Jalandhar, have changed my name after marriage from Anita to Kusum.

I Taranjit Singh S/o Bikar Singh,R/o Vill Kane,PO Pandori Phangure,PS Bullowal, Distt. Hoshiarpur have changed my name from Taranjit Singh to Taranjeet Singh. All concerned may note.

I, Harshdeep Singh S/O Anoop Singh Pannu, R/O H.No. 86/3 Shaheed Baba Deep Singh Nagar, Ward No. 3, Reru ,Jalandhar, Punjab Have Changed My Name From Harshdeep Singh To Singh Harshdeep (Surname As Singh). All Note.

I, Vishal Son of Surinder Pal resident of Village Bambianwali, P.O. Kukar Pind, Distt. Jalandhar, Punjab have changed my name from Vishal to Vishal Singh. All concerned may note please.

I Harleen D/o Jimmy Kumar R/o Kharal Khurd Post Jaura, Tehsil Tanda, Distt. Hoshiarpur have changed my name Harleen to Harleen Kaur.

I, Sahib Jaskaran Singh Josan S/O Dalbir Singh Josan residence at VPO. Jahangir Kalan, Via Kang , Tehsil Khadur Sahib, District Tarn Taran Punjab 143406 .I, have changed the name of my minor daughter SAMYRAH SINGH aged 06 year06 month and she shell here after be known as SAMYRAH SINGH JOSAN.

I, Poonam Kumari W/o Bhupinder Kumar R/o VPO Chohla Sahib Tehsil and Distt. Tarn Taran have changed my name to Poonam Rani

I, Ravjeet Kaur Madaan W/o Arvinder Singh Madaan D/o Inderjit Singh R/o 11-12, New Baba Deep Singh Avenue, Tarn Taran Road, Amritsar have changed my name from Ravjeet Kaur Madaan to Ravjeet Kaur

I, hitherto Known as Davinderpal Singh son of Ajmer Singh residing at Village Bedadpur, PO Sathiala, Tehsil Baba Bakala District Amritsar-143205 Punjab have changed my name and Shall hereafter be known as Davinderpal Singh Gill.

I Madhu W/o Dinesh Kumar R/o H.no. 581, Near Income Tax Colony, Rishi Nagar, Jalandhar -144003, have changed my name from Madhu to Madhu Mehndiratta. All please note.

I, Tarina Khanna W/o Chetan Verma R/o H.No. 10-B, Gurdev Nagar, Jalandhar, Punjab have changed my name from Tarina Khanna to Trina Verma. All concerned please note.

I, Krishan S/o Sh. Roshan Lal R/o H.No. 82, Panchsheel Avenue, Deepnagar, PO. Jalandhar Cantt, Jalandhar, Punjab-144005, India have changed my name from Krishan to Krishan Pal. All concerned please note.

I, Usha Rani Alias Usha Thukral W/O Ravinder Kumar Thukral R/O 918 Urban Estate Phase -1 Garha, Jalandhar, Punjab 144022 Have Changed My Name From Usha Rani To Usha Rani Alias Usha Thukral. All Concerned Please Note.

I, Gagandeep Singh S/o Paramjit Singh R/o Village Bure Jattan, PO. Pandori Bawa Dass, Tehsil & Distt. Hoshiarpur, Punjab have changed my name from Gagandeep to Gagandeep Singh. All concerned please note it.

## Change of Name

I, Mukesh S/o Dharam Pal R/o Kacha Kot, Jandi Wali Gali, Batala, Tehsil Batala, District Gurdaspur, Punjab have changed my name from Mukesh to Mukesh Kheeva. Concerned Note. (R)

I, Sunil Kumar S/o Sh. Chaman Lal, resident of H. No. 633, Phaggu Mohalla, Garha, Jalandhar-144022, Punjab, India. My minor daughter name is Manvi. I have changed my Daughter's name Manvi to Manvi Kumari. Please all concerned note.

I, Preet w/o Balwant Singh r/o VPO. Chakoki, Distt. Kapurthala have changed my name from Preet to Preet Kaur (Surname as Kaur) All Please Note.

I, Kail Chand s/o Sadhu Ram r/o Vill.Nahal Garh, Po. Jagatpur Jattan, Distt. Kapurthala-144402, Punjab have changed my name as Karnail Chand. All Please Note.

I, Jarmail Singh S/o Gurbakhsh Singh R/o V.P.O. Duhre, Distt. Jalandhar, Punjab-144302, have changed my name to Jarnail Singh. All Please Note.

I, Jasbir Singh S/o Jarnail Singh R/o V.P.O. Duhre, Distt. Jalandhar, Punjab-144302 have changed my name to Jasvir Singh. All Please Note.

I, Vikas Jain S/o Mahabir Jain R/o H.No. 93L, Model Town, Jalandhar, Punjab-144001 have changed the name of my minor daughter Vama Jain aged 10 years and she shall hereafter be known as Vamma Jain.

I, Dalwinder Kumar S/o Krishan Ram R/o Village Khera, Po. Jamsher Khas, Jalandhar, Punjab have changed my minor son name from Ranveer Kumar to Kumar Ranveer (Surname as Kumar) All Please Note.

I, hitherto Known as Kanwal Kumar Son of Kasturi Lal residing at H.No. 341, Street No.7, Dilbagh Nagar Extn., Jalandhar-144002, Punjab, India have changed my name and shall hereafter be known as Kanwal Kumar Sehgal.

I, Sukhjeet Singh S/o Balwinder Singh R/o VPO. Bishankot , Tehsil Kalanaur, District Gurdaspur, Punjab, India Pin Code 143512 , I Have changed my name from Sukhjeet Singh to Singh Sukhjeet ,Surname as Singh and given name as Sukhjeet.

I, Sarabjit Singh S/o Hardev Singh R/o Dera Thikriwal near Satsung Bhawan, VPO. Kalanaur , District Gurdaspur, Punjab, India Pin Code 143512 , I have changed my name from Sarabjit Singh to Singh Sarabjit, Surname as Singh and given name as Sarabjit.

I, Satnam Singh Sandhu S/o Santokh Singh R/o Village Tangoshah, PO Larhi Gujjaran, Distt - Gurdaspur, Punjab, India. Have changed my name from Satnam Singh Sandhu to Satnam Singh.

## PUBLIC NOTICE

I ANIL D. MEHTA & SOHAIL MEHTA both Partners of M/s D. D. MEHTA & Co. situated at 4, Basti Nau, Jalandhar, Punjab-144002 declare that we are the partners of above mentioned Company.That Original documents of properties held in the name of Sh. D.N. Mehta, 609-R, Mall Road, Model Town, Jalandhr-144003 (Punjab) and M/s D.D. Mehta & Co., Office No. A-403, Qutab Plaza, DLF City, Phase-1, Gurugram, Haryana-122002 has actual been losted. All concerned may note.

I, Kamla Jain W/o Sunil Jain R/o H.No. 380, Bhargo Nagar, Jalandhar, Punjab declare that I am taking back notice given in favour of my son Varun Kumar and his wife Pritika Jain with two children without any outer pressure who are under my control and faithful towards me. Now they have all right in my movable and immovable properties. All Please Note.

We, Sada Ram S/o Daulat Ram and Ram Piari W/o Sada Ram both R/o Ghagpur Patti, Jandu Singha, Tehsil and Distt. Jalandhar declare that our daughter Amanjot is out of our control. We disinherit her from our moveable and immovable properties. We and our family shall not be held responsible for any of her acts, deeds and things. All Please Note.

We, Madan Lal S/o Gian Chand & Sudesh Kumari W/o Madan Lal both R/o H.No. 595/6, Basti Bawa Khel, Madhuban Colony, Jalandhar declare that our son Gagandeep and his wife Renu are out of our control. We disinherit them from our moveable and immovable properties. We and our family shall not be held responsible for any of them acts, deeds and things. All Please Note.

I, Kamlesh Kaur W/o Mohan Singh R/o H.No. WT-15, Mohalla Chaiaam, Basti Sheikh, Jalandhar at WT-123, Kot Mohalla, Basti Sheikh, Jalandhar declare that my son Harjinder Singh & his wife Ranjana are out of my control. I disinherit them from my movable and immovable properties. I and my family shall not be held responsible for any of their acts deeds and things. All Please Note.

## ਬੇਦਖਲੀ ਨੋਟਿਸ

ਅਸੀਂ, ਵਿਨੋਦ ਕੁਮਾਰ ਪੁੱਤਰ ਦਰਸ਼ਨ ਲਾਲ ਅਤੇ ਸੁਮਨ ਰਾਣੀ ਪਤਨੀ ਵਿਨੋਦ ਕੁਮਾਰ ਦੋਨੋਂ ਵਾਸੀਆਨ ਮਕਾਨ ਨੰ. 3116, ਵਾਰਡ ਨੰ. 7, ਲੋਹਾਰਾਂ, ਕਰਤਾਰਪੁਰ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਤਰੁਣ ਕੁਮਾਰ ਅਤੇ ਉਸਦੀ ਪਤਨੀ ਰਜਨੀ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਜੀਤ ਕੌਰ ਪਤਨੀ ਲੇਟ ਅਜੀਤ ਸਿੰਘ, ਵਾਸੀ ਮਕਾਨ ਨੰਬਰ 316/2 ਮੁਹੱਲਾ ਨੰਗਲ ਕੋਟਲੀ, ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੋਤਰਾ ਗੁਰਵਿੰਦਰ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ ਮਹੇਂਦਰ ਪ੍ਰਤਾਪ ਚੌਰਸੀਆ ਪੁੱਤਰ ਜਵਾਹਰ ਲਾਲ ਵਾਸੀ 203, ਗਲੀ ਨੰਬਰ 3, ਅਕਾਸ਼ ਐਵੀਨਿਊ, ਬੋਹੜੀ ਸਾਹਿਬ ਰੋਡ, ਕੋਟ ਖਾਲਸਾ, ਅੰਮ੍ਰਿਤਸਰ ਆਪਣੀ ਲੜਕੀ ਨੇਹਾ, ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀ ਮੰਨਦੀ, ਆਪਣੀ ਮਰਜੀ ਕਰਦੀ ਹੈ ਨੂੰ ਆਪਣੀ ਚੱਲ ਅਚੱਲ, ਚੁੱਕਵੀਂ ਅਣਚੁੱਕਵੀਂ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸਦੇ ਕਿਸੇ ਵੀ ਮਾੜੇ ਚੰਗੇ ਕੰਮ, ਲੈਣ ਦੇਣ, ਨਫ਼ੇ ਨੁਕਸਾਨ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀ ਹੋਵੇਗਾ। ਮੇਰਾ ਨੇਹਾ ਅਤੇ ਉਸਦੇ ਪਰਿਵਾਰ ਦੇ ਨਾਲ ਕੋਈ ਸੰਬੰਧ ਨਹੀ ਹੈ।

ਮੈਂ, ਸਨੀਤਾ ਪਤਨੀ ਹੀਰਾ ਲਾਲ ਵਾਸੀ ਮਕਾਨ ਨੰ- 87, ਗਲੀ ਨੰ-3, ਭਦਰਕਾਲੀ ਜੀ ਦਾ ਮੰਦਰ, ਆਬਾਦੀ ਸ਼ਹੀਦ ਉਧਮ ਸਿੰਘ ਕਾਲੋਨੀ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਾਜਨ ਅਤੇ ਉਸਦੀ ਪਤਨੀ ਸ਼ਾਲੂ ਮੇਰੇ ਕਹਿਣੇ ਵਿਚ ਨਹੀਂ ਹਨ, ਮੈਂ ਇਹਨਾਂ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ, ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਖਮੰਦਰ ਸਿੰਘ ਪੁੱਤਰ ਰੂਪ ਸਿੰਘ, ਵਾਸੀ ਪਿੰਡ ਰੌਂਤਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਨਰਿੰਦਰ ਕੌਰ ਪਤਨੀ ਲੇਟ ਰਘਬੀਰ ਸਿੰਘ ਵਾਸੀ ਗਲੀ ਨੰਬਰ 3 ਸੁਭਾਸ਼ ਨਗਰ ਤਹਿਸੀਲ ਫਗਵਾੜਾ ਜਿਲਾਂ ਕਪੂਰਥਲਾ ਦੀ ਸੂਚਿਤ ਕਰਦੀ ਹਾਂ ਮੇਰੀ ਲੜਕੀ ਗੁਰਜੀਤ ਕੌਰ ਪਰਮਾਰ ਮੇਰਾ ਜਵਾਈ ਅਮਿਤ ਕੁਮਾਰ ਪਰਮਾਰ ਇਹ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਅਕਸਰ ਗਾਲੀ ਗਲੋਚ ਕਰਦੇ ਰਹਿੰਦੇ ਹਨ ਤੇ ਆਪਣੀ ਮਨ ਮਰਜੀ ਕਰਦੇ ਹਨ। ਮੇਰੇ ਕਹਿਣੇ ਵਿੱਚ ਨਹੀ ਹਨ। ਮੈ ਇਹਨਾਂ ਨੂੰ ਆਪਣੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਸਰਿਸ਼ਟਾ ਪਤਨੀ ਰਾਜ ਕੁਮਾਰ ਅਤੇ ਰਾਜ ਕੁਮਾਰ ਪੁੱਤਰ ਸ੍ਰੀ ਕਰਤਾਰ ਚੰਦ, ਵਾਸੀਆਨ ਮਕਾਨ ਨੰ: 864, ਕਟੜਾ ਮੁਹੱਲਾ, ਬਸਤੀ ਦਾਨਿਸ਼ਮੰਦਾਂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਮਿਤ ਅਤੇ ਉਸ ਦੀ ਪਤਨੀ ਮੋਨਿਕਾ, ਜੋ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕੁਲਵੰਤ ਸਿੰਘ ਪੁੱਤਰ ਰਤਨ ਸਿੰਘ, ਵਾਸੀ ਮਕਾਨ ਨੰ: ਬੀ-1263, ਗਲੀ ਨੰ: 3, ਨਿਊ ਪ੍ਰਤਾਪ ਨਗਰ, ਗੁਰਲਾਲ ਬਾਜ਼ਾਰ, ਜੀ. ਟੀ. ਰੋਡ ਅੰਮ੍ਰਿਤਸਰ, ਪੰਜਾਬ-143001 ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਿਮਰਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਹੈ।

ਮੈਂ, ਮਹਿੰਦਰ ਸਿੰਘ ਪੁੱਤਰ ਸ੍ਰੀ ਪੂਰਨ ਸਿੰਘ ਅਤੇ ਸਤਨਾਮ ਕੌਰ ਪਤਨੀ ਮਹਿੰਦਰ ਸਿੰਘ ਵਾਸੀ ਮਕਾਨ ਨੰ: 25, ਤੀਰਥ ਨਗਰ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਭੁਪਿੰਦਰ ਸਿੰਘ ਅਤੇ ਉਸ ਦੀ ਪਤਨੀ ਕੋਮਲਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕੁਲਦੀਪ ਕੌਰ ਪਤਨੀ ਸਤਪਾਲ ਸਿੰਘ ਵਾਸੀ ਜੇ 18/294, ਗਲੀ ਨੰ: 1, ਕੋਟ ਮਿੱਤ ਸਿੰਘ, ਤਰਨ ਤਾਰਨ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸ਼ਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਹੈ।

ਮੈਂ, ਪਲਵਿੰਦਰ ਕੁਮਾਰ ਪੁੱਤਰ ਛੋਟੂ ਰਾਮ, ਵਾਸੀ ਮਕਾਨ ਨੰ: 360, ਗਲੀ ਨੰ. 12, ਗੁਰੂ ਰਾਮਦਾਸ ਐਵੀਨਿਊ, ਮਜੀਠਾ ਰੋਡ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਤੁਲ ਕੁਮਾਰ ਅਤੇ ਨੂੰਹ ਮੁਸਕਾਨ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰਮੇਸ਼ ਕੁਮਾਰ ਪੁੱਤਰ ਰਤਨ ਪ੍ਰਕਾਸ਼ ਅਤੇ ਸਾਕਸ਼ੀ ਪਤਨੀ ਰਮੇਸ਼ ਕੁਮਾਰ, ਵਾਸੀਆਨ ਮਕਾਨ ਨੰ: 285, ਸ਼ਿਵਾਲਾ ਭਾਈਆਂ, ਨੇੜੇ ਸਰਕਾਰੀ ਸਕੂਲ ਅੰਮ੍ਰਿਤਸਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰੋਹਿਤ ਮਹਿਰਾ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਉਸ ਨੇ ਸਾਡੀ ਸਹਿਮਤੀ ਤੋਂ ਬਿਨਾਂ ਪੂਨਮ ਨਾਂਅ ਦੀ ਮਹਿਲਾ ਨਾਲ ਵਿਆਹ ਕਰਵਾ ਲਿਆ ਹੈ ਅਤੇ ਇਹ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ । ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਜੋਗਿੰਦਰ ਸਿੰਘ ਪੁੱਤਰ ਤੇਜਾ ਸਿੰਘ, ਪਿੰਡ ਪੱਲ੍ਹਾ-ਬੁਤਾਲਾ (ਅੰਮ੍ਰਿਤਸਰ) ਆਪਣੇ ਲੜਕੇ ਤਕਦੀਰ ਸਿੰਘ, ਨੂੰਹ ਗੋਲਡੀ ਨੂੰ ਕਹਿਣਿਓਂ ਬਾਹਰੀ ਹੋਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਰਘਵੀਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਪਿੰਡ ਪਾਲਦੀ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦਾਂ ਹਾਂ ਕਿ ਮੇਰਾ ਸ਼ਾਦੀਸ਼ੁਦਾ ਲੜਕਾ ਗੁਰਦੇਵ ਸਿੰਘ ਅਤੇ ਉਸਦੀ ਪਤਨੀ ਗੁਰਪ੍ਰੀਤ ਕੌਰ ਅਤੇ ਉਨ੍ਹਾਂ ਦਾ ਪੁੱਤਰ ਹਰਫਤਿਹ ਸਿੰਘ ਮਿਨਹਾਸ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ, ਦੇ ਖੁਦ ਜੁੰਮੇਵਾਰ ਹੋਣਗੇ।

ਮੈਂ ਸਿਰੀ ਨਿਵਾਸ ਪੁੱਤਰ ਸ਼ਿਵ ਅਧੀਨ ਵਾਸੀ ਨਜਦੀਕ ਅੰਜਲਾ ਰੋਡ, ਮਕਾਨ ਨੰਬਰ 310, ਮਨਸੂਰਵਾਲ, ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਵਿਸ਼ਵਜੀਤ ਅਤੇ ਨੂੰਹ ਰਿਤੂ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਉਕਤ ਲੜਕੇ ਅਤੇ ਨੂੰਹ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ, ਜਸਪਾਲ ਸਿੰਘ ਪੁੱਤਰ ਸ੍ਰੀ ਫੌਜ਼ਾ ਸਿੰਘ ਵਾਸੀ ਪਿੰਡ ਜੰਡੇ, ਥਾਣਾ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਰਾਣੀ ਪਤਨੀ ਚਾਹਤ ਕੁਮਾਰ ਵਾਸੀ ਈ ਆਰ 199, ਪੱਕਾ ਬਾਗ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਜੇ ਕੁਮਾਰ ਵਾ ਉਸਦੀ ਪਤਨੀ ਚਾਹਤ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਸੁਰਿੰਦਰ ਪਾਲ ਪੁੱਤਰ ਮਹਿੰਗਾ ਰਾਮ ਵਾ ਵੀਨਾ ਰਾਣੀ ਪਤਨੀ ਸੁਰਿੰਦਰ ਪਾਲ ਵਾਸੀਆਨ 76, ਗੋਪਾਲ ਨਗਰ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਮੋਹਿਤ (ਕੁਆਰਾ) ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਲੱਖਾ ਸਿੰਘ ਪੁੱਤਰ ਲੇਟ ਦਰਬਾਰ ਸਿੰਘ, ਵਾਸੀ ਵਿਰਹਾ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਮੁੱਖ ਸਿੰਘ ਅਤੇ ਨੂੰਹ ਬਿਮਲਾ ਬਾਈ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਾਅਲੁਕ-ਵਾਸਤਾ ਨਹੀਂ ਹੈ।

ਮੈਂ, ਪਲਵਿੰਦਰ ਕੌਰ ਪਤਨੀ ਗੁਰਭੇਜ ਸਿੰਘ, ਵਾਸੀ 34, ਸੰਨ੍ਹ ਸਾਹਿਬ ਰੋਡ, ਗਲੀ ਨੰ: 2, ਗੁਰੂ ਗੋਬਿੰਦ ਸਿੰਘ ਨਗਰ, ਛੇਹਰਟਾ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਅਮਨਦੀਪ ਕੌਰ ਪਤਨੀ ਸੁਖਰਾਜ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## PUBLIC NOTICE

Previously Original sale deed bearing Vasika No. 10316 dated 20/02/2009 executed by Surinder kaur W/o Ranbir Singh and Ranbir Singh S/o Gurdial Singh R/o Distt. Moga in favour of Chanchal Mittal W/o Ajay Kumar and Mamta Garg W/o Rajan Kumar Rs/o Moga and Original Sale Deed bearing vasika No. 3457 dated 21/09/2001 executed by Jaspal kaur W/o Sohan Singh in favour of Surinder Kaur W/o Ranbir Singh and Ranbir Singh S/o Gurdial Singh Rs/o Distt. Moga duly regd. In the office of Sub - Registrar office Moga, Distt. Moga was in regard to property measuring 07 Marlas 1/2 Sarsahi situated in the revenue area of Moga Mehla Singh-2, Tehsil and Distt. Moga was taken by Ramandeep Singh S/o Joginder Singh S/o Mit Singh R/o Vishkarma Mohalla, Amritsar Road, Kot Ise khan, Tehsil Dharamkot, Distt. Moga now R/o Dashmesh Nagar, Gali No. 6-H, Amritsar Road Moga, Tehsil and Distt. Moga at the time of purchasing the said property vide sale deed bearing vasika No. 6835 Dated 28/02/2025 and at present owned by said Ramandeep Singh S/o Joginder Singh S/o Mit Singh was lost on Dated 10/09/2025 Vide LR No: 628620/2025 Dated 13/09/2025. Now said Ramandeep Singh S/o Joginder Singh S/o Mit Singh R/o Vishkarma Mohalla, Amritsar Road, Kot Ise Khan. Tehsil Dharamkot, Distt. Moga now R/o Dashmesh Nagar. Gali No. 6-H, Amritsar Road Moga. Tehsil and Distt. Moga is going to take Loan/ limit against security of said property from Punjab & Sind Bank Guru Nanak College Branch, Distt. Moga. If any person is effected for the same, then he/she may contact Amit Goyal adv. Chamber No. 95, Judicial Courts Moga within 15 days.

## COURT NOTICE

(U/o 5 Rule 20 CPC)
In The Court of
Sh. Bhupinder Mittal
Additional Civil Judge (Senior Division), Khanna
CNR No. PBLDA0-000552-2025
Next Date :- 24-09-2025
CM-85-2025
Parminder Singh
Vs.
General Public
Publication Issued To:
General Public
:- Khanna

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 24-09-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division) Khanna
Dated, this day of 15-09-2025

## COURT NOTICE

(U/o 5 Rule 20 CPC)
In the Court of
Ms. Parvinder Kaur
Civil Judge (Senior Division), SBS Nagar
CNR No. PBSB02-000516-2023
Next Date :- 01-10-2025
Canara Bank
Vs.
Gurjit Singh and ors.
Notice To :
Harpinder Singh
Father : Dalbir Singh
R/o Village Kot Fatuhi, Tehsil Garhshankar, District Hoshiarpur.

In above titled case, the defendant could not be served. It is ordered that defendant should appear in person or through counsel on 01-10-2025 at 10:00 a.m.

For details logon to https://highcourtchd.gov.in/?mod=district_notice&district=sbsnagar

Given under my hand and the seal of the court, this 12.09.2025
Civil Judge (SD), SBS Nagar

## COURT NOTICE

(U/o 5 Rule 20 CPC)
In the Court of
Ms Harkamal Kaur
Civil Judge Junior Division-9, Patiala
CNR No. PBPT02-004333-2024
Next Date :- 13-10-2025
Manjeet Madra
Vs.
Pushpinder Singh Brar
Publication Issued To :
Pushpinder Singh Brar
: H. No. 60 First Floor, Phulkian Enclave Tripuri Patiala

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 13-10-2025 at 10:00 A.M.

For details logon to https://highcourtchd.gov.in/?mod=district_notice&district=patiala

Civil Judge Junior Division-9, Patiala
Dated this day of 12-09-2025

## COURT NOTICE

(U/o 5 Rule 20 CPC)
(Under Guardian and Ward Act)
In the Court of
Sh. Amrinder Pal Singh
Additional Principal Judge
Family Court Sangrur
GW/8/2025
CNR No. PBSG01-005823-2025
Next Date :- 30-09-2025
Labh Singh
Vs. Mandeep Kaur
Notice to :
General Public
: General Public

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 30.09.2025 at 10:00 A.M.

For details logon to https://highcourtchd.gov.in/?mod=district_notice&district=Sangrur

Additional Principal Judge
Family Court Sangrur
Dated this day of 14-09-2025

## Lost and Found

I Deepak Goel S/o Dharam Pal Goel Both R/o Flat No.703, Block-J, Jalandhar Heights-1, 66 Feet Road, Near Urban Estate, Phase-02, Jalandhar, do hereby inform that Original Registered Transfer Deed Dt 04-12-2024, Document No2024-25/186/1/11283, Registered Sale Deed Dt 19-10-2023, Document No.2023-24/186/1/9043, Registered Transfer Deed Dt 22-03-2019, Document No.2018-19/186/1/8174, Registered Sale Deed Dt 19-02-2014, Document No.8639, Registered Sale Deed Dt 09-07-2013, Document No.3647 & Registered Sale Deed Dt 27-05-2013, Document No.2344 were lost / misplaced by me on 04-09-2025. In case this Title Deeds are found, I maybe contacted.

### NOTICE TO THE GENERAL PUBLIC

It is hereby informed to the general public that one Property measuring 0K-8-3/4M situated at Attewali (Hadbast No. 111) Tehsil & Distt. Fatehgarh Sahib is now owned and possessed by Mrs. Sandeep Kaur W/o Gurdev Singh R/o Village Kamali, Tehsil Bassi Pathana, District Fatehgarh Sahib. The property is to be Equitably Mortgaged with Punjab & Sind Bank Branch Chunni Kalan, ZO Chandigarh. The original sale deeds No. 4544 dated 22-02-2008 in the name of Surjeet Kaur W/o Piara Singh for land measuring 0k-8-3/4 is lost. Lost information report is registered at Community Policing Wing LR No. 629073/2025 dated 15/09/2025. If anybody finds the same, it may kindly be handed over to the Punjab & Sind Bank Branch, Chunni Kalan, Distt. Fatehgarh Sahib or to the Police authorities under intimation to the bank. If any body has any objection, against the mortgage of the said property, the same may be raised in writing and submitted in the Bank i.e. Punjab & Sind Bank Chunni Kalan within 15 days of this public notice.

Manager, Punjab & Sind Bank Branch Chunni Kalan

## ਨਿਲਾਮੀ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਪਿੰਡ ਦਾਰਾ ਪੁਰ ਬਲਾਕ ਭੂੰਗਾ ਜਿਲ੍ਹਾ ਹੁਸ਼ਿਆਰਪੁਰ ਦੀ ਖੜੇ ਰੁੱਖਾਂ ਦੀ ਬੋਲੀ ਹੋਣੀ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :- ਬੋਲੀ 26/9/25 ਨੂੰ ਦੁਪਹਿਰ 12 ਵਜੇ ਪਿੰਡ ਦੇ ਦਾਰਾਪੁਰ ਦੇ ਸਕੂਲ ਵਿੱਖੇ ਹੋਵੇਗੀ। ਬੂਟੇ ਇਸ ਪ੍ਰਕਾਰ ਹਨ ਜਿੰਨਾ ਵਿੱਚ 59 ਬੂਟਿਆਂ ਦੀ ਨਿਲਾਮੀ ਹੋਵੇਗੀ ਜਿੰਨਾ ਵਿੱਚ 23 ਡੇਕਾਂ, 25 ਬੂਟੇ ਸਫੈਦੇ ਦੇ, ਟਾਲੀਆਂ 2 ਹਰੀਆਂ, 3 ਸੁੱਕੀਆਂ ਬੂਟਾ ਸ੍ਰੀ, ਪੰਜ ਜੰਗਲੀ ਬੂਟੇ ਹਨ। ਚਾਹਵਾਨ ਵਿਅਕਤੀ ਬਣਦੀ ਰਕਮ ਦਾ ਚੌਥਾ ਹਿੱਸਾ ਮੌਕੇ 'ਤੇ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।

ਸਰਪੰਚ — ਗ੍ਰਾਮ ਪੰਚਾਇਤ — ਪਿੰਡ ਦਾਰਾਪੁਰ ਬਲਾਕ ਭੂੰਗਾ
ਬਲਾਕ ਵਿਕਾਸ ਅਤੇ ਪੰਚਾਇਤ ਅਫਸਰ
+917658034457

## COURT NOTICE

(U/o 5 Rule 20 CPC)
In the Court of
Sh. Reetbrinder Singh Dhaliwal
Civil Judge (Junior Division)-13, Jalandhar
CNR No. PBJL02-003079-2025
Next Date:- 17-10-2025
Paramjit Singh
Vs. Joginder Kaur

Suit for grant of decree of declaration as prayed for. Suit for grant of decree of Mandatory injunction Suit for grant of decree of Permanent Injunction as prayed for

Publication Issued To:
1) Joginder Kaur Wd/o Jagir Singh (2) Sarabjit Kaur, 3) Kulwinder Kaur 4) Satwinder Kaur 5) Rupinder Kaur (6) Rajwant Kaur (7) Mandeep Kaur (8) Gurbaksh Kaur All D/O Jagir Singh. All R/o VPO Nangal Shama, Tehsil & Distt. Jal.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 17-10-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-13, Jalandhar
Dated, this day of 11-09-2025

## COURT NOTICE

(U/o 5 Rule 20 CPC)
In The Court of
Sh. Bhupinder Mittal
Additional Civil Judge (Senior Division), Khanna
CNR No. PBLDA0-000124-2025
Next Date:- 14-10-2025
CS/76/2025
Punjab And Sind Bank
Vs.
Jaskarn Singh Ors
Publication Issued To:
Jaskarn Singh Ors
S/o Sh. Ajmer Singh
Def. No. 2 Ajmer Singh S/o Sh. Joginder Singh
R/o Village Hoal, Tehsil Khanna, Distt. Ludhiana

In above titled case, the defendant(s)/respondent(s) could not be served, It is ordered that defendant(s)/respondent(s) should appear in person or through counsel on 14-10-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division), Khanna
Dated, this day of 12-09-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਪਵਨਦੀਪ ਸਿੰਘ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਇਮ, ਚੋਹਲਾ ਸਾਹਿਬ
ਕਿਸਮ : ਗਿਰਦਾਵਰੀ ਪਿੰਡ: ਚੋਹਲਾ ਸਾਹਿਬ(ਓ)

1) ਨਿਰਵੈਲ ਸਿੰਘ-ਜਸਵੰਤ ਸਿੰਘ ਪੁੱਤਰ ਸ੍ਰੀ ਅੰਗਰੇਜ਼ ਸਿੰਘ ਪੁੱਤਰ ਸ੍ਰੀ ਬੋਘ ਸਿੰਘ,ਵਾਸੀ ਚੋਹਲਾ ਸਾਹਿਬ ਤਹਿ. ਵਾ ਜ਼ਿਲ੍ਹਾ ਤਰਨ ਤਾਰਨ। ....... ਸਾਇਲਆਨ

ਬਨਾਮ

1) ਸੋਹਨ ਸਿੰਘ ਪੁੱਤਰ ਸ੍ਰੀ ਹਰਨਾਮ ਸਿੰਘ (ਮੌਤ ਹੋ ਚੁੱਕੀ ਹੈ।) ਵਾਰਸ: ਗੁਰਬਚਨ ਸਿੰਘ, ਨਰੈਣ ਸਿੰਘ, ਮਹਿੰਦਰ ਸਿੰਘ ਪੁੱਤਰਾਨ ਸ੍ਰੀ ਸੋਹਨ ਸਿੰਘ 2) ਮਹਿੰਦਰ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਹਰਨਾਮ ਸਿੰਘ, 3) ਗੁਰਬਚਨ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਹਰਨਾਮ ਸਿੰਘ, 4) ਨਰੈਣ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਹਰਨਾਮ ਸਿੰਘ ਸੰਗਾਰਾ ਸਿੰਘ (ਮੌਤ ਹੋ ਚੁੱਕੀ ਹੈ, ਵਾਰਸ ਰਛਪਾਲ ਸਿੰਘ ਪੁੱਤਰ ਸ੍ਰੀ ਜੀਤ ਸਿੰਘ), 5) ਜੀਤ ਸਿੰਘ (ਮੌਤ ਹੋ ਚੁੱਕੀ ਹੈ, ਵਾਰਸ: ਰਛਪਾਲ ਸਿੰਘ ਪੁੱਤਰ ਸ੍ਰੀ ਜੀਤ ਸਿੰਘ), 6) ਤਾਰਾ ਸਿੰਘ ਪੁੱਤਰਾਨ ਸੁੰਦਰ ਸਿੰਘ ਪੁੱਤਰ ਰੂੜ ਸਿੰਘ, 7) ਲਾਭ ਕੌਰ ਵਿਧਵਾ ਵਾ, 8) ਮਹਿੰਦਰ ਕੌਰ, 9) ਜੋਗਿੰਦਰ ਕੌਰ, 10) ਮੰਗੋ ਪੁੱਤਰੀਆਂ ਸੁੰਦਰ ਸਿੰਘ ਪੁੱਤਰ ਰੂੜ ਸਿੰਘ, 11) ਹਰਜਿੰਦਰ ਕੌਰ ਵਿਧਵਾ ਵਾ, 12) ਪਰਮਿੰਦਰ ਸਿੰਘ ਪੁੱਤਰ ਦਲਬੀਰ ਸਿੰਘ ਪੁੱਤਰ ਸੁੰਦਰ ਸਿੰਘ, 13) ਕੰਵਲਦੀਪ ਕੌਰ ਪੁੱਤਰੀ ਦਲਬੀਰ ਸਿੰਘ ਪੁੱਤਰ ਸੁੰਦਰ ਸਿੰਘ, 14) ਕੁਲਦੀਪ ਸਿੰਘ ਪੁੱਤਰ ਮੇਹਰ ਸਿੰਘ ਪੁੱਤਰ ਸੁੰਦਰ ਸਿੰਘ, 15) ਨਰਿੰਦਰ ਕੌਰ ਪੁੱਤਰੀ ਮੇਹਰ ਸਿੰਘ ਪੁੱਤਰ ਸੁੰਦਰ ਸਿੰਘ, 16) ਸੁਖਵਿੰਦਰ ਕੌਰ, 17) ਰਣਜੀਤ ਕੌਰ, 18) ਕੁਲਵਿੰਦਰ ਕੌਰ, 19) ਹਰਜਿੰਦਰ ਕੌਰ, 20) ਸੁਖਬੀਰ ਕੌਰ, 21) ਸਤਵੰਤ ਕੌਰ, 22) ਰਜਵੰਤ ਕੌਰ, 23) ਮਨਜਿੰਦਰ ਕੌਰ ਪੁੱਤਰੀਆਂ ਪ੍ਰੀਤਮ ਕੌਰ ਪੁੱਤਰੀ ਸੁੰਦਰ ਸਿੰਘ। 24) ਸਿਮਰਨਜੀਤ ਸਿੰਘ, 25) ਜਗਜੀਤ ਸਿੰਘ ਪੁੱਤਰਾਨ ਗੁਰਦੀਪ ਸਿੰਘ ਪੁੱਤਰ ਮੇਹਰ ਸਿੰਘ, 26) ਕਸ਼ਮੀਰ ਕੌਰ ਵਿਧਵਾ ਗੁਰਦੀਪ ਸਿੰਘ ਪੁੱਤਰ ਮੇਹਰ ਸਿੰਘ, 27) ਹਰਭਜਨ ਕੌਰ ਪੁੱਤਰੀ ਗੁਰਦਿੱਤ ਸਿੰਘ ਪੁੱਤਰ ਹਰਨਾਮ ਸਿੰਘ, 28) ਗੁਰਬਚਨ ਕੌਰ ਪੁੱਤਰੀ ਗੁਰਦਿੱਤ ਸਿੰਘ ਪੁੱਤਰ ਹਰਨਾਮ ਸਿੰਘ, 29) ਬਲਜਿੰਦਰ ਸਿੰਘ ਪੁੱਤਰ ਦਾਰਾ ਸਿੰਘ ਵਾਸੀਆਨ ਪਿੰਡ ਚੋਹਲਾ ਸਾਹਿਬ, ਤਹਿ. ਵਾ ਜ਼ਿਲ੍ਹਾ ਤਰਨ ਤਾਰਨ। ਉੱਤਰਵਾਦੀਆਨ

ਦਰਖਾਸਤ ਦਰੁਸਤੀ ਗਿਰਦਾਵਰੀ ਖਾਤਾ/ਖਤੌਨੀ ਨੰਬਰ: 257/701,732,743 ਖਸਰਾ ਨੰਬਰ:152//3/1(2-0)3/2(6-0) 8(7-05)152//13/1(3-8), 152//9/1ਮਿੰਨ (5-3) ਕੁੱਲ ਰਕਬਾ : 23 ਕਨਾਲ 16 ਮਰਲੇ ਜਮ੍ਹਾਂਬੰਦੀ ਸਾਲ 2020-2021 ਵਾਕਿਆ ਰਕਬਾ ਪਿੰਡ ਚੋਹਲਾ ਸਾਹਿਬ (ਓ), ਤਹਿਸੀਲ ਵਾ ਜ਼ਿਲ੍ਹਾ ਤਰਨ ਤਾਰਨ।

ਉਕਤ ਅਨੁਵਾਨ ਗਿਰਦਾਵਰੀ ਕੇਸ ਵਿਚ ਅਦਾਲਤ ਨੂੰ ਉੱਤਰਵਾਦੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਾ ਹੋਣ ਦੀ ਤਸੱਲੀ ਹੋ ਚੁੱਕੀ ਹੈ।ਇਸ ਲਈ ਉਕਤ ਦਰਜ ਸਾਰੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਪ੍ਰਕਾਸ਼ਨਾ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵਾਈ ਲਈ ਮਿਤੀ 26/09/2025 ਤੱਕ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਪੈਰਵਾਈ ਕਰ ਸਕਦੇ ਹਨ।ਇਸ ਨੋਟਿਸ ਪ੍ਰਕਾਸ਼ਨਾ ਦੇ ਬਾਵਜੂਦ ਜੇਕਰ ਉੱਤਰਵਾਦੀ ਧਿਰ ਉਕਤ ਤਾਰੀਖ 'ਤੇ ਹਾਜ਼ਰ ਨਹੀਂ ਆਉਂਦੇ ਤਾਂ ਉਨ੍ਹਾਂ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਇਸ਼ਤਿਹਾਰ ਅੱਜ ਮਿਤੀ 12-09-2025 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ ਦਰਜਾ-II ਚੋਹਲਾ ਸਾਹਿਬ (ਤਰਨ ਤਾਰਨ)
ਨੰਬਰ ਰੀਡਰ/390 ਮਿਤੀ 12.09.2025


## St. Soldier College of Education

Behind R.E.C (NIT), Jal-Asr Bye-Pass, Jalandhar
(Approved by NCTE & Affiliated to GNDU, Amritsar, Accredited 'A' Grade)
Phone No 7009305809, Mobile: 98769-10446

## Admission In B.Ed.
(Management Quota Seats with Normal Fee)

Students who have not Appeared in the entrance test can also apply.
**Counseling will be held in the college on 19 Sept, 2025 at sharp 10:00 am.**
Come with all required documents along with your passport size photos.
- All subject combinations available under one roof.
- College is also running D.El.Ed (ETT), B.P.Ed, B.P.E.S & D.P.ED course.

Chairman


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. **433-ਸਿਗ/ਟੀ-33/25-26** ਈ. ਟੈਂਡਰਿੰਗ ਦੇ ਮਾਧਿਅਮ ਨਾਲ **ਮਿਤੀ 03.10.2025** ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ। ਐਨ.ਆਈ.ਟੀ

| | | |
|---|---|---|
| ਕੰਮ ਦਾ ਨਾਮ | (i) ਏਡੀਈਐਨ/ਐਲਡੀਐਚ ਦੇ ਤਹਿਤ ਸਾਹਨੇਵਾਲ-ਜਲੰਧਰ ਸਿਟੀ ਸੈਕਸ਼ਨ 'ਤੇ ਫਗਵਾੜਾ ਵਿਚ ਪੂਰੀ ਲੰਬਾਈ ਵਾਲੀ ਲਾਈਨ ਦਾ ਪ੍ਰਾਵਧਾਨ। (i) ਏਡੀਈਐਨ/ ਲੁਧਿਆਣਾ ਦੇ ਤਹਿਤ ਐਸਐਨਐਲ-ਜੇਯੂਸੀ ਸੈਕਸ਼ਨ 'ਤੇ ਸਿੰਗਲ ਹੁਕ ਵਿਚ ਰੇਕ ਦੀ ਪਲੇਸਮੈਂਟ ਦੀ ਸੁਵਿਧਾ ਦੇ ਲਈ ਲੂਪ ਲਾਈਨ ਨੰਬਰ 4 ਫਿਲੌਰ ਦੇ ਵਿਸਤਾਰ ਦਾ ਐਸਐਂਡ ਟੀ ਕੰਮ। (ii) ਗਤੀਸ਼ੀਲਤਾ ਵਿਚ ਸੁਧਾਰ ਦੇ ਲਈ ਲੋਡਿੰਗ ਲਾਈਨ ਨੰਬਰ 4 'ਤੇ ਤਰਨ ਤਾਰਨ ਰਿਸੇਪਸ਼ਨ ਅਤੇ ਡਿਸਪੈਚ ਸੁਵਿਧਾ ਦੇ ਨਾਲ ਐਸ ਐਂਡ ਟੀ ਕੰਮ। | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | (i) 03.10.2025 at 15:00 ਵਜੇ<br>(ii) 06.10.2025 at 15:00 ਵਜੇ | |
| ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | (i) 11.09.2025 at 16:44 ਵਜੇ<br>(ii) 12.09.2025 at 19:06 ਵਜੇ | |
| ਅੰਦਾਜਨ ਕੀਮਤ (₹) | (i) ₹2,75,98,959.52 | (ii) ₹1,37,25,889.76 |
| ਬਿਆਨਾ ਰਾਸ਼ੀ(₹) | (i) ₹2,88,000/- | (ii) ₹2,18,600/- |
| ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | (i) 19.09.2025 | (ii) 22.09.2025 |
| ਕੰਮ ਪੂਰਾ ਕਰਨ ਦਾ ਸਮਾਂ | (i) 12 ਮਹੀਨੇ | (ii) 6 ਮਹੀਨੇ |

ਨੋਟ: ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ।

ਨਿਵਿਦਾ ਸੂਚਨਾ ਨੰ. 433-ਸਿਗ-ਟੀ-33-25-26 ਮਿਤੀ 15.09.2025 — 2808/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਡਿਮਾਂਡ ਨੋਟਿਸ

AXIS BANK — Registered Office at :-Trishul, 3rd Floor, opposite Samartheswar Temple, Law garden, Ellisbridge, Ahmedabad-380006
AXIS Bank Ltd. Branch Address "2nd and 3rd Floor, Property No. 7-E, Malhar Road, Sarabha Nagar, Ludhiana -141001.

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਪਬਲਿਕ ਨੋਟਿਸ**

ਇਹ ਜਨਤਾ ਦੀ ਜਾਣਕਾਰੀ ਹਿੱਤ ਨੋਟਿਸ ਹੈ ਕਿ ਹੇਠਾਂ ਵਰਨਣ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ (ਗਰੰਟਰਾਂ) ਨੇ ਬੈਂਕ ਕੋਲੋਂ ਪ੍ਰਾਪਤ ਕੀਤੀ ਕਰਜ਼ਾ ਸਹੂਲਤ ਉਪਰ ਬਣਦੇ ਵਿਆਜ ਅਤੇ ਮੂਲ ਦੋਵਾਂ ਨੂੰ ਮੋੜਨ ਵਿੱਚ ਅਨੇਕਾਂ ਭੁੱਲਾਂ ਕੀਤੀਆਂ ਹਨ। ਅਜਿਹੇ ਵਿੱਚ ਕਰਜ਼ਿਆਂ ਨੂੰ ਨਾਨ-ਪਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕੀਤਾ ਜਾ ਚੁੱਕਾ ਹੈ। ਕਰਜ਼ਦਾਰ (ਕਰਜ਼ਦਾਰਾਂ) ਨੂੰ ਉਨ੍ਹਾਂ ਦੇ ਆਖਰੀ ਮਲੂਮ ਪਤਿਆਂ ਉਪਰ ਉਪਰੋਕਤ ਵਰਨਣ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਭੇਜੇ ਗਏ ਸਨ, ਪਰ ਇਹ ਨੋਟਿਸ ਬਿਨਾਂ ਤਾਮੀਲ ਵਾਪਸ ਆ ਗਏ।

[illegible]

ਮਿਤੀ : 16-09-2025, ਸਥਾਨ : ਲੁਧਿਆਣਾ, ਪਟਿਆਲਾ, ਸ੍ਰੀ ਮੁਕਤਸਰ ਸਾਹਿਬ — ਅਧਿਕਾਰਤ ਅਧਿਕਾਰੀ, ਐਕਸਿਸ ਬੈਂਕ ਲਿਮਿਟਿਡ

## PUNJAB NATIONAL BANK

BRANCH:- Basti Jodhewal, Ludhiana, Punjab. Email:-bo3457@pnb.co.in

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

[illegible]

ਮਿਤੀ : 15.09.2025 — ਸਥਾਨ : ਲੁਧਿਆਣਾ — ਅਧਿਕਾਰਤ ਅਫਸਰ

16-Sep-PAGE--8.qxd 9/15/2025 10:58 PM Page 1



## ਦੁਰਗਾਪੁਰ 'ਚ ਮਕਾਨ ਦੀ ਛੱਤ ਡਿੱਗੀ, ਪੀੜਤ ਪਰਵਾਰ ਨੇ ਪ੍ਰਸ਼ਾਸਨ ਤੋਂ ਮਦਦ ਦੀ ਗੁਹਾਰ ਲਗਾਈ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਪਿੰਡ ਦੁਰਗਾਪੁਰ ਇੱਕ ਪਰਵਾਰ ਦੀ ਛੱਤ ਡਿੱਗ ਪਈ ਹੈ, ਪਰਿਵਾਰ ਆਪਣੇ ਸਿਰ 'ਤੇ ਛੱਤ ਬਣਾਉਣ ਲਈ ਮਦਦ ਦੀ ਗੁਹਾਰ ਲਾ ਰਿਹਾ ਹੈ। ਪਿੰਡ ਭਾਨ ਮਜਾਰਾ ਪ੍ਰਦੀਪ ਕੁਮਾਰ ਨੇ ਭਰੇ ਮਨ ਨਾਲ ਦੱਸਿਆ ਕਿ ,ਬਾਰਿਸ਼ ਦੇ ਕਾਰਨ ਘਰ ਵਿਚ ਤਰੇੜਾਂ ਪੈ ਗਈਆਂ ਤੇ ਮਕਾਨ ਧਸਣਾ ਵੀ ਸ਼ੁਰੂ ਹੋ ਗਿਆ ਸੀ। ਕਿਸੇ ਅਣਹੋਣੀ ਹੋਣ ਦੇ ਮੱਦੇਨਜ਼ਰ ਉਨ੍ਹਾਂ ਘਰ ਵਿਚ ਪਿਆ ਸਾਮਾਨ ਖਾਲੀ ਕਰਨਾ ਸ਼ੁਰੂ ਕਰ ਦਿੱਤਾ, ਉਨ੍ਹਾਂ ਦੇ ਘਰ ਦੇ ਹਾਲਾਤ ਕੁਝ ਚੰਗੇ ਨਹੀਂ ਹਨ। ਹੁਣ ਕੁਦਰਤੀ ਦੀ ਅਜਿਹੀ ਮਾਰ ਪਈ ਕਿ ਜਿਸਨੂੰ ਝੱਲਣਾ ਉਨ੍ਹਾਂ ਦੇ ਵੱਸ ਵਿਚ ਨਹੀਂ ਹੈ। ਕਿਉਂਕਿ ਘਰ ਦੀ ਛੱਤ ਬਣਾਉਣਾ ਉਨ੍ਹਾਂ ਲਈ ਬਹੁਤ ਔਖਾ ਹੈ। ਅੰਦਰ ਲਗਾਤਾਰ ਪਏ ਮੀਂਹ ਕਾਰਨ ਪਿੰਡਾਂ ਵਿੱਚ ਮਕਾਨਾਂ ਦੀਆਂ ਛੱਤਾਂ ਡਿੱਗਣ ਕਾਰਨ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਪਿੰਡ ਦੁਰਗਾਪੁਰ ਵਿੱਚ ਗ਼ਰੀਬ ਪਰਿਵਾਰ ਦੇ ਜਗਦੀਸ਼ ਸਿੰਘ ਪੁੱਤਰ ਲੇਟ ਸ਼ਿਵ ਸਿੰਘ ਮਕਾਨ ਦੀ ਛੱਤ ਡਿੱਗ ਗਈ। ਪਿੰਡ ਦੁਰਗਾਪੁਰ ਉਸ ਕੋਲ ਦੋ ਹੀ ਕਮਰੇ ਸਨ, ਇੱਕ ਡਿੱਗ ਪਿਆ ਹੈ ਇਸੇ ਹੀ ਪਿੰਡ ਭਾਨ ਮਜਾਰਾ ਦੇ ਪ੍ਰਦੀਪ ਕੁਮਾਰ ਪੁਤਰ ਲੇਟ ਭਜਨਾ ਸਿੰਘ ਇਲਾਕੇ ਵਿੱਚ ਪਏ ਭਰਵੇਂ ਮੀਂਹ ਕਾਰਨ ਉਸ ਦੇ ਮਕਾਨ ਦੀਆਂ ਕੰਧਾਂ ਅਤੇ ਛੱਤ ਨੂੰ ਨੁਕਸਾਨ ਪੁੱਜਿਆ ਸੀ। ਹੁਣ ਭਾਵੇਂ ਦੋ ਦਿਨਾਂ ਤੋਂ ਮੌਸਮ ਸਾਫ਼ ਸੀ, ਮੀਂਹ ਮਗਰੋਂ ਤੇਜ਼ ਧੁੱਪ ਕਾਰਨ ਮਕਾਨਾਂ 'ਚ ਤਰੇੜਾਂ ਆਈਆਂ ਮੀਂਹਾਂ ਤੋਂ ਬਾਅਦ ਹੁਣ ਨਿਕਲਣ ਲੱਗੀ ਤੇਜ਼ ਧੁੱਪ ਮਕਾਨਾਂ ਲਈ ਸਮੱਸਿਆ ਬਣਨ ਲੱਗੀ ਹੈ। ਇਸ ਕਾਰਨ ਕੰਧਾਂ 'ਚ ਤਰੇੜਾਂ ਆਉਣ ਮਕਾਨ ਡਿੱਗਣ ਲੱਗੇ ਹਨ। ਇਸ ਕਾਰਨ ਪਰਵਾਰ ਦਾ ਗੁਜ਼ਾਰਾ ਮੁਸ਼ਕਲ ਹੋ ਗਿਆ ਹੈ। ਉਸ ਨੇ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਸ ਨੂੰ ਪੱਕਾ ਮਕਾਨ ਬਣਾਉਣ ਲਈ ਮਾਲੀ ਸਹਾਇਤਾ ਦਿੱਤੀ ਜਾਏ।



## ਬਜਵਾੜਾ ਦੇ ਨਾਲ ਬਣੇਗਾ ਸਰਕਾਰੀ ਸਕੂਲ ਤੇ ਜੰਗੀ ਯਾਦਗਾਰ : ਜਿੰਪਾ

**ਹੁਸ਼ਿਆਰਪੁਰ, (ਬੀ ਐਸ ਸੈਣੀ)**-ਹੁਸ਼ਿਆਰਪੁਰ ਦੇ ਇਤਿਹਾਸਕ ਪਿੰਡ ਬਜਵਾੜਾ ਅਤੇ ਇਸ ਦੇ ਆਸ ਪਾਸ ਦੇ ਇਲਾਕਿਆਂ ਦੇ ਬੱਚਿਆਂ ਲਈ ਸਿੱਖਿਆ ਦੇ ਨਵੇਂ ਦਰਵਾਜ਼ੇ ਖੁੱਲ੍ਹਣ ਜਾ ਰਹੇ ਹਨ। ਵਿਧਾਇਕ ਹੁਸ਼ਿਆਰਪੁਰ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਨਗਰ ਨਿਗਮ ਦੀ ਹਾਲ ਹੀ ਵਿਚ ਹੋਈ ਹਾਊਸ ਮੀਟਿੰਗ ਵਿਚ ਇੱਕ ਇਤਿਹਾਸਕ ਮਤਾ ਪਾਸ ਕੀਤਾ ਗਿਆ ਹੈ, ਜਿਸ ਤਹਿਤ ਪਿੰਡ ਬਜਵਾੜਾ ਦੇ ਨਾਲ ਲੱਗਦੀ ਨਗਰ ਨਿਗਮ ਦੀ ਜ਼ਮੀਨ 'ਤੇ ਇਕ ਸਰਕਾਰੀ ਸਕੂਲ ਅਤੇ ਜੰਗੀ ਯਾਦਗਾਰ ਬਣਾਈ ਜਾਵੇਗੀ। ਇਹ ਮਤਾ ਅੰਤਿਮ ਪ੍ਰਵਾਨਗੀ ਲਈ ਸਥਾਨਕ ਸਰਕਾਰਾਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਭੇਜਿਆ ਗਿਆ ਹੈ ਅਤੇ ਪ੍ਰਵਾਨਗੀ ਮਿਲਣ ਤੋਂ ਬਾਅਦ ਕੰਮ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ।ਵਿਧਾਇਕ ਜਿੰਪਾ ਨੇ ਕਿਹਾ ਕਿ ਪਹਿਲਾਂ ਪਿੰਡ ਬਜਵਾੜਾ ਵਿਚ ਇਕ ਸਹਾਇਤਾ ਪ੍ਰਾਪਤ ਸਕੂਲ ਸੀ, ਜੋ ਪਿਛਲੀ ਸਰਕਾਰ ਦੌਰਾਨ ਬੰਦ ਕਰ ਦਿੱਤਾ ਗਿਆ ਸੀ। ਇਸ ਫ਼ੈਸਲੇ ਨਾਲ ਇਲਾਕੇ ਦੇ ਬੱਚਿਆਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਨੇੜੇ-ਤੇੜੇ ਕੋਈ ਵੱਡਾ ਸਕੂਲ ਨਹੀਂ ਬਚਿਆ ਸੀ। ਉਨ੍ਹਾਂ ਕਿਹਾ ਕਿ ਸਿੱਖਿਆ ਹਰ ਬੱਚੇ ਦਾ ਮੁੱਢਲਾ ਅਧਿਕਾਰ ਹੈ ਅਤੇ ਇਸ ਕਮੀ ਨੂੰ ਪੂਰਾ ਕਰਨ ਲਈ ਨਗਰ ਨਿਗਮ ਹਾਊਸ ਕਮੇਟੀ ਨੇ ਇਹ ਮਤਾ ਪਾਸ ਕੀਤਾ ਹੈ।ਹਾਊਸ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ ਕਿ ਜ਼ਿਲ੍ਹਾ ਨਿਆਇਕ ਕੰਪਲੈਕਸ ਦੇ ਨਾਲ ਲੱਗਦੀ ਲੱਗਭਗ ਚਾਰ ਏਕੜ ਨਗਰ ਨਿਗਮ ਦੀ ਜ਼ਮੀਨ 'ਤੇ ਇਕ ਸਰਕਾਰੀ ਸਕੂਲ ਬਣਾਇਆ ਜਾਵੇਗਾ ਅਤੇ 1.1 ਏਕੜ ਜ਼ਮੀਨ 'ਤੇ ਇੱਕ ਜੰਗੀ ਯਾਦਗਾਰ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਉਕਤ ਜਗ੍ਹਾ ਪਿੰਡ ਬਜਵਾੜਾ ਦੇ ਨਾਲ ਲੱਗਦੀ ਹੈ ਅਤੇ ਇਥੇ ਸਰਕਾਰੀ ਸਕੂਲ ਖੁੱਲ੍ਹਣ ਨਾਲ ਬਜਵਾੜਾ ਅਤੇ ਨੇੜਲੇ ਪਿੰਡਾਂ ਦੇ ਬੱਚਿਆਂ ਨੂੰ ਸਿੱਖਿਆ ਦਾ ਇੱਕ ਨਵਾਂ ਕੇਂਦਰ ਮਿਲੇਗਾ। ਇਹ ਜ਼ਮੀਨ ਸਬੰਧਤ ਵਿਭਾਗਾਂ ਨੂੰ 33 ਸਾਲਾਂ ਲਈ ਲੀਜ਼ 'ਤੇ ਦਿੱਤੀ ਜਾਵੇਗੀ ਅਤੇ ਲੀਜ਼ ਦੀ ਰਕਮ ਕੀਮਤ ਅਤੇ ਕਿਰਾਇਆ ਨਿਰਧਾਰਨ ਕਮੇਟੀ ਦੁਆਰਾ ਨਿਰਧਾਰਿਤ ਨਿਯਮਾਂ ਅਨੁਸਾਰ ਤੈਅ ਕੀਤਾ ਜਾਵੇਗਾ।

## ਡਾ. ਰਵਜੋਤ ਸਿੰਘ ਨੇ ਮੋਹਿੰਦਰ ਸਿੰਘ ਕੇ ਪੀ ਦੇ ਪੁੱਤਰ ਦੀ ਮੌਤ 'ਤੇ ਦੁੱਖ ਪ੍ਰਗਟਾਇਆ

**ਜਲੰਧਰ, (ਸ਼ੈਲੀ ਐਲਬਰਟ)**-ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਸੋਮਵਾਰ ਨੂੰ ਸਾਬਕਾ ਸੰਸਦ ਮੈਂਬਰ ਅਤੇ ਸਾਬਕਾ ਮੰਤਰੀ ਮੋਹਿੰਦਰ ਸਿੰਘ ਕੇ.ਪੀ. ਦੇ ਪੁੱਤਰ ਰਿਚੀ ਕੇਪੀ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਨ ਲਈ ਉਨ੍ਹਾਂ ਦੀ ਜਲੰਧਰ ਸਥਿਤ ਰਿਹਾਇਸ਼ 'ਤੇ ਪਹੁੰਚੇ। ਕੈਬਨਿਟ ਮੰਤਰੀ ਨੇ ਇਸ ਦੁੱਖ ਦੀ ਘੜੀ ਵਿੱਚ ਪਰਵਾਰਕ ਮੈਂਬਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਪ੍ਰਮਾਤਮਾ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਨੌਜਵਾਨ ਪੁੱਤਰ ਦਾ ਇਸ ਤਰ੍ਹਾਂ ਤੁਰ ਜਾਣਾ ਪਰਵਾਰ ਲਈ ਬਹੁਤ ਦੁਖਦਾਈ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਸ ਮੌਕੇ ਮੇਅਰ ਵਿਨੀਤ ਧੀਰ, ਚੇਅਰਮੈਨ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਪਵਨ ਕੁਮਾਰ ਟੀਨੂੰ, ਚੇਅਰਮੈਨ ਇੰਪਰੂਵਮੈਂਟ ਟਰੱਸਟ ਜਲੰਧਰ ਰਮਨੀਕ ਸਿੰਘ ਰੰਧਾਵਾ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਪਾਲ ਸਿੰਘ ਅਤੇ 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ ਵੀ ਮੌਜੂਦ ਸਨ। ਸਾਬਕਾ ਸੰਸਦ ਮੈਂਬਰ ਮੋਹਿੰਦਰ ਸਿੰਘ ਕੇਪੀ ਦੇ ਪੁੱਤਰ ਰਿਚੀ ਕੇਪੀ ਦੀ ਬੀਤੇ ਦਿਨੀਂ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ।



## ਤਰਕਸ਼ੀਲ ਸੁਸਾਇਟੀ ਪੰਜਾਬ ਦੀ ਮੀਟਿੰਗ

**ਬੰਗਾ, (ਅਵਤਾਰ ਕਲੇਰ)** ਖਟਕੜ ਕਲਾਂ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਦੀ ਮੀਟਿੰਗ ਹਰਜਿੰਦਰ ਸੂੰਨੀ ਦੀ ਪ੍ਰਧਾਨਗੀ ਹੇਠ ਬੰਗਾ ਇਕਾਈ ਦੇ ਸਾਬਕਾ ਪ੍ਰਧਾਨ ਬਲਜੀਤ ਖਟਕੜ ਦੇ ਘਰ ਵਿਖੇ ਕੀਤੀ ਗਈ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਬਲਜੀਤ ਖਟਕੜ ਦੇ ਸਹੁਰਾ ਸਾਹਿਬ ਗਿਆਨ ਸਿੰਘ ਸਪੁੱਤਰ ਕਰਮ ਚੰਦ ਵਾਸੀ ਪਿੰਡ ਧਮਾਈ ਦੀ ਮੌਤ ਤੇ ਸ਼ੋਕ ਮਤਾ ਪੇਸ਼ ਕਰਦੇ ਹੋਏ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਇਕਾਈ ਬੰਗਾ ਦੇ ਮੀਡੀਆ ਮੁਖੀ ਮੋਹਣ ਬੀਕਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਵਿੱਚ ਅਹਿਮ ਮੁੱਦੇ ਜਿਨ੍ਹਾਂ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਕਰਨ ਬਾਰੇ, ਹੜ੍ਹਾਂ ਕਾਰਨ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਹਰ ਸਾਲ ਕਰਵਾਈ ਜਾਂਦੀ ਪਰਖ ਪ੍ਰੀਖਿਆ ਹੜ੍ਹ ਆਉਣ ਕਾਰਨ ਅੱਗੇ ਕਰਨ ਬਾਰੇ ਵਿਚਾਰ ਚਰਚਾ ਕੀਤੀ ਗਈ। ਹੜ੍ਹ ਦੌਰਾਨ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਅ ਲਈ ਚੇਤੰਨ ਹੋਣ ਦੀ ਅਪੀਲ ਵੀ ਕੀਤੀ ਗਈ। ਜੋਨ ਮੁਖੀ ਅਤੇ ਬੰਗਾ ਇਕਾਈ ਦੇ ਵਿੱਤ ਮੁਖੀ ਮਾਸਟਰ ਜਗਦੀਸ਼ ਰਾਏਪੁਰ ਡੱਬਾ ਵੱਲੋਂ ਇਕਾਈ ਦੀ ਵਿੱਤੀ ਹਾਲਤ ਤੇ ਚਾਨਣਾ ਪਾਇਆ ਗਿਆ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 28 ਸਤੰਬਰ ਨੂੰ ਆ ਰਹੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਤੇ ਖਟਕੜ ਕਲਾਂ ਵਿਖੇ ਉਨ੍ਹਾਂ ਦੇ ਜੱਦੀ ਘਰ ਕੋਲ ਨੁੱਕੜ ਨਾਟਕ ਕੀਤੇ ਜਾਣਗੇ। ਇਸ ਹੀ ਦਿਨ ਉਨ੍ਹਾਂ ਦੇ ਜਨਮ ਦਿਨ ਨੂੰ ਸਮਰਪਿਤ ਸੋਸਾਇਟੀ ਦੇ ਸਰਗਰਮ ਤਰਕਸ਼ੀਲ ਆਗੂ ਸੁਰੇਸ਼ ਕਰਨਾਣਾ ਵੱਲੋਂ 'ਅਛੂਤ ਛੂਤ ਕਿਵੇਂ' ਕਿਤਾਬ ਵਿੱਚੋਂ ਗੁਰਦੇਵ ਸਿੰਘ ਮਾਨ ਮੈਮੋਰੀਅਲ ਫਰੀ ਟਿਊਸ਼ਨ ਸੈਂਟਰ ਬੰਗਾ ਵਿਖੇ ਇੱਕ ਟੈਸਟ ਲਿਆ ਜਾਵੇਗਾ। ਅੰਤ ਵਿੱਚ ਪ੍ਰਧਾਨ ਹਰਜਿੰਦਰ ਸੂੰਨੀ ਵਲੋਂ ਮੀਟਿੰਗ ਵਿੱਚ ਸ਼ਾਮਲ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੀਟਿੰਗ ਵਿੱਚ ਲੈਕਚਰਾਰ ਸੰਤੋਸ਼ ਕੁਮਾਰੀ, ਕਮਲਜੀਤ ਕੌਰ, ਬਿਮਲਾ ਰਾਣੀ, ਲੈਕਚਰਾਰ ਪਰਮਜੀਤ ਖਮਾਚੋਂ, ਸ਼ਿਵ ਜੀਤ, ਖੁਸ਼ੀ ਸ਼ਾਮਿਲ ਹੋਏ।



## ਕਾਰ ਸਵਾਰ ਸਿਪਾਹੀ ਸਮੇਤ 5 ਵਿਅਕਤੀ ਦੇਸੀ ਪਿਸਟਲ ਤੇ ਪੰਜ ਜ਼ਿੰਦਾ ਰੌਂਦ ਸਮੇਤ ਗ੍ਰਿਫ਼ਤਾਰ

**ਕਪੂਰਥਲਾ (ਮਨਜੀਤ ਮਾਨ)**-ਢਿਲਵਾਂ ਪੁਲਿਸ ਨੇ ਹਾਈਟੈੱਕ ਨਾਕੇ ਤੋਂ ਵਾਹਨਾਂ ਦੀ ਜਾਂਚ ਦੌਰਾਨ ਇਕ ਪੰਜਾਬ ਪੁਲਿਸ ਦੇ ਸਿਪਾਹੀ ਸਮੇਤ 5 ਵਿਅਕਤੀਆਂ ਨੂੰ ਦੇਸੀ ਕੱਟਾਂ ਸਮੇਤ ਮੈਗਜ਼ੀਨ ਤੇ 5 ਜਿੰਦਾ ਰੌਂਦ ਤੇ ਕਾਰ ਸਮੇਤ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਢਿਲਵਾਂ ਦਲਵਿੰਦਰ ਬੀਰ ਸਿੰਘ ਨੇ ਦੱਸਿਆ ਕਿ ਏ ਐਸ ਆਈ ਮੂਰਤਾ ਸਿੰਘ ਪੁਲਸ ਪਾਰਟੀ ਸਮੇਤ ਹਾਈਟੈੱਕ ਨਾਕਾ ਢਿਲਵਾਂ ਵਿਖੇ ਅੰਮ੍ਰਿਤਸਰ ਤੋਂ ਜਲੰਧਰ ਜਾਣ ਵਾਲੀਆਂ ਗੱਡੀਆਂ ਦੀ ਜਾਂਚ ਕਰ ਰਹੇ ਸਨ ਤਾਂ ਇਸੇ ਦੌਰਾਨ ਅੰਮ੍ਰਿਤਸਰ ਵਾਲੇ ਪਾਸਿਓ ਇਕ ਕਾਰ ਆਈ ਜਿਸ ਨੂੰ ਪੁਲਿਸ ਪਾਰਟੀ ਨੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਕਾਰ ਚਾਲਕ ਨੇ ਕਾਰ ਭਜਾਉਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਬੈਰੀਕੇਡ ਲਗਾਕੇ ਕਾਰ ਨੂੰ ਰੋਕ ਲਿਆ ਤੇ ਕਾਰ ਸਵਾਰਾਂ ਨੂੰ ਬਾਹਰ ਕੱਢਕੇ ਪੁੱਛਗਿੱਛ ਕੀਤੀ ਤਾਂ ਕਾਰ ਚਾਲਕ ਨੇ ਆਪਣੀ ਪਹਿਚਾਣ ਸਿਪਾਹੀ ਬਲਰਾਜ ਸੰਧੂ ਵਾਸੀ ਹੁਸ਼ਿਆਰਪੁਰ, ਸਾਹਿਲ ਵਾਸੀ ਕਪੂਰਥਲਾ, ਸਲੀਮ, ਜਸਕਰਨ ਸਿੰਘ ਉਰਫ਼ ਹੈਪੀ ਤੇ ਗੁਰਵਿੰਦਰ ਸਿੰਘ ਉਰਫ਼ ਗੁਰੀ ਵਾਸੀਆਨ ਹੁਸ਼ਿਆਰਪੁਰ ਦੱਸੀ । ਜਦੋਂ ਕਾਰ ਦੀ ਤਲਾਸ਼ੀ ਲਈ ਗਈ ਤਾਂ ਕਾਰ ਵਿਚੋਂ ਦੇਸੀ ਪਿਸਟਲ ਮੈਗਜ਼ੀਨ ਤੇ 5 ਜਿੰਦਾ ਰੌਂਦ ਬਰਾਮਦ ਹੋਏ । ਪੁੱਛਗਿੱਛ ਕਰਨ 'ਤੇ ਉਹ ਇਸਦਾ ਲਾਇਸੰਸ ਪੇਸ਼ ਨਹੀਂ ਕਰ ਸਕੇ। ਜਿਸ 'ਤੇ ਪੰਜਾ ਖ਼ਿਲਾਫ਼ ਥਾਣਾ ਢਿੱਲਵਾਂ ਵਿਚ ਕੇਸ ਦਰਜ ਕਰਕੇ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਪੁੱਛਗਿੱਛ ਦੌਰਾਨ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਕਰਨਾਟਕ ਵਿਧਾਨ ਸਭਾ 'ਚ ਮਾਂ ਬੋਲੀ 'ਚ ਭਾਸ਼ਣ ਦੇਣ 'ਤੇ ਡਿਪਟੀ ਸਪੀਕਰ ਦੀ ਕੀਤੀ ਪ੍ਰਸ਼ੰਸਾ



**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**

ਕਰਨਾਟਕ ਵਿਧਾਨ ਸਭਾ ਵਿੱਚ 11 ਤੋਂ 13 ਸਤੰਬਰ ਤੱਕ ਆਯੋਜਿਤ 11ਵੀਂ ਸੀ ਪ ਏ ਇੰਡੀਆ ਰੀਜਨ ਕਾਨਫਰੰਸ ਦੌਰਾਨ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਭਾਸ਼ਣ ਕਰਦੇ ਹੋਏ ਸਦਨ ਨੂੰ ਸੰਬੋਧਨ ਕੀਤਾ। ਉਹਨਾਂ ਦੇ ਇਸ ਵਿਲੱਖਣ ਕਦਮ ਦੀ ਸਦਨ ਵੱਲੋਂ ਵਿਸ਼ੇਸ਼ ਸਰਾਹਨਾ ਕੀਤੀ ਗਈ। ਇਸ ਮਹੱਤਵਪੂਰਨ ਕਾਨਫਰੰਸ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਸਪੀਕਰਾਂ, ਡਿਪਟੀ ਸਪੀਕਰਾਂ ਅਤੇ ਵਿਧਾਇਕਾਂ ਨੇ ਸ਼ਮੂਲੀਅਤ ਕੀਤੀ। ਲੋਕਤੰਤਰ ਦੀ ਮਜ਼ਬੂਤੀ ਅਤੇ ਵਿਧਾਨ ਸਭਾਵਾਂ ਦੀ ਭੂਮਿਕਾ 'ਤੇ ਕੇਂਦਰਿਤ ਇਹ ਕਾਨਫਰੰਸ ਵਿਚਾਰ-ਵਟਾਂਦਰੇ ਦਾ ਮਹੱਤਵਪੂਰਨ ਮੰਚ ਸਾਬਤ ਹੋਈ।ਡਿਪਟੀ ਸਪੀਕਰ ਰੌੜੀ ਨੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਚਰਚਾਵਾਂ ਤੇ ਵਿਚਾਰ-ਵਟਾਂਦਰੇ ਲੋਕਤੰਤਰ ਦੀ ਅਸਲੀ ਤਾਕਤ ਹਨ। ਇਹ ਨਾ ਸਿਰਫ ਲੋਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਦੇ ਹਨ, ਸਗੋਂ ਉਨ੍ਹਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਵੀ ਹਨ। ਉਹਨਾਂ ਨੇ ਕਿਹਾ ਕਿ ਭਾਰਤ ਅੱਜ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਇਸ ਦੀ ਅਸਲ ਸਫਲਤਾ ਖੁੱਲ੍ਹੇ ਦਿਲ ਨਾਲ ਕੀਤੀਆਂ ਗੱਲਬਾਤਾਂ, ਨਿਰਪੱਖ ਚਰਚਾਵਾਂ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਉੱਚਾ ਪਹੁੰਚਾਉਣ ਵਿੱਚ ਹੈ। ਰੌੜੀ ਨੇ ਆਪਣੀ ਗੱਲ ਨੂੰ ਅੱਗੇ ਵਧਾਉਂਦਿਆਂ ਕਿਹਾ ਕਿ ਵਿਧਾਨ ਸਭਾਵਾਂ ਦਾ ਰੋਲ ਸਿਰਫ਼ ਨੀਤੀਆਂ ਤਿਆਰ ਕਰਨ ਤੱਕ ਸੀਮਿਤ ਨਹੀਂ, ਸਗੋਂ ਨੌਜਵਾਨ ਪੀੜ੍ਹੀ ਨੂੰ ਲੋਕਤੰਤਰਕ ਮੁੱਲਾਂ ਨਾਲ ਜੋੜਨਾ ਅਤੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਵੀ ਹੈ। ਸਦਨ ਵੱਲੋਂ ਰੌੜੀ ਦੇ ਮਾਂ ਬੋਲੀ ਵਿੱਚ ਦਿੱਤੇ ਭਾਸ਼ਣ ਨੂੰ ਲੋਕਤੰਤਰਕ ਵਿਭਿੰਨਤਾ ਤੇ ਸੰਸਕ੍ਰਿਤਕ ਧਰੋਹਰ ਦੀ ਅਨੋਖੀ ਮਿਸਾਲ ਵਜੋਂ ਪ੍ਰਸ਼ੰਸਾ ਕੀਤੀ ਗਈ।

## ਮਲੇਰੀਆ ਡੇਂਗੂ ਸੰਬੰਧੀ ਐਕਟੀਵਿਟੀ ਕੀਤੀ



**ਬਲਾਚੌਰ (ਜਸਵਿੰਦਰ ਬੈਂਸ)**-ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਅਤੇ ਐਪੀਡੀਮੋਲੋਜਿਸਟ ਡਾਕਟਰ ਰਾਕੇਸ਼ ਪਾਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਤੇ ਸੀਨੀਅਰ ਮੈਡੀਕਲ ਅਫ਼ਸਰ ਸੜੋਆ ਡਾਕਟਰ ਨਵਰੀਤ ਕੌਰ ਦੀ ਅਗਵਾਈ ਹੇਠ ਪਿੰਡ ਮਾਲੇਵਾਲ ਵਿਖੇ ਨੈਸ਼ਨਲ ਬੈਕਟਰ ਬੋਰਨ ਡਜ਼ੀਜ਼ ਕੰਟਰੋਲ ਪ੍ਰੋਗਰਾਮ ਅਧੀਨ ਮਲੇਰੀਆ ਡੇਂਗੂ ਸਬੰਧੀ ਐਕਟੀਵੀਟੀ ਕੀਤੀ ਗਈ ਜਿਸ ਦੌਰਾਨ ਸਿਹਤ ਵਿਭਾਗ ਦੇ ਕਰਮਚਾਰੀ ਕ੍ਰਾਂਤੀ ਪਾਲ ਸਿੰਘ ਰੌੜੀ ਵੱਲੋਂ ਮਲੇਰੀਆ ਡੇਗੂ ਦੇ ਲੱਛਣਾ ਤੇ ਬਚਾਓ ਸੰਬੰਧੀ ਦੱਸਿਆ ਕਿ ਡੇਗੂ ਇਕ ਵਾਇਰਲ ਬੀਮਾਰੀ ਹੈ ਜੋ ਕਿ ਏਡੀਜ਼ ਮੱਛਰ ਦੇ ਕੱਟਣ ਨਾਲ ਫੈਲਦੀ ਹੈ ਇਹ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਇਹ ਰੁਕੇ ਹੋਏ ਸਾਫ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਲਈ ਸਾਨੂੰ ਹਫਤੇ ਵਿਚ ਇੱਕ ਦਿਨ ਆਪਣੇ ਕੂਲਰਾ ਫਰਿਜ ਦੀਆਂ ਟ੍ਰੇਆਂ ਪੁਰਾਣੇ ਟਾਇਰਾਂ ਗਮਲਿਆਂ ਵਿੱਚ ਖੜੇ ਪਾਣੀ ਨੂੰ ਜ਼ਰੂਰ ਸਾਫ ਕਰਨਾ ਚਾਹੀਦਾ ਹੈ ਕਿਉਂਕਿ ਡੇਗੂ ਦਾ ਮੱਛਰ ਸਾਫ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ। ਇਸ ਮੌਕੇ ਉਨ੍ਹਾਂ ਘਰ ਘਰ ਜਾ ਕੇ ਲਾਰਵਾ ਚੈਕ ਕੀਤਾ ਤੇ ਮਿਲਣ ਤੇ ਮੌਕੇ ਤੇ ਨਸ਼ਟ ਕਰਵਾਇਆ ਤੇ ਉਨਾਂ ਨੂੰ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬੀਮਾਰੀਆਂ ਸਬੰਧੀ ਜਾਣਕਾਰੀ ਦਿੱਤੀ।

## ਫਾਸਟ ਫੂਡ ਤੇ ਸ਼ਰਦਾਈ ਦਾ ਕੰਮ ਕਰ ਰਹੇ ਨਿਹੰਗ ਸਿੰਘ ਨੂੰ ਅਣਪਛਾਤਿਆਂ ਨੇ ਬੁਰੀ ਤਰ੍ਹਾਂ ਵੱਢਿਆ

**ਨਕੋਦਰ (ਮਨਜੀਤ ਮਾਨ)**

ਜਥੇਦਾਰ ਮਹਾਂਕਾਲ ਬਾਬਾ ਹਰੀ ਸਿੰਘ ਦਸਮੇਸ਼ ਤਰਨਾਦਲ ਦੁਆਬਾ ਛਾਉਣੀ ਨਿਹੰਗ ਸਿੰਘਾਂ ਕਲਿਆਣਪੁਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਕੱਲ੍ਹ ਸਾਡੇ ਜਥੇਬੰਦੀ ਦੇ ਸਿੰਘ ਜੋਰਾ ਸਿੰਘ ਪਿਤਾ ਜਸਵੰਤ ਸਿੰਘ, ਪਿੰਡ ਟੁੱਟ ਕਲਾਂ ਵਿਖੇ ਗ੍ਰੰਥੀ ਸਿੰਘ ਦੀ ਡਿਊਟੀ ਕਰਦਾ ਹੈ ਤੇ ਨਾਲ ਆਪਣਾ ਸ਼ਰਦਾਈ ਅਤੇ ਫਾਸਟ ਫੂਡ ਦਾ ਕੰਮ ਕਰਦਾ ਹੈ। ਕੱਲ੍ਹ ਸ਼ਾਮ ਤਕਰੀਬਨ 6 ਵਜੇ ਉਹ ਆਪਣੀ ਦੁਕਾਨ 'ਤੇ ਕੰਮ ਕਰ ਰਿਹਾ ਸੀ ਕਿ ਕੁਝ ਅਣਪਛਾਤੇ ਮੁੰਡੇ ਹਥਿਆਰਾਂ ਨਾਲ ਲੈਸ ਹੋ ਕੇ ਆਏ ਅਤੇ ਜਾਨੋਂ ਮਾਰਨ ਦੀ ਨੀਅਤ ਨਾਲ ਉਸ 'ਤੇ ਹਮਲਾ ਕੀਤਾ, ਜਿਸ ਵਿੱਚ ਉਸ ਦੇ ਕਾਫੀ ਗੰਭੀਰ ਸੱਟਾਂ ਲੱਗੀਆਂ ਸਨ। ਜਿਸ ਵਿੱਚ ਉਹ ਵਾਲ ਵਾਲ ਬਚ ਗਿਆ। ਬਾਬਾ ਹਰੀ ਸਿੰਘ ਨੇ ਹੋਰ ਦੱਸਿਆ ਕਿ ਜੇਕਰ ਉਹ ਰੌਲਾ ਪਾ ਕੇ ਨਾਲ ਦੇ ਸਿੰਘਾਂ ਨੂੰ ਨਾ ਬੁਲਾਉਂਦਾ ਤਾਂ ਸ਼ਾਇਦ ਉਸ ਨੂੰ ਮਾਰ ਦਿੰਦੇ। ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਜਲੰਧਰ ਦਾਖਲ ਕਰਵਾਇਆ ਗਿਆ। ਗੁੰਡਾਗਰਦੀ ਕਰਨ ਵਾਲੇ ਨੌਜੁਆਨਾਂ ਦੇ ਹੌਸਲੇ ਇੰਨੇ ਬੁਲੰਦ ਸਨ ਕਿ ਬਾਅਦ ਵਿੱਚ ਉਸ ਦੇ ਭਰਾ ਉੱਪਰ ਵੀ ਉਹਨਾਂ ਵੱਲੋਂ ਘਾਤਕ ਹਮਲਾ ਹਮਲਾ ਕੀਤਾ ਗਿਆ ਅਤੇ ਉਸਦਾ ਪਿੱਛਾ ਕਸਬਾ ਲਾਂਬੜਾ ਤੱਕ ਕੀਤਾ ਗਿਆ।ਜਿੱਥੇ ਉਹ ਲਾਂਬੜਾ ਪੁਲਸ ਸਟੇਸ਼ਨ ਭੱਜ ਕੇ ਬਚਿਆ। ਉਸ ਤੋਂ ਬਾਅਦ ਜਦੋਂ ਨਿਹੰਗ ਸਿੰਘ ਫੌਜਾਂ ਉਸ ਦੇ ਭਰਾ ਨਾਲ ਗਈਆਂ ਤਾਂ 40-50 ਮੁੰਡੇ ਕਿਰਪਾਨਾ ਦਾਤਰਾਂ ਤੇ ਹੋਰ ਹਥਿਆਰਾਂ ਨਾਲ ਲੈਸ ਹੋ ਕੇ ਨਕੋਦਰ ਰੋਡ ਪਿੰਡ ਗੋਹੀਰ ਦੇ ਜੀਓ ਪੈਟਰੋਲ ਪੰਪ ਦੇ ਕੋਲ ਖੜ੍ਹੇ ਸਨ। ਗੁੰਡੇ ਨਿਹੰਗ ਸਿੰਘ ਫੌਜਾਂ ਨੂੰ ਦੇਖ ਕੇ ਸਾਰੇ ਭੱਜ ਗਏ। ਉਹ ਆਪਣੇ ਮੋਟਰਸਾਈਕਲ ਵੀ ਉੱਥੇ ਛੱਡ ਗਏ ਜਿਸ ਦੀਆਂ ਨੰਬਰ ਪਲੇਟਾਂ ਦੀਆਂ ਤਸਵੀਰਾਂ ਅਤੇ ਸਿੰਘਾਂ ਨੇ ਲੈ ਲਈਆਂ। ਇੰਨੀ ਵੱਡੀ ਵਾਰਦਾਤ ਹੋਣ ਦੇ ਬਾਵਜੂਦ ਪੁਲਸ ਨੇ ਅਜੇ ਤੱਕ ਕਿਸੇ ਵੀ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ। ਪੁਲਸ ਦਾ ਕਹਿਣਾ ਹੈ ਕਿ ਉਹ ਦੋ ਮੁਲਾਜ਼ਮ ਤੁਹਾਨੂੰ ਦੇ ਦੇਣਗੇ, ਤੁਸੀਂ ਨਾਲ ਜਾ ਕੇ ਸੀ ਸੀ ਟੀ ਵੀ ਵਿੱਚ ਪਛਾਣ ਲਓ। ਅਸੀਂ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹਾਂ ਕਿ ਜੇਕਰ ਪੁਲਸ ਪ੍ਰਸ਼ਾਸਨ ਨੇ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ ।

## ਆਪ ਸਰਕਾਰ ਵੱਲੋਂ ਪਿੰਡਾਂ ਦੀਆਂ ਟੁੱਟੀਆਂ ਸੜਕਾਂ ਦੀ ਮੁਰੰਮਤ ਤੇ ਪੱਕੀਆਂ ਬਣਾਉਣ ਦੀ ਸ਼ੁਰੂਆਤ

**ਫਿਲੌਰ (ਨਿਰਮਲ)**-ਫਿਲੌਰ ਆਪ ਪਾਰਟੀ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਫਿਲੌਰ ਸੂਬਾ ਡਵੀਜ਼ਨ ਦੀਆਂ ਸੜਕਾਂ ਦੀ ਮੁਰੰਮਤ ਕਰਨ ਦੇ ਕੰਮਾਂ ਦਾ ਉਦਘਾਟਨ ਪਿੰਡ ਅੱਟੀ ਤੋਂ ਸ਼ੁਰੂ ਕੀਤਾ ਗਿਆ। ਇਸ ਮੌਕੇ ਅੱਟੀ ਅਤੇ ਲਾਗਲੇ ਪਿੰਡਾਂ ਦੇ ਪੰਚ ਸਰਪੰਚ ਤੇ ਮੋਹਤਵਰ ਹਾਜ਼ਰ ਸਨ। ਪਿੰਡ ਅੱਟੀ ਵਿਖੇ 70 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਪੱਕੀ ਸੜਕ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਪੰਚਾਂ ਸਰਪੰਚਾਂ ਮੋਹਤਵਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਬਰਸਾਤ ਲੰਘ ਗਈ ਹੈ, ਪੇਂਡੂ ਸੜਕ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਗਿਆ ਹੈ। ਹਰ ਪਿੰਡ ਨੂੰ ਜਾਂਦੀ ਪੱਕੀ ਸੜਕ ਦੀ ਮੁਰੰਮਤ ਕੀਤੀ ਜਾਵੇਗੀ, ਕੱਚੀਆਂ ਪੱਕੀਆਂ ਸੜਕਾਂ ਬਿਨਾਂ ਕਿਸੇ ਭੇਦਭਾਵ ਤੋਂ ਬਣਾਈਆਂ ਜਾਣਗੀਆਂ। ਇਸ ਮੌਕੇ ਸੋਹਨ ਲਾਲ ਸਾਬਕਾ ਸਰਪੰਚ ਅੱਟੀ, ਸਰਪੰਚ ਪੰਡਿਤ ਰਮੇਸ਼ਵਰ ਨਾਥ , ਸੋਮ ਪ੍ਰਕਾਸ਼, ਤੀਰਥ ਰਾਮ, ਅਵਤਾਰ ਚੋਪੜਾ, ਨੀਲਮ ਚੋਪੜਾ, ਕਪੂਰ ਸਿੰਘ, ਅਮਰੀਕ ਸਿੰਘ, ਕੇਵਲ ਸਿੰਘ, ਜਸਵਿੰਦਰ ਸਿੰਘ, ਬੂਟਾ ਰਾਮ, ਬਿਕਰਮ ਸਿੰਘ, ਸਰਵਨ ਸਿੰਘ, ਅਤੇ ਹੋਰ ਹਾਜ਼ਰ ਸਨ



## 18ਵਾਂ ਛਿੰਝ ਮੇਲਾ ਭਲਕੇ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਬਿਹਾਲਾ ਵਿਖੇ ਦਰਬਾਰ ਧੰਨ ਧੰਨ ਬਾਬਾ ਗੁੱਗਾ ਜ਼ਾਹਰ ਪੀਰ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬਾਬਾ ਗੁੱਗਾ ਜ਼ਾਹਰ ਪੀਰ ਦੀ ਯਾਦ ਵਿੱਚ ਮਾਲ ਡੰਗਰ ਅਤੇ ਨਗਰ ਦੀ ਸੁੱਖ ਸ਼ਾਂਤੀ ਲਈ ਸਲਾਨਾ 18 ਵਾਂ ਸ਼ਾਨਦਾਰ ਛਿੰਝ ਮੇਲਾ 17 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਮੁੱਖ ਪ੍ਰਬੰਧਕ ਚਿਰੰਜੀ ਲਾਲ ਬਿਹਾਲਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਸਲਾਨਾ 18ਵੇਂ ਛਿੰਝ ਮੇਲੇ ਦੌਰਾਨ ਪੰਜਾਬ ਦੇ ਨਾਮਵਰ ਪਹਿਲਵਾਨ ਕੁਸ਼ਤੀਆਂ ਲੜਨਗੇ। ਇਸ ਛਿੰਝ ਮੇਲੇ ਦੌਰਾਨ ਮੁੱਖ ਮਹਿਮਾਨ ਡਾ. ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਡਾ. ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ, ਹਰੀਸ਼ ਕੁਮਾਰ ਐਸ ਐਚ ਓ ਚੱਬੇਵਾਲ ਵਿਸ਼ੇਸ਼ ਤੌਰ 'ਤੇ ਪੁੱਜ ਰਹੇ ਹਨ।ਪ੍ਰਬੰਧਕਾਂ ਨੇ ਦੱਸਿਆ ਕਿ ਛਿੰਝ ਮੇਲੇ ਦੌਰਾਨ ਮੁੱਖ ਮਹਿਮਾਨ ਡਾ. ਰਾਜ ਕੁਮਾਰ, ਡਾ. ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਜੇਤੂ ਅਤੇ ਉਪ ਜੇਤੂ ਪਹਿਲਵਾਨਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਨਗਦ ਇਨਾਮ ਦੇ ਕੇ ਸਨਮਾਨਤ ਕਰਨਗੇ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਲਾਨਾ ਛਿੰਝ ਮੇਲੇ ਦੌਰਾਨ ਸਿਰਫ਼ ਸੱਦੇ ਹੋਏ ਪਹਿਲਵਾਨ ਹੀ ਕੁਸ਼ਤੀ ਲੜਨਗੇ।

## ਪ੍ਰਵਾਸੀਆਂ ਦੇ ਆਧਾਰ ਕਾਰਡ ਤਸਦੀਕ ਕਰਵਾਉਣ ਸੰਬੰਧੀ ਮਤਾ ਪਾਸ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪਿੰਡ ਕੱਕੋ ਦੀ ਪੰਚਾਇਤ ਵੱਲੋਂ ਪਿੰਡ ਵਾਸੀਆਂ ਦੀ ਹਾਜ਼ਰੀ ਵਿੱਚ ਇੱਕ ਮੀਟਿੰਗ ਸਰਪੰਚ ਅਨੀਤਾ ਰਾਣੀ ਦੀ ਵੱਲੋਂ ਕੀਤੀ ਗਈ। ਇਸ ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਤਾਂ ਪ੍ਰਵਾਸੀ ਮਜ਼ਦੂਰ ਵੱਲੋ 5 ਸਾਲਾ ਮਾਸੂਮ ਹਰਵੀਰ ਦੇ ਕੀਤੇ ਗਏ ਕਤਲ ਕਾਂਡ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ। ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ ਨੇ ਕਿਹਾ ਕਿ ਕਾਨੂੰਨੀ ਤੌਰ ਤੇ ਅਸੀਂ ਕਿਸੇ ਵੀ ਪ੍ਰਵਾਸੀ ਨੂੰ ਪਿੰਡ ਜਾਂ ਸ਼ਹਿਰ ਛੱਡ ਕੇ ਜਾਣ ਦਾ ਕੋਈ ਮਤਾ ਨਹੀਂ ਪਾਸ ਕਰ ਸਕਦੇ ਪ੍ਰੰਤੂ ਸਾਡਾ ਇਹ ਫਰਜ਼ ਬਣਦਾ ਹੈ ਕਿ ਸਾਡੇ ਆਲੇ ਦੁਆਲੇ ਜਿੰਨੇ ਵੀ ਪ੍ਰਵਾਸੀ ਜਾਂ ਕੋਈ ਪੰਜਾਬੀ ਪਰਵਾਰ ਵੀ ਅਗਰ ਕਿਰਾਏ ਤੇ ਆ ਕੇ ਰਹਿੰਦਾ ਹੈ ਤਾਂ ਸਭ ਤੋਂ ਪਹਿਲਾ ਮਕਾਨ ਮਾਲਕ ਨੂੰ ਚਾਹੀਦਾ ਹੈ ਕਿ ਉਹ ਉਸ ਵਿਅਕਤੀ ਬਾਰੇ ਪੂਰੀ ਤਰ੍ਹਾਂ ਤਸਦੀਕ ਕਰਕੇ ਹੀ ਮਕਾਨ ਕਿਰਾਏ ਤੇ ਦੇਵੇ। ਇਹ ਮਤਾ ਪਾਇਆ ਗਿਆ ਕਿ ਹੁਣ ਪਿੰਡ ਵਿਚ ਜਿੰਨੇ ਵੀ ਪ੍ਰਵਾਸੀ ਰਹਿੰਦੇ ਹਨ ਭਾਵੇਂ ਉਹ ਗੁਜਰ ਬਰਾਦਰੀ ਨਾਲ ਸੰਬੰਧ ਰੱਖਦੇ ਹੋਣ ਸਭਨਾਂ ਦੀਆਂ ਵੋਟਾਂ ਪਿੰਡ ਵਿਚ ਨਹੀਂ ਬਣਾਈਆਂ ਜਾਣਗੀਆਂ। ਇਸ ਤੋਂ ਇਲਾਵਾ ਜਿਹਨਾਂ ਜਿੰਮੀਦਾਰ ਪਰਵਾਰਾਂ ਕੋਲ ਪ੍ਰਵਾਸੀ ਰਹਿੰਦੇ ਹਨ ਉਹ ਸਭ ਜਿੰਮੀਦਾਰ ਉਹਨਾਂ ਦੀ ਜ਼ਿੰਮੇਵਾਰੀ ਲੈਣਗੇ ਤੇ ਪ੍ਰਵਾਸੀਆਂ ਦੀ ਪੂਰੀ ਸ਼ਨਾਖਤ ਤਸਦੀਕ ਕਰਵਾ ਕੇ ਪਿੰਡ ਦੇ ਸਰਪੰਚ ਕੋਲ ਜਮਾਂ ਕਰਵਾਉਣਗੇ। ਇਸ ਮੌਕੇ ਮੈਬਰ ਪੰਚਾਇਤ ਪਰਮਜੀਤ ਕੌਰ, ਜੀਵਨ ਕੌਰ, ਕੁਲਵਿੰਦਰ ਕੁਮਾਰ, ਪ੍ਰੋ ਹਰਵਿੰਦਰ ਸਿੰਘ, ਨਿਰਮਲ ਸਿੰਘ, ਕਰਮ ਸਿੰਘ, ਸੰਤੋਸ਼ ਬੱਧਣ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।



## ਰਾਣਾ ਗਿੱਲ ਨੇ ਹਲਕੇ ਦੀਆਂ ਸੜਕਾਂ ਦੀ ਮੁਰੰਮਤ ਕਰਨ ਦਾ ਬੀੜਾ ਚੁੱਕਿਆ

**ਚੰਡੀਗੜ੍ਹ (ਮੋਹਨ ਅੱਗਰਵਾਲ)**

ਰਾਣਾ ਰਣਜੀਤ ਸਿੰਘ ਗਿੱਲ ਨੇ ਹਲਕਾ ਖਰੜ ਦੇ ਪਿੰਡਾਂ ਦੀਆਂ ਟੁੱਟੀਆਂ ਲਿੰਕ ਸੜਕਾਂ ਦੀ ਮੁਰੰਮਤ ਲਈ ਆਪਣੇ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਹਲਕੇ ਦੀਆਂ ਲਿੰਕ ਸੜਕਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਪਿਛਲੇ ਕਈ ਦਿਨਾਂ ਤੋਂ ਭਾਜਪਾ ਆਗੂ ਰਣਜੀਤ ਸਿੰਘ ਗਿੱਲ ਵੱਲੋਂ ਵੱਖ-ਵੱਖ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਮਰੰਮਤ ਦਾ ਕੰਮ ਕੀਤਾ ਜਾ ਰਿਹਾ ਹੈ ਜਿਸ ਤਹਿਤ ਮਾਜਰੀ ਬਲਾਕ ਤੋਂ ਪਿੰਡ ਬਜੀਦਪੁਰ ਨੂੰ ਜਾਂਦੀ ਸੜਕ ਜਿਸ ਦੀ ਹਾਲਤ ਬਹੁਤ ਹੀ ਜ਼ਿਆਦਾ ਖਰਾਬ ਸੀ।ਇਸ ਸਬੰਧੀ ਸਮਾਜ ਸੇਵੀ ਤੇ ਪੱਤਰਕਾਰ ਰਵਿੰਦਰ ਸਿੰਘ ਬਜੀਦਪੁਰ ਦੀ ਅਪੀਲ 'ਤੇ ਗਿੱਲ ਨੇ ਇਸ ਸੜਕ ਦਾ ਕੰਮ ਮੌਕੇ ਉੱਤੇ ਪੁੱਜ ਕੇ ਸ਼ੁਰੂ ਕਰਵਾਇਆ। ਪਿੰਡ ਦੇ ਮੋਹਤਬਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਰਾਣਾ ਗਿੱਲ ਨੇ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਅਪੀਲ ਕੀਤੀ ਕਿ ਆਪਾਂ ਨੂੰ ਇਸ ਸਮੇਂ ਆਪਣੇ ਹਲਕੇ ਦੇ ਲੋਕਾਂ ਦੀ ਬਾਂਹ ਫੜਨੀ ਚਾਹੀਦੀ ਹੈ। ਇਸ ਮੌਕੇ ਦਰਸ਼ਨ ਸਿੰਘ ਸਾਬਕਾ ਸਰਪੰਚ, ਪੰਚ ਹਰਨੇਕ ਸਿੰਘ, ਬਲਜਿੰਦਰ ਸਿੰਘ ਕਾਲਾ, ਜਸਬੀਰ ਸਿੰਘ ਸੀਰਾ, ਪੰਚ ਬਲਜਿੰਦਰ ਸਿੰਘ ਘੋਲਾ, ਭਜਨ ਸਿੰਘ, ਸੋਹਣ ਸਿੰਘ ਮਾਵੀ, ਲੰਬੜਦਾਰ ਤਜਿੰਦਰ ਸਿੰਘ, ਬਲਵੀਰ ਸਿੰਘ, ਲੰਬੜਦਾਰ ਮਲਕੀਤ ਸਿੰਘ ਢਕੋਰਾ, ਬਿੱਲਾ ਮੁੰਧੋ ਅਤੇ ਹੋਰ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



## ਸ੍ਰੀ ਗੁਰੂ ਰਵਿਦਾਸ ਸਭਾ ਖਰੜ ਵਿਖੇ ਲਾਇਬਰੇਰੀ ਸਥਾਪਤ ਕਰੇਗੀ : ਜਨਾਗਲ

**ਖਰੜ (ਹਰਨਾਮ ਸਿੰਘ ਡੱਲਾ)**

ਸਥਾਨਕ ਸਮਾਜ ਸੇਵੀ ਸੰਸਥਾ ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਵੱਲੋਂ ਸ਼ਹਿਰ ਵਿੱਚ ਇੱਕ ਲਾਇਬਰੇਰੀ ਸਥਾਪਿਤ ਕਰਨ ਦਾ ਫੈਸਲਾ ਲਿਆ ਗਿਆ ਹੈ। ਸਭਾ ਦੇ ਪ੍ਰਧਾਨ ਮਦਨ ਲਾਲ ਜਨਾਗਲ ਦੀ ਪ੍ਰਧਾਨਗੀ ਹੇਠ ਸ੍ਰੀ ਗੁਰੂ ਰਵਿਦਾਸ ਭਵਨ ਖਰੜ ਵਿਖੇ ਹੋਈ ਇਸ ਮੀਟਿੰਗ ਵਿੱਚ ਜੰਗ ਸਿੰਘ, ਹਰਚਰਨ ਸਿੰਘ (ਪ੍ਰਿੰਸੀਪਲ ਰੀਟਾ:) ਸੱਜਨ ਸਿੰਘ, ਜਸਪਾਲ ਸਿੰਘ, ਪਾਲ ਸਿੰਘ ਘੇੜਾ, ਬਲਬੀਰ ਚੰਦ, ਧਰਮਪਾਲ ਸਿੰਘ, ਹਰਨੇਕ ਸਿੰਘ ਦੇਵਪੁਰੀ, ਦੀਵਾਨ ਸਿੰਘ, ਹਿੰਮਤ ਸਿੰਘ ਅਤੇ ਹਰਨਾਮ ਸਿੰਘ ਡੱਲਾ ਨੇ ਸ਼ਮੂਲੀਅਤ ਕੀਤੀ। ਜਿਸ ਵਿੱਚ ਐਜੂਕੇਸ਼ਨ ਵੈੱਲਫੇਅਰ ਤਹਿਤ ਬੀ.ਏ. ਤੇ ਬੀ.ਬੀ.ਏ. ਪਾਸ ਕਰਕੇ ਦੂਜੇ ਸਾਲ ਵਿੱਚ ਪ੍ਰਵੇਸ਼ ਕਰਨ ਵਾਲੀਆਂ ਵਿਦਿਆਰਥਣਾਂ ਕੁਮਾਰੀ ਰੱਜੀ, ਕਮਲਪ੍ਰੀਤ ਕੌਰ, ਪ੍ਰੀਤੀ ਅਤੇ ਕੁਲਵਿੰਦਰ ਕੌਰ ਨੂੰ ਸਾਲ 2025-26 ਦੀ ਸਾਲਾਨਾ ਕਰੀਬ ਇੱਕ ਲੱਖ ਰੁਪਈਆ ਫ਼ੀਸ ਦੇਣ ਦਾ ਫ਼ੈਸਲਾ ਲਿਆ ਗਿਆ। ਇੱਕ ਹੋਰ ਲੋੜਵੰਦ ਵਿਦਿਆਰਥੀ ਬਲਜੀਤ ਸਿੰਘ ਨੂੰ ਵੀ ਉਚੇਰੀ ਵਿੱਦਿਆ ਹਾਸਲ ਕਰਵਾਉਣ ਲਈ ਅਪਣਾਇਆ ਗਿਆ ਹੈ।ਇੱਕ ਮਤੇ ਰਾਹੀਂ ਪੰਜਾਬ ਵਿੱਚ ਹੜ੍ਹਾਂ ਵਿੱਚ ਮਾਰੇ ਗਏ ਲੋਕਾਂ ਦੇ ਪਰਵਾਰਾਂ ਨਾਲ ਹਮਦਰਦੀ ਪ੍ਰਗਟਾਈ ਗਈ। ਸੋਸ਼ਲ ਮੀਡੀਆ ਉੱਤੇ ਛਾਇਆ ਖਬਰਾਂ ਵਿੱਚ ਗਰੀਬ ਪਰਵਾਰਾਂ ਨਾਲ ਕੁਝ ਜਾਤੀਵਾਦੀ ਲੋਕਾਂ ਵੱਲੋਂ ਕੀਤੀ ਜਾ ਰਹੀ ਨਫ਼ਰਤ ਨੂੰ ਮੰਦਭਾਗਾ ਕਰਾਰ ਦਿੰਦਿਆਂ ਜਾਤੀਵਾਦੀ ਘਟਨਾਵਾਂ ਦੀ ਨਿਖੇਧੀ ਕੀਤੀ ਗਈ। ਕੁਝ ਤੰਗਦਿਲ ਵਿਅਕਤੀ ਗੁਰੂਆਂ ਦੀ ਧਰਤੀ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਭਰੀਟਣ ਦੇ ਜਤਨ ਕਰ ਰਹੇ ਹਨ। ਸਭਾ ਨੇ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਜਿਹੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਕੇ ਗਰੀਬਾਂ ਖ਼ਿਲਾਫ਼ ਕੂੜ ਪ੍ਰਚਾਰ ਕਰਦੇ ਅਖੌਤੀ ਕਾਰ ਸੇਵਕਾਂ ਨੂੰ ਸਬਕ ਸਿਖਾਉਣ ਲਈ ਕੋਈ ਹੁਕਮਨਾਮਾ ਜਾਰੀ ਕਰਨ। ਸਭਾ ਨੇ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਕਿ ਅਜਿਹੇ ਲੋਕਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤੇ ਗਰੀਬਾਂ ਦੇ ਢਹੇ ਘਰਾਂ ਦੀ ਉਸਾਰੀ ਲਈ ਗਰਾਂਟਾਂ ਵੀ ਦਿੱਤੀਆਂ ਜਾਣ। ਇੱਕ ਹੋਰ ਮਤੇ ਰਾਹੀਂ ਸਭਾ ਦੀ ਸਾਲਾਨਾ ਚੋਣ 11 ਅਕਤੂਬਰ ਨੂੰ ਕਰਵਾਉਣ ਦਾ ਫ਼ੈਸਲਾ ਲਿਆ ਗਿਆ ਹੈ।



## ਗੁਰਵਿੰਦਰ ਸਿੰਘ ਬਾਹਰਾ ਨੇ ਨੇਤਰਦਾਨ ਪ੍ਰਣ ਪੱਤਰ ਭਰ ਕੇ ਕੀਤੀ ਮਿਸਾਲ ਕਾਇਮ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰੋਟਰੀ ਆਈ ਬੈਂਕ ਅਤੇ ਕਾਰਨੀਅਲ ਟਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਵਿੱਚ ਰਯਾਤ-ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਨੇਤਰਦਾਨ ਜਾਗਰੂਕਤਾ ਫਲੈਕਸ ਬੋਰਡ ਲਗਾਏ ਗਏ। ਇਸ ਤੋਂ ਬਾਅਦ ਰਯਾਤ-ਬਾਹਰਾ ਯੂਨੀਵਰਸਿਟੀ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨਾਲ ਉਨ੍ਹਾਂ ਦੇ ਦਫ਼ਤਰ ਵਿੱਚ ਮੁਲਾਕਾਤ ਕੀਤੀ ਗਈ।ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਨੇ ਸ. ਬਾਹਰਾ ਨੂੰ ਨੇਤਰਦਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੋਸਾਇਟੀ ਪਿਛਲੇ 25 ਸਾਲਾਂ ਤੋਂ ਕਾਰਨੀਅਲ ਅੰਨ੍ਹੇਪਣ ਨਾਲ ਪੀੜਤ ਲੋਕਾਂ ਲਈ ਕੰਮ ਕਰ ਰਹੀ ਹੈ। ਜਿਨ੍ਹਾਂ ਲੋਕਾਂ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਸੀ, ਉਨ੍ਹਾਂ ਨੂੰ ਨਵੀਆਂ ਅੱਖਾਂ ਲਗਾਈਆਂ ਗਈਆਂ ਹਨ । ਸੋਸਾਇਟੀ ਵੱਲੋਂ 25 ਸ਼ਰੀਰ ਮਰਣੋਪਰਾਂਤ ਮੈਡੀਕਲ ਕਾਲਜਾਂ ਨੂੰ ਰਿਸਰਚ ਲਈ ਭੇਜੇ ਜਾ ਚੁੱਕੇ ਹਨ ਅਤੇ 210 ਲੋਕਾਂ ਵੱਲੋਂ ਮਰਣੋਪਰਾਂਤ ਸ਼ਰੀਰ ਦਾਨ ਕਰਨ ਲਈ ਪ੍ਰਣ ਪੱਤਰ ਵੀ ਭਰੇ ਜਾ ਚੁੱਕੇ ਹਨ।ਇਸ ਮੌਕੇ ਸ. ਗੁਰਵਿੰਦਰ ਸਿੰਘ ਬਾਹਰਾ ਨੇ ਮਰਣ ਉਪਰੰਤ ਨੇਤਰਦਾਨ ਕਰਨ ਲਈ ਪ੍ਰਣ ਪੱਤਰ ਭਰਨ ਦੀ ਇੱਛਾ ਜਤਾਈ ਅਤੇ ਕਿਹਾ ਕਿ ਕਿਸੇ ਦੀ ਹਨ੍ਹੇਰੀ ਜ਼ਿੰਦਗੀ ਨੂੰ ਰੌਸ਼ਨ ਕਰਨਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਸ੍ਰੀ ਬਹਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਤੁਹਾਡੇ ਨੇੜੇ ਕੋਈ ਕਾਰਨੀਅਲ ਅੰਨ੍ਹੇਪਣ ਨਾਲ ਪੀੜਤ ਵਿਅਕਤੀ ਹੈ ਤਾਂ ਉਸ ਦਾ ਸੰਪਰਕ ਸੋਸਾਇਟੀ ਨਾਲ ਕਰਵਾਓ ਤਾਂ ਜੋ ਉਸ ਦਾ ਮੁਫ਼ਤ ਓਪਰੇਸ਼ਨ ਕਰਵਾ ਕੇ ਉਸ ਨੂੰ ਰੌਸ਼ਨੀ ਦਿੱਤੀ ਜਾ ਸਕੇ।ਇਸ ਮੌਕੇ ਸ. ਗੁਰਵਿੰਦਰ ਸਿੰਘ ਬਾਹਰਾ ਨੂੰ ਸੋਸਾਇਟੀ ਵੱਲੋਂ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਚੰਦਰ ਮੋਹਨ, ਵੀਨਾ ਚੋਪੜਾ, ਮਦਨ ਲਾਲ ਮਹਾਜਨ, ਪ੍ਰੋ. ਦਲਜੀਤ ਸਿੰਘ, ਜਸਵੀਰ ਕੰਵਰ, ਅਸ਼ਵਨੀ ਕੁਮਾਰ ਦੱਤਾ, ਕ੍ਰਿਸ਼ਨ ਕਿਸ਼ੋਰ ਅਤੇ ਹੋਰ ਹਾਜ਼ਰ ਸਨ।

## ਸ੍ਰੀ ਰਾਮ ਲੀਲ੍ਹਾ ਕਮੇਟੀ ਕਰਤਾਰਪੁਰ 'ਚ ਦੁਸਹਿਰੇ ਦਾ ਤਿਉਹਾਰ ਮਨਾਏਗੀ : ਚੇਅਰਮੈਨ

**ਕਰਤਾਰਪੁਰ (ਹਰਮੇਸ਼ ਦੱਤ )**-ਸ੍ਰੀ ਰਾਮਲੀਲ੍ਹਾ ਕਮੇਟੀ ਕਰਤਾਰਪੁਰ ਇਸ ਸਾਲ ਦੁਸਹਿਰਾ ਤਿਉਹਾਰ ਨੂੰ ਸ਼ਾਨਦਾਰ ਅਤੇ ਧੂਮ ਧਾਮ ਢੰਗ ਨਾਲ ਮਨਾਉਣ ਦੀ ਤਿਆਰੀ ਕਰ ਰਹੀ ਹੈ। ਕਮੇਟੀ ਦੇ ਚੇਅਰਮੈਨ ਪ੍ਰਦੀਪ ਅਗਰਵਾਲ ਅਤੇ ਪ੍ਰਧਾਨ ਸੁਧੀਰ ਵਾਲੀਆ ਨੇ ਦੱਸਿਆ ਕਿ 16 ਸਤੰਬਰ ਨੂੰ ਸ਼ਾਮ 5 ਵਜੇ ਡੀ ਏ ਵੀ ਪ੍ਰਾਇਮਰੀ ਸਕੂਲ ਵਿਖੇ ਭੂਮੀ ਪੂਜਨ ਕੀਤਾ ਜਾਵੇਗਾ।22 ਸਤੰਬਰ ਤੋਂ 1 ਅਕਤੂਬਰ ਤੱਕ ਰਾਤ 9 ਵਜੇ ਤੋਂ 12 ਵਜੇ ਤੱਕ ਸ੍ਰੀ ਰਾਮ ਚਰਿਤਰ ਦਾ ਮੰਚਨ ਕੀਤਾ ਜਾਵੇਗਾ। ਅੰਤ ਵਿੱਚ 2 ਅਕਤੂਬਰ ਨੂੰ ਵੱਡਾ ਤਾਲਾਬ ਵਿਖੇ ਦੁਸਹਿਰਾ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਜਾਵੇਗਾ, ਜਿਸ ਤੋਂ ਬਾਅਦ ਰਾਜਤਿਲਕ ਪ੍ਰੋਗਰਾਮ ਸ਼ਾਮ 7 ਵਜੇ ਬੂਟੇ ਸ਼ਾਹ ਦੀ ਬਗੀਚੀ ਵਿੱਚ ਕੀਤਾ ਜਾਵੇਗਾ। ਕਮੇਟੀ ਮੈਂਬਰਾਂ ਨੇ ਸ਼ਹਿਰ ਵਾਸੀਆਂ ਨੂੰ ਇਸ ਤਿਉਹਾਰ ਵਿੱਚ ਬਹੁਤ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਧਾਰਮਿਕ ਤਿਉਹਾਰ ਦੀ ਸ਼ਾਨ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਸ੍ਰੀ ਰਾਮਲੀਲ੍ਹਾ ਕਮੇਟੀ ਨੇ ਦੁਸਹਿਰੇ ਦੇ ਤਿਉਹਾਰ ਨੂੰ ਇੱਕ ਵਿਸ਼ੇਸ਼ ਸਮਾਗਮ ਬਣਾਉਣ ਲਈ ਵਿਆਪਕ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।



## ਸੁਆਮੀ ਰਤਨ ਦਾਸ ਮਹਾਰਾਜ ਤੇ ਸੁਆਮੀ ਹਰਚਰਨ ਦਾਸ ਮਹਾਰਾਜ ਦੀ ਯਾਦ 'ਚ ਧਾਰਮਿਕ ਸਮਾਗਮ ਅੱਜ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**-ਡੇਰਾ ਰਤਨਪੁਰੀ ਪਿੰਡ ਪੈਸਰਾਂ ਨਜ਼ਦੀਕ ਸੈਲਾ ਖੁਰਦ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੰਤ ਬੀਬੀ ਮੀਨਾ ਦੇਵੀ ਜੀ ਸੰਚਾਲਕ ਡੇਰਾ ਰਤਨਪੁਰੀ ਜੇਜੋਂ ਦੋਆਬਾ ਸਟੇਜ ਸਕੱਤਰ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ ਸੋਸਾਇਟੀ ਪੰਜਾਬ ਅਤੇ ਸੰਤ ਅਮਨਦੀਪ ਦੀ ਯੋਗ ਅਗਵਾਈ ਹੇਠ ਗ੍ਰਾਮ ਪੰਚਾਇਤ ਪਿੰਡ ਪੈਂਸਰਾ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਧੰਨ- ਧੰਨ ਸੁਆਮੀ ਰਤਨ ਦਾਸ ਜੀ ਮਹਾਰਾਜ ਅਤੇ ਧੰਨ- ਧੰਨ ਸੁਆਮੀ ਹਰਚਰਨ ਦਾਸ ਮਹਾਰਾਜ ਦੀ ਯਾਦ ਵਿੱਚ10ਵੇਂ ਸਰਾਧ ਮੌਕੇ 16 ਸਤੰਬਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਬੀਬੀ ਮੀਨਾ ਦੇਵੀ ਜੀ ਅਤੇ ਸੰਤ ਬਾਬਾ ਅਮਨਦੀਪ ਜੀ ਨੇ ਦੱਸਿਆ ਕਿ ਸਮਾਗਮ ਨੂੰ ਮੁੱਖ ਰੱਖਦੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ, ਜਿਨਾਂ ਦੇ ਭੋਗ 16 ਸਤੰਬਰ ਨੂੰ ਪੈਣਗੇ। ਇਸ ਮੌਕੇ ਨਿਸ਼ਾਨ ਸਾਹਿਬ ਵੀ ਚੜਾਏ ਜਾਣਗੇ। ਸੰਗਰਾਂਦ ਦਾ ਪਵਿੱਤਰ ਦਿਹਾੜਾ ਵੀ ਮਨਾਇਆ ਜਾਵੇਗਾ ਅਤੇ ਧੰਨ- ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਜੋਤੀ ਜੋਤ ਸਮਾਗਮ ਨੂੰ ਮੁੱਖ ਰੱਖਦੇ ਹੋਏ ਉਹਨਾਂ ਨੂੰ ਵੀ ਯਾਦ ਕੀਤਾ ਜਾਵੇਗਾ। ਗੁਰੂ ਕੇ ਲੰਗਰ ਅਤੁਟ ਚੱਲਣਗੇ।

## ਸੱਚਦੇਵਾ ਸਟਾਕਸ ਵਾਕਥੌਨ ਦੀ ਰਜਿਸਟ੍ਰੇਸ਼ਨ ਸ਼ੁਰੂ

### ਅਮ੍ਰਿਤ ਸਾਗਰ ਮਿੱਤਲ ਨੇ ਕਲੱਬ ਮੈਂਬਰਾਂ ਦੀ ਹਾਜ਼ਰੀ 'ਚ ਸ਼ੁਰੂ ਕਰਵਾਈ ਰਜਿਸਟ੍ਰੇਸ਼ਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ 2 ਨਵੰਬਰ 2025 ਨੂੰ 5 ਕਿਲੋਮੀਟਰ ਦੀ ਕਰਵਾਈ ਜਾ ਰਹੀ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਵਾਕਥੌਨ ਦੀ ਰਜਿਸਟ੍ਰੇਸ਼ਨ ਕੈਬਨਿਟ ਮੰਤਰੀ ਅਤੇ ਸੋਨਾਲੀਕਾ ਗਰੁੱਪ ਦੇ ਵਾਈਸ ਚੇਅਰਮੈਨ ਅਮ੍ਰਿਤ ਸਾਗਰ ਮਿੱਤਲ ਵੱਲੋਂ ਕਲੱਬ ਪ੍ਰਧਾਨ ਪਰਮਜੀਤ ਸੱਚਦੇਵਾ ਦੀ ਅਗਵਾਈ ਹੇਠ ਸ਼ੁਰੂ ਕਰਵਾਈ ਗਈ। ਇਸ ਸਮੇਂ ਅਮ੍ਰਿਤ ਸਾਗਰ ਮਿੱਤਲ ਨੇ ਕਿਹਾ ਕਿ ਫਿੱਟ ਬਾਈਕਰ ਕਲੱਬ ਵੱਲੋਂ ਸਮੇਂ-ਸਮੇਂ 'ਤੇ ਕਰਵਾਈਆਂ ਜਾਣ ਵਾਲੀਆਂ ਅਜਿਹੀਆਂ ਗਤੀਵਿਧੀਆਂ ਸਮਾਜ ਨੂੰ ਅੱਗੇ ਵੱਧਣ ਵਿੱਚ ਮਦਦ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਵਾਕਥੌਨ ਸਾਡੇ ਉੱਘੇ ਐਥਲੀਟ ਸਵ. ਫੌਜਾ ਸਿੰਘ ਨੂੰ ਸਮਰਪਿਤ ਕੀਤੀ ਜਾ ਰਹੀ ਹੈ। ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਵਾਕਥੌਨ ਵਿੱਚ ਹਰ ਇੱਕ ਸ਼ਹਿਰ ਵਾਸੀ ਭਾਗ ਲੈ ਸਕੇਗਾ ਅਤੇ ਇਸ ਤੋਂ ਇਲਾਵਾ 8 ਸਾਲ ਤੱਕ ਦੇ ਬੱਚਿਆਂ ਲਈ 5 ਕਿਲੋਮੀਟਰ ਦੀ ਸਾਈਕਲੋਥਾਨ ਵੀ ਕਰਵਾਈ ਜਾ ਰਹੀ ਹੈ, ਬੱਚਿਆਂ ਲਈ ਖਾਸ ਸਹੂਲਤ ਇਹ ਰਹੇਗੀ ਕਿ ਉਹ ਵਾਕਥੌਨ ਜਾ ਸਾਈਕਲੋਥਾਨ ਕਿਸੇ ਵੀ ਈਵੇਂਟ ਦਾ ਹਿੱਸਾ ਬਣ ਸਕਣਗੇ। ਉਨ੍ਹਾਂ ਅੱਗੇ ਦੱਸਿਆ ਕਿ ਇਸ ਲਈ 50 ਰੁਪਏ ਰਜਿਸਟਰੇਸ਼ਨ ਫੀਸ ਰੱਖੀ ਗਈ ਹੈ ਤੇ ਇਸ ਨਾਲ ਜੋ ਵੀ ਪੈਸਾ ਇਕੱਠਾ ਹੋਵੇਗਾ ਉਹ ਸਾਰਾ ਜੇ.ਐੱਸ.ਐੱਸ.ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਨੂੰ ਦਾਨ ਵਜੋਂ ਦਿੱਤਾ ਜਾਵੇਗਾ ਤਾਂ ਜੋ ਸਪੈਸ਼ਲ ਬੱਚਿਆਂ ਲਈ ਭਲਾਈ ਹੋ ਸਕੇ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਈਵੇਂਟ ਵਿੱਚ ਭਾਗ ਲੈਣ ਵਾਲਿਆਂ ਨੂੰ ਮੈਡਲ, ਟੀ-ਸ਼ਰਟ ਅਤੇ ਰਿਫਰੈਸ਼ਮੈਂਟ ਕਲੱਬ ਵੱਲੋਂ ਦਿੱਤੀ ਜਾਵੇਗੀ ਤੇ ਇਹ ਵਾਕਥੌਨ ਸਥਾਨਕ ਲਾਜਵੰਤੀ ਸਟੇਡੀਅਮ ਤੋਂ ਸ਼ੁਰੂ ਹੋਵੇਗੀ। ਇਸ ਮੌਕੇ ਉੱਤਮ ਸਿੰਘ ਸਾਬੀ, ਗੁਰਮੇਲ ਸਿੰਘ, ਅਮਰਿੰਦਰ ਸੈਣੀ, ਸਾਗਰ ਸੈਣੀ, ਅਮਰਿੰਦਰ ਸੈਣੀ, ਮੁਨੀਰ ਨਾਜਰ, ਦੌਲਤ ਸਿੰਘ, ਸੰਜੀਵ ਸੋਹਲ, ਰਹਿਤ ਬਸੀ, ਉਕਾਂਰ ਸਿੰਘ, ਤਰਲੋਚਨ ਸਿੰਘ, ਸੌਰਭ ਸ਼ਰਮਾ, ਗੁਰਵਿੰਦਰ ਸਿੰਘ ਵੀ ਮੌਜੂਦ ਸਨ।

## ਬ੍ਰਿਗੇਡੀਅਰ ਰਾਜ ਕੁਮਾਰ ਦਾ ਪਿੰਡ ਵਾਸੀਆਂ ਨੇ ਕੀਤਾ ਸਵਾਗਤ



**ਬਲਾਚੌਰ (ਜਸਵਿੰਦਰ ਬੈਂਸ)**-ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜਕੁਮਾਰ ਦਾ ਅੱਜ ਬਲਾਚੌਰ ਹਲਕੇ ਦੇ ਪਿੰਡ ਜੰਡੀ ਪਹੁੰਚਣ 'ਤੇ ਸਵਾਗਤ ਕੀਤਾ ਗਿਆ। ਇਸ ਮੌਕੇ ਪਿੰਡ ਜੰਡੀ ਵਿਖੇ ਉੱਘੇ ਸਮਾਜ ਸੇਵਕ ਦਰਗੇਸ਼ ਜੰਡੀ ਵੱਲੋਂ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜਕੁਮਾਰ ਨੂੰ ਚੇਅਰਮੈਨ ਬਣਨ 'ਤੇ ਵਧਾਈ ਦਿੱਤੀ ਗਈ ਅਤੇ ਸਿਰੋਪਾ ਪਾ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਉਹਨਾਂ ਕਿਹਾ ਕਿ ਪਹਿਲੀ ਵਾਰ ਪੰਜਾਬ ਸਰਕਾਰ ਵੱਲੋਂ ਗੁੱਜਰ ਬੋਰਡ ਗਠਨ ਕਰਨ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਮਨੀਸ਼ ਸਿਸੋਦੀਆ ਦਾ ਧੰਨਵਾਦ ਕੀਤਾ। ਇਸ ਮੌਕੇ ਬ੍ਰਿਗੇਡੀਅਰ ਰਾਜਕੁਮਾਰ, ਦੁਰਗੇਸ਼ ਜੰਡੀ, ਠੇਕੇਦਾਰ ਚਰਨਜੀਤ ਕਟਾਰੀਆ, ਕੁਲਵਿੰਦਰ ਬਾਠ, ਚਰਨਜੀਤ, ਰਵੀ ਨੰਦ, ਰੋਸ਼ਨ ਲਾਲ ਭੁੰਬਲਾ, ਬਲਜੀਤ ਸਿੰਘ, ਅਮਰਜੀਤ ਸਿੰਘ ਚੇਚੀ, ਕਮਲਜੀਤ ਬਾਂਠ, ਸ਼ਾਮ ਲਾਲ ਕਟਾਰੀਆ, ਸੋਮਨਾਥ ਚੇਤੀ, ਭਜਨ ਲਾਲ ਚੇਚੀ, ਜਸਪਾਲ ਮੌਜੂਦ ਸਨ।

## ਮਾਤਾ ਅਮਰ ਕੌਰ ਚਰਨ ਕੌਰ ਵੈੱਲ.ਫੇਅਰ ਸੋਸਾਇਟੀ ਵੱਲੋਂ ਪ੍ਰਾਇਮਰੀ ਸਕੂਲ ਦੇ ਵਿਹੜੇ ਨੂੰ ਪੱਕਾ ਕਰਨ ਦੀ ਸੇਵਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਅਮਰ ਕੌਰ-ਚਰਨ ਕੌਰ ਵੈਲਫੇਅਰ ਸੁਸਾਇਟੀ ਭੁੰਗਰਨੀ ਵੱਲੋਂ ਪਹਿਲਾਂ ਵੀ ਲਗਾਤਾਰ ਸਮਾਜ ਸੇਵਾ ਦੇ ਕਾਰਜ ਕੀਤੇ ਜਾ ਰਹੇ ਹਨ। ਜਸਵੀਰ ਸਿੰਘ ਮਿਨਹਾਸ ਪ੍ਰਧਾਨ ਤੇ ਜਗਤਾਰ ਸਿੰਘ ਭੁੰਗਰਨੀ ਸੀਨੀਅਰ ਵਾਈਸ ਪ੍ਰਧਾਨ ਤੇ ਮੈਂਬਰ ਬਲਵੀਰ ਸਿੰਘ ਫੁਗਲਾਣਾ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਨਗਰ ਦੀਆਂ ਹੋਰ ਵੀ ਬੇਹਤਰ ਸਿਵਾਵਾ ਨਿਭਾਉਣ ਲਈ ਪਿੰਡ ਭੁੰਗਰਨੀ ਵਿਖੇ ਮਾਤਾ ਅਮਰ ਕੌਰ ਚਰਨ ਕੌਰ ਵੈਲਫੇਅਰ ਸੁਸਾਇਟੀ ਦੇ ਨਾਂਅ 'ਤੇ ਦਫਤਰ ਖੋਲ੍ਹਿਆ ਗਿਆ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਮਾਤਾ ਅਮਰ ਕੌਰ ਚਰਨ ਕੌਰ ਵੈਲ.ਫੇਅਰ ਸੋਸਾਇਟੀ ਪਿੰਡ ਭੁੰਗਰਨੀ ਵੱਲੋਂ ਸੁਸਾਇਟੀ ਦੇ ਸੰਸਥਾਪਕ ਡਾ. ਹਰਦੇਵ ਸਿੰਘ ਪਰਹਾਰ ਯੂ ਐਸ ਏ, ਜਸਵਿੰਦਰ ਕੌਰ ਪਰਹਾਰ, ਡਾਕਟਰ ਜਸਮੀਤ ਕੌਰ ਪਰਹਾਰ, ਡਾਕਟਰ ਜਸਲੀਨ ਕੌਰ ਪਰਹਾਰ, ਚਰਨਜੀਤ ਕੌਰ ਪਰਹਾਰ, ਸਮੂਹ ਪਰਵਾਰ ਦੇ ਬਜ਼ੁਰਗ ਬਾਊ ਮਹਿੰਗਾ ਸਿੰਘ ਪਰਹਾਰ ਦੀ ਯਾਦ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਭੁੰਗਰਨੀ ਦੇ ਫਰਸ਼ ਅਤੇ ਪੱਕੀ ਸੜਕ ਤੋਂ ਸਕੂਲ ਤੱਕ ਪੱਕੀ ਸੜਕ ਦੀ ਸੇਵਾ 13 ਲੱਖ 35000 ਰੁਪਏ ਦੀ ਲਾਗਤ ਨਾਲ ਕਰਾਈ ਗਈ ਸੀ। ਅੱਜ ਉਸ ਨੂੰ ਸਕੂਲ ਦੇ ਸਪੁਰਦ ਕੀਤਾ ਗਿਆ । ਇਸ ਮੌਕੇ ਜਸਵੀਰ ਸਿੰਘ ਮਿਨਹਾਸ ਪ੍ਰਧਾਨ, ਜਗਤਾਰ ਸਿੰਘ ਭੁੰਗਰਨੀ ਸੀਨੀਅਰ ਵਾਈਸ ਪ੍ਰਧਾਨ, ਪਰਮਿੰਦਰ ਸਿੰਘ ਪੋਸੀ ਜਨਰਲ ਸਕੱਤਰ, ਸੁਰਜੀਤ ਸਿੰਘ ਮਸੂਤਾ ਕੈਸ਼ੀਅਰ, ਬਲਬੀਰ ਸਿੰਘ ਫੁਗਲਾਣਾ ਮੈਂਬਰ, ਹਰਜੀਤ ਸਿੰਘ ਘੁੜਿਆਲ ਮੈਂਬਰ, ਪਰਮਜੀਤ ਸਿੰਘ ਮੈਂਬਰ, ਭਾਈ ਪੁਰਸ਼ੋਤਮ ਸਿੰਘ, ਸਾਬਕਾ ਪ੍ਰਿੰਸੀਪਲ ਪ੍ਰਦੀਪ ਕੁਮਾਰ, ਭੁਪਿੰਦਰ ਸਿੰਘ, ਸੁਰਿੰਦਰ ਸਿੰਘ ਹਰਹਾਰ, ਸਤਨਾਮ ਸਿੰਘ ਪਰਹਾਰ, ਸਰਜੀਤ ਸਿੰਘ ਪਰਹਾਰ, ਧਰਮਿੰਦਰ ਸਿੰਘ ਪਰਹਾਰ, ਪ੍ਰੀਤਮ ਸਿੰਘ ਫੌਜੀ, ਬਲਵੀਰ ਸਿੰਘ ਤੰਬੜ, ਬਲਵੀਰ ਸਿੰਘ ਖਾਲਸਾ, ਲਾਲਾ ਕਮਲਜੀਤ ਸਿੰਘ, ਤਰਲੋਚਨ ਸਿੰਘ, ਪਿਆਰਾ ਸਿੰਘ, ਮਿੰਨੀ ਐਂਬੂਲੈਂਸ ,ਅਜੀਤ ਸਿੰਘ ਡਮੁੰਡਾ ਆਦਿ ਇਸ ਮੌਕੇ ਹਾਜ਼ਰ ਸਨ।



# ਰਿਆਤ ਬਾਹਰਾ 'ਵਰਸਿਟੀ ਵਿਖੇ ਆਈ ਏ ਐੱਸ ਅਧਿਕਾਰੀ ਵੱਲੋਂ ਪ੍ਰੇਰਨਾਦਾਇਕ ਸੈਸ਼ਨ



**ਐਸ ਏ ਐਸ ਨਗਰ, ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅਗਰਵਾਲ)**- ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਕੰਪਿਊਟਿੰਗ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਵੱਲੋਂ ਪ੍ਰਸਿੱਧ ਪ੍ਰੇਰਕ ਬੁਲਾਰੇ ਕੇਸ਼ਵ ਹਿੰਗੋਨੀਆ, ਆਈ ਏ ਐਸ ਵੱਲੋਂ ਪ੍ਰੇਰਨਾਦਾਇਕ ਭਾਸ਼ਣ ਦਾ ਆਯੋਜਨ ਕੀਤਾ ਗਿਆ। ਇਸ ਸੈਸ਼ਨ ਦਾ ਮਕਸਦ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਉੱਤਮਤਾ ਹਾਸਲ ਕਰਨ ਅਤੇ ਅਕਾਦਮਿਕ ਤੇ ਪੇਸ਼ਾਵਰ ਜੀਵਨ ਵਿੱਚ ਨਵੀਨਤਾ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ। ਡਾ. ਸਾਹਿਲ ਵਰਮਾ, ਕਾਰਜਕਾਰੀ ਨਿਰਦੇਸ਼ਕ ਅਤੇ ਡਾ. ਪੂਜਾ ਸ਼ਰਮਾ, ਮੁਖੀ (ਸੀ ਐਸ ਈ), ਨੇ ਮੁੱਖ ਮਹਿਮਾਨ ਦਾ ਨਿੱਘਾ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਰਵਾਇਤੀ ਦੀਪ ਪ੍ਰਜਵਲਿਤ ਕਰਕੇ ਕੀਤੀ ਗਈ, ਜੋ ਗਿਆਨ ਅਤੇ ਬੁੱਧੀ ਦੇ ਪ੍ਰਕਾਸ਼ ਦਾ ਪ੍ਰਤੀਕ ਹੈ। ਆਪਣੇ ਸੰਬੋਧਨ ਦੌਰਾਨ ਕੇਸ਼ਵ ਹਿੰਗੋਨੀਆ ਨੇ ਦ੍ਰਿੜਤਾ, ਲੀਡਰਸ਼ਿਪ ਅਤੇ ਤਕਨੀਕੀ ਖੇਤਰ ਦੇ ਤੇਜ਼ੀ ਨਾਲ ਬਦਲਦੇ ਦ੍ਰਿਸ਼ਟੀਕੋਣ ਨਾਲ ਅਨੁਕੂਲ ਹੋਣ ਦੀ ਲੋੜ 'ਤੇ ਚਰਚਾ ਕੀਤੀ। ਉਨ੍ਹਾਂ ਦੇ ਪ੍ਰੇਰਨਾਦਾਇਕ ਵਿਚਾਰਾਂ ਨੇ ਵਿਦਿਆਰਥੀਆਂ ਨੂੰ ਚੁਣੌਤੀਆਂ ਨੂੰ ਪਾਰ ਕਰਕੇ ਜੋਸ਼ ਅਤੇ ਸਮਰਪਣ ਨਾਲ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਉਤਸ਼ਾਹਿਤ ਕੀਤਾ। ਇਸ ਮੌਕੇ 'ਤੇ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੇ ਅਧਿਆਪਕਾਂ ਨੂੰ ਪ੍ਰਤਿਭਾ ਨੂੰ ਨਿਖਾਰਨ ਅਤੇ ਸਕਾਰਾਤਮਕ ਸਿੱਖਣ ਵਾਲਾ ਮਾਹੌਲ ਤਿਆਰ ਕਰਨ ਵਿੱਚ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ।

# ਕਿਸਾਨਾਂ ਨੂੰ 20 ਹਜ਼ਾਰ ਰੁ. ਪ੍ਰਤੀ ਏਕੜ ਮੁਆਵਜ਼ਾ ਦੇਣਾ ਸ਼ਲਾਘਾਯੋਗ : ਕੁਲਜੀਤ ਸਿੰਘ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾਂ ਨਿਰਦੇਸ਼ਾਂ ਹੇਠ ਹਰੇਕ ਹਲਕੇ ਲੋਕਾਂ ਦੀ ਬਿਹਤਰੀ ਤੇ ਭਲਾਈ ਲਈ ਵੱਡੇ ਕਦਮ ਚੁੱਕੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹਲਕਾ ਇੰਚਾਰਜ਼ ਆਮ ਆਦਮੀ ਪਾਰਟੀ ਬੰਗਾ



ਕੁਲਜੀਤ ਸਿੰਘ ਸਰਹਾਲ ਨੇ ਕੀਤਾ। ਉਹਨਾਂ ਕਿਹਾ ਇਹ ਸ਼ਲਾਘਾਯੋਗ ਕਦਮ ਹੈ ਕਿ 40 ਦਿਨਾਂ ਅੰਦਰ ਵਿਸ਼ੇਸ਼ ਗਿਰਦਾਵਰੀ ਦਾ ਕੰਮ ਪੂਰਾ ਕਰਕੇ ਕਿਸਾਨਾਂ ਨੂੰ 20,000 ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇਗਾ। ਨਾਲ ਹੀ ਹੋਰ ਘਰੇਲੂ ਨੁਕਸਾਨ ਦਾ ਵੀ ਢੁਕਵਾਂ ਮੁਆਵਜ਼ਾ ਦੇਵਾਂਗੇ। ਸਰਕਾਰ ਆਪਣੇ ਲੋਕਾਂ ਦੀ ਹੈ ਤੇ ਲੋਕਾਂ ਨਾਲ ਡਟਕੇ ਖੜ੍ਹੀ ਹੈ।ਹੜ੍ਹ ਪੀੜਤਾਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ। ਅਸੀਂ ਕਿਸੇ ਦਾ ਵੀ ਚੁੱਲ੍ਹਾ ਬੁਝਣ ਨਹੀਂ ਦੇਵਾਂਗੇ।

# ਹੰਸ ਰਾਜ ਹੰਸ ਨੇ ਹੜ੍ਹ ਪੀੜਤਾਂ ਨੂੰ ਵੰਡੀ ਰਾਹਤ ਸਮੱਗਰੀ

## ● 235 ਦੇ ਕਰੀਬ ਰਾਸ਼ਨ ਦੀਆਂ ਕਿੱਟਾਂ ਲੋੜਵੰਦ ਲੋਕਾਂ ਨੂੰ ਵੰਡੀਆਂ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਡੇਰਾ ਬਾਪੂ ਲਾਲ ਬਾਦਸ਼ਾਹ ਟਰੱਸਟ ਨਕੋਦਰ ਵੱਲੋਂ ਗੱਦੀਨਸ਼ੀਨ, ਪ੍ਰਸਿੱਧ ਗਾਇਕ ਤੇ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਪਦਮ ਸ਼੍ਰੀ ਹੰਸ ਰਾਜ ਹੰਸ ਦੀ ਅਗਵਾਈ 'ਚ ਇਲਾਕਾ ਲੋਹੀਆਂ ਖਾਸ ਦੇ ਮੰਡ ਇਲਾਕੇ 'ਚ ਧੁੱਸੀ ਬੰਨ੍ਹ ਦੇ ਆਸ ਪਾਸ ਦੇ ਇਲਾਕਿਆਂ 'ਚ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡੀ ਗਈ। ਇਸ ਮੌਕੇ ਗੱਟਾ ਮੁੰਡੀ ਕਾਸੂ, ਧੱਕਾ ਬਸਤੀ ਤੇ ਭਾਨੇਵਾਲ ਆਦਿ ਪਿੰਡਾਂ ਦੇ ਦੌਰੇ ਦੌਰਾਨ ਸਾਬਕਾ ਲੋਕ ਸਭਾ ਮੈਂਬਰ ਅਤੇ ਪਦਮ ਸ਼੍ਰੀ ਹੰਸ ਰਾਜ ਹੱਸ ਨੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡਦੇ ਹੋਏ ਕਿਹਾ ਕਿ ਉਹ ਕਿਸੇ ਰਾਜਨੀਤਕ ਪਾਰਟੀ ਵੱਲੋਂ ਨਹੀਂ ਸਗੋਂ ਡੇਰਾ ਬਾਪੂ ਲਾਲ ਬਾਦਸ਼ਾਹ ਦਰਬਾਰ ਵੱਲੋਂ ਇਹ ਰਾਹਤ ਸਮੱਗਰੀ ਲੈਕੇ ਪੁੱਜੇ ਹਨ ਤਾਂ ਕਿ ਹੜ੍ਹ ਪੀੜਤਾਂ ਦੀ ਕੁਝ ਮਦਦ ਹੋ ਸਕੇ। ਇਸ ਮੌਕੇ ਹੜ੍ਹ ਪੀੜਤ ਵੱਡੀ ਗਿਣਤੀ 'ਚ ਹਾਜ਼ਰ ਸਨ।235 ਦੇ ਕਰੀਬ ਰਾਸ਼ਨ ਦੀਆਂ ਕਿੱਟਾਂ ਲੋੜਵੰਦ ਲੋਕਾਂ ਨੂੰ ਵੰਡਿਆ ਗਈਆਂ।ਗੁਰਵਿੰਦਰ ਸਿੰਘ ਕਾਕੜਾ, ਕਰਨਵੀਰ ਸਿੰਘ ਇੰਸਪੈਕਟਰ ਸਹਿਕਾਰੀ



ਸਭਾਵਾਂ ਸਰਕਲ ਲੋਹੀਆਂ ਖਾਸ, ਹਰਜਿੰਦਰ ਸਿੰਘ ਨੱਲ੍ਹ, ਫਤਿਹ ਸਿੰਘ, ਜਤਿੰਦਰ ਪਾਲ ਸਿੰਘ ਤੋਂ ਇਲਾਵਾ ਸੋਨੂੰ ਕੰਗ ਪੀ.ਏ. ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆਂ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# 600 ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ

**ਮਹਿਤਪੁਰ (ਰਾਜਾ)**- ਪੰਜਾਬ ਜੋ ਕਿ ਹੜਾਂ ਦੀ ਮਾਰ ਦੇ ਹੇਠ ਆਇਆ ਹੋਇਆ ਹੈ ਇਸ ਵਿੱਚ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਜਿਆਦਾ ਨੁਕਸਾਨ ਹੋਇਆ ਹੈ। ਇਸੇ ਦੌਰਾਨ ਪਿੰਡ ਮੱਦੇਪੁਰ ਸਰਕਾਰੀ ਮਿਡਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਬਾਘੀਆਂ, ਸਰਕਾਰੀ ਮਿਡਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਖੈਰੂਲਾਪੁਰ ਦੇ ਬੱਚਿਆਂ ਸਰਕਾਰੀ ਪ੍ਰਾਇਮਰੀ ਤੇ ਸਰਕਾਰੀ ਮਿਡਲ ਸਕੂਲ ਦੇ ਬੱਚਿਆਂ ਅਤੇ ਖਹਿਰਾ ਮੁਸ਼ਤਰਕਾ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਸਰਕਾਰੀ ਮਿਡਲ ਸਕੂਲ ਦੇ ਬੱਚਿਆਂ ਨੂੰ ਪਰਮਵੀਰ ਬਾਠ ਵੱਲੋਂ ਅਤੇ ਉਹਨਾਂ ਦੀ ਟੀਮ ਵੱਲੋਂ 600 ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਗਈ, ਜਿਸ ਵਿੱਚ ਕਾਪੀਆਂ ਪੈਨ ਅਤੇ ਹੋਰ ਜ਼ਰੂਰੀ ਲੋੜੀਂਦੀਆਂ ਚੀਜ਼ਾਂ ਦਿੱਤੀਆਂ ਗਈਆਂ। ਜ਼ਿਕਰਯੋਗ ਹੈ ਕਿ ਇਹ ਸਾਰੇ ਪਿੰਡ ਸਤਲੁਜ ਦਰਿਆ ਦੇ ਨਾਲ ਹਨ ਤੇ ਗਰੀਬ, ਮਿਹਨਤੀ ਤੇ ਕਿਰਤੀਆਂ ਪਰਵਾਰਾਂ ਦੇ ਬੱਚੇ ਹਨ। ਇਸ ਮੌਕੇ ਇਹਨਾਂ ਪਿੰਡਾਂ ਦੇ ਪੰਚਾਇਤ ਮੈਂਬਰ ਅਤੇ ਸਕੂਲ ਇੰਚਾਰਜ ਵੀ ਹਾਜ਼ਰ ਸਨ। ਤਜਿੰਦਰ ਸਿੰਘ ਮੱਦੇਪੁਰ, ਲਖਵਿੰਦਰ ਸਿੰਘ



ਖਹਿਰਾ ਮੁਸ਼ਤਰਕਾ, ਅਮਨਪ੍ਰੀਤ ਕੌਰ ਬਾਘੀਆਂ, ਸਤਿੰਦਰਜੀਤ ਸਿੰਘ ਖੈਰੂਲਾਪੁਰ, ਸਰਪੰਚ ਮੁਖਵਿੰਦਰ ਸਿੰਘ ਬਾਘੀਆਂ, ਕਾਮਰੇਡ ਅਮਰ ਸਿੰਘ ਬਾਘੀਆਂ, ਕਾਮਰੇਡ ਮਿਹਰ ਸਿੰਘ ਖੈਰੂਲਾਪੁਰ, ਕਾਮਰੇਡ ਗੁਰਚਰਨ ਸਿੰਘ, ਸਰਪੰਚ ਦਰਸ਼ਨ ਸਿੰਘ ਮੌਜੂਦ ਸਨ। ਇਸ ਮੌਕੇ ਪਰਮਵੀਰ ਬਾਠ ਅਤੇ ਉਹਨਾਂ ਦੀ ਟੀਮ ਦਾ ਪਿੰਡਾਂ ਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਵੱਲੋਂ ਸਨਮਾਨ ਵੀ ਕੀਤਾ ਗਿਆ।

# ਕੈਂਪ 'ਚ 110 ਮਰੀਜ਼ਾਂ ਦੀ ਕੀਤੀ ਜਾਂਚ



**ਕਰਤਾਰਪੁਰ (ਹਰਮੇਸ਼ ਦੱਤ)** ਆਪੀ ਚੈਰੀਟੇਬਲ ਹਸਪਤਾਲ ਨੇ ਐਸ.ਵੀ.ਪੀ ਸਪੋਰਟਸ ਕਨੇਡਾ ਦੇ ਸਹਿਯੋਗ ਨਾਲ ਸਕੱਤਰ ਮੈਡਮ ਸੁਮਨ ਲਤਾ ਕਲਹਣ ਦੀ ਯੋਗ ਅਗਵਾਈ ਹੇਠ ਪਿੰਡ ਨਾਹਰਪੁਰ ਵਿਖੇ 155ਵਾਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸਰਪੰਚ ਰਣਜੀਤ ਕੌਰ ਵੱਲੋਂ ਕੀਤਾ ਗਿਆ। ਕੈਂਪ ਦੌਰਾਨ ਡਾਕਟਰ ਰੋਹਿਤ ਮਮੋਤਰਾ, ਡਾਕਟਰ ਰਿਆਜ ਅਹਿਮਦ, ਡਾਕਟਰ ਸਵਿਤਾ ਸੋਧੀ ਦੀ ਟੀਮ ਨੇ ਲਗਭਗ 110 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਸ਼ੂਗਰ ਅਤੇ ਬੀ.ਪੀ. ਦੇ ਟੈਸਟ ਵੀ ਕੀਤੇ ਗਏ। ਆਪੀ ਹਸਪਤਾਲ ਵੱਲੋਂ ਮੁਫਤ ਦਵਾਈਆਂ ਵੰਡੀਆਂ ਗਈਆਂ। ਇਸ ਮੌਕੇ ਮੈਡਮ ਸੁਮਨ ਲਤਾ ਕਲਹਣ, ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਸਰਬਜੀਤ ਕੌਰ, ਸੁਰਿੰਦਰ ਕੁਮਾਰ, ਹਰਪ੍ਰੀਤ, ਰਮਨ, ਦਲਵਿੰਦਰ, ਸੋਡੀ ਸਿੰਘ, ਆਪੀ ਚੈਰੀਟੇਬਲ ਸਟਾਫ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ

# ਜੇ ਪੈਨਸ਼ਨ ਸਮੇਂ 'ਤੇ ਨਾ ਆਈ ਤਾਂ ਹੋਵੇਗਾ ਸੰਘਰਸ਼ : ਮਿਊਂਸਪਲ ਰਿਟਾਇਰਡ ਕਰਮਚਾਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਮਿਊਂਸਪਲ ਰਿਟਾਇਰਡ ਇੰਪਲਾਈਜ਼ ਯੂਨੀਅਨ ਦੀ ਖ਼ਾਸ ਮੀਟਿੰਗ ਪ੍ਰਧਾਨ ਲਾਲ ਸਿੰਘ ਦੀ ਅਗਵਾਈ ਹੇਠ ਨਿਗਮ ਦਫ਼ਤਰ ਵਿੱਚ ਹੋਈ। ਇਸ ਮੌਕੇ ਸਰਪ੍ਰਸਤ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ, ਚੇਅਰਮੈਨ ਕੁਲਵੰਤ ਸਿੰਘ ਸੈਣੀ ਖ਼ਾਸ ਤੌਰ 'ਤੇ ਹਾਜ਼ਰ ਸਨ। ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੇ ਪਰਵਾਰਾਂ ਵਿੱਚ



ਜਿਨ੍ਹਾਂ ਦੀ ਮੌਤ ਹੋ ਗਈ ਹੈ ਨੂੰ 2 ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਲਈ ਜਲਦੀ ਹੀ ਸਹਾਇਤਾ ਸਮੱਗਰੀ ਵੀ ਦਿੱਤੀ ਜਾਵੇਗੀ। ਇਸ ਮੌਕੇ ਪ੍ਰਧਾਨ ਲਾਲ ਸਿੰਘ ਨੇ ਯੂਨੀਅਨ ਦੇ ਕੰਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਅਨ ਦੀਆਂ ਜੋ ਮੰਗਾਂ ਹਨ, ਉਨ੍ਹਾਂ ਬਾਰੇ ਜੁਆਇੰਟ ਕਮਿਸ਼ਨਰ ਸੰਦੀਪ ਤਿਵਾੜੀ ਨਾਲ ਗੱਲਬਾਤ ਹੋ ਗਈ ਹੈ ਤੇ ਜੋ ਲੰਬਿਤ ਮਾਮਲੇ ਹਨ ਉਹਨਾਂ ਦਾ ਨਿਪਟਾਰਾ ਜਲਦੀ ਕਰ ਦਿੱਤਾ ਜਾਵੇਗਾ।ਇਸ ਮੌਕੇ ਚੇਅਰਮੈਨ ਕੁਲਵੰਤ ਸਿੰਘ ਸੈਣੀ ਅਤੇ ਸਰਪ੍ਰਸਤ ਸੰਜੀਵ ਅਰੋੜਾ ਨੇ ਕਿਹਾ ਕਿ ਮੁਲਾਜ਼ਮਾਂ ਦੀ ਪੈਨਸ਼ਨ ਹਰ ਮਹੀਨੇ ਦੇਰ ਨਾਲ ਆਉਂਦੀ ਹੈ, ਕਈ ਵਾਰ ਤਾਂ 10 ਤਾਰੀਖ ਤੱਕ ਵੀ ਨਹੀਂ ਆਉਂਦੀ। ਮੀਟਿੰਗ ਵਿੱਚ ਵਿਚਾਰ-ਵਟਾਂਦਰੇ ਤੋਂ ਬਾਅਦ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਪੈਨਸ਼ਨ ਹਰ ਮਹੀਨੇ ਦੀ 2 ਤਾਰੀਖ ਤੱਕ ਖਾਤਿਆਂ ਵਿੱਚ ਆ ਜਾਣੀ ਚਾਹੀਦੀ ਹੈ। ਜੇ ਅਗਲੀ ਪੈਨਸ਼ਨ ਸਮੇਂ 'ਤੇ ਨਾ ਆਈ ਤਾਂ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਜਾਵੇਗਾ ਅਤੇ ਜਲਦੀ ਹੀ ਇਸ ਸਬੰਧ ਵਿੱਚ ਡਾਇਰੈਕਟਰ ਸਥਾਨਕ ਸਰਕਾਰਾਂ ਨਾਲ ਮੀਟਿੰਗ ਕੀਤੀ ਜਾਵੇਗੀ। ਇਸ ਮੌਕੇ ਕੇਵਲ ਲਾਲ ਹੀਰ ਅਤੇ ਸਕੱਤਰ ਜੋਗਿੰਦਰਪਾਲ ਆਦੀਆ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਅਸ਼ਵਨੀ ਕੁਮਾਰ, ਅਮਰਜੀਤ ਸਿੰਘ, ਕੇਵਲ ਲਾਲ ਹੀਰ, ਸੁਰਜੀਤ ਸਿੰਘ, ਸੁਰਿੰਦਰ ਬੋਸ, ਹਰਜਿੰਦਰ ਸਿੰਘ, ਸੰਸਾਰ ਚੰਦ, ਮਦਨ ਲਾਲ, ਹਰੀਸ਼ ਕੁਮਾਰ, ਅਵਤਾਰ ਸਿੰਘ, ਨਰੇਸ਼ ਕੁਮਾਰ, ਦਸ਼ਰਥ, ਸੁਰਜੀਤ ਬਹਿਲ, ਤਰਲੋਚਨ ਸਿੰਘ, ਸੋਹਣ ਸਿੰਘ, ਰਮੇਸ਼ਵਰ ਸਿੰਘ ਆਦਿ ਹਾਜ਼ਰ ਸਨ।

# ਸੁਮਨ ਜਠੇਰੇ ਵਿਖੇ ਸ਼ਰਾਧਾਂ ਦਾ ਮੇਲਾ ਮਨਾਇਆ

**ਬੰਗਾ (ਅਵਤਾਰ ਕਲੇਰ)**-ਸੁਮਨ ਜਠੇਰੇ ਪ੍ਰਬੰਧਕ ਸਭਾ ਤੇ ਸਮੂਹ ਸੁਮਨ ਪਰਵਾਰ ਵਲੋਂ ਢਾਹਾਂ ਕਲੇਰਾਂ ਵਿਖੇ ਸਾਲਾਨਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਤਿਗੁਰੂ ਰਵਿਦਾਸ ਮਹਾਰਾਜ ਜੀ ਅਮ੍ਰਿਤ ਬਾਣੀ ਦੇ ਭੋਗ ਪਾਏ ਗਏ। ਦਰਬਾਰ ਤੇ ਝੰਡੇ ਦੀ ਰਸਮ, ਵੱਡੇ ਵਡੇਰਿਆਂ ਦੀ ਪੂਜਾ ਕੀਤੀ ਗਈ,ਕੁਲ ਲੋਕਾਈ ਦੇ ਭਲੇ ਲਈ ਅਰਦਾਸ ਕੀਤੀ ਗਈ। ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਦਰਬਾਰ ਤੇ ਨਤਮਸਤਕ ਹੋਈਆਂ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਨਾਮਵਰ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਪ੍ਰਬੰਧਕਾਂ ਵੱਲੋਂ ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਦਰਬਾਰ ਤੇ ਚਾਹ ਪਕੌੜੇ ਅਤੇ



ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਜੋਗਿੰਦਰ ਸੁਮਨ, ਰਿੰਕੂ ਸੁਮਨ, ਜਗਦੀਸ਼ ਸੁਮਨ, ਹੁਸਨ ਲਾਲ, ਲਾਲ ਚੰਦ, ਰਾਮ ਲੁਭਾਇਆ,ਦੇਵ ਰਾਜ ਮੀਓਂਵਾਲ, ਰਮਨਦੀਪ ਸੁਮਨ, ਪੰਮਾ ਨੂਰਪੁਰ ਆਦਿ ਹਾਜ਼ਰ ਸਨ।

# ਆਈ ਐੱਮ ਐੱਸ ਮੋਹਾਲੀ ਨੇ 'ਸੀ ਐੱਮ ਈ' ਦਾ ਕੀਤਾ ਆਯੋਜਨ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਏ ਆਈ ਐਮ ਐਸ ਮੋਹਾਲੀ ਦੇ ਜਨਰਲ ਸਰਜਰੀ ਵਿਭਾਗ ਨੇ 13 ਤੋਂ 14 ਸਤੰਬਰ 2025 ਤੱਕ 'ਦ ਫਾਈਨਲ ਸਟਿੱਚ' ਦੇ ਨਾਮ ਹੇਠ ਪ੍ਰਭਾਵਸ਼ਾਲੀ ਦੋ-ਰੋਜ਼ਾ ਨਿਰੰਤਰ ਮੈਡੀਕਲ ਸਿੱਖਿਆ (ਸੀ ਐਮ ਈ) ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਵਿੱਚ ਪੰਜਾਬ, ਚੰਡੀਗੜ੍ਹ ਅਤੇ ਹਰਿਆਣਾ ਦੇ 250 ਤੋਂ ਵੱਧ ਡੈਲੀਗੇਟਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਅੰਡਰਗ੍ਰੈਜੂਏਟ (ਐਮ ਬੀ ਬੀ ਐਸ) ਅਤੇ ਪੋਸਟ ਗ੍ਰੈਜੂਏਟ (ਐਮ ਐਸ ਸਰਜਰੀ) ਵਿਦਿਆਰਥੀ ਵੀ ਸ਼ਾਮਲ ਸਨ, ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ। ਸੀ ਐਮ ਈ ਦਾ ਉਦਘਾਟਨ ਏ ਆਈ ਐਮ ਐਸ ਮੋਹਾਲੀ ਦੇ ਡਾਇਰੈਕਟਰ, ਪ੍ਰਿੰਸੀਪਲ, ਪ੍ਰੋਫੈਸਰ (ਡਾ.) ਭਵਨੀਤ ਭਾਰਤੀ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ, ਸਰਜਰੀ ਵਿਭਾਗ ਦੀ ਇਸ ਅਕਾਦਮਿਕ ਪ੍ਰੋਗਰਾਮ ਦੇ ਆਯੋਜਨ ਲਈ ਸ਼ਲਾਘਾ ਕੀਤੀ ਜਿਸ ਵਿੱਚ ਕੇਸ-ਅਧਾਰਤ ਵਿਚਾਰ-ਵਟਾਂਦਰੇ ਅਤੇ ਪ੍ਰੀਖਿਅਕਾਂ ਦੇ ਦ੍ਰਿਸ਼ਟੀਕੋਣਾਂ ਦਾ ਇੱਕ ਵਿਲੱਖਣ ਮਿਸ਼ਰਣ ਸੀ। ਉਨ੍ਹਾਂ ਕਿਹਾ ਕਿ ਅਜਿਹੇ ਪਲੇਟਫਾਰਮ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੇ ਨਾਲ-ਨਾਲ ਅਸਲ-ਸੰਸਾਰ ਦੇ ਸਰਜੀਕਲ ਅਭਿਆਸ ਲਈ ਤਿਆਰ ਕਰਨ ਵਿੱਚ ਉਨ੍ਹਾਂ ਦੇ ਵਿਸ਼ਵਾਸ ਨੂੰ ਵਧਾਉਣ, ਕਲੀਨਿਕਲ ਤਰਕ ਨੂੰ ਤੇਜ਼ ਕਰਨ ਅਤੇ ਉਨ੍ਹਾਂ ਨੂੰ ਮਰੀਜ਼-ਕੇਂਦ੍ਰਿਤ ਦੇਖਭਾਲ ਨਾਲ ਜੋੜਨ ਵਿੱਚ ਲਾਜ਼ਮੀ ਹਨ। ਅਕਾਦਮਿਕ ਕਾਰਵਾਈਆਂ ਵਿੱਚ ਵੱਡੀ ਗਿਣਤੀ ਵਿੱਚ ਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਸਰਜੀਕਲ ਮਾਹਰਾਂ ਅਤੇ ਪ੍ਰੀਖਿਅਕਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਡਾ. ਪਵਨਿੰਦਰ ਲਾਲ (ਸਾਬਕਾ ਵਿਭਾਗ ਮੁਖੀ, ਐਮ ਏ ਐਮ ਸੀ ਨਵੀਂ ਦਿੱਲੀ), ਡਾ. ਏ.ਕੇ. ਅੱਤਰੀ (ਸਾਬਕਾ ਡਾਇਰੈਕਟਰ, ਜੀ ਐਮ ਸੀ ਐਚ-32), ਡਾ. ਰਾਜੀਵ ਕਪੂਰ, ਡਾ. ਰਾਜੀਵ ਸ਼ਰਮਾ, ਡਾ. ਦਰਸ਼ਨਜੀਤ ਸਿੰਘ ਵਾਲੀਆ, ਡਾ. ਪਰਵੇਜ਼ ਡੇਵਿਡ ਹੱਕ, ਡਾ. ਅਮਿਤ ਮਹਾਜਨ, ਡਾ. ਲਕਸ਼ਮੀ ਅਗਨੀਹੋਤਰੀ ਅਤੇ ਡਾ. ਨਵਲ ਬਾਂਸਲ ਸ਼ਾਮਲ ਸਨ।ਇਨ੍ਹਾਂ ਮਾਹਿਰਾਂ ਨੇ ਇੰਟਰਐਕਟਿਵ ਕੇਸ-ਅਧਾਰਤ ਵਿਚਾਰ-ਵਟਾਂਦਰੇ, ਵਿਹਾਰਕ ਸਰਜੀਕਲ ਤਰਕ ਅਤੇ ਪ੍ਰੀਖਿਅਕ ਸੂਝ ਰਾਹੀਂ ਆਪਣਾ ਗਿਆਨ ਸਾਂਝਾ ਕੀਤਾ।

# ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਲੋਕਾਂ ਨੂੰ ਡੇਂਗੂ ਸੰਬੰਧੀ ਕੀਤਾ ਜਾ ਰਿਹਾ ਜਾਗਰੂਕ

**ਕਪੂਰਥਲਾ (ਮਨਜੀਤ ਮਾਨ)**

ਸਿਵਲ ਸਰਜਨ ਕਪੂਰਥਲਾ ਡਾ. ਰਾਜੀਵ ਪਰਾਸ਼ਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਬਲਾਕ ਢਿੱਲਵਾਂ ਅਧੀਨ ਸਿਹਤ ਵਿਭਾਗ ਦੀ ਟੀਮ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਡੇਂਗੂ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਸ.ਐਮ.ਓ ਡਾ. ਪ੍ਰੇਮ ਕੁਮਾਰ ਨੇ ਦੱਸਿਆ ਕਿ ਟੀਮ ਵਿੱਚ ਬਲਾਕ ਢਿੱਲਵਾਂ ਦੇ ਸਮੂਹ ਸਿਹਤ ਸੁਪਰਵਾਈਜ਼ਰ, ਸਮੂਹ ਐਮ.ਪੀ.ਐਚ.ਡਬਲਿਓ ਅਤੇ ਏ.ਐਨ.ਐਮਾਂ ਅਤੇ ਬਰੀਡਰ ਚੈਕਰ ਵੀ ਹਾਜ਼ਰ ਸਨ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੇਮ ਕੁਮਾਰ, ਮੋਨਿਕਾ ਬੀ.ਈ.ਈ, ਐਸ.ਆਈ ਸਰਬਜੀਤ ਸਿੰਘ, ਏ.ਐਨ.ਐਮ ਸੁਨੀਤਾ ਵਿਰਲੀ, ਬਰੀਡਰ ਚੈਕਰ ਸੁਖਜਿੰਦਰ ਸਿੰਘ ਅਤੇ ਹਰਜਿੰਦਰ ਕੁਮਾਰ ਵੱਲੋਂ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਤੋਂ ਡੇਂਗੂ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਐਸ.ਐਮ.ਓ ਡਾ. ਪ੍ਰੇਮ ਕੁਮਾਰ ਨੇ ਕਿਹਾ ਕਿ ਸਾਫ-ਸਫਾਈ ਦੇ ਨਾਲ-



ਨਾਲ ਅਤੇ ਸਾਰੀਆਂ ਦੇ ਸਹਿਯੋਗ ਨਾਲ ਹੀ ਡੇਂਗੂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਸਿਹਤ ਵਿਭਾਗ ਦੀ ਟੀਮ ਵੱਲੋਂ ਉੱਥੇ ਮੌਜੂਦ ਵਿਅਕਤੀਆਂ ਨੂੰ ਡੇਂਗੂ ਦੇ ਲੱਛਣ ਅਤੇ ਡੇਂਗੂ ਤੋਂ ਕਿਵੇਂ ਬਚਿਆ ਜਾ ਸਕਦਾ ਹੈ, ਇਸ ਸਬੰਧੀ ਵਿਸਥਾਰ ਨਾਲ ਦੱਸਿਆ। ਡੇਂਗੂ ਰੋਕਥਾਮ ਟੀਮ ਵਿੱਚ ਐਮ.ਪੀ.ਐਚ.ਡਬਲਿਓ ਸੁਖਦੇਵ ਸਿੰਘ, ਸਤਨਾਮ ਸਿੰਘ, ਅਰੁਣ ਕੁਮਾਰ, ਯਾਦਵਿੰਦਰ ਸਿੰਘ, ਦਲਜੀਤ ਸਿੰਘ ਆਦਿ ਹਾਜ਼ਰ ਸਨ।

# ਬੀਬੀ ਭਾਨੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾਪੂਰਵਕ ਮਨਾਇਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਬੀਬੀ ਭਾਨੀ ਜੀ ਦਾ ਪਾਵਨ ਜਨਮ ਦਿਹਾੜਾ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਬੀਬੀ ਭਾਨੀ ਸੁਖਮਨੀ ਸੇਵਾ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਛਤਰ ਛਾਇਆ ਹੇਠ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਪੂਰਵਕ ਮਨਾਇਆ ਗਿਆ। ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਬ੍ਰਮਜੋਤ ਸਿੰਘ ਗੋਪਾਲ ਨਗਰ ਵਾਲੇ, ਭਾਈ ਸਿਮਰਦੀਪ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਪ੍ਰਿੰਸੀਪਲ ਭਾਈ ਚਰਨਜੀਤ ਸਿੰਘ ਤੇ ਬੀਬੀ ਪਰਮਜੀਤ ਕੌਰ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਵਲੋਂ ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਭਾਈ ਚਰਨਜੀਤ ਸਿੰਘ ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ, ਗਿਆਨੀ ਜੋਗਿੰਦਰ ਸਿੰਘ ਹੈੱਡ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ, ਜਥੇਦਾਰ ਸੰਤੋਖ ਸਿੰਘ ਆਦਿ ਨੇ ਬੀਬੀ ਭਾਨੀ ਜੀ ਦੇ ਜੀਵਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਧੰਨ-ਧੰਨ ਸ੍ਰੀ ਗੁਰੂ ਅਮਰ ਦਾਸ ਜੀ ਦੀ ਸਪੁਤਰੀ, ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਜੀ ਦੀ ਸੁਪਤਨੀ, ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਤਾ, ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਦਾਦੀ ਬੀਬੀ ਭਾਨੀ ਜੀ ਦਾ ਸਿੱਖ ਇਤਿਹਾਸ ਵਿੱਚ ਇੱਕ ਵਿਲੱਖਣ ਸਥਾਨ ਹੈ। ਬੀਬੀ ਭਾਨੀ ਜੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਪ੍ਰਧਾਨ ਬੀਬੀ ਰਜਿੰਦਰ ਕੌਰ ਨੇ ਆਈਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਸਟੇਜ ਸੈਕਟਰੀ ਦੀ ਸੇਵਾ ਭਾਈ ਅਪਾਰ ਸਿੰਘ ਵਲੋਂ ਨਿਭਾਈ ਗਈ।ਇਸ ਮੌਕੇ ਭਾਈ ਸੁਰਿੰਦਰ ਸਿੰਘ ਕਿਸ਼ਨਪੁਰਾ ਮੈਂਬਰ, ਭਾਈ ਗੁਰਮੇਜ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਬਖਸ਼ਿਸ਼ ਸਿੰਘ, ਭਾਈ ਨਵਜੋਤ ਸਿੰਘ, ਭਾਈ ਮਨਦੀਪ ਸਿੰਘ, ਗਿਆਨੀ ਅਮ੍ਰਿਤਪਾਲ ਸਿੰਘ, ਹਰਦੇਵ ਸਿੰਘ ਦੇਬੀ, ਜਥੇਦਾਰ ਰਾਮ ਸਿੰਘ, ਡਾ. ਹਰਦਿਆਲ ਸਿੰਘ ਪੰਨੂ, ਜਥੇ. ਮੋਹਨ ਸਿੰਘ ਢਾਹੇ, ਕੁਲਦੀਪ ਸਿੰਘ ਬੰਗਾ, ਸੂਚਨਾ ਅਫਸਰ ਹਰਪ੍ਰੀਤ ਸਿੰਘ, ਜਗਦੇਵ ਸਿੰਘ ਦਿਲਬਰ, ਜਸਪਾਲ ਸਿੰਘ, ਇਸਤਰੀ ਸਤਿਸੰਗ ਸਭਾ ਦੇ ਪ੍ਰਧਾਨ ਮਾਤਾ ਗੁਰਚਰਨ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



(ਸਫ਼ਾ 3 ਦੀ ਬਾਕੀ)

# ਬਾਬਾ ਸੋਹਣ ਸਿੰਘ ਭਕਨਾ

ਜਵਾਲਾ ਸਿੰਘ, ਬਾਬਾ ਵਿਸਾਖਾ ਸਿੰਘ, ਬਾਬਾ ਰੁਦਰ ਸਿੰਘ, ਕਰਤਾਰ ਸਿੰਘ, (ਸ਼ਹੀਦ 1914), ਪੰਡਿਤ ਜਗਤ ਰਾਮ ਅਤੇ ਪ੍ਰਿਥਵੀ ਸਿੰਘ ਵੀ ਕੁਝ ਕਰਨ ਦੀ ਸੋਚ ਰਹੇ ਸਨ।

ਜਨਵਰੀ 1913 ਵਿੱਚ ਜਦੋਂ ਸੋਹਣ ਸਿੰਘ ਸਟੋਰੀਆ ਤੋਂ ਪੋਰਟਲੈਂਡ ਪਰਤਿਆ ਤਾਂ ਉਸ ਨੇ ਪੰਡਿਤ ਕਾਸ਼ੀ ਰਾਮ ਨਾਲ਼ ਵੀ ਗੱਲਬਾਤ ਕੀਤੀ। ਹੁਣ ਜ਼ਰੂਰੀ ਸੀ ਕਿ ਸਿਰਫ਼ ਇੱਕ-ਇੱਕ ਜਗ੍ਹਾ ਦੇ ਹਿੰਦੁਸਤਾਨੀਆਂ ਦੇ ਸੰਗਠਨ 'ਤੇ ਹੀ ਸਬਰ ਨਾ ਕੀਤਾ ਜਾਵੇ ਸਗੋਂ ਸੰਯੁਕਤ ਰਾਸ਼ਟਰ ਅਮਰੀਕਾ ਦੇ ਸਾਰੇ ਹਿੰਦੁਸਤਾਨੀਆਂ ਨੂੰ ਇਕ ਸੂਤਰ ਵਿੱਚ ਇਕੱਠੇ ਕੀਤਾ ਜਾਵੇ।

**ਗ਼ਦਰ ਪਾਰਟੀ ਦੀ ਸਥਾਪਨਾ**- ਮਾਰਚ 1913 ਵਿੱਚ ਸਟੋਰੀਆ ਵਿੱਚ ਹਿੰਦੁਸਤਾਨੀਆਂ ਦੀ ਇਕ ਵੱਡੀ ਮੀਟਿੰਗ ਬੁਲਾਈ ਗਈ ਜਿਸ ਵਿੱਚ ਹਿੰਦੁਸਤਾਨੀ ਮਜ਼ਦੂਰਾਂ ਦੇ ਇਲਾਵਾ ਲਾਲਾ ਹਰਦਿਆਲ ਅਤੇ ਭਾਈ ਪਰਮਾਨੰਦ ਵੀ ਸ਼ਾਮਿਲ ਹੋਏ। ਇਸ ਸਮੇਂ ਅਮਰੀਕਾ ਦੇ ਹਿੰਦੀਆਂ ਦੀ ਸਭਾ (ਹਿੰਦੀ ਐਸੋਸੀਏਸ਼ਨ ਆਫ਼ ਅਮਰੀਕਾ) ਕਾਇਮ ਕੀਤੀ ਗਈ ਸੀ। ਸਭਾ ਨੇ ਹਿੰਦੀ, ਉਰਦੂ, ਗੁਰਮੁਖੀ, ਮਰਾਠੀ ਵਿੱਚ "ਗ਼ਦਰ" ਨਾਮ ਦਾ ਆਪਣਾ ਅਖ਼ਬਾਰ ਕੱਢਣਾ ਨਿਸ਼ਚਿਤ ਕੀਤਾ। ਇਹ ਨਾਮ 1857 ਦੇ ਯਾਦਗ਼ਾਰ ਦੇ ਤੌਰ 'ਤੇ ਸੀ। ਸਭਾ ਹਾਲਾਂਕਿ ਅਮਰੀਕਾ ਵਿਚਲੇ ਪਰਵਾਸੀ ਭਾਰਤੀਆਂ ਨਾਲ਼ ਸੰਬੰਧਿਤ ਸੀ, ਪਰ ਉਹ ਸਮਝਦੇ ਸਨ ਕਿ ਉਨ੍ਹਾਂ ਦੇ ਰੋਗ ਦੀ ਜੜ੍ਹ ਭਾਰਤ ਦੀ ਗ਼ੁਲਾਮੀ ਵਿੱਚ ਲੁਕੀ ਹੋਈ ਹੈ। ਅਖ਼ਬਾਰ ਦੇ ਨਾਮ ਤੋਂ ਸਭਾ ਦਾ ਦੂਜਾ ਨਾਮ - ਜੋ ਕਿ ਸਭ ਤੋਂ ਵਧੇਰੇ ਪ੍ਰਸਿੱਧ ਵੀ ਹੈ- ਗ਼ਦਰ ਪਾਰਟੀ ਪਿਆ। ਪਹਿਲੇ ਪ੍ਰਧਾਨ ਚੁਣੇ ਗਏ ਬਾਬਾ ਸੋਹਣ ਸਿੰਘ। ਦੋ ਉਪ ਪ੍ਰਧਾਨ ਸਨ - ਬਾਬਾ ਕੇਸਰ ਸਿੰਘ ਅਤੇ ਬਾਬਾ ਜਵਾਲਾ ਸਿੰਘ, ਜਰਨਲ ਸਕੱਤਰ ਸਨ ਲਾਲਾ ਹਰਦਿਆਲ।

ਭਾਰਤ ਦੀ ਸੁਤੰਤਰਤਾ ਦਾ ਵਾਹਕ ਬਣਾਉਣ ਦੇ ਲਈ ਭਾਈ ਪਰਮਾਨੰਦ ਦੀ ਸਲਾਹ ਸੀ ਕਿ ਭਾਰਤ ਤੋਂ ਵਿਦਿਆਰਥੀਆਂ ਨੂੰ ਬੁਲਾਇਆ ਜਾਵੇ ਅਤੇ ਉਨ੍ਹਾਂ ਨੂੰ ਅਮਰੀਕਾ ਵਿੱਚ ਸਿੱਖਿਆ ਦੇ ਕੇ ਦੇਸ਼ ਵਿੱਚ ਕ੍ਰਾਂਤੀ ਕਰਨ ਦੇ ਲਈ ਭੇਜ ਦਿੱਤਾ ਜਾਵੇ। ਹਰਦਿਆਲ ਨੇ ਮਾਰਕਸ ਦੇ ਵਿਚਾਰਾਂ ਨੂੰ ਪੜ੍ਹਿਆ ਹੋਇਆ ਸੀ। ਇਸ ਲਈ ਉਹ ਬਾਬਾ ਸੋਹਣ ਸਿੰਘ ਦੇ ਵਿਚਾਰਾਂ ਨਾਲ਼ ਸਹਿਮਤ ਸੀ ਕਿ ਸਾਨੂੰ ਆਪਣੇ ਕੰਮ ਨੂੰ ਹਿੰਦੀ ਮਜ਼ਦੂਰਾਂ ਵਿੱਚ ਖ਼ਾਸ ਤੌਰ 'ਤੇ ਕਰਨਾ ਚਾਹੀਦਾ ਹੈ। ਪਾਰਟੀ ਨੇ ਬਾਬਾ ਜੀ ਅਤੇ ਹਰਦਿਆਲ ਦੇ ਪ੍ਰਸਤਾਵ ਨੂੰ ਮੰਨ ਲਿਆ।

ਸਾਨਫਰਾਂਸਿਸਕੋ ਅਮਰੀਕਾ ਦੇ ਪੱਛਮੀ ਤੱਟ ਦਾ ਸਭ ਤੋਂ ਵੱਡਾ ਸ਼ਹਿਰ ਹੀ ਨਹੀਂ ਹੈ, ਬਲਕਿ ਉਹ ਹਰ ਤਰ੍ਹਾਂ ਦੀਆਂ ਰਾਜਨੀਤਿਕ ਹਲਚਲਾਂ ਦਾ ਮੁੱਖ ਕੇਂਦਰ ਵੀ ਹੈ। ਸਾਰੀ ਦੁਨੀਆ ਦੇ ਮਜ਼ਦੂਰਾਂ ਦਾ ਪਵਿੱਤਰ ਦਿਨ ਪਹਿਲੀ ਮਈ ਦਿਵਸ ਇੱਥੇ ਸ਼ਹੀਦਾਂ ਦੀ ਖ਼ੂਨ ਦੀ ਹੋਲੀ ਦੇ ਨਾਲ਼ ਸ਼ੁਰੂ ਹੋਇਆ ਸੀ। ਗ਼ਦਰ ਪਾਰਟੀ ਦਾ ਹੈੱਡਕੁਆਟਰ ਸਾਨਫਰਾਂਸਿਸਕੋ ਨੂੰ ਰੱਖਿਆ ਗਿਆ। ਲਾਲਾ ਹਰਦਿਆਲ ਨੇ ਦਫ਼ਤਰ ਦਾ ਕੰਮ ਸੰਭਾਲ ਲਿਆ। ਪਹਿਲੀ ਨਵੰਬਰ (1913) ਨੂੰ ਗ਼ਦਰ ਦਾ ਪਹਿਲਾ ਅੰਕ ਨਿਕਲਿਆ। ਲਾਲਾ ਹਰਦਿਆਲ ਵਿੱਚ ਪ੍ਰਤਿਭਾ, ਜ਼ਬਰਦਸਤ ਕਲਪਨਾ ਸ਼ਕਤੀ ਸੀ, ਉਹ ਕਲਮ ਦਾ ਵੀ ਧਨੀ ਸੀ; ਪਰ ਉਸ ਵਿੱਚ ਇਕ ਗੱਲ ਦੀ ਸਭ ਤੋਂ ਵੱਡੀ ਘਾਟ ਸੀ ਉਹ ਬਹੁਤ ਹੀ ਚੰਚਲ ਸੁਭਾਅ ਵਾਲਾ ਸੀ ਅਤੇ ਕਿਸੇ ਕੰਮ ਵਿੱਚ ਮਨ ਲਾ ਕੇ ਖੁੱਭ ਜਾਣਾ ਉਸ ਲਈ ਸਭ ਤੋਂ ਮੁਸ਼ਕਿਲ ਗੱਲ ਸੀ। ਸੋਹਣ ਸਿੰਘ ਨੇ ਇਕ ਦਿਨ ਉਸ ਨੂੰ ਫਿਟਕਾਰਿਆ, "ਤੂੰ ਹਮੇਸ਼ਾ ਕਿਹਾ ਕਰਦਾ ਹੈਂ ਕਿ ਹਿੰਦੁਸਤਾਨੀ ਕੰਮ ਨਹੀਂ ਕਰਦੇ ਅਤੇ ਤੂੰ ਕੀ ਕਰ ਰਿਹਾ ਹੈਂ?" ਪੈਸੇ ਦੇ ਬਾਰੇ ਗੱਲ ਕਰਨ 'ਤੇ ਨੌਜਵਾਨ ਕਰਤਾਰ ਸਿੰਘ ਨੇ ਕਿਹਾ, "ਰੁਪਏ ਨਹੀਂ ਹਨ। ਲਓ ਇਹ" ਕਹਿ ਉਸ ਨੇ ਆਪਣੀ ਜੇਬ ਉਲਟ ਦਿੱਤੀ। ਰੁਪਈਆਂ ਦੀ ਕੋਈ ਕਮੀ ਨਹੀਂ ਰਹੀ। ਸੋਹਣ ਸਿੰਘ, ਕਰਤਾਰ ਸਿੰਘ, ਵਿਸਾਖਾ ਸਿੰਘ ਵਰਗੇ ਕਿੰਨਿਆਂ ਨੇ ਹੀ ਆਪਣਾ ਸਰੀਰ, ਮਨ, ਪੈਸਾ ਪਾਰਟੀ ਨੂੰ ਦੇ ਦਿੱਤਾ ਸੀ ਅਤੇ ਝੱਟ ਹੀ ਉਸੇ ਵੇਲੇ 15000 ਡਾਲਰ (45000 ਰੁਪਏ) ਇਕੱਠੇ ਹੋ ਗਏ ਸਨ।

ਸਰਦਾਰ ਸੋਹਣ ਸਿੰਘ ਨੇ ਸ਼ੁਰੂ ਦੇ ਸਾਲਾਂ ਵਿੱਚ ਕੁਝ ਪੈਸੇ ਘਰ ਭੇਜੇ ਸਨ, ਜਿਸ ਦੇ ਨਾਲ਼ ਮਾਵਾਂ 5-6 ਏਕੜ ਖੇਤ ਛੁਡਾ ਲਏ ਸਨ। ਉਸ ਤੋਂ ਬਾਅਦ ਤਾਂ ਉਸ ਦਾ ਸਭ ਕੁਝ ਪਾਰਟੀ ਦੇ ਲਈ ਸੀ।

ਪਾਰਟੀ ਦਾ ਕੰਮ ਹੁਣ ਬਹੁਤ ਵਧ ਗਿਆ ਸੀ। ਪਾਰਟੀ ਦੇ ਸਮਰਥਕ ਹਿੰਦੁਸਤਾਨੀ ਮਜ਼ਦੂਰਾਂ 'ਤੇ ਸਭ ਤੋਂ ਜ਼ਿਆਦਾ ਪ੍ਰਭਾਵ ਸਰਦਾਰ ਸੋਹਣ ਸਿੰਘ ਦਾ ਸੀ। ਜਨਵਰੀ 1914 ਦੇ ਆਉਂਦੇ-ਆਉਂਦੇ ਸੋਹਣ ਸਿੰਘ ਨੂੰ ਕੰਮ ਛੱਡ ਸਾਰਾ ਸਮਾਂ ਪਾਰਟੀ ਨੂੰ ਦੇਣ ਦੇ ਲਈ ਮਜਬੂਰ ਹੋਣਾ ਪਿਆ। ਇਸ ਤੋਂ ਪਹਿਲਾਂ ਕੁਝ ਹਿੰਦੁਸਤਾਨੀ ਸਿੱਖਿਆਰਥੀਆਂ ਨੇ ਅਖ਼ਬਾਰ ਕੱਢਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਦੋ-ਚਾਰ ਵਾਰ ਛਪ ਕੇ ਬੰਦ ਹੋ ਜਾਂਦੇ ਜਿਸ ਦਾ ਲੋਕਾਂ 'ਤੇ ਬੁਰਾ ਪ੍ਰਭਾਵ ਪੈਂਦਾ। ਪਾਰਟੀ ਦੇ ਜਰਨਲ ਸਕੱਤਰ ਲਾਲਾ ਹਰਦਿਆਲ ਸਨ। ਜਿਸ ਕਰਕੇ ਕਿੰਨੇ ਵਜ਼ੀਫ਼ਾ ਦੇਣ ਸਮੇਂ ਮਦਰਾਸੀ ਮੁਸਲਮਾਨ ਹੋਣ ਦਾ ਖ਼ਿਆਲ ਨਹੀਂ ਕੀਤਾ ਗਿਆ ਹੀ ਮੁਸਲਮਾਨ ਲਾਲਾ ਹਰਦਿਆਲ ਨੂੰ ਹਿੰਦੂ ਪੱਖਪਾਤੀ ਸਮਝਣ ਲੱਗੇ। ਤਾਂ ਵੀ ਹੌਲ਼ੀ-ਹੌਲ਼ੀ ਪਾਰਟੀ ਦੇ ਪ੍ਰਤੀ ਲੋਕਾਂ ਦਾ ਵਿਸ਼ਵਾਸ ਵਧਦਾ ਗਿਆ। ਪਰਚਾ ਨਿਕਲਣ ਦੇ ਤਿੰਨ ਮਹੀਨੇ ਬਾਅਦ ਹੀ ਲੋਕ ਦਿਲ ਖੋਲ੍ਹ ਕੇ ਪੈਸੇ ਦੇਣ ਲੱਗੇ। ਇਸ ਦੇ ਮੈਂਬਰ ਅਤੇ ਸਮਰਥਕ ਸ਼ੌਕੀਨ ਬਾਬੂ ਨਹੀਂ ਬਲਕਿ ਮਿਹਨਤਕਸ਼ ਆਦਰਸ਼ਵਾਦੀ ਮਜ਼ਦੂਰ ਸਨ। ਪਾਰਟੀ ਦੇ ਬੁਨਿਆਦੀ ਸਿਧਾਂਤ ਸਨ, ਪਾਰਟੀ ਦੇ ਲਈ ਮੁਫ਼ਤ ਕੰਮ ਕਰਨਾ, ਹਰ ਸਮੇਂ ਹਰ ਕਿਸਮ ਦੀ ਕੁਰਬਾਨੀ ਦੇ ਲਈ ਤਿਆਰ ਰਹਿਣਾ। ਕਿਸੇ ਮੁਲਕ ਦੀ ਆਜ਼ਾਦੀ ਦੇ ਯੁੱਧ ਵਿੱਚ ਸ਼ਾਮਿਲ ਹੋਣਾ ਪਾਰਟੀ ਦੇ ਸਿਪਾਹੀ ਦਾ ਮੁੱਖ ਕੰਮ ਸੀ, ਇਹ ਨਿਯਮ ਦੱਸਦਾ ਹੈ ਕਿ ਹਿੰਦੁਸਤਾਨੀ ਮਜ਼ਦੂਰਾਂ ਦੀ ਦ੍ਰਿਸ਼ਟੀ ਉੱਥੇ ਵਿਸ਼ਾਲ ਹੋ ਚੁੱਕੀ ਸੀ। ਕਿਉਂ ਨਾ ਹੋਵੇ, ਉਨ੍ਹਾਂ ਨੂੰ ਆਇਰਲੈਂਡ, ਚੀਨ ਅਤੇ ਦੂਜੇ ਮੁਲਕਾਂ ਦੇ ਦੇਸ਼ ਭਗਤ ਕ੍ਰਾਂਤੀਕਾਰੀਆਂ ਨੂੰ ਮਿਲਣ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਸਮਝਣ ਦਾ ਮੌਕਾ ਮਿਲਿਆ ਸੀ। ਪਾਰਟੀ ਦਾ ਹਰੇਕ ਮੈਂਬਰ 1 ਡਾਲਰ (3 ਰੁਪਏ 1 ਆਨਾ) ਮਾਸਿਕ ਚੰਦਾ ਦਿੰਦਾ ਸੀ। ਹਿੰਦੁਸਤਾਨੀ ਮਜ਼ਦੂਰ ਵੱਡੀ ਗਿਣਤੀ ਵਿੱਚ ਮੈਂਬਰ ਬਣ ਗਏ। ਪਾਰਟੀ ਦਾ ਉਦੇਸ਼ ਸੀ ਸਮਾਨਤਾ ਅਤੇ ਸੁਤੰਤਰਤਾ ਦੇ ਆਧਾਰ 'ਤੇ ਹਿੰਦੁਸਤਾਨ ਵਿੱਚ ਰਾਸ਼ਟਰੀ ਲੋਕਤੰਤਰ ਕਾਇਮ ਕਰਨਾ। ਉੱਥੇ ਧਰਮ ਨੂੰ ਵਿਅਕਤੀਗਤ ਚੀਜ਼ ਮੰਨਿਆ ਗਿਆ ਸੀ।

ਜਿੱਥੇ ਪਹਿਲੇ ਹਿੰਦੁਸਤਾਨੀ ਮਜ਼ਦੂਰ ਹੜਤਾਲ ਤੋੜਕ ਦੇ ਨਾਮ ਨਾਲ਼ ਬਦਨਾਮ ਸਨ, ਉਹ ਏਨੇ ਖ਼ੁਦਗਰਜ਼ ਸਨ ਕਿ ਮਜ਼ਦੂਰ ਹਿਤ ਦੇ ਲਈ ਲੜੀਆਂ ਜਾਣ ਵਾਲੀਆਂ ਹੜਤਾਲਾਂ ਨੂੰ ਤੋੜਨ ਵਿੱਚ ਮਾਲਕਾਂ ਦੇ ਹੱਥਾਂ ਦਾ ਹਥਿਆਰ ਬਣਦੇ, ਜਿਸ ਦੇ ਨਾਲ਼ ਉਹ ਸਾਰੇ ਅਮਰੀਕੀ ਮਜ਼ਦੂਰਾਂ ਦੀ ਨਜ਼ਰ ਵਿੱਚ ਡਿੱਗ ਜਾਂਦੇ ਸਨ। ਅਮਰੀਕੀ ਹੀ ਨਹੀਂ ਦੇਸ਼ ਭਾਈ ਮਜ਼ਦੂਰਾਂ ਦੇ ਗਲ 'ਤੇ ਵੀ ਛੁਰੀ ਫੇਰਨ ਤੋਂ ਬਾਜ਼ ਨਹੀਂ ਆਉਂਦੇ ਸਨ ਅਤੇ ਕਿੰਨੀ ਹੀ ਵਾਰ ਉਸ ਦੀ ਜਗ੍ਹਾ ਲੈਣ ਦੇ ਲਈ ਰਿਸ਼ਵਤ ਦੇ ਕੇ ਭਾਈ ਨੂੰ ਨੌਕਰੀ ਤੋਂ ਕਢਵਾ ਦਿੰਦੇ। ਕਿੰਨੀ ਹੀ ਵਾਰ ਪਿਅੱਕੜਾਂ ਵਰਗੀ ਮਨਮਾਨੀ ਉਨ੍ਹਾਂ ਵਿੱਚ ਵੇਖੀ ਜਾਂਦੀ। ਪਰ ਗ਼ਦਰ ਪਾਰਟੀ ਨੇ ਹੋਂਦ ਵਿੱਚ ਆ ਕੇ ਉਨ੍ਹਾਂ ਦਾ ਜੀਵਨ ਬਦਲ ਦਿੱਤਾ ਅਤੇ ਹੁਣ ਹਿੰਦੁਸਤਾਨੀ ਮਜ਼ਦੂਰ ਹੜਤਾਲ ਤੋੜਕਾਂ ਵਿੱਚ ਕਿਤੇ ਵੀ ਨਹੀਂ ਵੇਖੇ ਜਾਂਦੇ ਸਨ, ਸਾਰੇ ਅਮਰੀਕੀ ਮਜ਼ਦੂਰ ਸਭਾ ਦੇ ਮੈਂਬਰ ਬਣ ਗਏ ਸਨ। ਛੇ ਮਹੀਨੇ ਲੰਘਦੇ-ਲੰਘਦੇ ਹੀ ਅਮਰੀਕੀ ਮਜ਼ਦੂਰਾਂ ਦਾ ਸੁਭਾਅ ਬਦਲ ਗਿਆ। ਉਹ ਹਿੰਦੁਸਤਾਨੀ ਮਜ਼ਦੂਰਾਂ ਦੇ ਨਾਲ਼ ਹਮਦਰਦੀ ਪ੍ਰਗਟ ਕਰਨ ਲੱਗੇ ਅਤੇ ਕੁਝ ਹਮਦਰਦ ਤਾਂ ਉਨ੍ਹਾਂ ਦੀ ਲੜਾਈ ਵਿੱਚ ਸ਼ਾਮਿਲ ਹੋਣ ਦੇ ਲਈ ਭਾਰਤ ਤੱਕ ਆਏ ਸਨ। ਨੌਂ ਮਹੀਨਿਆਂ ਦੇ ਅੰਦਰ ਹੀ ਪਾਰਟੀ ਦੀਆਂ ਸ਼ਾਖਾਵਾਂ ਅਮਰੀਕਾ ਅਤੇ ਕਨੇਡਾ ਵਿੱਚ ਚਾਰੇ ਪਾਸੇ ਹੀ ਨਹੀਂ ਫੈਲੀਆਂ, ਸਗੋਂ ਚੀਨੀ, ਸ਼ੰਘਾਈ, ਮਲਾਇਆ ਆਦਿ ਵਿੱਚ ਵੀ ਉਸ ਦੀ ਸਥਾਪਨਾ ਹੋ ਗਈ। ਲਾਲਾ ਹਰਦਿਆਲ ਤਿੰਨ ਮਹੀਨਿਆਂ ਤੋਂ ਵੱਧ ਕੰਮ ਨਹੀਂ ਕਰ ਸਕਿਆ ਪਰ ਪੜ੍ਹਨ ਲਈ ਗਏ ਨੌਜਵਾਨ ਸੰਤੋਖ ਸਿੰਘ ਨੇ ਕੰਮ ਸੰਭਾਲ ਲਿਆ। ਲਾਲਾ ਹਰਦਿਆਲ ਨੇ 1914 ਦੇ ਸ਼ੁਰੂ ਵਿੱਚ ਰੂਸੀ ਜ਼ਾਰ ਦੇ ਅਤਿਆਚਾਰਾਂ ਦੀ ਨਿੰਦਾ ਕਰਦੇ ਹੋਏ ਕੁਝ ਬੋਲ ਦਿੱਤਾ। ਜ਼ਾਰਸ਼ਾਹੀ ਨੇ ਇਸ ਦੀ ਸ਼ਿਕਾਇਤ ਬ੍ਰਿਟਿਸ਼ ਸਰਕਾਰ ਕੋਲ਼ ਕੀਤੀ। ਬ੍ਰਿਟਿਸ਼ ਸਰਕਾਰ ਨੇ ਅਮਰੀਕੀ ਸਰਕਾਰ ਤੋਂ ਮੁਕੱਦਮਾ ਚਲਵਾਇਆ। ਪਾਰਟੀ ਨੇ 1000 ਡਾਲਰ ਦਾ ਜੁਰਮਾਨਾ ਦੇ ਕੇ ਉਸ ਨੂੰ ਛੁੜਾ ਲਿਆ ਅਤੇ ਫਿਰ ਚੁੱਪ-ਚੁਪੀਤੇ ਹੀ ਸਵਿਟਜ਼ਰਲੈਂਡ ਭੇਜ ਦਿੱਤਾ।

ਗ਼ਦਰ-ਪਾਰਟੀ ਦੀਆਂ ਦੋ ਕਾਰਜਕਾਰੀ ਕਮੇਟੀਆਂ ਸਨ, ਵੱਡੀ ਕਾਰਜਕਾਰੀ ਕਮੇਟੀ ਵਿੱਚ 30 ਮੈਂਬਰ ਸਨ। ਛੋਟੀ ਕਾਰਜਕਾਰੀ ਕਮੇਟੀ ਜਾਂ ਕਮਿਸ਼ਨ ਤਿੰਨ ਵਿਅਕਤੀਆਂ ਦਾ ਸੀ- ਬਾਬਾ ਸੋਹਣ ਸਿੰਘ, ਸੰਤੋਖ ਸਿੰਘ ਅਤੇ ਕਾਸ਼ੀ ਰਾਮ। ਗੁਪਤ ਪ੍ਰਬੰਧ ਦੂਸਰੀਆਂ ਸਰਕਾਰਾਂ ਨਾਲ਼ ਗੱਲਬਾਤ ਕਰਨਾ, ਹਥਿਆਰ ਜਮ੍ਹਾਂ ਕਰਨਾ, ਦੂਜੇ ਮੁਲਕਾਂ ਵਿੱਚ ਸੂਚਨਾ ਭੇਜਣਾ, ਇਹ ਸਭ ਕੰਮ ਕਮਿਸ਼ਨ ਦੇ ਹਵਾਲੇ ਸੀ। ਪਾਰਟੀ ਹੋਰ ਮਜ਼ਬੂਤ ਹੋਈ, ਹਿੰਦੁਸਤਾਨੀਆਂ ਦਾ ਸੰਗਠਨ ਮਜ਼ਬੂਤ ਹੋਇਆ। ਨਾਲ਼ ਹੀ ਦੂਜੇ ਦੇਸ਼ ਦੀਆਂ ਕ੍ਰਾਂਤੀਕਾਰੀ ਪਾਰਟੀਆਂ ਨਾਲ਼ ਡੂੰਘੀ ਸਾਂਝ ਵੀ ਸਥਾਪਤ ਹੋਈ। ਅਮਰੀਕਾ ਦੇ ਹਿੰਦੁਸਤਾਨੀ ਆਪਣੇ ਆਪ ਵਿੱਚ ਇਕ ਸ਼ਕਤੀ ਅਨੁਭਵ ਕਰਨ ਲੱਗੇ। ਉਹ ਹੁਣ ਜਾਗ੍ਰਿਤ ਮਨੁੱਖ ਸਨ।

ਅਪ੍ਰੈਲ 1914 ਵਿੱਚ ਜਿਸ ਸਮੇਂ ਸਰਦਾਰ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਨੂੰ ਲੈ ਕੇ ਕਨੇਡਾ ਪਹੁੰਚੇ, ਉਸ ਸਮੇਂ ਇਹ ਗ਼ਦਰ ਪਾਰਟੀ ਦਾ ਮਜ਼ਬੂਤ ਸੰਗਠਨ ਹੀ ਸੀ ਜਿਸ ਨੇ ਕਨੇਡਾ ਦੀ ਸਰਕਾਰ ਨੂੰ ਝੁਕਣ ਦੇ ਲਈ ਮਜਬੂਰ ਕੀਤਾ।

**ਭਾਰਤ ਨੂੰ**- 23 ਜੁਲਾਈ ਨੂੰ ਕਾਮਾਗਾਟਾਮਾਰੂ ਨੂੰ ਕਨੇਡਾ ਤੋਂ ਵਾਪਿਸ ਭੇਜਣ ਦਾ ਫ਼ੈਸਲਾ ਹੋਇਆ। ਉਸ ਸਮੇਂ ਬਾਬਾ ਸੋਹਣ ਸਿੰਘ ਨੂੰ ਕਮਾਗਾਟਾਮਾਰੂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਮਿਲੀ। ਸਾਨਫਰਾਂਸਿਸਕੋ ਵਿੱਚ ਪਾਰਟੀ ਕੇਂਦਰ ਨੂੰ ਸੰਭਾਲਣ ਦਾ ਕੰਮ ਬਰਕਤਉੱਲਾ, ਭਗਵਾਨ ਸਿੰਘ, ਸੰਤੋਖ ਸਿੰਘ ਅਤੇ ਕਾਸ਼ੀ ਰਾਮ ਨੂੰ ਦੇ ਕੇ ਬਾਬਾ ਸੋਹਣ ਸਿੰਘ ਭਕਨਾ 21 ਜੁਲਾਈ ਨੂੰ ਇਕ ਜਾਪਾਨੀ ਜਹਾਜ਼ ਰਾਹੀਂ ਭਾਰਤ ਵੱਲ ਰਵਾਨਾ ਹੋਏ। ਸਾਨਫਰਾਂਸਿਸਕੋ ਦੇ ਦਫ਼ਤਰ ਵਿੱਚ ਰਾਮਚੰਦਰ ਨਾਮ ਦਾ ਇਕ ਆਦਮੀ ਕੰਮ ਕਰਦਾ ਸੀ, ਜੋ ਪਹਿਲਾਂ ਸਿਰਫ਼ ਕਾਤਿਬ (ਲਿਖਣ ਵਾਲਾ) ਸੀ। ਪਰ ਸੰਤੋਖ ਸਿੰਘ ਅਤੇ ਕਾਸ਼ੀ ਰਾਮ ਦੇ ਆਉਣ ਨਾਲ਼ ਉਸ ਨੂੰ ਖੁੱਲ੍ਹ ਕੇ ਖੇਡਣ ਦਾ ਵਧੇਰੇ ਮੌਕਾ ਮਿਲਿਆ ਅਤੇ ਉਸ ਨੇ ਆਪਣੇ ਆਪ ਨੂੰ ਸੀ.ਆਈ.ਡੀ. ਦੇ ਹੱਥੀਂ ਵੇਚ ਦਿੱਤਾ।

ਜਦੋਂ ਸੋਹਣ ਸਿੰਘ ਦਾ ਜਹਾਜ਼ ਅਮਰੀਕਾ ਅਤੇ ਜਾਪਾਨ ਦੇ ਵਿਚਕਾਰ ਆ ਰਿਹਾ ਸੀ, ਉਸੇ ਸਮੇਂ ਮਹਾਯੁੱਧ ਦੇ ਛਿੜਨ ਦੀ ਖ਼ਬਰ ਮਿਲੀ। ਜਾਪਾਨ ਵਿੱਚ ਕਾਮਾਗਾਟਾਮਾਰੂ ਨਾਲ਼ ਉਨ੍ਹਾਂ ਦੀ ਮੁਲਾਕਾਤ ਹੋਈ। ਸਲਾਹ ਹੋਈ ਕਿ ਸਾਰੇ ਭਾਰਤੀ ਸਿੱਧੇ ਹਿੰਦੁਸਤਾਨ ਚੱਲਣ। ਉਸ ਸਮੇਂ ਭਾਰਤੀ ਸਮੁੰਦਰ ਵਿੱਚ ਜਰਮਨ ਲੜਾਕੂ ਜਹਾਜ਼ 'ਐਮਡਨ' ਦਾ ਬਹੁਤ ਖ਼ਤਰਾ ਸੀ। ਬਾਬਾ ਸੋਹਣ ਸਿੰਘ ਉੱਥੇ ਜਰਮਨ ਕੌਂਸਲ ਨਾਲ਼ ਮਿਲਿਆ। ਇਹ ਵੱਡੇ ਸਾਹਸ ਵਾਲੀ ਗੱਲ ਸੀ, ਜੇਕਰ ਫੜੇ ਜਾਂਦੇ ਤਾਂ ਸ਼ੂਟ ਕਰ ਦਿੱਤੇ ਜਾਂਦੇ। ਕੌਂਸਲ ਨੇ ਉਨ੍ਹਾਂ ਦੀ ਹਿੰਮਤ ਦੀ ਦਾਦ ਦਿੱਤੀ ਅਤੇ 'ਐਮਡਨ' ਨੂੰ ਵਾਇਰਲੈੱਸ ਦੁਆਰਾ ਸੂਚਿਤ ਕਰ ਦਿੱਤਾ ਕਿ ਕਾਮਾਗਾਟਾਮਾਰੂ ਨੂੰ ਕੋਈ ਨੁਕਸਾਨ ਨਾ ਹੋਵੇ। ਬਾਬਾ ਸੋਹਣ ਸਿੰਘ ਸ਼ੰਘਾਈ ਪਹੁੰਚਿਆ। ਉੱਥੇ ਪਾਰਟੀ ਦੇ ਵਿਅਕਤੀਆਂ ਸੁੱਚਾ ਸਿੰਘ ਅਤੇ ਹੋਰਨਾਂ ਨੂੰ ਮਿਲਿਆ। ਫਿਰ ਹਾਂਗਕਾਂਗ ਪਹੁੰਚਿਆ, ਇੱਥੇ ਕਿੰਨੇ ਹੀ ਵਿਅਕਤੀ ਕ੍ਰਾਂਤੀ ਦੇ ਫ਼ੌਜੀ ਬਣੇ ਅਤੇ ਜਦੋਂ 'ਨਾਮਸਿੰਗ' ਜਹਾਜ਼ ਹਿੰਦੁਸਤਾਨ ਨੂੰ ਚੱਲਿਆ ਤਾਂ ਉਸ ਵਿੱਚ ਸੌ ਕ੍ਰਾਂਤੀਕਾਰੀ ਸਨ। ਸੀ.ਆਈ.ਡੀ. ਨੂੰ ਸਾਰੀ ਗੱਲ ਦਾ ਪਤਾ ਲੱਗ ਗਿਆ। ਜਹਾਜ਼ ਜਦੋਂ ਪੀਨਾਂਗ ਪਹੁੰਚਿਆ ਤਾਂ ਉਸ ਨੂੰ ਕੁਝ ਦਿਨਾਂ ਦੇ ਲਈ ਰੋਕ ਲਿਆ ਗਿਆ। ਕਿਉਂਕਿ ਉਸੇ ਦਿਨ ਕਾਮਾਗਾਟਾਮਾਰੂ ਵਾਲੇ ਕ੍ਰਾਂਤੀਕਾਰੀਆਂ ਉੱਤੇ ਬਜਬਜ (ਕਲਕੱਤਾ) ਵਿੱਚ ਗੋਲੀ ਚੱਲੀ ਸੀ। ਹਫ਼ਤਾ ਕੁ ਰੁਕੇ ਰਹਿਣ ਦੇ ਬਾਅਦ 'ਨਾਮਸਿੰਗ' ਫਿਰ ਰਵਾਨਾ ਹੋਇਆ।

14 ਅਕਤੂਬਰ 1914 ਨੂੰ ਬਾਬਾ ਸੋਹਣ ਸਿੰਘ ਅਤੇ ਉਨ੍ਹਾਂ ਦੇ ਸਾਥੀ ਕਲਕੱਤਾ ਪਰਤ ਆਏ। ਆਉਂਦੇ ਹੀ ਜਹਾਜ਼ 'ਤੇ ਸਖ਼ਤ ਪਹਿਰਾ ਬੈਠਾ ਦਿੱਤਾ ਗਿਆ, ਫਿਰ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

**ਫਾਂਸੀ ਦੇ ਤਖ਼ਤੇ ਲਈ ਤਿਆਰ**- ਕਲਕੱਤੇ ਤੋਂ ਫੜ ਕੇ ਬਾਬਾ ਸੋਹਣ ਸਿੰਘ ਨੂੰ ਮੁਲਤਾਨ ਜੇਲ੍ਹ ਪਹੁੰਚਾਇਆ ਗਿਆ। ਉੱਥੇ ਕਿੰਨੇ ਹੀ ਹੋਰ ਸਾਥੀ ਵੀ ਲਿਆਂਦੇ ਗਏ। ਪੰਜਾਬ ਵਿੱਚ 1914 ਦੇ ਅਖੀਰ ਵਿੱਚ ਜੋ ਜ਼ਬਰਦਸਤ ਕ੍ਰਾਂਤੀ ਕਰਨ ਦਾ ਯਤਨ ਹੋਇਆ ਸੀ, ਉਸ ਦਾ ਭੇਦ ਸਮੇਂ ਤੋਂ ਪਹਿਲਾਂ ਖੁੱਲ੍ਹ ਜਾਣ ਕਾਰਨ ਅਸਫ਼ਲ ਰਿਹਾ। ਪਰ ਉਸ ਦੇ ਤਾਣੇ-ਬਾਣੇ ਦਾ ਪੂਰਾ ਪਤਾ ਜਦੋਂ ਸਰਕਾਰ ਨੂੰ ਲੱਗਾ ਤਾਂ ਉਸ ਦੇ ਦਿਲ ਨੂੰ ਬਹੁਤ ਧੱਕਾ ਲੱਗਾ। ਕ੍ਰਾਂਤੀਕਾਰੀ ਫੜੇ ਗਏ। ਫਰਵਰੀ (1915) ਨੂੰ ਬਾਬਾ ਸੋਹਣ ਸਿੰਘ ਵੀ ਮੁਲਤਾਨ ਤੋਂ ਲਾਹੌਰ ਜੇਲ੍ਹ ਵਿੱਚ ਲਿਆਂਦੇ ਗਏ। ਉੱਥੇ ਹੀ 64 ਆਦਮੀਆਂ 'ਤੇ ਪਹਿਲਾ ਲਾਹੌਰ ਸਾਜ਼ਿਸ਼ ਮੁਕੱਦਮਾ ਚਲਾਇਆ ਗਿਆ। ਮੁਕੱਦਮਾ ਕੀ ਤਮਾਸ਼ਾ ਸੀ। ਇਕ ਗਵਾਹ ਨੇ ਜਦੋਂ ਕੁਝ ਊਲ-ਜਲੂਲ ਗੱਲਾਂ ਕੀਤੀਆਂ ਅਤੇ ਉਸ 'ਤੇ ਜਿਰ੍ਹਾ ਕੀਤੀ ਗਈ ਤਾਂ ਉਸ ਨੇ ਕਿਹਾ, "ਮੇਰੇ ਲਈ ਤਾਂ ਜੋ ਵੀ ਥਾਣੇਦਾਰ ਸਾਹਿਬ ਨੇ ਕਿਹਾ ਉਹੀ ਠੀਕ ਹੈ।" ਮੁਲਜ਼ਮਾਂ ਨੂੰ ਅਦਾਲਤ ਦੇ ਨਿਆਂ 'ਤੇ ਬਿਲਕੁਲ ਵੀ ਯਕੀਨ ਨਹੀਂ ਸੀ। ਇਸ ਲਈ ਉਨ੍ਹਾਂ ਨੇ ਆਪਣੀ ਸਫ਼ਾਈ ਵਿੱਚ ਕੋਈ ਬਿਆਨ ਨਹੀਂ ਦਿੱਤਾ। ਸਰਕਾਰ ਨੇ ਮੁਫ਼ਤ ਵਕੀਲ ਦਿੱਤੇ ਸਨ ਅਤੇ ਵਕੀਲ ਪਿੱਛੇ ਪਏ ਹੋਏ ਸਨ। ਪਰ ਮੁਲਜ਼ਿਮ ਉਨ੍ਹਾਂ ਨਾਲ਼ ਗੱਲ ਵੀ ਨਹੀਂ ਕਰਦੇ ਸਨ। ਲਾਹੌਰ ਸੈਂਟਰਲ ਜੇਲ੍ਹ ਦੇ ਅੰਦਰ 27 ਅਪ੍ਰੈਲ ਤੋਂ 13 ਅਕਤੂਬਰ ਤੱਕ ਤਿੰਨ ਜੱਜਾਂ ਦੀ ਅਦਾਲਤ ਬੈਠਦੀ ਰਹੀ ਜਿਸ ਵਿੱਚ ਇਕ ਪੰਡਿਤ ਸ਼ਿਵ ਨਰਾਇਣ ਸ਼ਮੀਮ ਵੀ ਸਨ। 64 ਵਿੱਚੋਂ 5 ਮੁਲਜ਼ਮਾਂ ਨੂੰ ਛੱਡ ਦਿੱਤਾ ਗਿਆ। ਲੰਮੀਆਂ-ਲੰਮੀਆਂ ਸਜ਼ਾਵਾਂ ਪਾਉਣ ਵਾਲਿਆਂ ਦੇ ਇਲਾਵਾ 24 ਨੂੰ ਫਾਂਸੀ ਦੀ ਸਜ਼ਾ ਹੋਈ ਜਿਨ੍ਹਾਂ ਵਿੱਚ ਇਕ ਸੋਹਣ ਸਿੰਘ ਵੀ ਸਨ। ਜਦੋਂ ਅਧਿਕਾਰੀ ਉਨ੍ਹਾਂ ਨੂੰ ਅਪੀਲ ਕਰਨ ਦੇ ਲਈ ਆਖਦੇ ਤਾਂ ਉਹ ਉੱਤਰ ਦਿੰਦੇ, "ਬਸ, ਜਲਦੀ ਫਾਂਸੀ ਦੇ ਦਿਓ।" ਸਾਰਿਆਂ ਵਿੱਚ ਭਾਰੀ ਉਤਸ਼ਾਹ ਸੀ, ਉਹ ਹੱਸ-ਹੱਸ ਫਾਂਸੀ 'ਤੇ ਚੜ੍ਹਨ ਦੇ ਲਈ ਤਿਆਰ ਸਨ। ਫਾਂਸੀ ਦਾ ਦਿਨ ਨਿਯਤ ਹੋ ਚੁੱਕਾ ਸੀ, ਉਸ ਸਾਰੀ ਰਾਤ ਲੋਕਾਂ ਵਿੱਚ ਅਥਾਹ ਖ਼ੁਸ਼ੀ ਸੀ। ਬਾਬਾ ਸੋਹਣ ਸਿੰਘ ਆਖਦੇ, "ਲਓ ਅਸੀਂ ਆਪਣਾ ਕੰਮ ਕਰ ਚੱਲੇ।" ਨੌਜਵਾਨ ਕਰਤਾਰ ਸਿੰਘ ਦੀ ਉਮਰ ਵੇਖ ਕੇ ਜੱਜ ਵੀ ਬਹੁਤ ਪ੍ਰਭਾਵਿਤ ਹੋਏ ਸਨ ਅਤੇ ਉਹ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਉਸ ਨੂੰ ਫਾਂਸੀ ਦੀ ਸਜ਼ਾ ਨਾ ਮਿਲੇ। ਉਨ੍ਹਾਂ ਨੇ ਕਰਤਾਰ ਸਿੰਘ ਨੂੰ ਪੁੱਛਿਆ, "ਤੂੰ ਸਰਕਾਰ ਦੇ ਵਿਰੁਧ ਕੰਮ ਕੀਤਾ?" "ਹਾਂ ਕੀਤਾ।" ਜੱਜਾਂ ਨੇ ਉਸ ਦਿਨ ਕਰਤਾਰ ਸਿੰਘ ਨੂੰ ਦੂਸਰੇ ਦਿਨ ਜਵਾਬ ਦੇਣ ਦੇ ਲਈ ਛੱਡ ਦਿੱਤਾ। ਦੂਜੇ ਦਿਨ ਵੀ ਕਰਤਾਰ ਸਿੰਘ ਨੇ 'ਹਾਂ' ਕਿਹਾ। ਅੰਤ ਫਾਂਸੀ ਦੀ ਸਜ਼ਾ ਲਿਖਣੀ ਪਈ। ਪਰ ਅਧਿਕਾਰੀਆਂ ਨੇ ਆਪਣੀ ਪੂਰੀ ਵਾਹ ਲਗਾ ਕੇ ਕਰਤਾਰ ਸਿੰਘ ਕੋਲੋਂ ਰਹਿਮ ਦੀ ਦਰਖ਼ਾਸਤ ਲਿਖਵਾਉਣ ਦੀ ਕੋਸ਼ਿਸ਼ ਕੀਤੀ, ਪਰ ਕਰਤਾਰ ਸਿੰਘ ਨੇ ਮਨ੍ਹਾ ਕਰ ਦਿੱਤਾ।

ਓਡਾਇਰਸ਼ਾਹੀ ਦਾ ਉਹ ਜ਼ਮਾਨਾ ਸੀ। ਕੁਝ ਪ੍ਰਭਾਵਸ਼ਾਲੀ ਲੋਕਾਂ ਨੇ ਲਾਰਡ ਹਾਰਡਿੰਗ ਦੇ ਕੰਨਾਂ ਤੱਕ ਗੱਲ ਪਹੁੰਚਾਈ। ਵਾਇਸਰਾਇ ਨੇ ਸਾਜ਼ਿਸ਼ ਦੇ ਕਾਗ਼ਜ਼ਾਂ ਦੀ ਫੇਰ ਤੋਂ ਜਾਂਚ ਕਰਵਾਈ ਅਤੇ 17 ਨੂੰ ਫਾਂਸੀ ਦੇ ਤਖ਼ਤੇ ਤੋਂ ਲਾਹ ਲਿਆ ਗਿਆ, ਜਿਨ੍ਹਾਂ ਵਿੱਚ ਬਾਬਾ ਸੋਹਣ ਸਿੰਘ, ਬਾਬਾ ਵਿਸਾਖਾ ਸਿੰਘ ਵੀ ਸਨ, ਪਰ ਕਰਤਾਰ ਸਿੰਘ ਦੀ ਕੁਰਬਾਨੀ ਨਹੀਂ ਟਲ ਸਕੀ।

**ਕਾਲਾਪਾਣੀ**- 13 ਦਸੰਬਰ 1915 ਨੂੰ ਬਾਬਾ ਸੋਹਣ ਸਿੰਘ ਆਪਣੇ ਦੂਸਰੇ ਸਾਥੀਆਂ ਦੇ ਨਾਲ਼ ਕਾਲਾਪਾਣੀ ਪੁੱਜੇ। ਉਸ ਸਮੇਂ ਦਾ ਕਾਲਾਪਾਣੀ ਕੀ ਕੁੰਭੀ ਨਰਕ ਸੀ। ਬਿਨਾਂ ਕਾਰਨ ਮਾਰਕੁੱਟ ਅਤੇ ਬੇਇੱਜ਼ਤੀ ਮਾਮੂਲੀ ਗੱਲ ਸੀ। ਪਰ ਪੰਜਾਬ ਦੇ ਇਹ ਜ਼ਿੰਦਾ ਸ਼ਹੀਦ ਕਿਸੇ ਦੂਜੀ ਹੀ ਮਿੱਟੀ ਦੇ ਬਣੇ ਸਨ। ਉਨ੍ਹਾਂ ਦਾ ਪੰਜ ਸਾਲ ਤੱਕ ਦਾ ਉੱਥੋਂ ਦਾ ਜੀਵਨ ਬਰਾਬਰ ਜਾਨ ਦੀ ਬਾਜ਼ੀ ਲਗਾ ਕੇ ਸੰਘਰਸ਼ ਕਰਨ ਵਾਲਾ ਜੀਵਨ ਸੀ, ਜਿਸ ਵਿੱਚ ਅੱਠ ਸ਼ਹੀਦਾਂ ਨੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ, ਸ਼ਹੀਦ ਰਾਮਰੱਖਾ ਚਾਰ ਮਹੀਨਿਆਂ ਦੀ ਭੁੱਖ ਹੜਤਾਲ ਦੇ ਬਾਅਦ ਸ਼ਹੀਦ ਹੋਏ। ਇਕ ਵਾਰ ਬਾਬਾ ਸੋਹਣ ਸਿੰਘ ਆਪਣੇ ਸਾਥੀਆਂ ਨਾਲ਼ ਭੁੱਖ ਹੜਤਾਲ ਕਰ ਰਹੇ ਸਨ। ਪਰ ਉਸ ਵੇਲੇ ਸਾਰਿਆਂ ਨੂੰ ਵੱਖ-ਵੱਖ ਰੱਖਿਆ ਗਿਆ ਸੀ ਅਤੇ ਉਨ੍ਹਾਂ ਨੂੰ ਇਕ ਦੂਜੇ ਨਾਲ਼ ਮਿਲਣ-ਗਿਲਣ ਦਾ ਮੌਕਾ ਨਹੀਂ ਦਿੱਤਾ ਜਾਂਦਾ ਸੀ। ਅੱਜ ਕੱਲ੍ਹ ਦੇ ਲੰਮੀਆਂ-ਚੌੜੀਆਂ ਗੱਲਾਂ ਕਰਨ ਵਾਲੇ ਇਕ ਵੱਡੇ ਨੇਤਾ ਨੇ ਤਿੰਨ ਮਹੀਨੇ ਭੁੱਖ ਹੜਤਾਲ ਕਰਨ ਦੇ ਬਾਅਦ ਝੂਠ ਬੋਲ ਕੇ ਬਾਬਾ ਕੋਲੋਂ ਹੜਤਾਲ ਤੁੜਵਾ ਦਿੱਤੀ। ਪਿੱਛੋਂ ਉਨ੍ਹਾਂ ਨੂੰ ਜਦੋਂ ਪਤਾ ਲੱਗਿਆ ਕਿ ਉਨ੍ਹਾਂ ਦੇ ਸਾਥੀ ਸਰਦਾਰ ਪ੍ਰਿਥਵੀ ਸਿੰਘ ਅਤੇ ਦੂਜਿਆਂ ਨੇ ਹਾਲੇ ਤੱਕ ਹੜਤਾਲ ਜਾਰੀ ਰੱਖੀ ਹੋਈ ਹੈ ਤਾਂ ਬਾਬੇ ਨੂੰ ਏਨਾ ਸਵੈ-ਪਛਤਾਵਾ ਹੋਇਆ ਕਿ ਉਹ ਫਾਹਾ ਲਗਾ ਕੇ ਮਰ ਜਾਣ ਨੂੰ ਤਿਆਰ ਸਨ। ਸੂਰਵੀਰਾਂ ਦੀ ਜੱਦੋ-ਜਹਿਦ ਦਾ ਨਤੀਜਾ ਇਹ ਹੋਇਆ ਕਿ ਨਰਕ ਦੀ ਜਵਾਲਾ ਕੁਝ ਠੰਡੀ ਪਈ। ਉਨ੍ਹਾਂ ਨੂੰ ਬੇਇੱਜ਼ਤ ਕਰਨ ਦੀ ਜੇਲ੍ਹ ਵਾਲਿਆਂ ਦੀ ਹਿੰਮਤ ਨਹੀਂ ਹੁੰਦੀ ਸੀ। ਹੁਣ ਉਨ੍ਹਾਂ ਨੂੰ ਅਖ਼ਬਾਰ ਵੀ ਮਿਲ ਜਾਂਦੇ ਸਨ। ਕਿਤਾਬਾਂ ਨੂੰ ਜਮ੍ਹਾਂ ਕਰਕੇ ਉਨ੍ਹਾਂ ਨੇ ਇਕ ਛੋਟੀ ਜਿਹੀ ਲਾਇਬ੍ਰੇਰੀ ਬਣਾ ਲਈ ਸੀ, ਪਰ ਵਧੇਰੇ ਕਿਤਾਬਾਂ ਰਾਜਨੀਤਿਕ ਨਹੀਂ ਸਨ। ਅੰਡੇਮਾਨ ਦੇ ਭਿਆਨਕ ਅਤਿਆਚਾਰਾਂ ਦੀਆਂ ਗੱਲਾਂ ਹਿੰਦੁਸਤਾਨ ਦੇ ਅਖ਼ਬਾਰਾਂ ਵਿੱਚ ਛਪੀਆਂ, ਫਿਰ ਇੱਥੇ ਵੀ ਬਖੇੜਾ ਹੋਣ ਲੱਗ ਪਿਆ। ਅਖੀਰ ਵਿੱਚ ਰਾਜਕੈਦੀਆਂ ਨੂੰ ਕਾਲੇਪਾਣੀ ਤੋਂ ਭਾਰਤ ਲਿਆਉਣ ਦੇ ਲਈ ਸਰਕਾਰ ਨੂੰ ਮਜਬੂਰ ਹੋਣਾ ਪਿਆ। ਜਿਸ ਸਮੇਂ ਬਾਬਾ ਸੋਹਣ ਸਿੰਘ ਕਾਲੇਪਾਣੀ ਵਿੱਚ ਸਨ, ਉਸੇ ਸਮੇਂ (1918-1919 ਵਿੱਚ) ਉਨ੍ਹਾਂ ਦੀਆਂ ਦੋਵਾਂ ਮਾਵਾਂ ਦਾ ਦਿਹਾਂਤ ਹੋ ਗਿਆ। ਜਿਸ ਸਮੇਂ ਬਾਬਾ ਸੋਹਣ ਸਿੰਘ ਮੁਲਤਾਨ ਵਿੱਚ (1914) ਸਨ ਅਤੇ ਪੁਲਿਸ ਲਾਹੌਰ ਸਾਜ਼ਿਸ਼ ਦੀ ਤਿਆਰੀ ਕਰ ਰਹੀ ਸੀ, ਉਸ ਸਮੇਂ ਉਹ ਇਸ ਲਈ ਬਹੁਤ ਪਰੇਸ਼ਾਨ ਸਨ ਕਿ ਗ਼ਦਰ ਪਾਰਟੀ ਦੇ ਕਮਿਸ਼ਨ ਦੇ ਮੈਂਬਰਾਂ ਵਿੱਚੋਂ ਕਿਸ ਨੂੰ ਤੋੜਿਆ ਜਾਵੇ। ਉਸ ਸਮੇਂ ਪੁਲਿਸ ਬਾਬੇ ਦੇ ਪਿੱਛੇ ਵੀ ਪਈ। ਉਨ੍ਹਾਂ ਨੇ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤੇ, ਦੋਸਤਾਂ ਨੂੰ ਭੇਜਿਆ। ਮਾਤਾ ਨੂੰ ਵੀ ਮੁਲਤਾਨ ਲੈ ਆਏ। ਫਾਂਸੀ 'ਤੇ ਲਟਕਾਏ ਜਾਣ ਵਾਲੇ ਪੁੱਤ ਨੂੰ ਬਚਾਉਣ ਵਾਲੀ ਭਾਵਨਾ ਨਾਲ਼ ਮਾਂ ਨੇ ਰੋਂਦੇ ਹੋਏ ਕਿਹਾ, "ਅਸੀਂ ਚਾਹੁੰਦੀਆਂ ਹਾਂ ਕਿ ਤੇਰੀ ਜਾਨ ਬਚ ਜਾਵੇ।" ਬਾਬੇ ਨੇ ਮਾਣ ਨਾਲ਼ ਕਿਹਾ, "ਕੀ ਮੈਂ ਆਪਣੀ ਜਾਨ ਬਚਾਉਣ ਦੇ ਲਈ ਆਪਣੇ ਬਾਕੀ ਭਰਾਵਾਂ ਨੂੰ ਫਾਹੇ ਲਗਾ ਦਿਆ।" ਮਾਂ ਦੇ ਕੋਲ਼ ਕੋਈ ਉੱਤਰ ਨਹੀਂ ਸੀ। ਹਾਂ, ਪੁਲਿਸ ਨੇ ਨਿਰਾਸ਼ ਹੋ ਕੇ ਜ਼ਰੂਰ ਸਾਫ਼-ਸਾਫ਼ ਕਿਹਾ, "ਵੇਖ, ਇਕ ਪਾਸੇ ਧਨ ਦੌਲਤ, ਇੱਜ਼ਤ, ਸਭ ਕੁਝ ਤੇਰੇ ਲਈ ਹਾਜ਼ਰ ਹੈ ਅਤੇ ਦੂਜੇ ਪਾਸੇ ਹੈ ਉਹੀ ਅਤਿਆਚਾਰ ਜੋ ਨਾਮਧਾਰੀਆਂ ਉੱਤੇ ਹੋਏ ਸਨ, ਇਕ ਨੂੰ ਚੁਣ ਲੈ।" ਬਾਬੇ ਨੇ ਕਿਹਾ, "ਮੈਂ ਇਕ ਨੂੰ ਚੁਣ ਲਿਆ, ਤੁਸੀਂ ਬਿਨਾਂ ਕਾਰਨ ਹੀ ਪਰੇਸ਼ਾਨ ਹੋ ਰਹੇ ਹੋ।"

ਜੁਲਾਈ 1921 ਵਿੱਚ ਬਾਬਾ ਸੋਹਣ ਸਿੰਘ ਅਤੇ ਉਨ੍ਹਾਂ ਦੇ ਸਾਥੀ ਮਦਰਾਸ ਲਿਆਂਦੇ ਗਏ, ਫਿਰ ਉਨ੍ਹਾਂ ਨੂੰ ਵੱਖ-ਵੱਖ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਇਸ ਸਮੇਂ ਸਰਦਾਰ ਪ੍ਰਿਥਵੀ ਸਿੰਘ ਅਤੇ ਸਰਦਾਰ ਗੁਰਮੁੱਖ ਸਿੰਘ ਨੇ ਰੇਲਗੱਡੀ ਤੋਂ ਛਾਲ ਮਾਰ ਕੇ ਭੱਜਣ ਦੀ ਅਸਫ਼ਲ ਕੋਸ਼ਿਸ਼ ਕੀਤੀ, ਪਰ ਦੂਜੀ ਵਾਰ ਊਧਮ ਸਿੰਘ ਅਤੇ ਉਹ ਦੋਵੇਂ ਭੱਜਣ ਵਿੱਚ ਸਫ਼ਲ ਹੋ ਗਏ। ਬਾਬੇ ਨੂੰ ਪਹਿਲਾਂ ਮਦਰਾਸ ਵਿੱਚ ਰੱਖਿਆ ਗਿਆ, ਫਿਰ ਯਰਵੜਾ ਜੇਲ੍ਹ ਵਿੱਚ ਪੰਜ ਸਾਲ ਅਤੇ ਅਖੀਰ ਵਿੱਚ ਤਿੰਨ ਸਾਲ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ। ਇੱਥੇ ਉਹ ਭਗਤ ਸਿੰਘ ਦੀ ਤਿੰਨ ਮਹੀਨਿਆਂ ਵਾਲੀ ਭੁੱਖ ਹੜਤਾਲ ਵਿੱਚ ਵੀ ਸ਼ਾਮਿਲ ਹੋਏ ਸਨ। ਸਰਕਾਰ ਇਸ ਸ਼ਰਤ 'ਤੇ ਉਨ੍ਹਾਂ ਨੂੰ ਛੱਡਣ ਲਈ ਤਿਆਰ ਸੀ ਕਿ ਉਹ ਪੁਲਿਸ ਵਿੱਚ ਹਾਜ਼ਰੀ ਦਿਆ ਕਰੇ। ਪਰ ਬਾਬੇ ਨੇ ਸ਼ਰਤ ਮੰਨਣ ਤੋਂ ਇਨਕਾਰ ਕਰ ਦਿੱਤਾ। ਅਖੀਰ ਵਿੱਚ ਜੁਲਾਈ 1930 ਵਿੱਚ ਉਨ੍ਹਾਂ ਨੂੰ ਸੱਠ ਸਾਲਾਂ ਦਾ ਬੁੱਢਾ ਬਣਾ ਕੇ ਛੱਡ ਦਿੱਤਾ ਗਿਆ।

**ਫਿਰ ਉਹੀ ਲਗਨ**- ਜੇਲ੍ਹ ਤੋਂ ਰਿਹਾਅ ਹੁੰਦੇ ਸਮੇਂ ਹੁਣ ਵੀ ਬਾਬੇ ਦੇ ਵਿਚਾਰ ਰਾਸ਼ਟਰੀ ਕ੍ਰਾਂਤੀਕਾਰੀਆਂ ਜਿਹੇ ਸਨ। ਹਾਂ, ਰੂਸ ਦੇ ਬਾਰੇ ਜੋ ਥੋੜ੍ਹਾ ਬਹੁਤ ਪਤਾ ਲੱਗ ਸਕਿਆ ਸੀ, ਉਸ ਵੱਲ ਉਨ੍ਹਾਂ ਦਾ ਝੁਕਾਅ ਵਧ ਚੁੱਕਿਆ ਸੀ। ਅੰਮ੍ਰਿਤਸਰ ਨੇ ਆਪਣੇ ਮਹਾਨ ਦੇਸ਼ਭਗਤ ਦਾ ਜ਼ਬਰਦਸਤ ਸਵਾਗਤ ਕੀਤਾ। ਭਕਨਾ ਗਏ ਤਾਂ ਆਪਣੇ ਘਰ ਦਾ ਰਸਤਾ ਭੁੱਲ ਗਏ। 22 ਸਾਲਾਂ ਦੇ ਅੰਦਰ ਪਿੰਡ ਦਾ ਨਕਸ਼ਾ ਬਦਲ ਗਿਆ ਸੀ। ਬਾਪ ਦਾਦੇ ਦੇ ਘਰ ਦੀ ਇਕ ਕੋਠੜੀ ਕਿਸੇ ਤਰ੍ਹਾਂ ਬਚ ਗਈ ਸੀ, ਜਿਸ ਵਿੱਚ ਪਤਨੀ ਵਿਸ਼ਣੂ ਕੌਰ ਜਦੋਂ ਕਦੋਂ ਹੰਝੂ ਵਹਾਉਣ ਲਈ ਆ ਜਾਇਆ ਕਰਦੀ ਸੀ।

ਬਾਬਾ ਸੱਠ ਸਾਲ ਦੇ ਬਜ਼ੁਰਗ ਸੀ ਅਤੇ ਅੱਜ ਤਾਂ 73 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਕਮਰ ਟੇਢੀ ਵੀ ਹੋ ਗਈ ਹੈ। ਪਰ, ਉਹ ਬੁਢਾਪੇ ਨੂੰ ਸ਼ਾਂਤੀ ਨਾਲ਼ ਗੁਜ਼ਾਰਨ ਦੇ ਲਈ ਜੇਲ੍ਹ ਤੋਂ ਨਹੀਂ ਨਿਕਲੇ ਸਨ। ਇਨ੍ਹਾਂ ਪਿਛਲੇ 13 ਸਾਲਾਂ ਵਿੱਚ ਵੀ ਉਨ੍ਹਾਂ ਦੇ ਛੇ ਸਾਲ ਜੇਲ੍ਹਾਂ ਵਿੱਚ ਹੀ ਨਿਕਲੇ। ਉਨ੍ਹਾਂ ਦਾ ਸਾਰਾ ਸਮਾਂ ਦੇਸ਼ ਭਗਤਾਂ ਨੂੰ ਜੇਲ੍ਹ ਤੋਂ ਛੁਡਾਉਣ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਵਿੱਚ ਲੱਗਦਾ ਹੈ। ਪੰਜ ਵਾਰ ਦੀਆਂ ਨਿੱਕੀਆਂ-ਮੋਟੀਆਂ ਸਜ਼ਾਵਾਂ ਨੂੰ ਕੱਟ ਕੇ ਆਖ਼ਰੀ ਵਾਰ ਉਹ ਮਾਰਚ 1940 ਵਿੱਚ ਜੇਲ੍ਹ ਤੋਂ ਬਾਹਰ ਨਿਕਲੇ ਸਨ। ਜਦੋਂਕਿ ਇਨ੍ਹਾਂ ਸਤਰਾਂ ਦਾ ਲੇਖਕ ਦੀ ਗ੍ਰਿਫ਼ਤਾਰੀ ਤੋਂ ਬਾਅਦ ਪਲਾਸਾ ਵਿੱਚ ਬਾਬਾ ਸੋਹਣ ਸਿੰਘ ਭਕਨਾ ਸਰਬ ਭਾਰਤ ਕਿਸਾਨ ਸਭਾ ਦੇ ਕਾਰਜਕਾਰੀ ਪ੍ਰਧਾਨ ਬਣੇ।

ਜੁਲਾਈ 1940 ਵਿੱਚ ਕਿਸਾਨ ਸਭਾ ਦੇ ਕੰਮ ਦੇ ਸੰਬੰਧ ਵਿੱਚ ਉਹ ਗਯਾ ਵਿੱਚ ਆਏ ਸਨ, ਜਦ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਗਯਾ, ਰਾਜਨਪੁਰ (ਡੇਰਾ ਗਾਜ਼ੀ ਖਾਂ), ਦੇਵਲੀ ਅਤੇ ਗੁਜਰਾਤ ਦੀਆਂ ਜੇਲ੍ਹਾਂ ਵਿੱਚ ਨਜ਼ਰਬੰਦ ਕੀਤਾ ਗਿਆ। 1930 ਵਿੱਚੋਂ ਜਦੋਂ ਉਹ ਜੇਲ੍ਹ ਤੋਂ ਛੁੱਟੇ ਸਨ ਉਦੋਂ ਤੋਂ ਹੀ ਬਾਬੇ ਨੇ ਲੋਕਾਂ ਵਿੱਚ ਰਾਜਨੀਤਿਕ ਚੇਤਨਾ ਦਾ ਕੰਮ ਕਰਦੇ ਹੋਏ ਵੀ ਆਪਣੇ ਅਧਿਐਨ ਨੂੰ ਜਾਰੀ ਰੱਖਿਆ ਅਤੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਮਾਰਕਸਵਾਦੀ ਬਣ ਗਿਆ ਅਤੇ ਦੇਵਲੀ ਵਿੱਚ ਤਾਂ ਜਿਸ ਤਰ੍ਹਾਂ ਇਹ 72 ਸਾਲ ਦਾ ਬੁੱਢਾ ਕਲਾਸਾਂ ਅਤੇ ਕਿਤਾਬਾਂ ਵਿੱਚ ਰੁੱਝਿਆ ਰਹਿੰਦਾ, ਉਸ ਨੂੰ ਵੇਖ ਕੇ ਤਾਂ ਨੌਜਵਾਨਾਂ ਨੂੰ ਵੀ ਸ਼ਰਮ ਆ ਜਾਂਦੀ।

1913 ਵਿੱਚ ਬਾਬੇ ਨੇ ਆਪਣੇ ਜੀਵਨ ਨੂੰ ਦੇਸ਼ ਦੇ ਲਈ ਅਰਪਣ ਕੀਤਾ ਉਸੇ ਸਮੇਂ ਤੋਂ ਉਨ੍ਹਾਂ ਦੇ ਉਨ੍ਹਾਂ ਦੇ ਸਰੀਰ ਦਾ ਰੋਮ-ਰੋਮ ਅਤੇ ਉਨ੍ਹਾਂ ਦੇ ਜੀਵਨ ਦਾ ਇੱਕ-ਇੱਕ ਪਲ ਦੇਸ਼ ਦਾ ਬਣ ਗਿਆ। ਦੇਸ਼ ਹਾਲੇ ਨਵੀਂ ਅਤੇ ਲੰਮੀ ਜਵਾਨੀ ਵਾਲੀ ਰਾਹ 'ਤੇ ਹੈ, ਇਸ ਲਈ ਬਾਬਾ ਵੀ ਆਪਣੇ ਅੰਦਰ ਹਾਲੇ ਉਸੇ ਭਾਵਨਾ ਨੂੰ ਮਹਿਸੂਸ ਕਰਦਾ ਹੈ। ਜੁਲਾਈ 1942 ਵਿੱਚ ਹੀ ਬਹੁਤ ਸਾਰੇ ਕਮਿਊਨਿਸਟ ਛੱਡ ਦਿੱਤੇ ਗਏ, ਪਰ ਬਾਬਾ ਗੁਰਮੁੱਖ ਸਿੰਘ, ਬਾਬਾ ਸੁੱਚਾ ਸਿੰਘ, ਬਾਬਾ ਕੇਸਰ ਸਿੰਘ, ਬਾਬਾ ਰੂੜ ਸਿੰਘ ਜਿਵੇਂ 70 ਸਾਲਾਂ ਨੂੰ ਹੁਣ (ਨਵੰਬਰ 1943 ਵਿੱਚ) ਵੀ ਜੇਲ੍ਹ ਵਿੱਚ ਬੰਦ ਰੱਖਣ ਵਾਲੀ ਪੰਜਾਬ ਸਰਕਾਰ ਬਾਬਾ ਸੋਹਣ ਸਿੰਘ ਨੂੰ ਜੇਲ੍ਹ ਤੋਂ ਰਿਹਾਅ ਕਰਨ ਦੇ ਲਈ ਤਿਆਰ ਨਹੀਂ ਸੀ; ਪਰ ਮਾਰਚ 1943 ਵਿੱਚ ਬਾਬੇ ਦੇ ਹੀ ਜਨਮ ਸਥਾਨ (ਆਪਣੇ ਪਿੰਡ) ਵਿੱਚ ਸਰਬ ਭਾਰਤੀ ਕਿਸਾਨ ਸੰਮੇਲਨ ਹੋ ਰਿਹਾ ਸੀ। ਪੰਜਾਬ ਸਰਕਾਰ ਮਜਬੂਰ ਹੋਈ ਅਤੇ ਪਹਿਲੀ ਮਾਰਚ (1943) ਨੂੰ ਬਾਬਾ ਸੋਹਣ ਸਿੰਘ ਜੇਲ੍ਹ ਤੋਂ ਰਿਹਾ ਹੋ ਕੇ ਬਾਹਰ ਆਏ।

ਅੱਜ ਵੀ ਬਾਬਾ ਸੋਹਣ ਸਿੰਘ ਦੀ ਉਹੀ ਧੁਨ ਹੈ।

**- ਅਨੁਵਾਦ : ਪਵਨ ਟਿੱਬਾ**

## ਬੀਬੀ ਲੂੰਬਾ ਦੇ ਪਰਵਾਰ ਵੱਲੋਂ ਹਰਚੰਦਪੁਰਾ ਬੰਨ੍ਹ ਲਈ ਕਿਸਾਨਾਂ ਦੀ ਮਾਲੀ ਮਦਦ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂ ਕਰਨ ਸਿੰਘ ਮੋਹਾਲੀ ਤੋਂ ਹਲਕਾ ਸ਼ੁਤਰਾਣਾ ਦੀ ਸਾਬਕਾ ਵਿਧਾਇਕ ਬੀਬੀ ਵਨਿੰਦਰ ਕੌਰ ਲੂੰਬਾ ਦੇ ਪਰਵਾਰ ਵੱਲੋਂ ਹਲਕਾ ਸ਼ੁਤਰਾਣਾ ਅੰਦਰ ਘੱਗਰ ਦਰਿਆ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਬਾਦਸ਼ਾਹਪੁਰ ਇਲਾਕੇ ਦੇ ਪਿੰਡ ਹਰਚੰਦਪੁਰਾ ਵਿਖੇ ਬੰਨ੍ਹ ਨੂੰ ਮਜ਼ਬੂਤ ਕਰਨ ਲਈ 50 ਹਜ਼ਾਰ ਰੁਪਏ ਨਕਦ ਅਤੇ 500 ਲੀਟਰ ਡੀਜ਼ਲ ਦੇ ਕੇ ਕਿਸਾਨਾਂ ਦੀ ਸਹਾਇਤਾ ਕੀਤੀ ਗਈ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਟੀਓ ਕਰਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਘੱਗਰ ਦਰਿਆ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਉਸ ਦੀ ਸਫ਼ਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਿਸ ਕਾਰਨ ਅੱਜ ਹਲਕਾ ਸ਼ੁਤਰਾਣਾ ਦੇ ਪਿੰਡਾਂ ਅੰਦਰ ਹੜ੍ਹਾਂ ਵਾਲੀ ਸਥਿਤੀ ਬਣੀ ਹੋਈ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਤਨੀ ਬੀਬੀ ਵਨਿੰਦਰ ਕੌਰ ਲੂੰਬਾ ਵੱਲੋਂ ਹਲਕਾ ਸ਼ੁਤਰਾਣਾ ਦੀ ਵਿਧਾਇਕ ਰਹਿੰਦਿਆਂ ਬਰਸਾਤਾਂ ਤੋਂ ਪਹਿਲਾਂ ਹੀ ਘੱਗਰ ਦਰਿਆ ਦੇ ਬੰਨ੍ਹ ਨੂੰ ਮਜ਼ਬੂਤ ਕਰਨ ਵਾਸਤੇ ਕੰਮ ਕਰਵਾਏ ਜਾਂਦੇ ਸਨ ਅਤੇ ਘੱਗਰ ਦਰਿਆ ਦੀ ਸਫ਼ਾਈ ਕਰਵਾਈ ਜਾਂਦੀ ਸੀ।ਉਨ੍ਹਾਂ ਕਿਹਾ ਕਿ ਘੱਗਰ ਦਰਿਆ ਤੋਂ ਪ੍ਰਭਾਵਤ ਇਲਾਕੇ ਦੇ ਲੋਕਾਂ ਲਈ ਉਹ ਹਰ ਸੰਭਵ ਸਹਾਇਤਾ ਕਰਨਗੇ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਅੰਦਰ ਹੜ੍ਹ ਪ੍ਰਭਾਵਤ ਇਲਾਕੇ ਲਈ ਦਿੱਤਾ ਗਿਆ ਵਿਸ਼ੇਸ਼ ਪੈਕੇਜ ਬਹੁਤ ਘੱਟ ਹੈ, ਕਿਉਂਕਿ ਪੰਜਾਬ ਦੇ ਹੜ੍ਹ ਪ੍ਰਭਾਵਤ ਪਿੰਡਾਂ ਅੰਦਰ ਲੋਕਾਂ ਦਾ ਬਹੁਤ ਵੱਡੀ ਪੱਧਰ ਉਤੇ ਨੁਕਸਾਨ ਹੋਇਆ ਹੈ, ਜਿਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਲਈ ਹੋਰ ਪੈਕੇਜ ਭੇਜਣ।

## ਮੋਬਾਇਲ ਹਸਪਤਾਲ ਵੈਨ ਦੀ ਮਦਦ ਨਾਲ ਲਾਏ ਜਾ ਰਹੇ ਮੁਫ਼ਤ ਮੈਡੀਕਲ ਕੈਂਪ : ਜਨਾਲੀਆ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਬੱਤੀ)**-ਸੰਤ ਸ਼ਿਰੋਮਣੀ ਇੱਛਾਪੂਰਤੀ ਸ੍ਰੀ ਬਾਬਾ ਜੀ ਚੈਰੀਟੇਬਲ ਟਰੱਸਟ ਵੱਲੋਂ ਨੈਸ਼ਨਲ ਹਾਈਡਰੋ ਪਾਵਰ ਕਾਰਪੋਰੇਸ਼ਨ, ਬਿਜਲੀ ਵਿਭਾਗ ਵੱਲੋਂ ਮੋਬਾਇਲ ਹਸਪਤਾਲ ਵੈਨ ਦੀ ਮਦਦ ਨਾਲ ਮੁਫ਼ਤ ਮੈਡੀਕਲ ਕੈਂਪ ਲਾਏ ਜਾ ਰਹੇ ਹਨ।ਸ੍ਰੀ ਬਾਬਾ ਜੀ ਟਰੱਸਟ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਮੋਬਾਇਲ ਹਸਪਤਾਲ ਵੈਨ ਦੀ ਮਦਦ ਨਾਲ ਵੱਖ-ਵੱਖ ਥਾਂਵਾਂ 'ਤੇ ਮੁਫ਼ਤ ਮੈਡੀਕਲ ਜਾਂਚ ਕੈਂਪ ਲਾਏ ਜਾ ਰਹੇ ਹਨ।ਇਸ ਲੜੀ ਦੇ ਤਹਿਤ ਉਨ੍ਹਾਂ ਨੇ ਰਾਮਪੁਰਾ ਗੁਜਰਾਂ, ਮੂਨਕ ਘੱਗਰ ਤੇ ਜਾਖਲ ਦੀਆਂ ਝੁੱਗੀਆਂ-ਝੌਂਪੜੀਆਂ ਵਿੱਚ 83ਵਾਂ ਮੁਫ਼ਤ ਮੈਡੀਕਲ ਜਾਂਚ ਕੈਂਪ ਲਾਇਆ।ਕੈਂਪ ਸਮਾਜ ਸੇਵਾ ਨੂੰ ਸਮਰਪਤ ਡਾਕਟਰ ਪ੍ਰਭਜੋਤ ਸਿੰਘ ਢਿੱਲੋਂ ਦੀ ਦੇਖ-ਰੇਖ ਵਿੱਚ ਲਗਾਇਆ ਗਿਆ। ਡਾਕਟਰ ਢਿੱਲੋਂ ਨੇ ਡੇਂਗੂ ਦੇ ਕਹਿਰ ਤੋਂ ਬਚਣ ਲਈ ਕੁਝ ਸਾਵਧਾਨੀਆਂ ਦੱਸੀਆਂ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮੱਛਰਾਂ ਤੋਂ ਬਚਾਅ ਲਈ ਨਿੱਕਰ ਪਾਉਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਪਾਣੀ ਨੂੰ ਉਬਾਲ ਕੇ ਪੀਣਾ ਚਾਹੀਦਾ ਹੈ ਤੇ ਆਪਣੇ ਆਲੇ-ਦੁਆਲੇ ਪਾਣੀ ਜਮ੍ਹਾਂ ਨਹੀਂ ਹੋਣ ਦੇਣਾ ਚਾਹੀਦਾ, ਕਿਉਂਕਿ ਇਹ ਡੇਂਗੂ ਦਾ ਕਾਰਨ ਬਣਦਾ ਹੈ।

## ਅਰਾਈਂਮਾਜਰਾ ਪੰਜਾਬ ਐੱਸ ਸੀ ਭਾਈਚਾਰੇ ਦੇ ਕੋਆਰਡੀਨੇਟਰ ਨਿਯੁਕਤ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕਾਂਗਰਸ ਦੇ ਸੀਨੀਅਰ ਆਗੂ ਨਛੱਤਰ ਸਿੰਘ ਅਰਾਈਂਮਾਜਰਾ ਹਲਕਾ ਸ਼ੁਤਰਾਣਾ 'ਚ ਲੋਕਾਂ ਨੂੰ ਕਾਂਗਰਸ ਨਾਲ ਜੋੜਨ ਵਿਚ ਅੱਗੇ ਵਧ ਰਹੇ ਹਨ ਤੇ ਹੁਣ ਅਰਾਈਂਮਾਜਰਾ ਨੂੰ ਕਾਂਗਰਸ ਹਾਈਕਮਾਂਡ ਪੰਜਾਬ ਵੱਲੋਂ ਐੱਸ ਸੀ ਭਾਈਚਾਰੇ ਦਾ ਕੋਆਰਡੀਨੇਟਰ ਨਿਯੁਕਤ ਕਰਕੇ ਵੱਡੀ ਜ਼ਿੰਮੇਵਾਰੀ ਸੌਂਪੀ ਹੈ, ਜਿਸ 'ਤੇ ਅਰਾਈਂਮਾਜਰਾ ਨੇ ਹਾਈਕਮਾਂਡ ਦਾ ਧੰਨਵਾਦ ਕੀਤਾ ਹੈ ਅਤੇ ਮਿਲੀ ਜ਼ਿੰਮੇਵਾਰੀ ਨੂੰ ਤਨ, ਮਨ ਨਾਲ ਨਿਭਾਉਣ ਦਾ ਵਾਅਦਾ ਵੀ ਕੀਤਾ ਹੈ।ਨਛੱਤਰ ਸਿੰਘ ਅਰਾਈਂਮਾਜਰਾ ਨੇ ਕਾਂਗਰਸ ਹਾਈਕਮਾਂਡ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ, ਡਾ. ਧਰਮਵੀਰ ਗਾਂਧੀ, ਕੈਪਟਨ ਸੰਦੀਪ ਸੰਧੂ ਤੇ ਕੁਲਦੀਪ ਵੈਦ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਐੱਸ ਸੀ ਭਾਈਚਾਰੇ ਦੇ ਕੁਆਰਡੀਨੇਟਰ ਦੀ ਮਿਲੀ ਜ਼ਿੰਮੇਵਾਰੀ ਨੂੰ ਪੂਰਨ ਤੌਰ 'ਤੇ ਨਿਭਾਉਣ ਦੀ ਕੋਸ਼ਿਸ਼ ਕਰਨਗੇ ਤੇ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਬਰੀਕੀ ਨਾਲ ਜਾਗਰੂਕ ਕਰਨਗੇ, ਕਿਉਂਕਿ ਪੰਜਾਬ ਦੀਆਂ ਅਕਾਲੀ-ਭਾਜਪਾ ਗਠਜੋੜ ਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੇ ਐਸ ਸੀ ਭਾਈਚਾਰੇ ਦੀਆਂ ਸਮੱਸਿਆਵਾਂ ਵੱਲ ਕਦੇ ਕੋਈ ਧਿਆਨ ਨਹੀਂ ਦਿੱਤਾ।ਕੇਵਲ ਵੋਟਾਂ ਵੇਲੇ ਲਾਰੇ ਹੀ ਲਾਉਂਦੇ ਆਏ ਹਨ ਤੇ ਜਿੱਤਣ ਮਗਰੋਂ ਕਦੇ ਵੀ ਐਸ ਸੀ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕੀਤਾ ਹੈ।ਉਨ੍ਹਾਂ ਪਾਰਟੀ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪੁੱਜਦਾ ਕਰਨਗੇ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਐਸ ਸੀ ਭਾਈਚਾਰੇ ਨੂੰ ਕਾਂਗਰਸ ਪਾਰਟੀ ਪ੍ਰਤੀ ਪਿੰਡਾਂ ਤੇ ਸ਼ਹਿਰਾਂ 'ਚ ਜਾ ਕੇ ਲਾਮਬੰਦ ਵੀ ਕਰਨਗੇ।

## 2.25 ਕਰੋੜ ਨਾਲ ਬਣਨ ਵਾਲੀਆਂ ਸੜਕਾਂ ਦੇ ਕੰਮ ਦੀ ਕੀਤੀ ਸ਼ੁਰੂਆਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅਲਵੇਲਾ, ਵਾਰਡ ਨੰਬਰ 1 ਵਿੱਚ ਕਰੀਬ 2.25 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਕੰਮ ਦੀ ਸ਼ੁਰੂਆਤ ਕਰਵਾਈ।ਉਨ੍ਹਾਂ ਨਾਲ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਵਾਰਡ ਨੰਬਰ ਇੱਕ ਦੇ ਕੌਂਸਲਰ ਸੋਨੀਆ ਦਾਸ, ਵਾਰਡ ਨੰਬਰ 59 ਦੇ ਇੰਚਾਰਜ ਵੀਰਪਾਲ ਕੌਰ ਚਹਿਲ ਤੇ ਨਿਗਰਾਨ ਇੰਜਨੀਅਰ ਰਜਿੰਦਰ ਚੋਪੜਾ ਵੀ ਮੌਜੂਦ ਸਨ।ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਟਿਆਲਾ ਦੇ ਸਰਬਪੱਖੀ ਵਿਕਾਸ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਉਹ ਹਰ ਤਰ੍ਹਾਂ ਦੇ ਲੋੜੀਂਦੇ ਉਪਰਾਲੇ ਕਰਦੇ ਹੋਏ ਲੋਕਾਂ ਦੀ ਸੇਵਾ 'ਚ ਹਾਜ਼ਰ ਹਨ।ਕੋਹਲੀ ਨੇ ਕਿਹਾ ਕਿ ਹਰ ਵਾਰਡ 'ਚ ਸੜਕਾਂ ਬਣਾਉਣ ਲਈ ਕੰਮ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਗਿਆ ਹੈ ਤੇ ਇਸ ਨੂੰ ਬਹੁਤ ਜਲਦੀ ਮੁਕੰਮਲ ਕਰ ਲਿਆ ਜਾਵੇਗਾ।ਉਨ੍ਹਾਂ ਕਿਹਾ ਕਿ ਪਟਿਆਲਾ ਵਾਸੀਆਂ ਨੂੰ ਨਹਿਰੀ ਪਾਣੀ ਦੀ ਸਪਲਾਈ ਦੇਣ ਲਈ ਪਾਈਪਾਂ ਪਾਉਣ ਦਾ ਕੰਮ ਵੀ ਬਹੁਤ ਜਲਦ ਮੁਕੰਮਲ ਕੀਤਾ ਜਾ ਰਿਹਾ ਹੈ ਤੇ ਉਮੀਦ ਹੈ ਕਿ ਅਗਲੇ ਸਾਲ ਦੇ ਮਾਰਚ ਮਹੀਨੇ ਵਿੱਚ ਲੋਕਾਂ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲ ਜਾਵੇਗੀ।

## ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਫੰਡ ਇਕੱਠਾ ਕੀਤਾ



**ਧੂਰੀ (ਮਨੋਹਰ ਸਿੰਘ ਸੱਗੂ)**-ਗੌਰਮਿੰਟ ਪੈਨਸ਼ਨਰਜ਼ ਵੈਲਫ਼ੇਅਰ ਐਸੋਸੀਏਸ਼ਨ ਰਜਿ: ਉਪ ਮੰਡਲ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਜੈ ਦੇਵ ਸ਼ਰਮਾ ਦੀ ਸਰਪ੍ਰਸਤੀ ਹੇਠ ਰਾਮ ਬਾਗ ਦੇ ਯੋਗਾ ਹਾਲ 'ਚ ਹੋਈ।ਮੀਟਿੰਗ 'ਚ ਜਨਰਲ ਸਕੱਤਰ ਜਸਵਿੰਦਰ ਸਿੰਘ ਮੂਲੋਵਾਲ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਮੁੱਖ ਸਰਪ੍ਰਸਤ ਹਰਦੇਵ ਸਿੰਘ ਜਵੰਧਾ ਵੱਲੋਂ ਹਾਜ਼ਰੀਨ ਨੂੰ ਹੜ੍ਹ ਪੀੜਤਾਂ ਦੀ ਮਦਦ ਲਈ ਸਹਾਇਤਾ ਫੰਡ 'ਚ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਕੀਤੀ ਗਈ ਅਪੀਲ 'ਤੇ ਪੈਨਸ਼ਨਰਜ਼ ਵੱਲੋਂ 21 ਹਜ਼ਾਰ ਰੁਪਏ ਹੜ੍ਹ ਪੀੜਤਾਂ ਲਈ ਇਕੱਤਰ ਕੀਤੇ ਗਏ।ਬੁਲਾਰਿਆਂ ਨੇ ਸਰਕਾਰ ਵੱਲੋਂ ਪੈਨਸ਼ਨਰਜ਼ ਨੂੰ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਗੱਲ ਨਾ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਮਾਣਯੋਗ ਉੱਚ ਅਦਾਲਤ ਵੱਲੋਂ ਪੈਨਸ਼ਨਰਜ਼ ਦੇ ਹੱਕ 'ਚ ਦਿੱਤੇ ਫੈਸਲੇ 2.59 ਫੈਕਟਰ ਲਾਗੂ ਕਰਕੇ ਬਕਾਏ ਦੇਣ ਤੇ 13 ਪ੍ਰਤੀਸ਼ਤ ਡੀ ਏ ਦਾ ਬਕਾਇਆ ਨਾ ਦੇਣ ਆਦਿ ਮੰਗਾਂ ਲਾਗੂ ਨਾ ਕਰਨ ਦੀ ਨਿਖੇਧੀ ਕਰਦਿਆਂ ਰੋਸ ਜ਼ਾਹਰ ਕੀਤਾ।ਮੀਟਿੰਗ ਦੌਰਾਨ ਸਤੰਬਰ ਮਹੀਨੇ ਜਨਮੇ ਜਥੇਬੰਦੀ ਦੇ ਚਾਰ ਮੈਂਬਰਾਂ ਦੇ ਜਨਮ ਦਿਨ ਮਨਾਉਂਦਿਆਂ ਤੋਹਫਿਆਂ ਨਾਲ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

## ਗੁਰਪ੍ਰੀਤ ਮਲੂਕਾ ਨੇ ਹੜ੍ਹ ਪ੍ਰਭਾਵਤ ਖੇਤਰਾਂ ਦਾ ਲਿਆ ਜਾਇਜ਼ਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪਿਛਲੇ ਦਿਨੀਂ ਹੋਈ ਬਾਰਿਸ਼ ਨਾਲ ਜਿਥੇ ਪੰਜਾਬ ਦੇ ਮਾਝੇ ਤੇ ਦੁਆਬੇ 'ਚ ਵੱਡਾ ਨੁਕਸਾਨ ਹੋਇਆ, ਉਥੇ ਹੀ ਮਾਲਵੇ 'ਚ ਵੀ ਕਈ ਪਿੰਡਾਂ 'ਚ ਭਾਰੀ ਨੁਕਸਾਨ ਹੋਇਆ ਰਾਮਪੁਰਾ, ਭਗਤਾ ਤੇ ਮੌੜ ਮੰਡੀ ਨਾਲ ਲੱਗਦੇ ਪਿੰਡਾਂ 'ਚ ਮੀਂਹ ਆਏ ਡਰੇਨ ਦਾ ਬੰਨ੍ਹ ਟੁੱਟਣ ਨਾਲ ਫ਼ਸਲਾਂ ਦੇ ਨੁਕਸਾਨ ਤੋਂ ਇਲਾਵਾ ਕਈ ਪਰਵਾਰਾਂ ਦੇ ਘਰਾਂ ਦਾ ਵੀ ਭਾਰੀ ਨੁਕਸਾਨ ਹੋਇਆ ਸੀ।ਭਾਜਪਾ ਦੇ ਬਠਿੰਡਾ ਜ਼ਿਲ੍ਹਾ ਦੇਹਾਤੀ ਪ੍ਰਧਾਨ ਗੁਰਪ੍ਰੀਤ ਸਿੰਘ ਮਲੂਕਾ ਨੇ ਤਰੁੰਤ ਮੌਕੇ 'ਤੇ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ ਸੀ। ਪਿੰਡ ਪਿੱਥੋ ਵਿਖੇ ਬੰਨ੍ਹ ਟੁੱਟਣ ਤੋਂ ਬਾਅਦ ਰਾਹਤ ਕਾਰਜ 'ਚ ਮਲੂਕਾ ਨੇ 400 ਲਿਟਰ ਡੀਜ਼ਲ ਤੇ 5100 ਰੁਪਏ ਲੰਗਰ ਲਈ ਸਹਿਯੋਗ ਕੀਤਾ। ਗੁਰਪ੍ਰੀਤ ਮਲੂਕਾ ਤੇ ਪਰਮਪਾਲ ਕੌਰ ਸਿੱਧੂ ਨੇ ਇਸ ਖਿੱਤੇ 'ਚ ਹੋਏ ਘਰਾਂ ਦੇ ਨੁਕਸਾਨ ਲਈ ਵੀ ਆਰਥਿਕ ਮੱਦਦ ਕੀਤੀ। ਬਠਿੰਡਾ ਦੇ ਭਾਜਪਾ ਦਫ਼ਤਰ 'ਚ ਤਕਰੀਬਨ ਇੱਕ ਦਰਜਨ ਤੋਂ ਵੱਧ ਪਰਵਾਰਾਂ ਨੂੰ ਰਾਹਤ ਰਾਸ਼ੀ ਸੌਂਪੀ ਗਈ। ਉਨ੍ਹਾਂ ਕਿਹਾ ਕਿ ਕੁੱਝ ਹੋਰ ਲੋੜਮੰਦ ਲੋਕਾਂ ਦੀ ਪਿੰਡਾਂ 'ਚ ਜਾ ਕੇ ਮੱਦਦ ਕੀਤੀ ਜਾਵੇਗੀ।ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਭਾਜਪਾ ਦੇ ਸੰਗਠਨ ਮੰਤਰੀ ਨਿਭਾਸਲੂ ਨੇ ਗੁਰਪ੍ਰੀਤ ਸਿੰਘ ਮਲੂਕਾ ਤੇ ਪਰਮਪਾਲ ਕੌਰ ਸਿੱਧੂ ਵੱਲੋਂ ਰਾਹਤ ਕਾਰਜਾਂ 'ਚ ਕੀਤੇ ਜਾ ਰਹੇ ਸਹਿਯੋਗ ਦੀ ਸ਼ਲਾਘਾ ਕੀਤੀ। ਪਿੰਡਾਂ 'ਚੋਂ ਟੀਮਾਂ ਬਣਾ ਕੇ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਸੇਵਾ ਕੀਤੀ ਜਾਵੇਗੀ।

# ਕਬਜ਼ਾ ਧਾਰਕਾਂ ਵੱਲੋਂ ਨਗਰ ਨਿਗਮ 'ਤੇ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਦੇ ਦੋਸ਼

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਨਗਰ ਨਿਗਮ ਵੱਲੋਂ ਜਿਹੜੀ ਕਰੋੜਾਂ ਰੁਪਏ ਦੀ ਥਾਂ ਦਾ ਕਬਜ਼ਾ ਲੈਣ ਦਾ ਦਾਅਵਾ ਕੀਤਾ ਗਿਆ ਸੀ, ਉਸ ਦੇ ਕਾਗ਼ਜ਼ਾਂ ਵਿੱਚ ਅਸਲੀ ਕਬਜ਼ਾਕਾਰ ਟਰੱਕ ਯੂਨੀਅਨ ਪੰਜਾਬ ਤੇ ਸੀਨੀਅਰ ਮੀਤ ਪ੍ਰਧਾਨ ਗੁਰਬਚਨ ਸਿੰਘ ਵਿਰਕ ਨੇ ਮੀਡੀਆ ਨੂੰ ਰਿਕਾਰਡ ਦਿਖਾਉਂਦੇ ਹੋਏ ਦਾਅਵਾ ਕੀਤਾ ਗਿਆ ਕਿ ਨਗਰ ਨਿਗਮ ਨੇ ਬਿਨਾਂ ਕਿਸੇ ਸੂਚਨਾ ਤੇ ਨਿਸ਼ਾਨਦੇਹੀ ਤੋਂ ਸਾਡੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ।ਉਨ੍ਹਾਂ ਦੱਸਿਆ ਕਿ ਇਸ ਜ਼ਮੀਨ 'ਤੇ ਮੇਰੇ ਪਿਤਾ ਟਹਿਲ ਸਿੰਘ ਦਾ ਸਾਲ 1974 ਤੋਂ ਕਬਜ਼ਾ ਚਲਿਆ ਆ ਰਿਹਾ ਹੈ ਤੇ ਮਾਲ ਵਿਭਾਗ ਵਿਚ ਇਸ ਦਾ ਬਕਾਇਦਾ ਰਿਕਾਰਡ ਤੇ ਗਿਰਦਾਵਰੀਆਂ ਤੱਕ ਵੀ ਉਨ੍ਹਾਂ ਕੋਲ ਮੌਜੂਦ ਹਨ।ਉਨ੍ਹਾਂ ਦੱਸਿਆ ਕਿ ਮੇਰੇ ਪਿਤਾ ਟਹਿਲ ਸਿੰਘ ਦੀ ਸਾਲ 1982 ਵਿੱਚ ਮੌਤ ਹੋ ਗਈ ਸੀ, ਉਸ ਤੋਂ ਬਾਅਦ ਜਿਹੜੀ ਜ਼ਮੀਨ ਦੀ ਨਗਰ ਨਿਗਮ ਵੱਲੋਂ ਗੱਲ ਕੀਤੀ ਜਾ ਰਹੀ ਹੈ, ਉਹ ਮਹਿਕਮਾ ਕਸਟੋਡੀਅਨ ਕੋਲ ਚਲੀ ਗਈ।ਇਸ ਤੋਂ ਬਾਅਦ ਨਗਰ ਨਿਗਮ ਇਸ 'ਤੇ ਆਪਣੀ ਮਲਕੀਅਤ ਦਾ ਦਾਅਵਾ ਕਿਸੇ ਤਰ੍ਹਾਂ ਕਰ ਰਿਹਾ ਹੈ, ਇਸ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਹੈ।

ਪ੍ਰਧਾਨ ਗੁਰਬਚਨ ਸਿੰਘ ਵਿਰਕ ਨੇ ਦੱਸਿਆ ਕਿ ਜੇਕਰ ਨਗਰ ਨਿਗਮ ਨੂੰ ਕਿਸੇ ਤਰ੍ਹਾਂ ਦਾ ਕੋਈ ਰਿਕਾਰਡ ਨੂੰ ਲੈ ਕੇ ਸ਼ੱਕ ਸੀ ਤਾਂ ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਇਸ ਮਾਮਲੇ ਵਿਚ ਸਾਨੂੰ ਨੋਟਿਸ ਦੇ ਕੇ ਸੂਚਿਤ ਕਰਦੇ ਤੇ ਰਿਕਾਰਡ ਦੀ ਸਬੰਧੀ ਕਾਰਵਾਈ ਸਾਨੂੰ ਸ਼ਾਮਲ ਕੀਤਾ ਜਾਂਦਾ, ਤਾਂ ਜੁ ਅਸੀਂ ਆਪਣਾ ਰਿਕਾਰਡ ਨਗਰ ਨਿਗਮ ਅਧਿਕਾਰੀਆਂ ਨੂੰ ਦਿਖਾ ਸਕਦੇ, ਪਰ ਨਗਰ ਨਿਗਮ ਵੱਲੋਂ ਅਜਿਹਾ ਕੁਝ ਵੀ ਨਾ ਕਰਕੇ ਇਕਦਮ ਪੁਲਸ ਫੋਰਸ ਨਾਲ ਆ ਕੇ ਸਾਡੀ ਜ਼ਮੀਨ 'ਤੇ ਨਗਰ ਨਿਗਮ ਦੀ ਮਲਕੀਅਤ ਦਾ ਬੋਰਡ ਲਾ ਦਿੱਤਾ।ਪ੍ਰਧਾਨ ਵਿਰਕ ਨੇ ਕਿਹਾ ਕਿ ਉਹ ਹੁਣ ਵੀ ਇਸ ਸਬੰਧੀ ਮਾਲ ਵਿਭਾਗ ਦਾ ਸਾਰਾ ਰਿਕਾਰਡ ਦਿਖਾਉਣ ਨੂੰ ਤਿਆਰ ਹਨ ਤੇ ਨਗਰ ਨਿਗਮ ਨੂੰ ਚਾਹੀਦਾ ਹੈ ਕਿ ਉਹ ਮਾਲ ਵਿਭਾਗ ਦੇ ਰਿਕਾਰਡ ਮੁਤਾਬਕ ਕਾਰਵਾਈ ਕਰਨ, ਨਾ ਕਿ ਆਪਣੀ ਮਰਜ਼ੀ ਨਾਲ, ਜਿੱਥੇ ਵੀ ਦੇਖਿਆ ਨਗਰ ਨਿਗਮ ਦੀ ਮਲਕੀਅਤ ਦਾ ਬੋਰਡ ਲਾਉਣ।

ਉਨ੍ਹਾ ਦੱਸਿਆ ਕਿ ਇਸ ਜ਼ਮੀਨ 'ਤੇ ਉਨ੍ਹਾਂ ਪਿਛਲੇ ਲਗਭਗ 50 ਸਾਲ ਤੋਂ ਰੈਗੂਲਰ ਕਬਜ਼ਾ ਚਲਿਆ ਆ ਰਿਹਾ ਹੈ, ਜਿਸ ਦੀਆਂ ਗਿਰਦਾਵਰੀਆਂ ਉਨ੍ਹਾਂ ਦੇ ਕੋਲ ਹਨ। ਇਸ ਦੇ ਬਾਵਜੂਦ ਨਗਰ ਨਿਗਮ ਸਾਡੀ ਥਾਂ 'ਤੇ ਨਜਾਇਜ਼ ਕਬਜ਼ਾ ਕਰਕੇ ਸਾਨੂੰ ਉਜਾੜਨਾ ਚਾਹੁੰਦੀ ਹੈ।

## ਪ੍ਰਧਾਨ ਮੰਤਰੀ ਦਾ ਹੜ੍ਹ ਪੀੜਤਾਂ ਦੀ ਮਦਦ ਪੰਜਾਬ ਹਿਤੈਸ਼ੀ ਹੋਣ ਦਾ ਸਬੂਤ : ਗੁਰਬਿੰਦਰ ਭਗਤਾ



**ਬਠਿੰਡਾ (ਰਾਜੀਵ ਗੋਇਲ)**-ਸੂਬੇ ਅੰਦਰ ਆਏ ਹੜ੍ਹਾਂ ਕਾਰਨ ਹੋਏ ਭਿਆਨਕ ਨੁਕਸਾਨ ਨੂੰ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦਾ ਦੌਰਾ ਕਰਕੇ ਜਿੱਥੇ ਇਸ ਘਟਨਾ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ, ਉੱਥੇ ਉਨ੍ਹਾਂ ਵੱਲੋਂ ਪੰਜਾਬ ਨੂੰ ਇਨ੍ਹਾਂ ਹੜ੍ਹ ਪੀੜਤਾਂ ਲਈ 1600 ਕਰੋੜ ਦੇ ਪੈਕੇਜ ਦਾ ਐਲਾਨ ਕਰਨਾ, ਪੰਜਾਬ ਹਿਤੈਸ਼ੀ ਹੋਣਾ ਸਿੱਧ ਕਰਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਭਾਜਪਾ ਆਗੂ ਗੁਰਬਿੰਦਰ ਸਿੰਘ ਸਿੱਧੂ ਸਾ. ਜ਼ਿਲ੍ਹਾ ਪ੍ਰਧਾਨ (ਬਠਿੰਡਾ ਦਿਹਾਤੀ) ਵੱਲੋਂ ਫੋਨ ਰਾਹੀਂ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦੇ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਿਵੇਂ ਇੱਕ ਪਿਉ ਲਈ ਆਪਣੇ ਸਾਰੇ ਧੀ-ਪੁੱਤ ਬਰਾਬਰ ਹੁੰਦੇਂ ਹਨ, ਉਸੇ ਤਰ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਲਈ ਸਾਰੇ ਸੂਬੇ ਬਰਾਬਰ ਹਨ, ਉਨ੍ਹਾਂ ਵੱਲੋਂ ਕਿਸੇ ਵੀ ਸੂਬੇ ਨਾਲ ਮਤਭੇਦ ਨਹੀਂ ਕੀਤਾ ਜਾਂਦਾ, ਸਗੋਂ ਸਿਰਫ ਵਿਰੋਧੀ ਸਿਆਸੀ ਲੀਡਰ ਇਸ ਬਾਬਤ ਭੰਡੀ ਪ੍ਰਚਾਰ ਕਰਦੇ ਹਨ। ਉਨ੍ਹਾਂ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਦਾ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਬਾਬਤ ਐਲਾਨੀ ਰਾਸ਼ੀ ਸੰਬੰਧੀ ਧੰਨਵਾਦ ਕੀਤਾ ਗਿਆ ਹੈ।

## ਜਸਵੀਰ ਸਿੰਘ ਜੱਸੂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ



**ਬਰੇਟਾ (ਰੀਤਵਾਲ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਜਸਵੀਰ ਸਿੰਘ ਜੱਸੂ ਕੁਲਰੀਆਂ ਨੂੰ ਸਰਕਲ ਕੁਲਰੀਆਂ ਦਾ ਪ੍ਰਧਾਨ ਬਣਾਉਣ 'ਤੇ ਇਲਾਕੇ ਦੇ ਪਾਰਟੀ ਵਰਕਰਾਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ। ਨੌਜਵਾਨ ਜਸਵੀਰ ਸਿੰਘ ਨੇ ਸਰਕਲ ਪ੍ਰਧਾਨ ਬਣਨ 'ਤੇ ਪਾਰਟੀ ਦੀ ਸੂਬਾਈ ਤੇ ਜ਼ਿਲ੍ਹਾ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ੁੰਮੇਵਾਰੀ ਨੂੰ ਪੂਰੀ ਮਿਹਨਤ, ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ।ਉਨ੍ਹਾਂ ਵੱਲੋਂ ਇਸ ਨਿਯੁਕਤੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਸਮੇਤ ਸਮੁੱਚੀ ਅਕਾਲੀ ਦਲ ਦੀ ਹਾਈਕਮਾਂਡ ਦਾ ਧੰਨਵਾਦ ਕੀਤਾ ਹੈ।

ਇਸ ਮੌਕੇ ਗੱਗੀ ਕੁਲਰੀਆਂ, ਹਰਜਿੰਦਰ ਸਿੰਘ ਕੁਲਰੀਆਂ, ਸੁਖਜਿੰਦਰ ਸਿੰਘ ਕੁਲਰੀਆਂ, ਪਰਮਜੀਤ ਸਿੰਘ ਗੋਰਖਨਾਥ, ਕੁਲਦੀਪ ਸਿੰਘ ਕਾਹਨਗੜ੍ਹ, ਕੁਲਵੀਰ ਸਿੰਘ ਸਰਪੰਚ ਜਗਲਾਣ, ਹਰਬੰਸ ਸਿੰਘ ਭਾਵਾ, ਅਮਰੀਕ ਸਿੰਘ ਭਾਵਾ, ਰਣਜੀਤ ਸਿੰਘ ਕੁਲਰੀਆਂ, ਬਿੰਦਰ ਸਿੰਘ ਮੰਡੇਰ, ਕਾਲਾ ਸਿੰਘ ਕੁਲਰੀਆਂ ਤੇ ਸਮੂਹ ਜਥੇਬੰਦੀ ਸਰਕਲ ਕੁਲਰੀਆਂ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮੁੜ ਪੰਜਾਬ ਦੇ 'ਪੁੱਤ' ਬਣ ਕੇ ਖੜ੍ਹ ਗਏ : ਅਕਾਲੀ ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਹੈ, ਜੋ ਪੰਜਾਬੀਆਂ ਦੇ 'ਖੂਨ-ਪਸੀਨੇ' ਵਿੱਚੋਂ ਉਪਜੀ ਹੈ।ਭਾਵੇਂ 2014 ਮਗਰੋਂ ਸ਼੍ਰੋਮਣੀ ਅਕਾਲੀ ਦਲ 'ਹੌਲੀ- ਹੌਲੀ' ਪੰਜਾਬ ਦੀ ਸਿਆਸੀ ਧਰਾਤਲ ਤੇ ਗਿਰਾਵਟ ਵੱਲ ਵੀ ਗਿਆ, ਪ੍ਰੰਤੂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਮੇਸ਼ਾ ਹੀ ਪੰਜਾਬੀਆਂ ਨਾਲ ਅਡੋਲ ਖੜ੍ਹੇ ਰਹਿਣ ਦਾ ਪ੍ਰਣ ਲਿਆ। ਇੱਥੇ ਹੀ ਬੱਸ ਨਹੀਂ ਉਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਰਬ ਉੱਚ ਮੰਨਦਿਆਂ ਸਾਰੀਆਂ ਅਣਜਾਣੇ ਵਿੱਚ ਹੋਈਆਂ ਭੁੱਲਾਂ ਵੀ ਆਪਣੇ ਸਿਰ ਪਵਾ ਲਈਆਂ।ਦੇਸ਼ ਭਰ ਵਿੱਚ ਭਾਜਪਾ ਦੇ ਸਭ ਤੋਂ ਪੁਰਾਣੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲਿਆਂਦੇ ਗਏ ਤਿੰਨ ਖ਼ੇਤੀ ਕਾਨੂੰਨਾਂ ਦਾ ਤਿੱਖਾ ਵਿਰੋਧ ਹੀ ਨਹੀਂ ਕੀਤਾ, ਸਗੋਂ ਜਦੋਂ ਇਹ ਕਾਨੂੰਨ ਵਾਪਸ ਲੈਣ ਲਈ ਭਾਜਪਾ ਨੇ ਹਾਮੀ ਨਾ ਭਰੀ ਤਾਂ ਆਖਰਕਾਰ 27 ਸਤੰਬਰ 2020 ਨੂੰ ਦੇਸ਼ ਦੀ ਸੰਸਦ ਵਿੱਚ ਚਲਦੇ ਅਜਲਾਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜੋਂ ਉਸ ਵੇਲੇ ਫਿਰੋਜ਼ਪੁਰ ਤੋਂ ਸੰਸਦ ਮੈਂਬਰ ਸਨ, ਉਨ੍ਹਾਂ ਤੇ ਉਨ੍ਹਾਂ ਦੀ ਧਰਮਪਤਨੀ ਬੀਬੀ ਹਰਸਿਮਰਤ ਕੌਰ ਬਾਦਲ ਸੰਸਦ ਮੈਂਬਰ ਬਠਿੰਡਾ, ਜੋ ਉਸ ਸਮੇਂ ਕੇਂਦਰ ਵਿੱਚ ਵਜ਼ੀਰ ਸਨ, ਨੇ ਅਸਤੀਫ਼ਾ ਦੇ ਦਿੱਤਾ ਅਤੇ ਪੰਜਾਬ ਨਾਲ ਖੜ੍ਹੇ ਹੋਣ ਦਾ ਪ੍ਰਣ ਲਿਆ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਬਚਿੱਤਰ ਸਿੰਘ ਕਾਲੇਕੇ, ਸੀਨੀਅਰ ਆਗੂ ਤਰਲੋਚਨ ਸਿੰਘ ਕਾਲੇਕੇ ਤੇ ਹਰਜਿੰਦਰ ਸਿੰਘ ਕੈਨੇਡਾ ਨੇ ਕਰਦਿਆਂ ਆਖਿਆ ਕਿ ਹੁਣ ਜਦੋਂ ਪੰਜਾਬ ਵਿੱਚ ਮੁੜ ਹੜ੍ਹ ਦੀ ਮਾਰ ਹੇਠ ਸੂਬੇ ਦੇ ਕਈ ਜ਼ਿਲ੍ਹੇ ਆ ਗਏ ਹਨ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮੁੜ ਪੰਜਾਬ ਦੇ 'ਪੁੱਤ' ਬਣ ਕੇ ਖੜ੍ਹ ਗਏ ਹਨ।ਉਨ੍ਹਾਂ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਚੁੱਕੇ ਜਾ ਰਹੇ ਕਦਮਾਂ ਨੇ ਜਿੱਥੇ ਪੰਜਾਬੀਆਂ ਨੂੰ ਕਾਇਲ ਕੀਤਾ ਹੈ, ਉੱਥੇ ਹੀ ਉਨ੍ਹਾਂ ਐਲਾਨ ਕੀਤਾ ਹੈ ਕਿ ਉਹ ਹੜ੍ਹ ਮਾਰੇ ਲੋਕਾਂ ਦੀ ਜ਼ਿੰਦਗੀ ਪਟੜੀ 'ਤੇ ਲਿਆਉਣ ਤੱਕ ਹਰ ਸੰਭਵ ਸਹਾਇਤਾ ਕਰਨਗੇ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੂਹ ਪਾਰਟੀ ਆਗੂ ਪੰਜਾਬੀਆਂ ਨਾਲ ਹਿੱਕ ਡਾਹ ਕੇ ਖੜ੍ਹੇ ਹਨ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬੀਆਂ ਦੀ ਜ਼ਿੰਦਗੀ ਪਟੜੀ 'ਤੇ ਲਿਆਉਣ ਤੱਕ ਹਰ ਸੰਭਵ ਮਦਦ ਕਰੇਗਾ।

# ਹੜ੍ਹ ਪੀੜਤਾਂ ਲਈ ਗੁਰਦੁਆਰਾ ਪ੍ਰਬੰਧਕਾਂ ਨੂੰ ਸੌਂਪੀ 51 ਹਜ਼ਾਰ ਦੀ ਸਹਾਇਤਾ

■ ਗੁਜਰਾਤ ਤੋਂ ਆਏ ਜਾਵੇਦ ਖਾਨ ਨੇ ਹੜ੍ਹ ਪੀੜਤਾਂ ਲਈ ਕੀਤੀ ਮਦਦ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਦੀ ਮਾਰ ਹੇਠ ਆਏ ਪ੍ਰਭਾਵਤ ਇਲਾਕਿਆਂ ਵਿੱਚ ਜਿੱਥੇ ਲੋੜਵੰਦਾਂ ਦੀ ਮਦਦ ਕੀਤੀ ਜਾ ਰਹੀ ਹੈ, ਉਥੇ ਹੀ ਵੱਖ ਵੱਖ ਸਿੱਖ ਸੰਸਥਾਵਾਂ, ਜਥੇਬੰਦੀਆਂ ਤੇ ਭਾਈਚਾਰੇ ਦੇ ਲੋਕਾਂ ਵੱਲੋਂ ਅੱਗੇ ਆ ਕੇ ਆਪਣਾ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ, ਜਿਸ ਤਹਿਤ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਪ੍ਰਬੰਧਕਾਂ ਨੂੰ ਗੁਜਰਾਤ ਤੋਂ ਆਏ ਇੱਕ ਪਰਵਾਰ ਵੱਲੋਂ 51,000 ਰੁਪਏ ਦੀ ਨਗਦ ਸਹਾਇਤਾ ਰਾਸ਼ੀ ਹੜ੍ਹ ਪੀੜਤਾਂ ਲਈ ਦਿੱਤੀ ਗਈ ਹੈ।ਇਸ ਸਬੰਧੀ ਜਾਣਕਾਰੀ ਮੈਨੇਜਰ ਭਾਗ ਸਿੰਘ ਨੇ ਸਾਂਝੀ ਕਰਦਿਆਂ ਦੱਸਿਆ ਕਿ ਗੁਰੂ ਘਰ ਨਾਲ ਵੱਡੀ ਆਸਥਾ ਰੱਖਣ ਵਾਲੇ ਜਾਵੇਦ ਖਾਨ ਸਰਪੰਚ ਪਿੰਡ ਡਾਂਗੀਆਂ, ਜੋ ਜ਼ਿਲ੍ਹਾ ਬਨਾਸ ਕਾਂਠਾ ਗੁਜਰਾਤ ਦੇ ਰਹਿਣ ਵਾਲੇ ਪਰਵਾਰ ਨੇ ਹੜ੍ਹ ਪੀੜਤਾਂ ਲਈ 51,000 ਰੁਪਏ ਦੀ ਨਗਦ ਰਾਸ਼ੀ ਸੌਂਪੀ ਹੈ।ਇਸ ਦੌਰਾਨ ਜਾਵੇਦ ਖਾਨ ਨੇ ਦੱਸਿਆ ਕਿ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਲੋਕ ਮੁਸੀਬਤਾਂ ਵਿੱਚ ਹਨ ਤੇ ਇਸ ਦੌਰਾਨ ਉਹ ਗੁਰੂ ਘਰ ਪੁੱਜੇ ਸਨ ਅਤੇ ਸਾਡੇ ਪਰਿਵਾਰ ਦੀ ਸ਼ਰਧਾ ਸੀ ਕਿ ਅਸੀਂ ਵੀ ਹੜ੍ਹ ਵਿੱਚ ਫਸੇ ਲੋਕਾਂ ਤੱਕ ਸਹਾਇਤਾ ਪਹੁੰਚਾ ਸਕੀਏ ਅਤੇ ਗੁਰੂ ਸਾਹਿਬ ਦੀ ਅਪਾਰ ਕਿਰਪਾ ਸਦਕਾ ਆਪਣੀ ਕਿਰਤ ਕਮਾਈ ਵਿੱਚੋਂ ਉਨ੍ਹਾਂ 51,000 ਰੁਪਏ ਦੀ ਨਗਦ ਰਾਸ਼ੀ ਹੜ੍ਹ ਪੀੜਤਾਂ ਲਈ ਪ੍ਰਬੰਧਕਾਂ ਨੂੰ ਸੌਂਪੀ ਹੈ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਜਸਵਿੰਦਰ ਸਿੰਘ, ਸਰਬਜੀਤ ਸੰਘ, ਸਤਿੰਦਰ ਸਿੰਘ ਬਾਜਵਾ, ਮਨਜੀਤ ਸਿੰਘ ਪਵਾਰ ਤੇ ਸਮੂਹ ਸਟਾਫ ਮੈਂਬਰ ਆਦਿ ਸ਼ਾਮਲ ਸਨ।

## ਕੁੱਸਾ ਵਿਖੇ ਸਾਲਾਨਾ ਜਾਗਰਣ 18 ਨੂੰ

**ਬੱਧਨੀ ਕਲਾਂ (ਲਵਲੀ ਮਾਛੀਕੇ)**-ਮਾਤਾ ਸਤੀ ਜੀ ਮੰਦਰ ਪਿੰਡ ਕੁੱਸਾ ਵਿਖੇ ਧੰਨ ਧੰਨ ਬਾਬਾ ਕੁੱਸਾ ਰਾਮ ਜੀ ਤੇ ਮਾਤਾ ਸਤੀ ਜੀ ਦੇ ਸਥਾਨਾਂ 'ਤੇ ਸਾਲਾਨਾ ਜਾਗਰਣ 18 ਸਤੰਬਰ 2025 ਨੂੰ ਬੜੀ ਸ਼ਰਧਾ ਤੇ ਚਾਵਾਂ ਨਾਲ ਕਰਵਾਇਆ ਜਾ ਰਿਹਾ ਹੈ।

ਇਸ ਵਿੱਚ ਇੰਟਰਨੈਸ਼ਨਲ ਕਵੀਸ਼ਰੀ ਜੱਥਾ ਸਵੇਰੇ 11 ਵਜੇ ਤੋਂ ਸ਼ਾਮ 3 ਵਜੇ ਤੱਕ ਕਵੀਸ਼ਰੀ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਤੋਂ ਇਲਾਵਾ ਰਾਤ ਨੂੰ ਮਹਾਂਮਾਈ ਦਾ ਗੁਣਗਾਨ ਡਾਕਟਰ ਜੋਸ਼ੀ ਬੱਧਨੀ ਕਲਾਂ ਨੀਲ ਕੰਠ ਮਹਾਂਦੇਵ ਭਜਨ ਮੰਡਲੀ ਆਪਣੀਆਂ ਭੇਟਾਂ ਨਾਲ ਸੰਗਤਾਂ ਨੂੰ ਨਿਹਾਲ ਕਰੇਗੀ।ਪ੍ਰੈੱਸ ਨੂੰ ਇਸ ਦੀ ਜਾਣਕਾਰੀ ਮੰਦਰ ਮਾਤਾ ਸਤੀ ਕਮੇਟੀ ਕੁੱਸਾ, ਜਾਗਰਣ ਕਮੇਟੀ ਨਿਹਾਲ ਸਿੰਘ ਵਾਲਾ, ਬੱਧਨੀ ਕਲਾਂ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ ਪਿੰਡ ਕੁੱਸਾ ਵੱਲੋਂ ਦਿੱਤੀ ਗਈ।

## ਸਰਾਂ ਇਮੀਗ੍ਰੇਸ਼ਨ ਨੇ ਲਵਾਇਆ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ



**ਬੱਧਨੀ ਕਲਾਂ (ਲਵਲੀ ਮਾਛੀਕੇ)**-ਸਰਾਂ ਇਮੀਗ੍ਰੇਸ਼ਨ, ਜੋ ਸਾਰੇ ਦੇਸ਼ਾਂ ਦੇ ਵੀਜ਼ੇ ਲਗਵਾਉਣ ਲਈ ਇੱਕ ਨਾਮਵਰ ਸੰਸਥਾ ਵਜੋਂ ਜਾਣੀ ਜਾਂਦੀ ਹੈ, ਨੇ ਜਸਪ੍ਰੀਤ ਕੌਰ ਪੁੱਤਰੀ ਜਸਵੰਤ ਸਿੰਘ ਵਾਸੀ ਮੋਗਾ ਦਾ ਆਸਟ੍ਰੇਲੀਆ ਦਾ ਸੱਟਡੀ ਵੀਜ਼ਾ ਲਗਵਾ ਕੇ ਉਨ੍ਹਾਂ ਦਾ ਆਸਟ੍ਰੇਲੀਆ ਵਿੱਚ ਪੜ੍ਹਾਈ ਕਰਨ ਦਾ ਸੁਪਨਾ ਸਾਕਾਰ ਕੀਤਾ ਹੈ।ਇਸ ਮੌਕੇ ਸੰਸਥਾ ਦੇ ਐੱਮ. ਡੀ. ਹਰਸਿਮਰਨਜੀਤ ਸਿੰਘ ਸਰਾਂ ਨੇ ਦੱਸਿਆ ਕਿ ਜਸਪ੍ਰੀਤ ਨਾਲ ਸੰਸਥਾ ਵੱਲੋਂ ਫੁੱਲ ਪੈਕੇਜ ਕੀਤਾ ਗਿਆ ਸੀ, ਜਿਸ ਦੇ ਚਲਦੇ ਪਰਵਾਰ ਨੂੰ ਕਿਸੇ ਤਰ੍ਹਾਂ ਪ੍ਰੇਸ਼ਾਨੀ ਨਹੀਂ ਆਈ ਅਤੇ ਸਾਰੀ ਪੇਮੈਂਟ ਵੀਜ਼ਾ ਲੱਗਣ ਤੋਂ ਬਾਅਦ ਲਈ ਗਈ।ਇਸ ਮੌਕੇ ਸੰਸਥਾ ਦੇ ਐੱਮ ਡੀ ਨੇ ਦੱਸਿਆ ਕਿ ਜ਼ਰੂਰਤਮੰਦ ਬੱਚਿਆਂ ਨੂੰ ਮੁਫਤ ਆਈਲੈਟਸ ਵੀ ਕਰਵਾਈ ਜਾਂਦੀ ਹੈ।ਇਸ ਮੌਕੇ ਜਸਪ੍ਰੀਤ ਕੌਰ ਤੇ ਉਨ੍ਹਾ ਦੇ ਪਰਵਾਰ ਨੇ ਸੰਸਥਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਪੰਜਾਬ ਸਰਕਾਰ 'ਤੇ ਵਰ੍ਹੇ ਹਰਿੰਦਰਪਾਲ ਹੈਰੀਮਾਨ, 1600 ਕਰੋੜ ਪੰਜਾਬ ਨਾਲ ਭੱਦਾ ਮਜ਼ਾਕ

**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਹਲਕਾ ਸਨੌਰ ਦੇ ਕਾਂਗਰਸ ਦੇ ਹਲਕਾ ਇੰਚਾਰਜ ਹਰਿੰਦਰਪਾਲ ਸਿੰਘ ਹੈਰੀਮਾਨ ਨੇ ਪੰਜਾਬ ਵਿੱਚ ਆਏ ਹੜ੍ਹਾਂ ਦੇ ਮੁੱਦੇ 'ਤੇ ਰਾਜ ਸਰਕਾਰ 'ਤੇ ਸਵਾਲ ਚੁੱਕਦੇ ਹੋਏ ਉਨ੍ਹਾਂ ਸਰਕਾਰ ਵੱਲੋਂ ਡਰੇਨਾਂ-ਨਾਲਿਆਂ ਆਦਿ ਦੀ ਸਫਾਈ ਲਈ ਜਾਰੀ ਕੀਤੇ ਗਏ 250 ਕਰੋੜ ਰੁਪਏ ਦਾ ਪੂਰਾ ਹਿਸਾਬ ਮੰਗਿਆ।ਉਨ੍ਹਾਂ ਦਾ ਕਹਿਣਾ ਸੀ ਕਿ ਇਹ ਰਕਮ ਨਾਲ ਜੇਕਰ ਪਾਰਦਰਸ਼ੀ ਢੰਗ ਨਾਲ ਸਫ਼ਾਈ ਲਈ ਲੋਕਾਂ ਦੇ ਹਿੱਤ ਵਿੱਚ ਵਰਤੀ ਜਾਂਦੀ ਤਾਂ ਹੜ੍ਹਾਂ ਕਾਰਨ ਹੋਈ ਤਬਾਹੀ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਸੀ।ਹੈਰੀ ਮਾਨ ਨੇ ਕੇਵਲ ਪੰਜਾਬ ਸਰਕਾਰ ਹੀ ਨਹੀਂ, ਬਲਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ 'ਤੇ ਵੀ ਤਿੱਖੇ ਹਮਲੇ ਕੀਤੇ।ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਵਲੋਂ ਪੰਜਾਬ ਨਾਲ ਲਗਾਤਾਰ ਵਿਤਕਰਾ ਕੀਤਾ ਜਾ ਰਿਹਾ ਹੈ, ਖ਼ਾਸ ਕਰਕੇ ਉਸ ਤੋਂ ਬਾਅਦ ਜਦੋਂ ਪੰਜਾਬ ਦੇ ਕਿਸਾਨਾਂ ਨੇ ਖੇਤੀ ਕਾਨੂੰਨਾਂ ਖ਼ਿਲਾਫ ਉਨ੍ਹਾਂ ਖ਼ੁਲਾਸਾ ਕੀਤਾ ਕਿ ਕੇਂਦਰ ਸਰਕਾਰ ਨੇ ਪੰਜਾਬ ਦਾ ਵੱਡਾ ਹਿੱਸਾ ਬਕਾਇਆ ਰੋਕਿਆ ਹੋਇਆ ਹੈ। ਇਸ ਵਿਚ 8,000 ਕਰੋੜ ਰੂਰਲ ਡਿਵੈਲਪਮੈਂਟ ਫੰਡ ਸ਼ਾਮਲ ਹੈ, ਜਿਸ ਨਾਲ ਤਕਰੀਬਨ 9,000 ਕਿਲੋਮੀਟਰ ਸੜਕਾਂ ਦਾ ਨਿਰਮਾਣ ਕੀਤਾ ਜਾਣਾ ਸੀ।ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਹੇਠ ਮਿਲਣ ਵਾਲਾ 1,000 ਕਰੋੜ ਵੀ ਰੋਕਿਆ ਗਿਆ ਹੈ, ਜਿਸ ਵਿੱਚੋਂ ਕੇਂਦਰ ਨੇ 50,000 ਕਰੋੜ ਰੋਕ ਰੱਖੇ ਹਨ।ਉਨ੍ਹਾਂ ਕੇਂਦਰ ਸਰਕਾਰ ਤੋਂ ਤੁਰੰਤ ਕੁੱਲ 60,000 ਕਰੋੜ ਬਕਾਇਆ ਜਾਰੀ ਕਰਨ ਦੀ ਮੰਗ ਕੀਤੀ।ਹੈਰੀ ਮਾਨ ਨੇ ਕੇਂਦਰ ਵੱਲੋਂ ਹੜ੍ਹ ਰਾਹਤ ਲਈ ਜਾਰੀ ਕੀਤੇ ਗਏ 1,600 ਕਰੋੜ 'ਤੇ ਵੀ ਸਵਾਲ ਚੁੱਕਿਆ ਤੇ ਇਸ ਨੂੰ ਪੰਜਾਬੀਆਂ ਨਾਲ ਭੱਦਾ ਮਜ਼ਾਕ ਕਰਾਰ ਦਿੱਤਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹੜ੍ਹ ਰਾਹਤ ਕਾਰਜਾਂ ਲਈ 20 ਹਜ਼ਾਰ ਕਰੋੜ ਦੀ ਮੰਗ ਕੀਤੀ ਸੀ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੰਗ ਦਾ ਸਿਰਫ 8 ਫੀਸਦੀ (1600 ਕਰੋੜ ) ਜਾਰੀ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਜਦੋਂ ਸੂਬੇ ਨੂੰ ਹੜ੍ਹਾਂ ਕਾਰਨ ਵੱਡੀ ਤਬਾਹੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਸ ਵੇਲੇ ਇਹ ਰਕਮ ਬਿਲਕੁਲ ਨਾਕਾਫ਼ੀ ਹੈ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੂੰ ਪ੍ਰਦਾਨ ਮੰਤਰੀ ਦੁਆਰਾ ਦਰਸਾਏ, ਹੜ੍ਹ ਰਾਹਤ ਲਈ ਆਏ 12000 ਕਰੋੜ ਦੇ ਫੰਡ ਦੀ ਵਰਤੋਂ ਬਾਰੇ ਪਾਰਦਰਸ਼ੀ ਹਿਸਾਬ ਜਾਰੀ ਕਰਨਾ ਚਾਹੀਦਾ ਹੈ।

# ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਜ਼ਿਲ੍ਹਾ ਮਾਨਸਾ ਦੇ ਅਹੁਦੇਦਾਰਾਂ ਦੀ ਲਿਸਟ ਜਾਰੀ

■ ਜਥੇਬੰਦੀ ਦੀ ਮਜ਼ਬੂਤੀ ਲਈ ਹਰ ਘਰ ਤੱਕ ਪਾਰਟੀ ਦੀਆਂ ਨੀਤੀਆਂ ਪਹੁੰਚਾਵਾਂਗੇ : ਸੋਢੀ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਜ਼ਿਲ੍ਹਾ ਪੱਧਰੀ ਅਹੁਦੇਦਾਰਾਂ ਦੀ ਲਿਸਟ ਜਾਰੀ ਕਰਦਿਆਂ ਕਿਹਾ ਕਿ ਸੁਨਹਿਰੇ, ਗੌਰਵਮਈ, ਕੁਰਬਾਨੀਆਂ ਤੇ ਸੰਘਰਸ਼ਾਂ ਵਿੱਚੋਂ ਪੈਦਾ ਹੋਈ ਪੰਜਾਬੀਆਂ ਦੀ ਆਪਣੀ ਖੇਤਰੀ ਪਾਰਟੀ ਦੇ ਇਨ੍ਹਾਂ ਅਹੁਦੇਦਾਰਾਂ ਦੀ ਸੂਚੀ ਦਿਲਰਾਜ ਸਿੰਘ ਭੂੰਦੜ ਸਾਬਕਾ ਵਿਧਾਇਕ, ਪ੍ਰੇਮ ਕੁਮਾਰ ਅਰੋੜਾ ਹਲਕਾ ਇੰਚਾਰਜ ਮਾਨਸਾ, ਡਾਕਟਰ ਨਿਸ਼ਾਨ ਸਿੰਘ ਹਲਕਾ ਇੰਚਾਰਜ ਬੁਢਲਾਡਾ ਤੇ ਜ਼ਿਲ੍ਹੇ ਦੇ ਸੀਨੀਅਰ ਆਗੂਆਂ ਨਾਲ ਵਿਚਾਰ ਕਰਨ ਉਪਰੰਤ 4 ਸਰਪ੍ਰਸਤ, 4 ਸੀਨੀਅਰ ਮੀਤ ਪ੍ਰਧਾਨ, 32 ਮੀਤ ਪ੍ਰਧਾਨ, 21 ਜਨਰਲ ਸਕੱਤਰ, 36 ਜਥੇਬੰਦਕ ਸਕੱਤਰ, 27 ਮੈਂਬਰ ਵਰਕਿੰਗ ਕਮੇਟੀ, 1 ਪ੍ਰੈੱਸ ਸਕੱਤਰ ਤੇ 1 ਬੁਲਾਰੇ ਸਮੇਤ 126 ਮੈਂਬਰੀ ਜਥੇਬੰਦਕ ਢਾਂਚੇ ਦੀ ਪ੍ਰਵਾਨਗੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬੀਬਾ ਹਰਸਿਮਰਤ ਕੌਰ ਬਾਦਲ ਮੈਂਬਰ ਪਾਰਲੀਮੈਂਟ ਤੇ ਬਲਵਿੰਦਰ ਸਿੰਘ ਭੂੰਦੜ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਤੋਂ ਲਈ ਗਈ ਹੈ, ਜਿਸ ਵਿੱਚ ਜਥੇਦਾਰ ਚਮਕੌਰ ਸਿੰਘ, ਤਰਸੇਮ ਚੰਦ ਮਿੱਢਾ, ਕਾਲਾ ਸਿੰਘ ਆਰੇਵਾਲੇ ਤੇ ਬਲਜੀਤ ਸਿੰਘ ਸੇਠੀ ਸਰਪ੍ਰਸਤ, ਹਰਿੰਦਰ ਸਿੰਘ ਸਾਹਨੀ, ਜਗਜੀਤ ਸਿੰਘ ਸੰਧੂ, ਮਲਕੀਤ ਸਿੰਘ ਬਾਬੇ ਕਾ ਤੇ ਬਲਵੀਰ ਸਿੰਘ ਬੋਹਾ ਸੀਨੀਅਰ ਮੀਤ ਪ੍ਰਧਾਨ, ਹੰਸ ਰਾਜ ਅਹੂਜਾ, ਸੁਖਦੇਵ ਸਿੰਘ ਜੋਗਾ, ਅੰਮ੍ਰਿਤ ਪਾਲ ਤਿਵਾੜੀ, ਸੁਖਦੇਵ ਸਿੰਘ ਸਾਬਕਾ ਸਰਪੰਚ ਜੋਗਾ, ਹਰਮੀਤ ਸਿੰਘ, ਬਲਵਿੰਦਰ ਸਿੰਘ, ਦਿਲਰਾਜ ਸਿੰਘ, ਈਸ਼ਵਰ ਮਿੱਤਲ, ਕੁਲਜੀਤ ਸਿੰਘ, ਸਤਵੰਤ ਸਿੰਘ ਸੱਤਾ, ਗੁਰਜੰਟ ਸਿੰਘ ਐੱਮ ਸੀ, ਦਿਆ ਸਿੰਘ, ਹਰਜੀਤ ਸਿੰਘ ਧਾਲੀਵਾਲ, ਕਰਮਪ੍ਰੀਤ ਸਿੰਘ ਜੋਗਾ, ਵਿਜੈ ਕੁਮਾਰ ਸਾਬਕਾ ਐੱਮ ਸੀ, ਮਜੀਠਾ ਸਿੰਘ ਠੇਕੇਦਾਰ, ਗੋਪਾਲ ਦਾਸ ਪਾਲੀ, ਸੁਖਰਾਜ ਸਿੰਘ ਠੇਕੇਦਾਰ, ਪਵਿੱਤਰ ਸਿੰਘ ਨੋਨੀ, ਰਾਜਿੰਦਰ ਸਿੰਘ ਠੇਕੇਦਾਰ, ਗੁਰਦੇਵ ਸਿੰਘ ਜੋਗਾ, ਅਜੀਤ ਸਿੰਘ ਬੱਬੂ, ਮੇਜਰ ਸਿੰਘ ਗਿੱਲ, ਜੀਤ ਸਿੰਘ ਚਹਿਲ, ਹਰਿੰਦਰ ਸਿੰਘ ਢਿੱਲੋਂ, ਪੰਕਜ ਭੀਖੀ, ਨਾਇਬ ਸਿੰਘ, ਅਜਾਇਬ ਸਿੰਘ ਜੋਗਾ, ਜਸਵੀਰ ਸਿੰਘ ਜੱਸੀ, ਗੋਲੂ ਮਾਨਸਾ, ਗੁਰਮੇਲ ਸਿੰਘ ਮੋਹਰ ਤੇ ਅਜੀਤ ਸਿੰਘ ਧਾਲੀਵਾਲ ਮੀਤ ਪ੍ਰਧਾਨ, ਜਗਮੇਲ ਸਿੰਘ, ਗੁਰਵਿੰਦਰ ਸਿੰਘ, ਭੁਪਿੰਦਰ ਸਿੰਘ ਨੰਬਰਦਾਰ, ਗੁਰਮੀਤ ਬੱਤਰਾ, ਸ਼ੀਸ਼ਪਾਲ ਗੋਇਲ, ਕੇਸਰ ਸਿੰਘ, ਹਰਪਾਲ ਸਿੰਘ, ਗਿਤੇਸ਼ ਬਾਲੀ, ਬਲਦੇਵ ਸਿੰਘ ਮੰਗਾ, ਭੂਸ਼ਣ ਗਰਗ, ਗੁਰਦੀਪ ਸਿੰਘ ਸੇਖੋਂ, ਪ੍ਰਿਤਪਾਲ ਸ਼ਰਮਾ, ਸਤਪਾਲ ਬਾਂਸਲ, ਗੁਰਲਾਲ ਸਿੰਘ, ਰਾਮਪਾਲ ਭੀਖੀ, ਬਲਜੀਤ ਸਿੰਘ ਠੇਕੇਦਾਰ, ਜਗਰਾਜ ਸਿੰਘ ਪੇਂਟਰ, ਜਸਵੰਤ ਸਿੰਘ ਤੇ ਜਗਤਾਰ ਸਿੰਘ ਦਿਉਲ, ਰਾਧੇ ਸਿਆਮ ਗਰਗ ਤੇ ਕੇਵਲ ਕੁਮਾਰ ਜੈਨ ਜਨਰਲ ਸਕੱਤਰ, ਬੰਤਾ ਸਿੰਘ ਸਾਬਕਾ ਸਰਪੰਚ, ਨਰਿੰਦਰ ਮਿੱਤਲ, ਧਰਮਿੰਦਰ ਮਿੱਤਲ, ਰੁਤਾਸ਼ ਭੀਖੀ, ਗੁਰਮੀਤ ਸਿੰਘ ਬਿੰਦੀ, ਸਰਦੂਲ ਸਿੰਘ ਲਹੌਰੀਆ, ਵਿਜੈ ਕੁਮਾਰ ਅਰੋੜਾ, ਗੁਰਮੇਲ ਸਿੰਘ ਬਿੱਲੂ, ਬਲਵਿੰਦਰ ਨਾਗਪਾਲ, ਗੁਰਜੰਟ ਸਿੰਘ, ਅਮਰੀਕ ਸਿੰਘ ਭੋਲਾ, ਸੁਖਦੇਵ ਸਿੰਘ ਸਿੱਧੂ, ਅਵਤਾਰ ਸਿੰਘ ਤਾਰੀ, ਗੁਰਪਿਆਰ ਸਿੰਘ ਪਿਆਰੀ, ਰਾਜ ਕੁਮਾਰ ਗੁਪਤਾ, ਜਸਵੰਤ ਸਿੰਘ ਵਾਲੀਆ, ਸਤਪਾਲ ਸਿੰਘ, ਮਨੀਸ਼ ਹੈਪੀ, ਨਛੱਤਰ ਸਿੰਘ ਮਾਸਟਰ, ਸੁਖਪਾਲ ਸਿੰਘ, ਪ੍ਰਿੰਸ ਬਾਂਸਲ, ਇੰਦਰਜੀਤ ਸਿੰਘ ਜੀਤੀ, ਮੱਗਰ ਸਿੰਘ ਮਾਨਸਾ, ਰਵੀ ਅਰੋੜਾ, ਗੁਰਮੀਤ ਸਿੰਘ ਲਾਲੀ, ਬਲਵੀਰ ਸਿੰਘ ਸੋਢੀ, ਦੀਪੂ ਅਰੋੜਾ, ਰਿੰਪੀ ਐੱਮ ਸੀ, ਡਾਕਟਰ ਤਿਰਲੋਕ ਸਿੰਘ, ਹੈਪੀ ਅਰੋੜਾ, ਚਰਨਜੀਤ ਸਿੰਘ, ਗੁਰਚਰਨ ਸਿੰਘ ਐਡਵੋਕੇਟ, ਪ੍ਰੇਮ ਜਿੰਦਲ, ਵਿਨੋਦ ਸਿੰਗਲਾ, ਗੁਰਮੇਲ ਸਿੰਘ, ਨਾਜਰ ਸਿੰਘ ਤੇ ਹਰਦੀਪ ਸਿੰਘ ਜਥੇਬੰਦਕ ਸਕੱਤਰ, ਨਿਰੰਜਣ ਬੋਹਾ ਪ੍ਰੈੱਸ ਸਕੱਤਰ, ਰਘੁਬੀਰ ਸਿੰਘ ਮਾਨਸਾ ਬੁਲਾਰਾ, ਕੁਲਦੀਪ ਸਿੰਘ ਸੁਖਮਿੰਦਰ ਸਿੰਘ, ਗੁਰਮੀਤ ਸਿੰਘ, ਮਨੋਜ ਕੁਮਾਰ, ਰਾਜੇਸ਼ ਕੁਮਾਰ, ਜਤਿੰਦਰ ਗੋਇਲ, ਇੰਦਰ ਸਿੰਘ ਵਿਰਕ, ਰਣਜੀਤ ਸਿੰਘ ਅਨੇਜਾ, ਜਸਵਿੰਦਰ ਸਿੰਘ, ਗੁਰਦਿਆਲ ਸਿੰਘ, ਕੰਵਲ ਹੰਸ ਪਾਲ ਸਿੰਘ, ਗੁਰਪ੍ਰਕਾਸ ਸਿੰਘ, ਹਰਵਿੰਦਰ ਸਿੰਘ, ਜਰਨੈਲ ਸਿੰਘ, ਕੁਲਦੀਪ ਸਿੰਘ, ਕਰਤਾਰ ਸਿੰਘ, ਅਮਰੀਕ ਸਿੰਘ, ਰੂਪ ਸਿੰਘ, ਜਸਵੀਰ ਸਿੰਘ, ਗੁਰਲਾਲ ਸਿੰਘ, ਸੁਰਿੰਦਰ ਸਿੰਘ ਸੇਖੋਂ, ਸ਼ਿਦਰਪਾਲ ਸਿੰਘ ਐੱਮ ਸੀ, ਹਰਿੰਦਰ ਸਿੰਘ, ਰਵਿੰਦਰ ਗਰਗ, ਜਿੰਦਰਪਾਲ ਪਾਲੀ, ਬਿੱਟੂ ਅਰੋੜਾ ਤੇ ਮੁਖਵਿੰਦਰ ਸਿੰਘ ਮੈਂਬਰ ਵਰਕਿੰਗ ਕਮੇਟੀ ਨਿਯੁਕਤ ਕੀਤਾ ਗਿਆ ਹੈ।ਇਸ ਮੌਕੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਸੋਢੀ ਨੇ ਕਿਹਾ ਕਿ ਜਥੇਬੰਦੀ ਦੀ ਮਜ਼ਬੂਤੀ ਲਈ ਅਸੀਂ ਸਾਰੇ ਰਲ ਕੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦਾ ਯਤਨ ਕਰਾਂਗੇ ਤੇ ਇਸ ਦੇ ਨਾਲ ਨਾਲ ਹੋਰ ਯੋਗ ਤੇ ਮਿਹਨਤੀ ਵਰਕਰਾਂ ਨੂੰ ਜਲਦ ਜ਼ਿਲ੍ਹਾ ਜਥੇਬੰਦੀ ਵਿੱਚ ਸ਼ਾਮਲ ਕਰਕੇ ਸਨਮਾਨ ਦਿੱਤਾ ਜਾਵੇਗਾ।

## ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ 'ਚ ਸਰਾਫ਼ ਐਜੂਬੀਕਨਜ਼ ਸਕੂਲ ਦੀ ਬੱਲੇ-ਬੱਲੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀਬੀਐਸਈ ਤੋਂ ਮਾਨਤਾ ਪ੍ਰਾਪਤ ਸਰਾਫ਼ ਐਜੂਬੀਕਨਜ਼ ਗਲੋਬਲ ਡਿਸਕਵਰੀ ਸਕੂਲ ਦੇ ਹੋਣਹਾਰ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਕੁੱਲ 107 ਤਗਮੇ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਖੇਡ ਵਿਭਾਗ ਵੱਲੋਂ ਕਰਾਏ ਇਸ ਮੁਕਾਬਲੇ ਵਿੱਚ ਸਕੂਲ ਦੇ ਅੰਡਰ 11, 14, 17 ਅਤੇ 19 ਉਮਰ ਵਰਗ ਦੇ ਖਿਡਾਰੀਆਂ ਨੇ ਤਾਈਕਵਾਂਡੋ, ਕਰਾਟੇ, ਬੈਡਮਿੰਟਨ, ਖੋ-ਖੋ, ਰਗਬੀ, ਜੂਡੋ, ਨੈੱਟਬਾਲ, ਸਪੈਕਟਰਾ, ਕਬੱਡੀ, ਕਿੱਕ ਬਾਕਸਿੰਗ ਆਦਿ ਵੱਖ-ਵੱਖ ਖੇਡਾਂ ਵਿੱਚ ਆਪਣੀ ਪ੍ਰਤਿਭਾ ਤੇ ਮਿਹਨਤ ਦਾ ਪ੍ਰਦਰਸ਼ਨ ਕੀਤਾ।ਸਕੂਲ ਨੇ ਇਸ ਮੁਕਾਬਲੇ ਵਿੱਚ 23 ਸੋਨੇ, 46 ਚਾਂਦੀ ਅਤੇ 38 ਕਾਂਸੀ ਦੇ ਤਗਮੇ ਜਿੱਤ ਕੇ ਇੱਕ ਗੌਰਵਮਈ ਪ੍ਰਾਪਤੀ ਹਾਸਲ ਕੀਤੀ।ਸਕੂਲ ਦੇ ਚੇਅਰਮੈਨ, ਇੰਜੀਨੀਅਰ ਸ਼੍ਰੀ ਕਮਲੇਸ਼ ਸਰਾਫ਼ ਨੇ ਖਿਡਾਰੀਆਂ ਦੀ ਸਫ਼ਲਤਾ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਖੇਡ ਅਧਿਆਪਕਾਂ, ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਬੀਬੀ ਹਰਬਿੰਦਰ ਕੌਰ ਉਸਮਾਂ ਤੇ ਬਾਬਾ ਨਛੱਤਰ ਸਿੰਘ ਦਾ ਸਨਮਾਨ



**ਧੂਰੀ (ਬਿੰਨੀ ਗਰਗ)**-ਪਿੰਡ ਉਸਮਾਂ ਦੀ ਬੀਬੀ ਹਰਬਿੰਦਰ ਕੌਰ ਨੂੰ ਟੈਕਸੀ ਡਰਾਈਵਰਾਂ, ਪੁਲਿਸ ਮੁਲਾਜ਼ਮਾਂ ਤੇ ਹੋਰ ਬੰਦਿਆਂ ਨੇ ਜਾਤੀਸੂਚਕ ਸ਼ਬਦ ਬੋਲੇ ਤੇ ਨਜਾਇਜ਼ ਕੁੱਟਮਾਰ ਕੀਤੀ।ਇਸ ਕਾਂਡ ਵਿੱਚ ਖਡੂਰ ਸਾਹਿਬ ਤੋਂ ਮੌਜੂਦਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵੀ ਸ਼ਾਮਲ ਸਨ, ਜੋ ਕਿ ਉਸ ਸਮੇਂ ਟੈਕਸੀ ਡਰਾਈਵਰ ਸਨ।ਬੀਬੀ ਹਰਬਿੰਦਰ ਕੌਰ ਨੇ 2013 ਵਿੱਚ ਹੀ ਇਨਸਾਫ਼ ਲੈਣ ਲਈ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਮਾਨਯੋਗ ਕੋਰਟ ਦਾ ਦਰਵਾਜ਼ਾ ਖੜਕਾਇਆ।ਬਹੁਤ ਲੰਮੇ ਸਮੇਂ ਦੀ ਉਡੀਕ ਤੋਂ ਬਾਅਦ 12 ਸਤੰਬਰ 2025 ਨੂੰ ਖਡੂਰ ਸਾਹਿਬ ਤੋਂ ਮੌਜੂਦਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ 4 ਸਾਲ ਦੀ ਸਜ਼ਾ, ਪੁਲਸ ਮੁਲਾਜ਼ਮਾਂ ਅਤੇ ਹੋਰ ਸਾਥੀਆਂ ਨੂੰ ਮਾਨਯੋਗ ਜ਼ਿਲ੍ਹਾ ਤਰਨਤਾਰਨ ਸੈਸ਼ਨ ਕੋਰਟ ਦੇ ਐਡੀਸ਼ਨਲ ਸੈਸ਼ਨ ਜੱਜ ਨੇ ਸਜ਼ਾ ਸੁਣਾ ਕੇ ਨਿਆਂ ਪੂਰਵਕ ਫ਼ੈਸਲਾ ਕੀਤਾ ਹੈ।ਇਹ ਫ਼ੈਸਲਾ ਐਸ ਸੀ ਲੋਕਾਂ ਤੇ ਅੱਤਿਆਚਾਰ ਕਰਨ ਵਾਲੇ ਹੰਕਾਰੀ ਲੋਕਾਂ ਦੇ ਮੂੰਹ 'ਤੇ ਚਪੇੜ ਹੈ, ਚਾਹੇ ਉਹ ਕਿਸੇ ਵੀ ਪਦਵੀ 'ਤੇ ਬੈਠੇ ਹੋਣ।ਇਸ ਫੈਸਲੇ ਦਾ ਪੰਜਾਬ ਦੇ ਪੂਰੇ ਐਸ ਸੀ ਸਮਾਜ ਵੱਲੋਂ ਸਵਾਗਤ ਹੈ।ਲੰਬੀ ਕਾਨੂੰਨੀ ਲੜਾਈ ਲੜੀ ਕੇ ਜਿੱਤਣ ਵਾਲੇ ਬੀਬੀ ਹਰਬਿੰਦਰ ਕੌਰ ਉਸਮਾਂ ਤੇ ਬਾਬਾ ਨਛੱਤਰ ਨਾਥ ਨੂੰ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਕੌਮੀ ਪ੍ਰਧਾਨ ਵਿੱਕੀ ਪਰੋਚਾ ਧੂਰੀ, ਲੈਫਟੀਨੈਂਟ ਦਰਸ਼ਨ ਸਿੰਘ ਮੀਤ ਪ੍ਰਧਾਨ, ਸਤਕਾਰ ਪਰੋਚਾ ਤੇ ਹੋਰ ਮੈਂਬਰ ਹਾਜਰ ਸਨ।

## ਕਮਜ਼ੋਰ ਬੰਨ੍ਹ ਦੀ ਮਜ਼ਬੂਤੀ ਲਈ ਡੀ ਸੀ ਨੇ ਖ਼ੁਦ ਸੰਭਾਲਿਆ ਮੋਰਚਾ



**ਜ਼ੀਰਾ (ਨਰਿੰਦਰ ਅਨੇਜਾ)**-ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਮਖੂ-ਜਲੰਧਰ ਰੋਡ 'ਤੇ ਪੈਂਦੇ ਪਿੰਡ ਵਾੜਾ ਕਾਲੀ ਰਾਓ ਵਿਖੇ ਪਾਣੀ ਦੇ ਵਹਾਅ ਕਾਰਨ ਕਮਜ਼ੋਰ ਹੋਏ ਬੰਨ੍ਹ ਨੂੰ ਮਜ਼ਬੂਤ ਕਰਨ ਸਬੰਧੀ ਚੱਲ ਰਹੇ ਕੰਮ ਦੀ ਖੁਦ ਕਮਾਨ ਸੰਭਾਲ ਰਹੇ ਹਨ।ਡਿਪਟੀ ਕਮਿਸ਼ਨਰ ਨੇ ਸਵੇਰੇ-ਸਵੇਰੇ ਬੰਨ 'ਤੇ ਪਹੁੰਚ ਕੇ ਬੰਨ੍ਹ ਦੀ ਸਥਿਤੀ ਦਾ ਜਾਇਜ਼ਾ ਲਿਆ ਤੇ ਪਿੰਡ ਵਾਸੀਆਂ ਤੋਂ ਬੰਨ੍ਹ ਦੀ ਮਜ਼ਬੂਤੀ ਸਬੰਧੀ ਵਿਸਥਾਰ ਦੇ ਨਾਲ ਜਾਣਕਾਰੀ ਲਈ।ਉਨ੍ਹਾਂ ਦੱਸਿਆ ਕਿ ਐਨਡੀਆਰਐਫ਼ ਦੀ ਟੀਮ ਜਿਸ ਵਿੱਚ 30 ਦੇ ਕਰੀਬ ਨੌਜਵਾਨ ਰਾਤ ਦੇ ਸਮੇਂ ਹੀ ਬੰਨ੍ਹ ਦੀ ਮਜ਼ਬੂਤੀ ਲਈ ਜੁਟ ਗਏ ਸਨ। ਪਿੰਡ ਵਾਸੀਆਂ ਦੇ ਸਹਿਯੋਗ ਨਾਲ ਰੇਤਾ ਦੀਆਂ ਟਰਾਲੀਆਂ, ਜੇਸੀਬੀ ਮਸ਼ੀਨਾਂ ਤੇ ਪਿੰਡ ਦੇ ਨੌਜਵਾਨਾਂ ਦੇ ਸਹਿਯੋਗ ਦੇ ਨਾਲ ਬੰਨ ਦੀ ਮਜ਼ਬੂਤੀ ਦਾ ਕੰਮ ਚੱਲ ਲਗਾਤਾਰ ਚੱਲ ਰਿਹਾ ਹੈ।ਮੌਕੇ 'ਤੇ ਮੌਜੂਦ ਪਿੰਡ ਵਾਸੀਆਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਇਸ ਖੇਤਰ ਦੇ ਆਲੇ ਦੁਆਲੇ ਬਹੁਤ ਸਾਰੇ ਪਿੰਡ ਪੈਂਦੇ ਹਨ।ਇਸ ਲਈ ਸੁਰੱਖਿਆ ਤੇ ਨਜ਼ਰੀਏ ਤੋਂ ਇਹ ਬੰਨ੍ਹ ਬਹੁਤ ਅਹਿਮ ਹੈ।ਇਸ ਲਈ ਸਮੁੱਚਾ ਪ੍ਰਸ਼ਾਸਨ ਇਸ ਦੀ ਮਜਬੂਤੀ ਦੇ ਲਈ ਜੁਟਿਆ ਹੋਇਆ ਹੈ।ਉਨ੍ਹਾਂ ਦੱਸਿਆ ਕਿ ਉਹ ਖੁਦ ਬੰਨ੍ਹ ਨੂੰ ਮਜਬੂਤ ਕਰਨ ਦੇ ਕੰਮ ਨੂੰ ਦੇਖ ਰਹੇ ਹਨ ਤਾਂ ਜੁ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚਿਆ ਜਾ ਸਕੇ।

## ਧੂਰੀ ਦੇ ਪੁਲ਼ ਦਾ ਮਸਲਾ ਭਾਜਪਾ ਜਾਂ 'ਆਪ' ਦਾ ਨਹੀਂ, ਲੋਕਾਂ ਦਾ : ਦੌਲਤਪੁਰ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ ਨੇ ਧੂਰੀ ਰੇਲਵੇ ਓਵਰਬਰਿੱਜ ਦੀ ਲਟਕੀ ਮਨਜ਼ੂਰੀ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਧੂਰੀ ਦੇ ਲੋਕ ਕਈ ਸਾਲਾਂ ਤੋਂ ਇਸ ਪੁਲ ਦੀ ਉਡੀਕ ਕਰ ਰਹੇ ਹਨ।ਇਹ ਪੁਲ ਧੂਰੀ ਸ਼ਹਿਰ ਦੀ ਜ਼ਿੰਦਗੀ ਰਗ਼ਾਂ ਨਾਲ ਜੁੜਿਆ ਹੋਇਆ ਹੈ।ਰੋਜ਼ਾਨਾ ਲੱਖਾਂ ਲੋਕਾਂ ਨੂੰ ਰੇਲਵੇ ਫਾਟਕ 'ਤੇ ਲੰਬੀਆਂ ਕਤਾਰਾਂ ਵਿੱਚ ਖੜ੍ਹਾ ਰਹਿਣਾ ਪੈਂਦਾ ਹੈ, ਐਮਰਜੈਂਸੀ ਮਾਮਲਿਆਂ 'ਚ ਮਰੀਜ਼ਾਂ ਦੀ ਜਾਨ ਖਤਰੇ ਵਿੱਚ ਪੈਂਦੀ ਹੈ ਤੇ ਵਪਾਰਕ ਗਤੀਵਿਧੀਆਂ ਨੂੰ ਭਾਰੀ ਨੁਕਸਾਨ ਝੱਲਣਾ ਪੈਂਦਾ ਹੈ।ਉਨ੍ਹਾਂ ਕਿਹਾ ਕਿ ਇਹ ਪੁਲ਼ ਕਿਸੇ ਰਾਜਨੀਤਕ ਪਾਰਟੀ ਦਾ ਨਹੀਂ, ਸਗੋਂ ਧੂਰੀ ਦੇ ਹਰ ਨਾਗਰਿਕ ਦਾ ਹੈ।ਇਸ ਲਈ ਭਾਜਪਾ ਹੋਵੇ ਜਾਂ ਆਮ ਆਦਮੀ ਪਾਰਟੀ, ਕਿਸੇ ਨੂੰ ਵੀ ਲੋਕਾਂ ਦੀ ਮੁੱਲੀ ਜ਼ਰੂਰਤਾਂ 'ਤੇ ਰਾਜਨੀਤਕ ਰੋੜੇ ਨਹੀਂ ਅਟਕਾਉਣੇ ਚਾਹੀਦੇ। ਦੌਲਤਪੁਰ ਨੇ ਕੇਂਦਰੀ ਰੇਲਵੇ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਉਸ ਬਿਆਨ ਦੀ ਨਿੰਦਾ ਕੀਤੀ, ਜਿਸ ਵਿੱਚ ਬਿੱਟੂ ਨੇ ਕਿਹਾ ਸੀ ਕਿ ਧੂਰੀ ਪੁਲ ਦੀ ਮਨਜ਼ੂਰੀ ਉਸੇ ਵੇਲੇ ਮਿਲੇਗੀ, ਜਦੋਂ ਪੰਜਾਬ ਸਰਕਾਰ ਦੋਰਾਹਾ ਪੁਲ ਵਾਲੀ ਫਾਈਲ 'ਤੇ ਦਸਤਖ਼ਤ ਕਰੇਗੀ।ਦੌਲਤਪੁਰ ਮੁਤਾਬਕ ਇਹ ਸ਼ਰਤ ਰੱਖਣਾ ਸਿੱਧੇ ਤੌਰ 'ਤੇ ਧੂਰੀ ਦੇ ਲੋਕਾਂ ਨਾਲ ਧੋਖੇ ਦੇ ਬਰਾਬਰ ਹੈ।ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਕੇਂਦਰ 'ਤੇ ਬੈਠ ਕੇ ਐਨ.ਓ.ਸੀ. ਵਿੱਚ ਅੜਿੱਕਾ ਪਾ ਰਹੀ ਹੈ, ਜਿਸ ਨਾਲ ਧੂਰੀ ਵਾਸੀਆਂ ਦੇ ਹੱਕਾਂ ਨਾਲ ਖਿਲਵਾੜ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਧੂਰੀ ਸ਼ਹਿਰ ਕਿਸੇ ਵੀ ਪਾਰਟੀ ਦੀ ਜਾਇਦਾਦ ਨਹੀਂ ਹੈ, ਸਗੋਂ ਇੱਥੇ ਦੇ ਲੋਕਾਂ ਦਾ ਹੈ।ਇਸ ਲਈ ਸਰਕਾਰਾਂ ਨੂੰ ਰਾਜਨੀਤਕ ਲਾਭ-ਹਾਨੀ ਤੋਂ ਉੱਪਰ ਉਠ ਕੇ ਲੋਕਾਂ ਦੇ ਹਿੱਤ ਵਿੱਚ ਫੈਸਲਾ ਲੈਣਾ ਚਾਹੀਦਾ ਹੈ।

## ਛੱਤ ਦਾ ਲੈਂਟਰ ਪਾਉਣ ਲਈ ਕੀਤੀ ਸਹਾਇਤਾ



**ਬਠਿੰਡਾ (ਰਾਜੀਵ ਗੋਇਲ)**-ਲਗਾਤਾਰ ਮੀਂਹ ਪੈਣ ਕਾਰਨ ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਸੇਲਬਰਾਹ ਪੱਤੀ ਦੇ ਰਹਿਣ ਵਾਲੇ ਇੱਕ ਗ਼ਰੀਬ ਪਰਵਾਰ ਦੇ ਮਕਾਨ ਦੀ ਛੱਤ ਡਿੱਗ ਪਈ ਸੀ, ਜਿਸ ਸੰਬੰਧੀ ਸਮਾਜ ਸੇਵੀ ਨਛੱਤਰ ਸਿੰਘ ਸਿੱਧੂ ਵੱਲੋਂ ਉਕਤ ਗਰੀਬ ਪਰਵਾਰ ਦੀ ਸੀਮੈਂਟ ਦਾਨ ਕਰਕੇ ਸਹਾਇਤਾ ਕੀਤੀ ਗਈ। ਗੁਰਲਾਲ ਸਿੰਘ ਨੇ ਦੱਸਿਆ ਕਿ ਜਦੋਂ ਇਸ ਘਟਨਾ ਸਬੰਧੀ ਨਛੱਤਰ ਸਿੱਧੂ ਨੂੰ ਪਤਾ ਚੱਲਿਆ ਤਾਂ ਉਨ੍ਹਾਂ ਵੱਲੋਂ ਇਸ ਘਟਨਾ 'ਤੇ ਗਹਿਰਾ ਦੁੱਖ ਪ੍ਰਗਟਾਉਂਦਿਆਂ ਗ਼ਰੀਬ ਪਰਵਾਰ ਦੀ ਸਹਾਇਤਾ ਕਰਨ ਦੀ ਇੱਛਾ ਪ੍ਰਗਟ ਕੀਤੀ ਤੇ ਪਰਵਾਰ ਦੀ ਸਹਿਮਤੀ ਨਾਲ ਉਨ੍ਹਾਂ ਵੱਲੋਂ ਮਕਾਨ ਦੀ ਛੱਤ ਪਾਉਣ ਲਈ ਸੀਮੈਂਟ ਦਿਵਾ ਦਿੱਤਾ ਗਿਆ। ਇਸ ਮੌਕੇ ਪੀੜਤ ਪਰਵਾਰ ਵੱਲੋਂ ਨਛੱਤਰ ਸਿੱਧੂ ਦਾ ਧੰਨਵਾਦ ਕੀਤਾ ਗਿਆ।

## ਹੜ੍ਹ ਪੀੜਤਾਂ ਦੀ ਮਦਦ ਲਈ ਬਿਜਲੀ ਮੁਲਾਜ਼ਮਾਂ ਨੇ ਕੀਤੀ ਮੀਟਿੰਗ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਰਾਜ ਪਾਵਰਕਾਮ ਡਵੀਜ਼ਨ ਦੇ ਸਮੁੱਚੇ ਪੈਨਸ਼ਨਰਾਂ ਵੱਲੋਂ ਪੰਜਾਬ ਵਿੱਚ ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਕਰਨ ਸਬੰਧੀ ਡਵੀਜ਼ਨ ਪ੍ਰਧਾਨ ਸਮਸੇਰ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਮੀਟਿੰਗ ਦੇ ਫ਼ੈਸਲੇ ਅਨੁਸਾਰ ਬਿਜਲੀ ਬੋਰਡ ਦੇ ਸਾਰੇ ਪੈਨਸ਼ਨਰ ਮਾਨਵਤਾ ਦੀ ਇਸ ਔਖੀ ਘੜੀ ਵਿੱਚ ਆਪਣਾ ਇਨਸਾਨੀਅਤ ਫ਼ਰਜ਼ ਸਮਝਦੇ ਹੋਏ ਹੜ੍ਹ ਪੀੜਤਾਂ ਦੀ ਮਦਦ ਕਰਨਗੇ। ਇਸ ਸਮੇਂ ਸਕੱਤਰ ਮੇਘਰਾਜ ਬੁੱਟਰ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਕਾਰਨ ਲੋਕਾਂ ਦੀ ਹੋਈ ਬਰਬਾਦੀ ਨੂੰ ਪੰਜਾਬ ਦੇ ਲੋਕ ਹੀ ਸਹਾਰਾ ਦੇ ਸਕਦੇ ਹਨ। ਕੇਂਦਰ ਤੇ ਪੰਜਾਬ ਸਰਕਾਰ ਤਾਂ ਸਿਰਫ਼ ਅਜਿਹੇ ਹਲਾਤਾਂ ਵਿੱਚ ਵੀ ਸਿਆਸੀ ਰੋਟੀਆਂ ਹੀ ਸੇਕਦੇ ਹਨ। ਉਨ੍ਹਾਂ ਕਿਹਾ ਕਿ ਪਾਵਰਕਾਮ ਦੀ ਸਰਕਲ ਕਮੇਟੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਹੜ੍ਹ ਪੀੜਤਾਂ ਲਈ ਜੋ ਵੀ ਫੈਸਲੇ ਕੀਤਾ ਹੈ ਤਾਂ ਗਿੱਦੜਬਾਹਾ ਦੇ ਪੈਨਸ਼ਨਰ ਉਸ ਤੋਂ ਵੀ ਵਧੇਰੇ ਮਦਦ ਕਰਨਗੇ। ਮੀਟਿੰਗ ਦੌਰਾਨ ਸ਼ਮਸ਼ੇਰ ਸਿੰਘ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਗੁੜੀ ਸੰਘਰ ਨੇ ਕਿਹਾ ਕਿ ਭਾਵੇ ਕੁਝ ਜਥੇਬੰਦੀਆਂ ਵੱਲੋਂ ਇੱਕ ਦਿਨ ਦੀ ਪੈਨਸ਼ਨ ਸਰਕਾਰੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਾਉਣ ਦਾ ਫੈਸਲਾ ਕੀਤਾ ਹੀ ਹੈ, ਪਰ ਗਿੱਦੜਬਾਹਾ ਦੇ ਪੈਨਸ਼ਨਰ ਉਸ ਤੋਂ ਇਲਾਵਾ ਵੀ ਮਦਦ ਕਰਨਗੇ ਤਾਂ ਜੁ ਸਹੀ ਲੋੜਵੰਦਾਂ ਦੀ ਸਹੀ ਤਰੀਕੇ ਨਾਲ ਮੱਦਦ ਹੋ ਸਕੇ ਇਹ ਫ਼ੈਸਲਾ ਸਰਬਸੰਮਤੀ ਨਾਲ ਹੋਣ ਤੋਂ ਬਾਅਦ ਪੈਨਸ਼ਨਰਾਂ ਨੇ ਬੜੇ ਹੌਸਲੇ ਨਾਲ ਫੰਡ ਦੇਣਾ ਸ਼ੁਰੂ ਕਰ ਦਿੱਤਾ।

16-FEB- PAGE 11-2025.qxd 9/15/2025 10:41 PM Page 1



# ਬੱਚੇ ਦੇ ਕਾਤਲ ਨੂੰ ਫੌਰੀ ਸਜ਼ਾ ਲਈ 'ਫਾਸਟ ਟਰੈਕ ਕੋਰਟ' ਗਠਿਤ ਕਰਨ ਦੀ ਮੰਗ

## * ਸਮੁੱਚੇ ਅੰਤਰਰਾਜੀ ਕਿਰਤੀਆਂ ਨੂੰ ਵਿਅਕਤੀ ਵਿਸ਼ੇਸ਼ ਦੇ ਗੁਨਾਹਾਂ ਦੀ ਸਜ਼ਾ ਨਾ ਦਿਓ: ਆਰ ਐੱਮ ਪੀ ਆਈ

**ਪਠਾਨਕੋਟ (ਦਵਿੰਦਰ ਸਿੰਘ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਨੇ ਹੁਸ਼ਿਆਰਪੁਰ ਵਿਖੇ ਪੰਜ ਸਾਲਾਂ ਦੇ ਮਾਸੂਮ ਬੱਚੇ ਹਰਵੀਰ ਉਰਫ਼ ਬਿੱਲਾ ਨੂੰ ਬੇਰਹਿਮੀ ਨਾਲ ਕਤਲ ਕਰਨ ਵਾਲੇ ਵਹਿਸ਼ੀ ਦਰਿੰਦੇ ਨੂੰ ਤੁਰੰਤ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੇ ਜਾਣਾ ਯਕੀਨੀ ਬਣਾਉਣ ਲਈ ਫਾਸਟ ਟਰੈਕ ਕੋਰਟ ਦਾ ਗਠਨ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।ਪਾਰਟੀ ਨੇ ਇਸ ਦੁਖਦਾਈ ਘਟਨਾ ਨੂੰ ਆਧਾਰ ਬਣਾ ਕੇ ਕੁੱਝ ਲੋਕਾਂ ਵੱਲੋਂ ਸੂਬੇ ਭਰ 'ਚ ਅੰਤਰਰਾਜੀ ਕਿਰਤੀਆਂ ਖਿਲਾਫ਼ ਵਿੱਢੀ ਨਫਰਤੀ ਮੁਹਿੰਮ ਅਤੇ ਪ੍ਰਵਾਨ ਕੀਤੇ ਜਾ ਰਹੇ ਪੰਚਾਇਤੀ ਮਤਿਆਂ ਬਾਰੇ ਵੀ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ ਹੈ।ਆਰਐੱਮਪੀਆਈ ਦੇ ਜ਼ਿਲਾ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ ਨੇ ਸਾਂਝੇ ਪ੍ਰੈੱਸ ਬਿਆਨ ਵਿੱਚ ਕਿਹਾ ਹੈ ਕਿ ਕਿਸੇ ਇਕ ਵਿਅਕਤੀ ਦੇ ਅਮਾਨਵੀ ਕਾਰੇ ਨੂੰ ਆਧਾਰ ਬਣਾ ਕੇ ਦੋਸ਼ੀ ਨਾਲ ਸਬੰਧਤ ਸਮੁੱਚੇ ਭਾਈਚਾਰੇ ਨੂੰ ਸਜ਼ਾ ਦਾ ਭਾਗੀ ਬਣਾਉਣਾ ਕਿਸੇ ਵੀ ਤਰ੍ਹਾਂ ਨਾਲ ਤਰਕਸੰਗਤ ਨਹੀਂ ਕਿਹਾ ਜਾ ਸਕਦਾ।ਪਾਰਟੀ ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਖਤਰਨਾਕ ਵਰਤਾਰਾ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਦੀ ਕੇਂਦਰੀ ਏਜੰਸੀਆਂ, ਕੱਟੜਪੰਥੀਆਂ ਤੇ ਸਮਾਜ ਵਿਰੋਧੀ ਤੱਤਾਂ ਦੀ ਚਿਰੋਕਣੀ ਮਨਸੂਬਾਬੰਦੀ ਦਾ ਨਤੀਜਾ ਹੈ, ਕਿਉਂਕਿ ਦੇਸ਼ ਦੀ ਸੱਤਾ 'ਤੇ ਬਿਰਾਜਮਾਨ ਸੰਘ ਸਮਰਥਤ ਮੋਦੀ ਸਰਕਾਰ ਦੀਆਂ ਅੱਖਾਂ 'ਚ ਪੰਜਾਬੀਆਂ ਦਾ ਨਾਬਰੀ ਦਾ ਸੁਭਾਅ ਤੇ ਹਰ ਕਿਸਮ ਦੇ ਅਨਿਆਂ ਖਿਲਾਫ਼ ਜੂਝਣ ਦਾ ਜਜ਼ਬਾ ਬਹੁਤ ਰੜਕਦਾ ਹੈ।ਕੇਂਦਰੀ ਸੱਤਾ 'ਤੇ ਕਾਬਜ਼ ਫਿਰਕੂ ਸੋਚ ਦੇ ਧਾਰਨੀ ਹੁਕਮਰਾਨ, ਪੰਜਾਬ ਦੇ ਜੁਝਾਰੂ ਵਿਰਸੇ ਤੇ ਸਾਂਝੀਵਾਲਤਾ, ਬਰਾਬਰੀ ਤੇ ਮਾਨਵੀ ਸਰੋਕਾਰਾਂ ਦੀ ਅਲੰਬਰਦਾਰ ਸਿੱਖ ਗੁਰੂ ਸਾਹਿਬਾਨ ਵੱਲੋਂ ਰਚੀ ਬਾਣੀ ਨੂੰ ਵੀ ਦੇਸ਼ ਦੇ ਲੋਕਰਾਜੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਨੂੰ ਤਬਾਹ ਕਰਕੇ ਇੱਥੇ ਇਕ ਧਰਮ ਅਧਾਰਤ ਗੈਰ-ਲੋਕਰਾਜੀ ਢਾਂਚਾ ਸਥਾਪਤ ਕਰਨ ਦੇ ਆਪਣੇ ਰਾਹ ਦਾ ਵੱਡਾ ਅੜਿੱਕਾ ਸਮਝਦੇ ਹਨ।ਇਨ੍ਹਾਂ ਪੰਜਾਬ ਦੋਖੀ ਤੱਤਾਂ ਨੂੰ ਹੁਸ਼ਿਆਰਪੁਰ ਅੰਦਰ ਕਤਲ ਹੋਏ ਇਕ ਮਾਸੂਮ ਬੱਚੇ ਦੇ ਪਰਿਵਾਰ ਜਾਂ ਇਸੇ ਤਰ੍ਹਾਂ ਦੀਆਂ ਰੋਜ਼ਾਨਾ ਵਾਪਰ ਰਹੀਆਂ ਘਟਨਾਵਾਂ ਦੇ ਪੀੜਤਾਂ ਨਾਲ ਕੋਈ ਹਮਦਰਦੀ ਨਹੀਂ ਹੈ, ਬਲਕਿ ਇਹ ਤਾਂ ਉਕਤ ਦੁਖਦਾਈ ਵਾਰਦਾਤ ਨੂੰ ਆਧਾਰ ਬਣਾ ਕੇ ਲੋਕਾਂ 'ਚ ਫੁੱਟ ਪਾਉਣ ਦਾ ਆਪਣਾ ਕੁਕਰਮ ਸਿਰੇ ਚੜ੍ਹਾਉਣਾ ਚਾਹੁੰਦੇ ਹਨ।ਉਨ੍ਹਾਂ ਕਿਹਾ ਕਿ ਅੰਤਰਰਾਜੀ ਕਿਰਤੀਆਂ ਖਿਲਾਫ਼ ਵਿੱਢੀ ਉਕਤ ਮੁਹਿੰਮ ਨਾ ਕੇਵਲ ਪੰਜਾਬੀਆਂ, ਖਾਸ ਕਰਕੇ ਸਿੱਖਾਂ ਦਾ ਅਕਸ ਦਾਗ਼ਦਾਰ ਕਰੇਗੀ ਬਲਕਿ ਦੇਸ਼ ਦੇ ਵੱਖੋ-ਵੱਖ ਸੂਬਿਆਂ 'ਚ ਅਮਨ-ਅਮਾਨ ਨਾਲ ਵਸਦੇ ਤੇ ਰੋਜ਼ੀ-ਰੋਟੀ ਦੀ ਤਲਾਸ਼ 'ਚ ਵਿਦੇਸ਼ਾਂ ਨੂੰ ਗਏ ਪੰਜਾਬੀਆਂ ਲਈ ਵੀ ਅਨੇਕਾਂ ਅਣਕਿਆਸੀਆਂ ਮੁਸ਼ਕਿਲਾਂ ਪੈਦਾ ਕਰਨ ਦਾ ਸਬੱਬ ਵੀ ਬਣੇਗੀ।ਨੱਥਾ ਸਿੰਘ ਤੇ ਸ਼ਿਵ ਕੁਮਾਰ ਨੇ ਅਨਿਆਂ ਖਿਲਾਫ ਜੂਝਣ ਦੇ ਵਿਰਸੇ ਦੇ ਮਾਲਕ ਸਮੂਹ ਪੰਜਾਬੀਆਂ ਖਾਸ ਕਰਕੇ ਖੱਬੀਆਂ-ਜਮਹੂਰੀ ਤਾਕਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਫੁੱਟਪਾਊ ਤੱਤਾਂ ਦੇ ਕੋਝੇ ਮਨਸੂਬੇ ਪਛਾੜਣ ਲਈ ਅੱਗੇ ਆਉਣ।ਉਨ੍ਹਾਂ ਪਰਵਾਸੀ ਮਜ਼ਦੂਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਕਿਸੇ ਕਿਸਮ ਦੀ ਭੜਕਾਹਟ 'ਚ ਆ ਕੇ ਕੋਈ ਗੈਰ-ਕਾਨੂੰਨੀ ਤੇ ਨਾਵਾਜਬ ਕਾਰਵਾਈ ਨਾ ਕਰਨ ਤੇ ਕਤਲਾਂ, ਲੁੱਟਾਂ-ਖੋਹਾਂ ਜਾਂ ਹੋਰ ਕਿਸੇ ਕਿਸਮ ਦੀਆਂ ਅਪਰਾਧਕ ਗਤੀਵਿਧੀਆਂ 'ਚ ਸ਼ਾਮਲ ਸ਼ਰਾਰਤੀ ਤੱਤਾਂ ਨੂੰ ਕਾਨੂੰਨੀ ਕਾਰਵਾਈ ਲਈ ਪੁਲਸ ਦੇ ਹਵਾਲੇ ਕਰਨ।

# ਪੇਂਡੂ ਇਲਾਕਿਆਂ 'ਚ ਹੜ੍ਹ ਰਾਹਤ ਕਾਰਜ ਅਤੇ ਮੁੜ ਵਸੇਬਾ ਪ੍ਰੋਗਰਾਮ ਸ਼ੁਰੂ: ਸ਼ੈਰੀ ਕਲਸੀ

ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਨਾਲ ਪ੍ਰਭਾਵਿਤ ਪਰਿਵਾਰਾਂ ਦੀ ਬਾਂਹ ਫੜਨ ਸਬੰਧੀ ਆਪਣੀ ਵਚਨਬੱਧਤਾ 'ਤੇ ਖਰੇ ਉਤਰਦਿਆਂ ਪੰਜਾਬ ਸਰਕਾਰ ਵੱਲੋਂ ਤੁਰੰਤ ਪ੍ਰਭਾਵ ਨਾਲ 50 ਪਰਿਵਾਰਾਂ ਨੂੰ 2 ਕਰੋੜ ਰੁਪਏ ਦੇ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਭਿਆਨਕ ਹੜ੍ਹਾਂ ਕਾਰਨ ਪੰਜਾਬ ਵਿੱਚ 56 ਕੀਮਤੀ ਜਾਨਾਂ ਗਈਆਂ ਹਨ ਅਤੇ ਇਨ੍ਹਾਂ ਵਿੱਚੋਂ 50 ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ ਜਦੋਂ ਕਿ ਬਾਕੀ 6 ਪਰਿਵਾਰਾਂ ਨੂੰ ਵੀ ਜਲਦੀ ਹੀ ਮੁਆਵਜ਼ਾ ਦੇ ਦਿੱਤਾ ਜਾਵੇਗਾ।ਉਨਾਂ ਕਿ ਗਿਰਦਾਵਰੀ ਦਾ ਕੰਮ ਸ਼ੁਰੂ ਹੋ ਗਿਆ ਹੈ ਅਤੇ ਇਹ ਜਲਦੀ ਤੋਂ ਜਲਦੀ ਪੂਰਾ ਹੋ ਜਾਵੇਗਾ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਹੜ੍ਹ ਰਾਹਤ ਅਤੇ ਮੁੜ ਵਸੇਬਾ ਪ੍ਰੋਗਰਾਮ ਸ਼ੁਰੂ ਕੀਤਾ ਹੈ।ਉਨ੍ਹਾਂ ਅੱਗੇ ਕਿਹਾ ਕਿ ਮਲਬੇ ਦੀ ਸਫਾਈ ਦਾ ਕੰਮ 24 ਸਤੰਬਰ ਤੱਕ ਪੂਰਾ ਕਰ ਲਿਆ ਜਾਵੇਗਾ।ਉਨ੍ਹਾਂ ਅੱਗੇ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹਾਲਾਤ ਆਮ ਵਰਗੇ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਨੇ 2300 ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਸਫਾਈ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ।ਉਨ੍ਹਾਂ ਦੱਸਿਆ ਕਿ ਇਸ ਕਾਰਜ ਤਹਿਤ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚੋਂ ਗਾਰ ਅਤੇ ਮਲਬੇ ਨੂੰ ਹਟਾਇਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਫੈਲਾਅ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕਿਸੇ ਵੀ ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਜਾਨਵਰਾਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ।

# ਸੰਯੁਕਤ ਕਿਸਾਨ ਮੋਰਚੇ ਨੇ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਨੂੰ ਲੈ ਕੇ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਪੱਟੀ (ਬਲਦੇਵ ਸਿੰਘ ਸੰਧੂ)**-ਬੀਤੇ ਸਮੇਂ ਦੌਰਾਨ ਸੂਬੇ ਅੰਦਰ ਹੜ੍ਹਾਂ ਕਾਰਨ ਹੋਈ ਤਬਾਹੀ ਦੇ ਪੀੜਤਾਂ ਦੇ ਮੁੜ ਵਸੇਬੇ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੀਟਿੰਗ ਤੋਂ ਬਾਅਦ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ ਗਿਆ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੀੜਤਾਂ ਨੂੰ 20000 ਰੁਪਏ ਪ੍ਰਤੀ ਫਸਲਾਂ ਦੀ ਬਿਜਾਈ ਇਸ ਲਈ, ਅਸੀਂ ਮੰਗ ਜਿਵੇਂ ਕਿ ਪੰਜਾਬ ਸਰਕਾਰ ਨੇ ਨੁਕਸਾਨੀਆਂ ਗਈਆਂ ਫਸਲਾਂ ਲਈ ਏਕੜ ਦਾ ਐਲਾਨ ਕੀਤਾ ਹੈ।ਤੁਸੀਂ ਜਾਣਦੇ ਹੋ ਕਿ ਇੱਕ ਏਕੜ ਜ਼ਮੀਨ ਨੂੰ ਲਈ ਤਿਆਰ ਕਰਨ ਲਈ 20 ਹਜ਼ਾਰ ਪ੍ਰਤੀ ਏਕੜ ਕਾਫ਼ੀ ਨਹੀਂ ਹਨ ਕਰਦੇ ਹਾਂ ਕਿ ਕਿਸਾਨਾਂ ਨੂੰ ਘੱਟੋ-ਘੱਟ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਕਿਸਾਨ ਇਸ ਨਾਲ ਰੇਤ ਹਟਾਉਣ ਡੀਜ਼ਲ, ਬੀਜ, ਖਾਦਾਂ ਤੇ ਦਵਾਈਆਂ ਦਾ ਪ੍ਰਬੰਧ ਕਰ ਸਕੇ ਅਸੀਂ ਮੰਗ ਕਰਦੇ ਹਾਂ ਕਿ ਖੇਤ ਮਜ਼ਦੂਰਾਂ ਨੂੰ ਵੀ ਬਣਦਾ ਮੁਆਵਜ਼ਾ ਦਿੱਤਾ ਜਾਵੇ।ਉਨ੍ਹਾਂ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਜੋ ਅਸਲ ਵਿੱਚ ਜ਼ਮੀਨਾਂ ਤੇ ਖੇਤੀ ਕਰ ਰਹੇ ਹਨ ਭਾਵੇ ਠੇਕੇ ਤੇ ਜਾਂ ਅਲਾਟ, ਕੀਤੀਆਂ ਹਨ।ਪਸ਼ੂਆਂ, ਮਸ਼ੀਨਰੀ ਅਤੇ ਘਰਾਂ ਦੇ ਨੁਕਸਾਨ ਲਈ ਕੋਈ ਸਪਸ਼ਟ ਐਲਾਨ ਨਹੀਂ ਕੀਤਾ ਗਿਆ। ਅਸੀਂ ਮੰਗ ਕਰਦੇ ਹਾਂ ਕਿ ਮਾਰਕੀਟ ਰੇਟ ਦੇ ਹਿਸਾਬ ਨਾਲ ਨੁਕਸਾਨ ਦੀ ਭਰਭਾਈ ਕਰਵਾਈ ਜਾਏ ।ਭਾਰੀ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਅਤੇ ਮਜ਼ਦੂਰਾਂ ਦੇ ਸੰਪੂਰਨ ਕਰਜ਼ੇ ਮੁਆਫ਼ ਕਰਨ ਲਈ ਤੁਰੰਤ ਢੁਕਵੀਂ ਨੀਤੀ ਬਣਾਈ ਜਾਵੇ।ਜਿਨ੍ਹਾਂ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਦਰਿਆਵਾਂ ਵਿੱਚ ਗੁਆ ਦਿੱਤੀਆਂ ਹਨ, ਉਨ੍ਹਾਂ ਦੀਆਂ ਜ਼ਮੀਨਾਂ ਉਨ੍ਹਾਂ ਨੂੰ ਵਾਪਸ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣ ਅਤੇ ਜਦੋਂ ਤੱਕ ਉਹ ਆਪਣੀਆਂ ਜ਼ਮੀਨਾਂ ਵਾਪਸ ਨਹੀਂ ਪ੍ਰਾਪਤ ਕਰ ਸਕਦੇ, ਉਨ੍ਹਾਂ ਨੂੰ ਉਨ੍ਹਾਂ ਦੀ ਰੋਜ਼ੀ-ਰੋਟੀ ਲਈ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।ਜਿਨ੍ਹਾਂ ਲੋਕਾਂ ਨੇ ਆਪਣੀਆਂ ਫਸਲਾਂ, ਪਸ਼ੂਆਂ, ਦੁਕਾਨਾਂ ਅਤੇ ਹੋਰ ਛੋਟੇ ਕਾਰੋਬਾਰਾਂ ਨੂੰ ਗੁਆ ਦਿੱਤਾ ਹੈ, ਉਨ੍ਹਾਂ ਨੂੰ ਅੰਤਰਿਮ ਰਾਹਤ ਵਜੋਂ ਤੁਰੰਤ ਪ੍ਰਤੀ ਪਰਿਵਾਰ 100,000 ਰੁਪਏ ਦਿੱਤੇ ਜਾਣ।ਪੋਲਟਰੀ ਫਾਰਮ,



ਫਿਸ਼ਰੀ ਫਾਰਮ, ਅਤੇ ਸਾਰੇ ਪੇਂਡੂ ਸਹਾਇਕ ਧੰਦੇ 100% ਨੁਕਸਾਨੇ ਗਏ ਹਨ ਇਹਨਾਂ ਸਾਰਿਆਂ ਦਾ ਮੁਆਵਜ਼ਾ ਦਿੱਤਾ ਜਾਵੇ।ਜਿਨ੍ਹਾਂ ਲੋਕਾਂ ਨੇ ਆਪਣੇ ਘਰ ਗੁਆ ਦਿੱਤੇ ਹਨ, ਉਨ੍ਹਾਂ ਨੂੰ ਉਨ੍ਹਾਂ ਦੁਆਰਾ ਘਰ ਦੀ ਉਸਾਰੀ ਤੇ ਕੀਤੇ ਗਏ ਅਸਲ ਖਰਚੇ ਦਾ ਭੁਗਤਾਨ ਕੀਤਾ ਜਾਵੇ ਜਾਂ ਸਰਕਾਰ ਉਨ੍ਹਾਂ ਦੇ ਘਰ 2-3 ਮਹੀਨਿਆਂ ਦੇ ਅੰਦਰ-ਅੰਦਰ ਬਣਾ ਕੇ ਉਨ੍ਹਾਂ ਨੂੰ ਸੌਂਪ ਦੇਵੇ।ਹੜ੍ਹਾਂ ਨਾਲ ਆਪਣੀ ਜਾਨ ਗਵਾਉਣ ਵਾਲੇ ਹਰ ਵਿਅਕਤੀ ਦੇ ਪਰਿਵਾਰ ਨੂੰ 10 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ।ਸਰਕਾਰ ਨੂੰ ਦਰਿਆਵਾਂ ਦੇ ਸੰਵੇਦਨਸ਼ੀਲ ਕਿਨਾਰਿਆਂ ਨੂੰ ਕੰਕਰੀਟ ਨਾਲ ਬਣਾਉਣਾ ਚਾਹੀਦਾ ਹੈ ਅਤੇ ਨਦੀਆਂ ਦੀ ਸਫਾਈ ਵੀ ਕਰਨੀ ਚਾਹੀਦੀ ਹੈ ਤਾਂ ਜੋ ਪਾਣੀ ਦਾ ਵਹਾਅ ਕਿਨਾਰਿਆਂ ਦੇ ਅੰਦਰ ਹੀ ਰਹੇ। ਪੰਜਾਬ ਸਰਕਾਰ ਵੱਲੋਂ ਐਲਾਨੀ ਗਈ ਸਕੀਮ 'ਜਿਸ ਦਾ ਖੇਤ ਉਸ ਦੀ ਰੇਤ' ਉਤੇ ਲੱਗੀ ਸਮੇਂ ਦੀ ਸ਼ਰਤ ਹਟਾਈ ਜਾਵੇ, ਹੜ੍ਹ ਦੀ ਮਾਰ ਹੇਠ ਆਏ ਕਿਸਾਨਾਂ ਨੂੰ ਅਣਮਿਥੇ ਸਮੇਂ ਲਈ ਖੇਤਾਂ ਚੋਂ ਰੇਤ ਚੁੱਕਣ ਦੀ ਖੁੱਲ੍ਹ ਦਿੱਤੀ ਜਾਵੇ।

# ਸੀਨੀਅਰ ਸਿਟੀਜ਼ਨ ਕਲੱਬ ਹਿਸਾਰ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ



ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਸੀਨੀਅਰ ਸਿਟੀਜ਼ਨ ਕਲੱਬ ਹਿਸਾਰ ਵੱਲੋਂ ਡਾ. ਜੀ. ਕੇ. ਡਾਂਗ, ਡਾ. ਅੰਮ੍ਰਿਤ ਲਾਲ ਖੁਰਾਣਾ ਦੀ ਅਗਵਾਈ ਹੇਠ ਅੰਮ੍ਰਿਤਸਰ ਦੇ ਹੜ੍ਹ ਪੀੜਤਾਂ ਵਾਸਤੇ 500 ਪਸ਼ੂਆਂ ਵਾਸਤੇ ਐਂਟੀਬਾਇਓਟਿਕ ਟੀਕੇ ਦਵਾਈਆਂ ਦੇ ਕਿੱਟ ਅਤੇ ਪੀੜਤ ਪਰਿਵਾਰਾਂ ਵਾਸਤੇ 500 ਮੱਛਰਦਾਨੀਆਂ ਦੀ ਫੋਕਲੋਰ ਰਿਸਰਚ ਅਕੈਡਮੀ ਅੰਮ੍ਰਿਤਸਰ ਦੇ ਪ੍ਰਧਾਨ ਰਮੇਸ਼ ਯਾਦਵ, ਕਮਲ ਗਿੱਲ, ਹਰਜੀਤ ਸਿੰਘ ਸਰਕਾਰੀਆ, ਦਿਲਬਾਗ ਸਿੰਘ ਸਰਕਾਰੀਆ, ਮਨਜੀਤ ਸਿੰਘ ਧਾਲੀਵਾਲ, ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ, ਜ਼ਿਲ੍ਹਾ ਅੰਮ੍ਰਿਤਸਰ ਪ੍ਰਧਾਨ ਭੁਪਿੰਦਰ ਸਿੰਘ ਸੰਧੂ, ਜਨਰਲ ਸਕੱਤਰ ਧਰਵਿੰਦਰ ਸਿੰਘ ਔਲਖ, ਰੋਟਰੀ ਕਲੱਬ ਅੰਮ੍ਰਿਤਸਰ ਸਿਵਲ ਲਾਈਨ ਦੇ ਪ੍ਰਧਾਨ ਡਾ. ਕਰਮਜੀਤ ਸਿੰਘ ਸਪੁਰਦ ਕੀਤੀਆਂ ਗਈਆਂ।ਉਕਤ ਆਗੂਆਂ ਨੇ ਦੱਸਿਆ ਕਿ ਹੜ੍ਹਾਂ ਤੋਂ ਬਾਅਦ ਹੜ੍ਹ ਪੀੜਤ ਇਲਾਕਿਆਂ ਵਿੱਚ ਡੇਂਗੂ ਸਮੇਤ ਹੋਰ ਬਹੁਤ ਸਾਰੀਆਂ ਬਿਮਾਰੀਆਂ ਫ਼ੈਲਣ ਦਾ ਖਤਰਾ ਵਧ ਗਿਆ ਹੈ। ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਹੜ੍ਹ ਪੀੜਤ ਲੋਕਾਂ ਵਾਸਤੇ ਇਹ ਰਾਹਤ ਸਮੱਗਰੀ ਭੇਜੀ ਗਈ ਹੈ।

# ਸਾਬਕਾ ਵਿਧਾਇਕ ਸਿੱਕੀ ਤੇ ਰਵਿੰਦਰ ਡਾਲਵੀ ਨੇ ਮੁੰਡਾ ਪਿੰਡ 'ਚ ਹੜ੍ਹ ਪੀੜਤਾਂ ਦੀ ਲਈ ਸਾਰ

## * ਕਾਂਗਰਸ ਸਰਕਾਰ ਆਉਣ 'ਤੇ ਦਰਿਆ ਬਿਆਸ ਨੂੰ ਨਹਿਰੀ ਰੂਪ ਦੇਣ ਦਾ ਕੀਤਾ ਵਾਅਦਾ

ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)-ਪਿਛਲੇ ਲਗਭਗ ਸਵਾ ਮਹੀਨੇ ਤੋਂ ਦਰਿਆ ਬਿਆਸ 'ਚ ਗੁਆਂਢੀ ਸੂਬਿਆਂ 'ਚ ਬੇਹਿਸਾਬ ਬਾਰਿਸ਼ਾਂ ਆਉਣ ਕਰਕੇ ਆਏ ਪਾਣੀ ਨਾਲ ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਦਰਿਆ ਬਿਆਸ ਕਿਨਾਰੇ ਵਸੇ ਪਿੰਡ ਜਿਨ੍ਹਾਂ 'ਚ ਕੰਬੋਏ ਢਾਏ ਵਾਲਾ, ਚੰਬਾ ਕਲਾਂ, ਚੰਬਾ ਹਵੇਲੀਆਂ, ਧੁੰਨ, ਕਰਮੂਵਾਲਾ, ਘੜਕਾ, ਗੁੱਜਰਪੁਰਾ, ਮੁੰਡਾ ਪਿੰਡ, ਜੋਹਲ ਢਾਏ ਵਾਲਾ, ਭੈਲ, ਮਾਣਕਦੇਕਾ, ਧੂੰਦਾ ਤੇ ਗੋਇੰਦਵਾਲ ਸਾਹਿਬ ਆਦਿ ਦਰਜਨ ਤੋਂ ਵੱਧ ਪਿੰਡਾਂ ਦੇ ਹਜ਼ਾਰਾਂ ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫਸਲਾਂ ਦਰਿਆਈ ਪਾਣੀ ਦੀ ਮਾਰ ਹੇਠ ਆ ਕੇ ਤਬਾਹ ਹੋ ਗਈਆਂ।ਤੇਜ਼ ਪਾਣੀ ਦੇ ਵਗਣ ਕਰਕੇ ਫਸਲਾਂ ਦਾ ਨਾਮ ਨਿਸ਼ਾਨ ਨਹੀਂ ਰਿਹਾ।ਕਿਸਾਨਾਂ ਦੀ ਜ਼ਮੀਨ ਵਿਚ ਹੁਣ 2 ਫੁੱਟ ਤੋਂ ਲੈ ਕੇ 7-8 ਫੁੱਟ ਤੱਕ ਰੇਤ ਚੜ੍ਹ ਗਈ ਹੈ ਜਿਸ ਕਰਕੇ ਹੁਣ ਕਣਕ ਵੀ ਬੀਜੀ ਨਹੀਂ ਜਾ ਸਕਦੀ।ਚਾਰ-ਚੁਫੇਰੇ ਰੇਤਾ ਦੇ ਪਹਾੜ ਬਣਨ ਕਰਕੇ ਸਮੁੱਚਾ ਮੰਡ ਖੇਤਰ ਪੰਜਾਬ ਦਾ ਹਿੱਸਾ ਨਹੀਂ ਸਗੋਂ ਰਾਜਸਥਾਨ ਦਾ ਮਾਰੂਥਲ ਖੇਤਰ ਦਾ ਭੁਲੇਖਾ ਪਾਉਂਦਾ ਹੈ।ਇਸ ਦੌਰਾਨ ਸਾਬਕਾ ਵਿਧਾਇਕ ਤੇ ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂ ਰਮਨਜੀਤ ਸਿੰਘ ਸਿੱਕੀ ਨੇ ਆਪਣੇ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਕੱਤਰ ਤੇ ਸਹਿ-ਇੰਚਾਰਜ ਰਵਿੰਦਰ ਸਿੰਘ ਡਾਲਵੀ ਨੂੰ ਨਾਲ ਲੈ ਕੇ ਹਲਕਾ ਖਡੂਰ ਸਾਹਿਬ ਅਧੀਨ ਪੈਂਦੇ ਮੰਡ ਦੇ ਮੁੰਡਾ ਪਿੰਡ ਦੇ ਹੜ੍ਹ ਨਾਲ ਹੋਏ ਨੁਕਸਾਨ ਦਾ ਜਾਇਜ਼ਾ



ਲਿਆ।ਇਸ ਮੌਕੇ ਸਰਪੰਚ ਬਲਦੇਵ ਸਿੰਘ ਮੁੰਡਾ ਪਿੰਡ ਦੀ ਅਗਵਾਈ 'ਚ ਪੀੜਤ ਕਿਸਾਨਾਂ ਦੀਆਂ ਬੜੇ ਗੌਰ ਨਾਲ ਮੁਸ਼ਕਲਾਂ ਸੁਣੀਆਂ ਤੇ ਉਨ੍ਹਾਂ ਨੂੰ ਵਿਸ਼ਵਾਸ ਦਿੱਤਾ ਕਿ ਹਾਲੇ ਉਹ ਆਪਣੀ ਕਿਰਤ ਕਮਾਈ ਵਿੱਚੋਂ ਪਿੰਡ ਮੁੰਡਾ ਪਿੰਡ ਦੇ ਪੀੜਤ ਕਿਸਾਨ ਅਤੇ ਮਜ਼ਦੂਰਾਂ ਦਾ ਸਾਥ ਦੇਣਗੇ।ਨਾਲ ਹੀ ਰਮਨਜੀਤ ਸਿੰਘ ਸਿੱਕੀ ਨੇ ਕਿਹਾ ਕਿ 2027 ਵਿੱਚ ਪੰਜਾਬ 'ਚ ਕਾਂਗਰਸ ਸਰਕਾਰ ਬਣਨ 'ਤੇ ਦਰਿਆ ਬਿਆਸ ਦਾ ਨਹਿਰੀਕਰਨ ਕਰਕੇ ਦੋਵੇਂ ਪਾਸੇ ਧੁੱਸੀ ਬੰਨ੍ਹ ਬਣਾਏ ਜਾਣਗੇ ਤਾਂ ਜੋ ਭਵਿੱਖ 'ਚੋਂ ਕਿਸੇ ਵੀ ਕਿਸਾਨ ਦਾ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਾ ਹੋਵੇ।ਉਨ੍ਹਾਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਦਾ 20 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਮੁਆਵਜ਼ਾ ਦੀ ਦਰ ਵਧਾ ਕੇ ਘੱਟੋ-ਘੱਟ 50 ਹਜ਼ਾਰ ਰੁਪਏ ਜਲਦ ਦੇਵੇ ਨਾਲ ਹੀ ਖੇਤ ਮਜ਼ਦੂਰਾਂ ਤੇ ਪਸ਼ੂ ਪਾਲਕਾਂ ਨੂੰ ਵੀ ਵੱਧ ਤੋਂ ਵੱਧ ਬਣਦਾ ਯੋਗ ਮੁਆਵਜ਼ਾ ਦੇਵੇ।ਇਸ ਮੌਕੇ ਉਨ੍ਹਾਂ ਨਾਲ ਅਵਤਾਰ ਸਿੰਘ ਫੇਲੋਕੇ, ਜਗਰੂਪ ਸਿੰਘ ਸਰਪੰਚ ਖਵਾਸਪੁਰ, ਨਿਸ਼ਾਨ ਸਿੰਘ ਢੋਟੀ, ਪੀਏ ਰਣਜੀਤ ਸਿੰਘ ਰਾਣਾ ਪਵਾਰ, ਯੂਥ ਆਗੂ ਹਰਵਿੰਦਰ ਸਿੰਘ ਫੇਲੋਕੇ ਆਦਿ ਪਤਵੰਤਿਆਂ ਤੋਂ ਇਲਾਵਾ ਪਿੰਡ ਮੁੰਡਾ ਪਿੰਡ ਦੇ ਦਰਜਨਾਂ ਸਰਗਰਮ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।ਸਰਪੰਚ ਬਲਦੇਵ ਸਿੰਘ ਮੁੰਡਾ ਪਿੰਡ, ਮੈਂਬਰ ਕੁਲਦੀਪ ਸਿੰਘ, ਮੈਂਬਰ ਰਮਨ ਕੁਮਾਰ, ਮਿੱਠੂ ਸਿੰਘਯੂਕ, ਸੂਬੇਦਾਰ ਦਿਲਬਾਗ ਸਿੰਘ, ਜਸਪਾਲ ਸਿੰਘ, ਬੀਰਇੰਦਰ ਸਿੰਘ ਨਿਊਜ਼ੀਲੈਂਡ, ਸਰਪੰਚ ਮਨਜਿੰਦਰ ਸਿੰਘ ਗੁੱਜਰਪੁਰਾ, ਬਾਬਾ ਸਾਹਿਬ ਸਿੰਘ, ਰਣਜੀਤ ਸਿੰਘ ਗੁੱਜਰਪੁਰਾ, ਡਾ. ਕੀਰਤਨ ਸਿੰਘ, ਪ੍ਰਧਾਨ ਕੁਲਵੰਤ ਸਿੰਘ, ਜੱਸਾ ਸਿੰਘ ਡੱਲ, ਨਿਸ਼ਾਨ ਸਿੰਘ, ਬੰਤ ਸਿੰਘ, ਭਾਲਾ ਸਿੰਘ, ਰੇਸ਼ਮ ਸਿੰਘ ਮੈਂਬਰ, ਕਾਲਾ ਸਿੰਘ ਮੈਂਬਰ, ਰੇਸ਼ਮ ਸਿੰਘ ਚੰਨੀ, ਸੁਖਵਿੰਦਰ ਸਿੰਘ ਗੋਗੀ, ਜੋਗਿੰਦਰ ਸਿੰਘ ਦਰਜੀ, ਰਣਜੋਧ ਸਿੰਘ ਲਾਡੀ ਆਦਿ ਹਾਜ਼ਰ ਸਨ।

# ਪ੍ਰਤਾਪ ਵਰਲਡ ਸਕੂਲ ਪਠਾਨਕੋਟ 'ਚ ਹੋਣਗੀਆਂ 12ਵੀਆਂ ਜ਼ਿਲ੍ਹਾ ਸਕੂਲ

ਪਠਾਨਕੋਟ (ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ ਪਠਾਨਕੋਟ 17 ਤੋਂ 23 ਸਤੰਬਰ ਤੱਕ ਹੋਣ ਵਾਲੀਆਂ 12ਵੀਂ ਜ਼ਿਲ੍ਹਾ ਸਕੂਲ ਖੇਡਾਂ ਦੇ ਤਹਿਤ ਅੰਡਰ-17 ਲੜਕੀਆਂ ਦੇ ਕ੍ਰਿਕਟ ਟੂਰਨਾਮੈਂਟ ਦੀ ਮੇਜ਼ਬਾਨੀ ਲਈ ਪੂਰੀ ਤਰ੍ਹਾਂ ਤਿਆਰ ਹੈ।ਜ਼ਿਲ੍ਹਾ ਮਹਾਜਨ ਸਕੱਤਰ ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।ਉਨ੍ਹਾਂ ਨੇ ਅਧਿਕਾਰਿਕ ਤੌਰ 'ਤੇ ਅੰਡਰ-17 ਲੜਕੀਆਂ ਦੇ ਟੂਰਨਾਮੈਂਟ ਦਾ ਮੈਚ ਸ਼ਡਿਊਲ ਜਾਰੀ ਕੀਤਾ, ਜਦਕਿ ਅੰਡਰ-14 ਅਤੇ ਅੰਡਰ-19 ਵਰਗਾਂ ਦੇ ਸ਼ਡਿਊਲ ਬਾਅਦ 'ਚ ਜਾਰੀ ਕੀਤੇ ਜਾਣਗੇ।ਇਹ ਟੂਰਨਾਮੈਂਟ ਜ਼ਿਲ੍ਹਾ ਸਿੱਖਿਆ ਵਿਭਾਗ ਪਠਾਨਕੋਟ ਦੇ ਅਧੀਨ ਕਰਵਾਇਆ ਜਾ ਰਿਹਾ ਹੈ, ਜਿਸ ਦਾ ਉਦੇਸ਼ ਵੱਧ ਤੋਂ ਵੱਧ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ, ਖੇਡ ਜਜ਼ਬੇ ਨੂੰ ਵਿਕਸਤ ਕਰਨਾ ਅਤੇ ਨਵੇਂ ਕ੍ਰਿਕਟ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਵਿਖਾਉਣ ਲਈ ਮੌਕਾ ਦੇਣਾ ਹੈ।ਇਸ ਮੌਕੇ ਰਾਜੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸ਼ਨ, ਆਤਮ-ਵਿਸ਼ਵਾਸ ਅਤੇ ਲੀਡਰਸ਼ਿਪ ਦੀ ਯੋਗਤਾ ਵਿਕਸਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।ਸਾਨੂੰ ਮਾਣ ਹੈ ਕਿ ਪ੍ਰਤਾਪ ਵਰਲਡ ਸਕੂਲ ਵਰਗੇ ਸੰਸਥਾਨ ਜ਼ਮੀਨੀ ਪੱਧਰ 'ਤੇ ਕ੍ਰਿਕਟ ਨੂੰ ਉਤਸ਼ਾਹਤ ਕਰਨ ਲਈ ਅੱਗੇ ਆ ਰਹੇ ਹਨ।ਅਸੀਂ



ਇਕ ਰੋਮਾਂਚਕ ਮੁਕਾਬਲੇ ਦੀ ਉਡੀਕ ਕਰ ਰਹੇ ਹਾਂ ਜੋ ਵੱਧ ਵਿਦਿਆਰਥੀਆਂ ਨੂੰ ਖੇਡ ਵੱਲ ਪ੍ਰੇਰਿਤ ਕਰੇਗਾ।ਸ਼੍ਰੀ ਮਹਾਜਨ ਡਾਇਰੈਕਟਰ ਪ੍ਰਤਾਪ ਵਰਲਡ ਸਕੂਲ ਨੇ ਕਿਹਾ ਕਿ ਪ੍ਰਤਾਪ ਵਰਲਡ ਸਕੂਲ ਵਿੱਚ ਅਸੀਂ ਸੰਪੂਰਨ ਸਿੱਖਿਆ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖੇਡਾਂ ਇਸ ਦਾ ਅਟੁੱਟ ਹਿੱਸਾ ਹਨ।ਇਸ ਟੂਰਨਾਮੈਂਟ ਦੀ ਮੇਜ਼ਬਾਨੀ ਕਰਨੀ ਸਾਡੇ ਭਵਿੱਖ ਦੇ ਚੈਂਪੀਅਨ ਤਿਆਰ ਕਰਨ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਸਕੂਲ ਪ੍ਰਿੰ. ਸ਼ੁਭਰਾ ਰਾਣੀ ਨੇ ਕਿਹਾ ਕਿ ਸਾਡੇ ਵਿਦਿਆਰਥੀ ਅਤੇ ਸਟਾਫ਼ ਮੇਜ਼ਬਾਨੀ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਨ।ਅਸੀਂ ਸਾਰੇ ਭਾਗੀਦਾਰ ਸਕੂਲਾਂ ਦਾ ਸੁਆਗਤ ਕਰਦੇ ਹਾਂ ਅਤੇ ਇੱਕ ਅਜਿਹੇ ਟੂਰਨਾਮੈਂਟ ਦੀ ਉਡੀਕ ਕਰ ਰਹੇ ਹਾਂ ਜੋ ਉਤਸ਼ਾਹ, ਸਿੱਖਿਆ ਅਤੇ ਖੇਡ ਜਜ਼ਬੇ ਨਾਲ ਭਰਪੂਰ ਹੋਵੇਗਾ।

# ਲੋਕਾਂ ਦੀ ਆਵਾਜਾਈ ਲਈ ਪੁਲ ਬਲਵੰਡਾ ਸ਼ੁਰੂ

## * ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕੀਤਾ ਉਦਘਾਟਨ

ਗੁਰਦਾਸਪੁਰ, (ਜਨਕ ਮਹਾਜਨ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਕਾਦੀਆਂ ਦੇ ਬੇਟ ਇਲਾਕਾ ਨਿਵਾਸੀਆਂ ਦੀਆਂ ਮੁਸ਼ਕਲਾਂ ਨੂੰ ਅਸਾਨ ਕਰਦਿਆਂ ਬਲਵੰਡਾ ਪੁਲ ਨੂੰ ਆਵਾਜਾਈ ਲਈ ਸ਼ੁਰੂ ਕਰ ਦਿੱਤਾ ਗਿਆ ਹੈ।

ਇਸ ਨਵੇਂ ਬਣੇ ਪੁਲ ਦਾ ਉਦਘਾਟਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ।ਇਸ ਪੁਲ ਨੂੰ ਬਣਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦਾ ਧੰਨਵਾਦ ਕਰਦਿਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਸ ਪੁਲ ਦੇ ਟੁੱਟ ਜਾਣ ਕਾਰਨ ਇਲਾਕੇ ਦੇ ਲੋਕਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਜੋ ਹੁਣ ਦੂਰ ਹੋ ਗਈਆਂ ਹਨ।ਉਨ੍ਹਾਂ ਦੱਸਿਆ ਕਿ ਬਲਵੰਡਾ ਦਾ ਇਹ ਪੁਲ ਪਹਿਲੋਂ ਨਾਲੋਂ ਛੇ ਮੀਟਰ ਚੌੜਾ ਅਤੇ ਪੰਜ ਫੁੱਟ ਉੱਚਾ ਬਣਾਇਆ ਗਿਆ ਹੈ।

ਇਸ ਪੁਲ ਦੀਆਂ ਕੋਠੀਆਂ ਨੂੰ 50 ਫੁੱਟ ਡੂੰਘਾ ਗਾਲ਼ਿਆ ਗਿਆ ਹੈ ਤਾਂ ਜੋ ਇਸ ਦੀ ਮਜ਼ਬੂਤੀ ਬਣੀ ਰਹੇ।ਉਨ੍ਹਾਂ ਕਿਹਾ ਕਿ ਪੁਲ ਦੇ ਨਾਲ ਜਿਹੜੀਆਂ ਅਪਰੋਚ ਰੋਡ ਹਨ ਉਨ੍ਹਾਂ ਨੂੰ ਵੀ ਮਜ਼ਬੂਤ ਬਣਾ ਕੇ ਸਾਈਡਾਂ ਤੇ ਰਿਟੇਨਿੰਗ ਵਾਲ ਬਣਾਈ ਜਾਵੇਗੀ।ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਿਆਸ ਦਰਿਆ ਨਾਲ ਲੱਗਦੇ ਕਾਦੀਆਂ ਹਲਕੇ ਵਿੱਚ 27 ਕਿੱਲੋਮੀਟਰ ਜਿਹੜੀ ਧੁੱਸੀ ਬੰਨ੍ਹ ਦੀ ਸੜਕ ਦੀ ਮੁਰੰਮਤ ਕੀਤੀ ਗਈ ਸੀ ਉਹ ਇੱਕ ਥਾਂ ਤੋਂ ਵੀ ਨਹੀਂ ਟੁੱਟੀ।ਸਗੋਂ ਇਸ ਵਾਰ ਧੁੱਸੀ ਬੰਨ੍ਹ ਵੀ ਬਹੁਤ ਮਜ਼ਬੂਤੀ ਨਾਲ ਟਿਕਿਆ ਰਿਹਾ ਜਿਸ ਕਾਰਨ ਬੇਟ ਦਾ ਇਲਾਕਾ ਦਰਿਆ ਬਿਆਸ ਦੇ ਪਾਣੀ ਤੋਂ



ਬਚਿਆ ਰਿਹਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਾਹਨੂੰਵਾਨ ਮਾਰਕਿਟ ਕਮੇਟੀ ਦੇ ਅਧੀਨ ਪੇਂਡੂ ਸੰਪਰਕ ਸੜਕਾਂ ਦੀ ਮੁਰੰਮਤ ਲਈ 24 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ।

ਇਸ ਤੋਂ ਇਲਾਵਾ 51 ਕਰੋੜ ਰੁਪਏ ਬੇਟ ਇਲਾਕੇ ਦੀਆਂ ਸੜਕਾਂ ਦੀ ਮੁਰੰਮਤ ਅਤੇ ਉਨ੍ਹਾਂ ਨੂੰ 11 ਫੁੱਟ ਤੋਂ 18 ਫੁੱਟ ਚੌੜਿਆਂ ਕਰਨ ਲਈ ਮਨਜ਼ੂਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਹਲਕੇ ਵਿੱਚ ਸੜਕਾਂ ਦੀ ਮੁਰੰਮਤ ਦਾ ਪ੍ਰੋਜੈਕਟ ਮੁਕੰਮਲ ਕੀਤਾ ਜਾਵੇਗਾ।

# ਝੂਠੇ ਹੰਝੂ ਵਹਾ ਕੇ ਸਸਤੀ ਰਾਜਨੀਤੀ ਕਰ ਰਹੇ ਰਾਹੁਲ ਗਾਂਧੀ : ਤਰੁਣ ਚੁੱਘ

**ਅੰਮ੍ਰਿਤਸਰ, (ਮਨੋਜ ਕੁਮਾਰ)**-ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਸੋਮਵਾਰ ਨੂੰ ਲੋਕ ਸਭਾ ਦੇ ਅਪੋਜ਼ੀਸ਼ਨ ਲੀਡਰ ਰਾਹੁਲ ਗਾਂਧੀ 'ਤੇ ਪੰਜਾਬ ਦੇ ਹੜ੍ਹਾਂ 'ਤੇ ਮਗਰਮੱਛ ਦੀ ਤਰ੍ਹਾਂ ਝੂਠੇ ਹੰਝੂ ਵਹਾਉਣ ਦਾ ਦੋਸ਼ ਲਗਾਉਂਦੇ ਹੋਏ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਚੁੱਘ ਨੇ ਕਿਹਾ ਕਿ ਜਦੋਂ ਲੱਖਾਂ ਪੰਜਾਬੀ ਹੜ੍ਹ ਵਿਚ ਫਸੇ ਆਪਣੀ ਜ਼ਿੰਦਗੀ ਤੇ ਪੈਲੀ- ਬੰਨ੍ਹਾਂ ਬਚਾਉਣ ਲਈ ਜੂਝ ਰਹੇ ਸਨ, ਓਦੋਂ ਰਾਹੁਲ ਗਾਂਧੀ ਦੇਸ਼ ਤੋਂ ਬਾਹਰ ਵਿਦੇਸ਼ ਵਿਚ ਆਰਾਮ ਨਾਲ ਸਮਾਂ ਬਤੀਤ ਕਰ ਰਹੇ ਸਨ। ਹੁਣ ਜਦੋਂ ਪਾਣੀ ਘੱਟਣਾ ਸ਼ੁਰੂ ਹੋਇਆ ਹੈ ਅਤੇ ਲੋਕ ਆਪਣੇ ਨੁਕਸਾਨ ਦਾ ਹਿਸਾਬ ਕਰ ਰਹੇ ਹਨ, ਰਾਹੁਲ ਸਿਰਫ਼ ਫੋਟੋ ਸ਼ੂਟ ਲਈ ਪੰਜਾਬ ਆਏ ਹਨ। ਉਨ੍ਹਾਂ ਨੇ ਸਵਾਲ ਕੀਤਾ ਕਿ ਪੂਰੀ ਕਾਂਗਰਸ ਹਾਈਕਮਾਨ, ਗਾਂਧੀ ਪਰਿਵਾਰ ਤੇ ਕਾਂਗਰਸ ਪ੍ਰਧਾਨ ਮਲਿਕਾ ਅਰਜੁਨ ਖੜਗੇ ਪੰਜਾਬ ਵਿਚ ਆਈ ਇਸ ਭਿਆਨਕ ਆਫ਼ਤ 'ਤੇ ਇਕ ਮਹੀਨੇ ਤਕ ਚੁੱਪ ਕਿਉਂ ਰਹੇ ? ਉਨ੍ਹਾਂ ਕਿਹਾ ਕਿ ਇਹ ਕੋਈ ਨਵੀਂ ਗੱਲ ਨਹੀਂ ਹੈ। ਇਹੋ ਬੇਰੁਖ਼ੀ ਤੇ ਅਸੰਵੇਦਨਸ਼ੀਲ ਰਵੱਈਆ ਕਾਂਗਰਸ ਨੇ ਪੰਜਾਬ ਨਾਲ ਪਹਿਲਾਂ ਵੀ ਦਿਖਾਇਆ ਹੈ, ਭਾਵੇਂ ਉਹ ਓਪਰੇਸ਼ਨ ਬਲਿਊ ਸਟਾਰ ਦੇ ਕਾਲੇ ਦਿਨ ਰਹੇ ਹੋਣ ਜਾਂ 1984 ਦਾ ਕਾਂਗਰਸ ਵੱਲੋਂ



ਰਚਿਤ ਸਿੱਖ ਕਤਲੇਆਮ। ਸ਼੍ਰੀ ਚੁੱਘ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਇਹ ਅਚਾਨਕ ਚਿੰਤਾ ਓਦੋਂ ਹੀ ਸਾਹਮਣੇ ਆਈ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਪੰਜਾਬ ਆਏ, ਹੜ੍ਹ-ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਰਾਹੁਲ ਦਾ ਇਹ ਨਾਟਕ ਸਿਰਫ਼ ਸਸਤੀ ਰਾਜਨੀਤੀ ਹੈ ਤੇ ਹੜ੍ਹ ਦੀ ਮਾਰ ਸਹਿ ਰਹੇ ਲੱਖਾਂ ਪੰਜਾਬੀਆਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਣ ਵਰਗਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਨੇਤਾਵਾਂ ਨੂੰ ਪੰਜਾਬ ਆ ਕੇ ਰਾਜਨੀਤਕ ਡਰਾਮੇਬਾਜ਼ੀ ਬੰਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬੀਆਂ ਨੂੰ ਅਸਲੀ ਰਾਹਤ ਤੇ ਮੁੜ ਵਸੇਬਾ ਦੀ ਜ਼ਰੂਰਤ ਹੈ, ਰਾਹੁਲ ਗਾਂਧੀ ਪਖੰਡ ਤੇ ਖੋਖਲੇ ਦਿਖਾਵੇ ਨਾਲ ਪੂਰੇ ਪੰਜਾਬ ਤੇ ਦੇਸ਼ ਨੂੰ ਸ਼ਰਮਿੰਦਾ ਕਰ ਰਹੇ ਹਨ।

# ਸੰਯੁਕਤ ਕਿਸਾਨ ਮੋਰਚੇ ਨੇ ਹੜ੍ਹ ਪੀੜਤ ਲੋਕਾਂ ਤੇ ਪਿੰਡਾਂ ਦੀ ਨਿਸ਼ਾਨਦੇਹੀ ਲਈ ਲਾਇਆ ਰਾਹਤ ਕੈਂਪ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਖੇਤਰ ਦੇ ਹੜ੍ਹ ਪੀੜਤਾਂ ਨੂੰ ਸਾਂਝੇ ਤੌਰ ਤੇ ਮਦਦ ਕਰਨ ਵਾਲੇ ਸੰਯੁਕਤ ਕਿਸਾਨ ਮੋਰਚੇ ਨੇ ਪਿਛਲੇ 10 ਦਿਨਾਂ ਦਾ ਅਜਨਾਲਾ 'ਚ ਮਹਿਲ ਬੁਖਾਰੀ ਅੱਡੇ ਨੇੜੇ ਸਥਿਤ ਗੁਰਦੁਆਰਾ ਟੱਕਰ ਸਾਹਿਬ ਦੇ ਬਾਹਰ ਰਾਹਤ ਕੈਂਪ ਲਗਾਇਆ ਹੈ ਜਿੱਥੇ ਜਿਹੜੇ ਲੋਕ ਪੰਜਾਬ, ਹਰਿਆਣਾ, ਯੂਪੀ, ਰਾਜਸਥਾਨ ਸਮੇਤ ਹੋਰਨਾਂ ਸੂਬਿਆਂ ਤੋਂ ਰਾਹਤ ਸਮੱਗਰੀ ਲੈ ਕੇ ਹੜ੍ਹ ਪੀੜਤਾਂ 'ਚ ਵੰਡਣ ਲਈ ਪਹੁੰਚ ਰਹੇ ਹਨ ਉਨ੍ਹਾਂ ਨੂੰ ਹੜ੍ਹ ਪੀੜਤ ਲੋਕਾਂ ਤੇ ਪਿੰਡਾਂ ਦੀ ਨਿਸ਼ਾਨਦੇਹੀ ਦਿੱਤੀ ਜਾਂਦੀ ਹੈ ਤਾਂ ਕਿ ਲੋੜਵੰਦ ਹੜ੍ਹ ਪੀੜਤਾਂ ਕੋਲ ਰਾਹਤ ਸਮੱਗਰੀ ਪਹੁੰਚ ਸਕੇ।ਇਹ ਪ੍ਰਗਟਾਵਾ ਮੋਰਚੇ 'ਚ ਸ਼ਾਮਿਲ ਜਥੇਬੰਦੀ ਦੇ ਆਗੂਆਂ ਡਾ. ਸਤਨਾਮ ਸਿੰਘ ਅਜਨਾਲਾ ਸੂਬਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਪੰਜਾਬ, ਧਨਵੰਤ ਸਿੰਘ ਖਤਰਾਏ ਕਲਾਂ ਸੂਬਾ ਆਗੂ ਕਿਰਤੀ ਕਿਸਾਨ ਯੂਨੀਅਨ ਪੰਜਾਬ, ਸਤਨਾਮ ਸਿੰਘ ਝੰਡੇਰ ਕਿਰਤੀ ਕਿਸਾਨ ਯੂਨੀਅਨ, ਸਵਿੰਦਰ ਸਿੰਘ ਮੀਰਾਕੋਟ, ਭੁਪਿੰਦਰ ਸਿੰਘ ਛੀਨਾ, ਬਲਦੇਵ ਸਿੰਘ ਸਹਿੰਸਰਾ, ਸੁਖਵਿੰਦਰ ਸਿੰਘ ਕਿਆਮਪੁਰਾ, ਹਰਪਾਲ ਸਿੰਘ ਛੀਨਾ ਕਿਰਤੀ ਕਿਸਾਨ ਯੂਨੀਅਨ ਪੰਜਾਬ, ਬਲਵਿੰਦਰ ਸਿੰਘ ਡਿਆਲ ਭੱਟੀ ਆਦਿ ਨੇ ਪ੍ਰੈੱਸ ਕਾਨਫਰੰਸ ਕਰਦਿਆਂ ਕੀਤਾ।ਉਕਤ ਆਗੂਆਂ ਨੇ ਦੱਸਿਆ ਕਿ ਪਿਛਲੇ ਦੋ ਹਫਤਿਆਂ ਦੌਰਾਨ ਇਸ ਇਲਾਕੇ ਦੇ ਲਗਭਗ 185 ਪਿੰਡਾਂ ਚੋਂ



ਕੋਈ 7000 ਦੇ ਕਰੀਬ ਰਾਹਤ ਸਮੱਗਰੀ ਦੇ ਵਾਹਨ ਟਰੈਕਟਰ ਟਰਾਲੀਆਂ, ਛੋਟੇ ਹਾਥੀ, ਟਰੱਕ, ਕੈਂਟਰ ਆਦਿ ਪਹੁੰਚ ਚੁੱਕੇ ਹਨ ਪਰ ਉਨ੍ਹਾਂ 'ਚ ਪਹੁੰਚੀ ਰਾਹਤ ਸਮੱਗਰੀ ਦੀ ਠੀਕ ਨਾਲ ਵੰਡ ਨਾ ਹੋਣ ਕਰਕੇ ਅਤੇ ਰਾਹਤ ਸਮੱਗਰੀ ਦਾ ਸਿਆਸੀਕਰਨ ਹੋਣ ਕਰਕੇ ਲਗਭਗ 33 ਫੀਸਦੀ ਹੜ੍ਹ ਪੀੜਤਾਂ ਤੱਕ ਨਹੀਂ ਪਹੁੰਚੀ ਜਿਸ ਕਾਰਨ ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਇਨ੍ਹਾਂ ਪੀੜਤ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ।ਸਮੂਹ ਆਗੂਆਂ ਨੇ ਮੌਜੂਦਾ ਸਰਕਾਰਾਂ 'ਤੇ ਵਰ੍ਹਦਿਆਂ ਕਥਿਤ ਦੋਸ਼ ਲਾਏ ਕੇ ਪਹਿਲਾਂ ਤਾਂ ਸੂਬਾ ਤੇ ਕੇਂਦਰ ਸਰਕਾਰਾਂ ਨੇ ਨਾ-ਮਾਤਰ ਰਾਹਤ ਦਾ ਐਲਾਨ ਕੀਤਾ ਹੈ ਜਿਸਦੇ ਵਿੱਚ ਕਿਸਾਨਾਂ, ਖੇਤ ਮਜ਼ਦੂਰਾਂ ਤੇ ਛੋਟੇ ਦੁਕਾਨਦਾਰਾਂ ਨੂੰ ਅੱਖੋਂ ਪਰੋਖੇ ਕੀਤਾ ਹੈ ਜਿਸ ਕਾਰਨ ਉਨ੍ਹਾਂ ਵਿੱਚ ਡਾਢਾ ਗੁੱਸਾ ਪਾਇਆ ਜਾ ਰਿਹਾ।ਉਪਰੰਤ ਸੰਯੁਕਤ ਕਿਸਾਨ ਮੋਰਚੇ ਦੇ ਇਨ੍ਹਾਂ ਆਗੂਆਂ ਨੇ ਹੜ੍ਹ ਪੀੜਤਾਂ ਦੀਆਂ ਮੰਗਾਂ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਮਾਰੀਆਂ ਗਈਆਂ ਫਸਲਾਂ ਦਾ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਅਤੇ ਮਜ਼ਦੂਰਾਂ ਨੂੰ 10 ਹਜ਼ਾਰ ਰੁਪਏ ਮੁਆਵਜ਼ਾ ਤੁਰੰਤ ਦਿੱਤਾ ਜਾਵੇ, ਕਿਉਂਕਿ ਇਹ ਸਰਹੱਦੀ ਖੇਤਰ ਹਰ ਸਾਲ ਹੜ੍ਹਾਂ ਦੀ ਅਤੇ ਭਾਰਤ/ਪਾਕਿਸਤਾਨ ਕੌਮਾਂਤਰੀ ਸਰਹੱਦ ਤੇ ਸਮੇਂ ਸਮੇਂ ਤੇ ਬਣਦੀ ਤਣਾਅ ਪੂਰਨ ਸਥਿਤੀ ਦੀ ਮਾਰ ਝੱਲਦਾ ਆ ਰਿਹਾ ਹੈ ਅਤੇ ਇਨ੍ਹਾਂ ਪੀੜਤ ਪ੍ਰਭਾਵਿਤ ਲੋਕਾਂ ਨੂੰ ਮੁੜ ਪੈਰਾਂ ਉਤੇ ਖੜਾ ਕਰਨ ਲਈ ਹਰੇਕ ਪਰਿਵਾਰ ਨੂੰ ਇੱਕ ਇੱਕ ਲੱਖ ਰੁਪਏ ਦੀ ਅੰਤਰਿਮ ਰਾਹਤ ਦਿੱਤੀ ਜਾਵੇ।ਉਕਤ ਆਗੂਆਂ ਚੇਤਾਵਨੀ ਦਿੱਤੀ ਕਿ ਜੇਕਰ ਅਜਿਹਾ ਤੁਰੰਤ ਨਾ ਕੀਤਾ ਗਿਆ ਤਾਂ ਸੰਯੁਕਤ ਕਿਸਾਨ ਮੋਰਚਾ ਵੱਡੇ ਪੱਧਰ ਤੇ ਤਿੱਖੇ ਸੰਘਰਸ਼ ਦੀ ਰਣਨੀਤੀ ਉਲੀਕ ਕੇ ਸੜਕਾਂ 'ਤੇ ਉਤਰੇਗਾ।

# ਚੀਫ਼ ਖਾਲਸਾ ਦੀਵਾਨ ਵੱਲੋਂ ਅਧਿਆਪਕਾਂ ਦਾ ਸਨਮਾਨ

ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ ਅਧਿਆਪਕ ਮੈਡਮ ਰੁਪਿੰਦਰ ਸਮਰਾ ਅਤੇ ਮੈਡਮ ਅਰਸ਼ਪ੍ਰੀਤ ਕੌਰ ਨੂੰ ਅਧਿਆਪਕ ਦਿਵਸ ਦੇ ਮੌਕੇ 'ਤੇ ਉਨ੍ਹਾਂ ਦੀਆਂ ਵਿੱਦਿਅਕ ਖੇਤਰ ਵਿੱਚ ਨਿਭਾਈਆਂ ਗਈਆਂ ਸੇਵਾਵਾਂ ਨੂੰ



ਮੱਦੇਨਜ਼ਰ ਰੱਖਦੇ ਹੋਏ ਚੀਫ਼ ਖਾਲਸਾ ਦੀਵਾਨ ਵੱਲੋਂ ਬੈਸਟ ਟੀਚਰ ਦਾ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਇਨ੍ਹਾਂ ਅਧਿਆਪਕਾਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਹੋਇਆਂ ਅੱਗੇ ਤੋਂ ਹੋਰ ਮਿਹਨਤ ਕਰਕੇ ਵਿੱਦਿਆ ਦੇ ਖੇਤਰ ਵਿੱਚ ਆਪਣੀਆਂ ਅਣਥੱਕ ਸੇਵਾਵਾਂ ਦੇਣ ਲਈ ਪ੍ਰੇਰਿਤ ਕੀਤਾ।

# ਝੋਨੇ/ਬਾਸਮਤੀ ਉੱਤੇ ਜ਼ਰੂਰਤ ਤੋਂ ਬਗੈਰ ਕੀਟਨਾਸ਼ਕਾਂ ਦਾ ਛਿੜਕਾਅ ਕਰਨ ਦੀ ਮਨਾਹੀ

ਗੁਰਦਾਸਪੁਰ :(ਜਨਕ ਮਹਾਜਨ)-ਇਸ ਸਮੇਂ ਝੋਨੇ/ਬਾਸਮਤੀ ਦੀ ਫ਼ਸਲ ਦੀਆਂ ਅਗੇਤੀਆਂ ਕਿਸਮਾਂ ਨਿਸਰ ਰਹੀਆਂ ਹਨ, ਹੜ੍ਹਾਂ ਅਤੇ ਵਧੇਰੇ ਬਰਸਾਤਾਂ ਹੋਣ ਕਾਰਨ ਝੋਨੇ ਦੀਆਂ ਮੁੰਝਰਾਂ ਦੇ ਕੁਝ ਦਾਣੇ ਬਦਰੰਗ ਹੋ ਰਹੇ ਹਨ ਜਿਸ ਨੂੰ ਦੇਖ ਕੇ ਕਿਸਾਨ ਕੀਟਨਾਸ਼ਕ/ਉੱਲੀਨਾਸ਼ਕ ਦਾ ਛਿੜਕਾਅ ਕਰ ਰਹੇ ਹਨ ਜਿਸ ਦੀ ਕੋਈ ਜ਼ਰੂਰਤ ਨਹੀਂ।ਇਸ ਬਾਰੇ ਜਾਣਕਾਰੀ ਦਿੰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਝੋਨੇ/ਬਾਸਮਤੀ ਦੀ ਫ਼ਸਲ ਉੱਪਰ ਫਿਲਹਾਲ ਕਿਸੇ ਕੀੜੇ ਜਾਂ ਬਿਮਾਰੀ ਦਾ ਵੱਡੇ ਪੱਧਰ ਤੇ ਹਮਲਾ ਦਿਖਾਈ ਨਹੀਂ ਦਿੱਤਾ, ਇਸ ਲਈ



ਜ਼ਰੂਰਤ ਤੋਂ ਬਗੈਰ ਕੀਟਨਾਸ਼ਕਾਂ ਦਾ ਛਿੜਕਾਅ ਨਾ ਕੀਤਾ ਜਾਵੇ ।ਉਨ੍ਹਾਂ ਦੱਸਿਆ ਕਿ ਇਸ ਵਾਰ ਝੋਨੇ ਦੀ ਫ਼ਸਲ ਦੇ ਫੁੱਲ ਨਿਕਲਣ ਦੀ ਅਵਸਥਾ ਤੇ ਬਰਸਾਤਾਂ ਜ਼ਿਆਦਾ ਹੋਣ ਕਾਰਨ ਪਰਪ੍ਰਾਗਣ ਪ੍ਰਕਿਰਿਆ ਪ੍ਰਭਾਵਤ ਹੋਈ ਹੈ ਜਿਸ ਕਾਰਨ ਝੋਨੇ ਦੀਆਂ ਮੁੰਝਰਾਂ ਵਿਚ ਕੁਝ ਦਾਣੇ ਬਦਰੰਗ ਹੋ ਰਹੇ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਬਦਰੰਗ ਹੋਏ ਦਾਣਿਆਂ ਦਾ ਇਸ ਵਕਤ ਕੋਈ ਇਲਾਜ ਨਾ ਕਰਕੇ ਕਿਸੇ ਛਿੜਕਾਅ ਦੀ ਜ਼ਰੂਰਤ ਨਹੀਂ।ਉਨ੍ਹਾਂ ਦੱਸਿਆ ਕਿ ਕੁਝ ਜਗ੍ਹਾ ਝੂਠੀ ਕਾਂਗਿਆਰੀ ਨਾਮ ਦੀ ਬਿਮਾਰੀ ਦਾ ਹਮਲਾ ਦੇਖਿਆ ਗਿਆ ਹੈ, ਜਿਸ ਦਾ ਵੀ ਇਸ ਸਮੇਂ ਕੋਈ ਇਲਾਜ ਨਹੀਂ ਹੈ।ਉਨ੍ਹਾਂ ਦੱਸਿਆ ਕਿ ਕੁਝ ਕਿਸਾਨਾਂ ਵੱਲੋਂ ਫ਼ਸਲ ਦੇ ਗੱਭ ਭਰਨ ਦੀ ਅਵਸਥਾ ਤੋਂ ਪਹਿਲਾ ਉਲੀਨਾਸ਼ਕ ਦੇ ਛਿੜਕਾਅ ਕਰਨ ਬਾਵਜੂਦ ਝੂਠੀ ਕਾਂਗਿਆਰੀ/ਹਲਦੀ ਰੋਗ ਦੀ ਸ਼ਿਕਾਇਤ ਆ ਰਹੀ ਹੈ, ਜਿਸ ਦਾ ਮੁੱਖ ਕਾਰਨ ਇਸ ਵਾਰ ਲਗਾਤਾਰ ਬੱਦਲਵਾਈ ਅਤੇ ਬਰਸਾਤ ਹੋਣ ਕਾਰਨ ਮੌਸਮੀ ਹਾਲਾਤ ਪ੍ਰਤੀਕੂਲ ਰਹਿਣਾ ਹੈ।ਉਨ੍ਹਾਂ ਨੇ ਦੱਸਿਆ ਕਿ ਝੋਨੇ/ਬਾਸਮਤੀ ਦੀ ਫ਼ਸਲ ਦੀਆਂ ਜੋ ਕਿਸਮਾਂ ਗੱਭ ਭਰਨ ਦੀ ਅਵਸਥਾ ਤੇ ਹੁੰਦੀ ਹੈ ਤਾਂ ਫ਼ਸਲ ਨੂੰ ਖੁਰਾਕ ਵਜੋਂ ਪੋਟਾਸ਼ ਅਤੇ ਨਾਈਟ੍ਰੋਜਨ ਦੀ ਪੂਰਤੀ ਕਰਨ ਲਈ ਪੋਟਾਸ਼ੀਅਮ ਨਾਈਟ੍ਰੇਟ 13:0:45 ਦਾ ਛਿੜਕਾਅ ਕਰਨ ਦੀ ਜ਼ਰੂਰਤ ਹੈ।ਉਨ੍ਹਾਂ ਦੱਸਿਆ ਕਿ ਦੇਖਣ ਵਿਚ ਆਇਆ ਹੈ ਕਿ ਕਿਸਾਨ ਇਕ ਕਿਲੋ ਪੋਟਾਸ਼ੀਅਮ ਨਾਈਟ੍ਰੇਟ ਪ੍ਰਤੀ ਏਕੜ ਦਾ ਛਿੜਕਾਅ ਕਰ ਰਹੇ ਹਨ, ਜੋ ਗਲਤ ਹੈ ਕਿਉਂਕਿ ਖੁਰਾਕ ਸਿਫਾਰਸ਼ ਤੋਂ ਘੱਟ ਹੋਣ ਕਾਰਨ ਪੂਰਾ ਫਾਇਦਾ ਨਹੀਂ ਹੁੰਦਾ।ਉਨ੍ਹਾਂ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਤਿੰਨ ਕਿਲੋ ਪੋਟਾਸ਼ੀਅਮ ਨਾਈਟ੍ਰੇਟ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਦੇ ਘੋਲ ਵਿਚ ਗੋਲ ਨੋਜ਼ਲ ਨਾਲ ਛਿੜਕਾਅ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

# ਐੱਨਸੀਸੀ ਡਾਇਰੈਕਟੋਰੇਟ ਪੀਐੱਚਐੱਚਪੀ ਐਂਡ ਸੀ ਦਾ ਦੂਜੇ ਸਾਲ ਵੀ ਦਬਦਬਾ ਕਾਇਮ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਐੱਨਸੀਸੀ ਦੇ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਡਾਇਰੈਕਟੋਰੇਟ ਨੇ ਦਿੱਲੀ ਵਿਖੇ ਆਯੋਜਿਤ ਵੱਕਾਰੀ ਆਲ ਇੰਡੀਆ ਥਾਲ ਸੈਨਿਕ ਕੈਂਪ (ਆਈਟੀਐੱਸਸੀ) ਸੀਨੀਅਰ ਡਿਵੀਜ਼ਨ ਚੈਂਪੀਅਨਸ਼ਿਪ ਲਗਾਤਾਰ ਦੂਜੇ ਸਾਲ ਜਿੱਤ ਕੇ ਇਤਿਹਾਸ ਰਚਿਆ ਹੈ।2024 ਵਿੱਚ ਆਪਣੀ ਇਤਿਹਾਸਕ ਜਿੱਤ ਤੋਂ ਬਾਅਦ ਡਾਇਰੈਕਟੋਰੇਟ ਨੇ 2025 ਵਿੱਚ ਇੱਕ ਵਾਰ ਫਿਰ ਆਪਣਾ ਦਬਦਬਾ ਸਾਬਤ ਕੀਤਾ ਹੈ, ਲਗਾਤਾਰ ਚੈਂਪੀਅਨਸ਼ਿਪ ਜਿੱਤ ਕੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ।ਪੀਐੱਚਐੱਚਪੀ ਐਂਡ ਸੀ ਡਾਇਰੈਕਟੋਰੇਟ ਦੇ ਕੈਡਿਟਾਂ ਨੇ ਅਨੁਸ਼ਾਸਨ, ਲੀਡਰਸ਼ਿਪ, ਫੀਲਡ ਕਰਾਫਟ ਅਤੇ ਬੈਟਲ ਕਰਾਫਟ ਦੇ ਇੱਕ ਪ੍ਰਦਰਸ਼ਨ ਵਿੱਚ ਦੇਸ਼ ਭਰ ਦੇ 16 ਮਜ਼ਬੂਤ ਐੱਨਸੀਸੀ ਡਾਇਰੈਕਟੋਰੇਟਾਂ ਨੂੰ ਪਛਾੜ ਦਿੱਤਾ।ਅੰਮ੍ਰਿਤਸਰ ਗਰੁੱਪ ਐੱਨਸੀਸੀ ਦੁਆਰਾ ਪ੍ਰਦਾਨ ਕੀਤੀ ਗਈ ਨਿਰੰਤਰ ਸਿਖਲਾਈ ਅਤੇ ਸਲਾਹ-ਮਸ਼ਵਰੇ ਦਾ ਇੱਕ ਚਮਕਦਾਰ ਪ੍ਰਮਾਣ, ਕੈਡਿਟਾਂ ਨੇ ਬੇਮਿਸਾਲ 16 ਸੋਨੇ ਦੇ ਤਮਗੇ ਅਤੇ 8 ਚਾਂਦੀ ਦੇ ਤਮਗੇ ਪ੍ਰਾਪਤ ਕੀਤੇ।ਐੱਨਸੀਸੀ ਡਾਇਰੈਕਟੋਰੇਟ ਪੀਐੱਚਐੱਚਪੀ ਐਂਡ ਸੀ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਮੇਜਰ ਜਨਰਲ ਜੇਐੱਸ ਚੀਮਾ ਨੇ ਜੇਤੂ ਕੈਡਿਟਾਂ ਨੂੰ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ, ਬ੍ਰਿਗੇਡੀਅਰ ਕੇ. ਐੱਸ. ਬਾਵਾ, ਕਰਨਲ ਏਕੇ ਸ਼ਰਮਾ, ਅਧਿਕਾਰੀਆਂ, ਟ੍ਰੇਨਰਾਂ ਅਤੇ ਕੈਡਿਟਾਂ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ, ਜਿਨ੍ਹਾਂ ਦੀ ਤਾਲਮੇਲ, ਸਖ਼ਤ ਮਿਹਨਤ ਅਤੇ ਸੇਵਾ ਦੀ ਭਾਵਨਾ ਨੇ ਡਾਇਰੈਕਟੋਰੇਟ ਨੂੰ ਇੱਕ ਵਾਰ ਫਿਰ ਰਾਸ਼ਟਰੀ ਗੌਰਵ



ਵੱਲ ਵਧਾਇਆ।ਮੇਜਰ ਜਨਰਲ ਜੇ. ਐੱਸ. ਚੀਮਾ ਨੇ ਕਿਹਾ ਕਿ ਇਸ ਮੀਲ ਪੱਥਰ ਨੂੰ ਪ੍ਰਾਪਤ ਕਰਨ ਵਿੱਚ ਕੈਡਿਟਾਂ ਦੇ ਹੁਨਰ ਨੂੰ ਆਕਾਰ ਦੇਣ ਅਤੇ ਨਿਖਾਰਨ ਵਿੱਚ ਅੰਮ੍ਰਿਤਸਰ ਗਰੁੱਪ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ।ਇਸ ਲਗਾਤਾਰ ਇਤਿਹਾਸਕ ਚੈਂਪੀਅਨਸ਼ਿਪ ਦੇ ਨਾਲ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਡਾਇਰੈਕਟੋਰੇਟ ਨੇ ਫੌਜੀ ਅਨੁਸ਼ਾਸਨ, ਸੇਵਾ ਅਤੇ ਲੀਡਰਸ਼ਿਪ ਵਿੱਚ ਰਾਸ਼ਟਰੀ ਮਿਆਰਾਂ ਦੇ ਮਿਸਾਲਦਾਰ ਵਜੋਂ ਆਪਣੀ ਸਥਿਤੀ ਮਜ਼ਬੂਤ ਕੀਤੀ ਹੈ।

# ਐੱਸਬੀਆਈ ਲਾਈਫ ਨੇ ਹੜ੍ਹ ਪ੍ਰਭਾਵਿਤ ਪਾਲਿਸੀਧਾਰਕਾਂ ਲਈ ਦਾਅਵਾ ਪ੍ਰਕਿਰਿਆ ਨੂੰ ਸਰਲ ਬਣਾਇਆ

ਜਲੰਧਰ : ਐੱਸਬੀਆਈ ਲਾਈਫ ਨੇ ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਪਾਲਿਸੀਧਾਰਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਵਿਸ਼ੇਸ਼ ਰਾਹਤ ਉਪਾਵਾਂ ਦਾ ਐਲਾਨ ਕੀਤਾ ਹੈ।ਇਸ ਮੁਸ਼ਕਲ ਸਮੇਂ ਦੌਰਾਨ ਸਮੇਂ ਸਿਰ ਵਿੱਤੀ ਸਹਾਇਤਾ ਯਕੀਨੀ ਬਣਾਉਣ ਲਈ ਐੱਸਬੀਆਈ ਲਾਈਫ ਨੇ ਦਾਅਵਾ ਪ੍ਰਕਿਰਿਆ ਨੂੰ ਸਰਲ ਬਣਾਇਆ ਹੈ ਅਤੇ ਦਸਤਾਵੇਜ਼ੀ ਜ਼ਰੂਰਤਾਂ ਨੂੰ ਢਿੱਲ ਦਿੱਤੀ ਹੈ।ਅਜਿਹੀ ਦੁਖਾਂਤ ਦੇ ਸਮੇਂ ਪਰਿਵਾਰਾਂ ਨੂੰ ਦਰਪੇਸ਼ ਭਾਵਨਾਤਮਕ ਪ੍ਰੇਸ਼ਾਨੀ ਨੂੰ ਸਮਝਦੇ ਹੋਏ ਐੱਸਬੀਆਈ ਲਾਈਫ ਦਾਅਵੇਦਾਰਾਂ ਤੋਂ ਮੌਤ ਸਰਟੀਫਿਕੇਟ ਜਮ੍ਹਾ ਕਰਨ 'ਤੇ ਜ਼ੋਰ ਨਹੀਂ ਦੇਵੇਗੀ।ਐੱਸਬੀਆਈ ਲਾਈਫ ਅਧਿਕਾਰਤ ਸਰਕਾਰੀ ਰਿਕਾਰਡਾਂ, ਮਿਊਂਸੀਪਲ ਰਜਿਸਟਰਾਂ, ਈ-ਗਵਰਨੈਂਸ ਪੋਰਟਲਾਂ ਜਾਂ ਹੋਰ ਅਧਿਕਾਰਤ ਸਰਕਾਰੀ ਡੇਟਾਬੇਸ ਵਿੱਚ ਦਰਜ ਮੌਤ ਦੇ ਸਬੂਤ ਨੂੰ ਵੈਲਿਡ ਸਬੂਤ ਵਜੋਂ ਸਵੀਕਾਰ ਕਰੇਗੀ।

ਦਾਅਵਿਆਂ ਨੂੰ ਹੁਣ ਘੱਟੋ-ਘੱਟ ਦਸਤਾਵੇਜ਼ਾਂ ਨਾਲ ਰਜਿਸਟਰ ਕੀਤਾ ਜਾ ਸਕਦਾ ਹੈ, ਜਿਸ ਲਈ ਸਿਰਫ ਇੱਕ ਸਹੀ ਢੰਗ ਨਾਲ ਭਰਿਆ ਹੋਇਆ ਦਾਅਵਾ ਫਾਰਮ, ਪਾਲਿਸੀ ਦਸਤਾਵੇਜ਼ ਅਤੇ ਦਾਅਵੇਦਾਰ ਦੇ ਕੇਵਾਈਸੀ ਦੇ ਨਾਲ-ਨਾਲ ਬੈਂਕ ਖਾਤੇ ਦੇ ਵੇਰਵਿਆਂ ਦੀ ਲੋੜ ਹੁੰਦੀ ਹੈ।

# ਹੈਲਪਿੰਗ ਹੈਂਡ ਸੁਸਾਇਟੀ ਵੱਲੋਂ ਲਗਾਏ ਕੈਂਪ 'ਚ 400 ਮਰੀਜ਼ਾਂ ਦੀ ਹੋਈ ਜਾਂਚ

ਪੱਟੀ, (ਬਲਦੇਵ ਸਿੰਘ ਸੰਧੂ)-ਸਮਾਜ ਸੇਵਾ ਦੇ ਖੇਤਰ 'ਚ ਯੋਗਦਾਨ ਪਾ ਰਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਹੈਲਪਿੰਗ ਹੈਂਡ ਸੁਸਾਇਟੀ ਪੱਟੀ ਵੱਲੋਂ ਅੱਖਾਂ ਦੀ ਜਾਂਚ ਦਾ ਫ੍ਰੀ ਕੈਂਪ ਪਿੰਡ ਸਭਰਾ



ਗੁਰਦੁਆਰਾ ਸ੍ਰੀ ਕਿਲ੍ਹਾ ਸਾਹਿਬ ਵਿਖੇ ਲਾਇਆ ਗਿਆ ਜਿਸ ਦੌਰਾਨ 400 ਮਰੀਜ਼ਾਂ ਦੀ ਜਾਂਚ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਪਨਗੋਟਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਸਮੇਂ-ਸਮੇਂ 'ਤੇ ਅੱਖਾਂ ਦੇ ਫ੍ਰੀ ਕੈਂਪ ਲਗਾਏ ਜਾਦੇ ਹਨ ਤਾਂ ਜੋ ਸਾਡੇ ਬਜ਼ੁਰਗ ਇਸ ਖ਼ੂਬਸੂਰਤ ਦੁਨੀਆ ਨੂੰ ਦੇਖ ਸਕਣ।ਇਸੇ ਲੜੀ ਤਹਿਤ ਇਹ ਕੈਂਪ ਪਿੰਡ ਸਭਰਾਂ ਵਿਖੇ ਲਾਇਆ ਗਿਆ ਹੈ।ਮਰੀਜ਼ਾਂ ਦਾ ਚੈੱਕਅਪ ਲੁਧਿਆਣਾ ਦੇ ਮਸ਼ਹੂਰ ਹਸਪਤਾਲ ਸ਼ੰਕਰਾ ਆਈ ਕੇਅਰ ਦੇ ਡਾਕਟਰਾਂ ਦੀ ਟੀਮ ਵੱਲੋਂ ਕੀਤਾ ਗਿਆ।400 ਮਰੀਜ਼ਾਂ ਨੇ ਚੈੱਕਅਪ ਕਰਵਾਇਆ, 250 ਲੋੜਵੰਦ ਮਰੀਜ਼ਾਂ ਨੂੰ ਨਜ਼ਰ ਦੀਆਂ ਐਨਕਾਂ ਤਕਸੀਮ ਕਰਨ ਤੋਂ ਇਲਾਵਾ 40 ਮਰੀਜ਼ ਆਪ੍ਰੇਸ਼ਨ ਲਈ ਚੁਣੇ ਗਏ ਜਿਨ੍ਹਾਂ ਨੂੰ ਮੌਕੇ 'ਤੇ ਆਪ੍ਰੇਸ਼ਨ ਲਈ ਸ਼ੰਕਰਾ ਆਈ ਕੇਅਰ ਹਸਪਤਾਲ ਲੁਧਿਆਣਾ ਲਈ ਰਵਾਨਾ ਕਰ ਦਿੱਤਾ ਗਿਆ।ਇਸ ਮੌਕੇ ਸਰਪੰਚ ਅਵਤਾਰ ਸਿੰਘ, ਗੁਰਪ੍ਰੀਤ ਸਿੰਘ ਗਿੱਲ ਨੇ ਸੁਸਾਇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੈਲਪਿੰਗ ਹੈਂਡ ਸੁਸਾਇਟੀ ਸਮੇਂ ਸਮੇਂ ਤੇ ਪਿੰਡ ਸਭਰਾਂ ਵਿੱਚ ਸਮਾਜਿਕ ਕਾਰਜ ਕਰਦੀ ਰਹਿੰਦੀ ਹੈ।

ਇਸ ਮੌਕੇ ਪ੍ਰਿੰਸ ਧੁੰਨਾ, ਭੁਪਿੰਦਰ ਸਿੰਘ, ਮਾਸਟਰ ਪ੍ਰਦੀਪ ਸਿੰਘ, ਮਾਸਟਰ ਗੁਰਵਿੰਦਰ ਸਿੰਘ ਬਰਵਾਲਾ, ਡਾ. ਇੰਦਰਪ੍ਰੀਤ ਸਿੰਘ ਧਾਮੀ, ਕੁਲਦੀਪ ਸਿੰਘ ਕੇ ਪੀ ਗਿੱਲ, ਗੁਰਪ੍ਰੀਤ ਚੋਪੜਾ, ਰੇਸ਼ਮ ਸਿੰਘ, ਕਰਨਦੀਪ ਸਿੰਘ ਗਿੱਲ, ਰਵਿੰਦਰ ਸਿੰਘ, ਗੁਰਚਰਨਪ੍ਰੀਤ ਸਿੰਘ, ਮਾਸਟਰ ਜਸਪ੍ਰੀਤ ਸਿੰਘ ਅਤੇ ਗੁਰਦੁਆਰਾ ਕਮੇਟੀ ਮੈਂਬਰ ਹਾਜ਼ਰ ਸਨ।

# ਝੋਨੇ ਦੀ ਖ਼ਰੀਦ ਅੱਜ ਤੋਂ, ਸਾਰੇ ਪ੍ਰਬੰਧ ਮੁਕੰਮਲ : ਆਸ਼ਿਕਾ ਜੈਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਜ਼ਿਲ੍ਹੇ ਵਿਚ 16 ਸਤੰਬਰ ਤੋਂ ਸ਼ੁਰੂ ਹੋ ਰਹੀ ਝੋਨੇ ਦੀ ਖ਼ਰੀਦ ਪ੍ਰਕਿਰਿਆ ਪਾਰਦਰਸ਼ੀ, ਸੁਚਾਰੂ ਅਤੇ ਬਿਨਾਂ ਕਿਸੇ ਰੁਕਾਵਟ ਨੇਪਰੇ ਚਾੜ੍ਹਨ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਾਰੀਆਂ ਖ਼ਰੀਦ ਏਜੰਸੀਆਂ ਅਤੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੰਬਾਈਨਾਂ ਦੇ ਚੱਲਣ ਦਾ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ। ਉਨ੍ਹਾਂ ਜ਼ਿਲ੍ਹੇ ਦੇ ਕੰਬਾਈਨ ਮਾਲਕਾਂ ਨੂੰ ਇਸ ਹੁਕਮ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿਚ ਸਿਰਫ਼ ਸੁੱਕਾ ਝੋਨਾ ਹੀ ਲਿਆਉਣ ਤਾਂ ਜੋ ਉਨ੍ਹਾਂ ਦੀ ਫ਼ਸਲ ਤੁਰੰਤ ਅਤੇ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਖਰੀਦੀ ਜਾ ਸਕੇ। ਇਸੇ ਤਰ੍ਹਾਂ ਆੜ੍ਹਤੀਆਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਕਿਸਾਨਾਂ ਨੂੰ ਸਿਰਫ਼ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਲਈ ਉਤਸ਼ਾਹਿਤ ਕਰਨ।

ਡਿਪਟੀ ਕਮਿਸ਼ਨਰ ਨੇ ਖ਼ਰੀਦ ਏਜੰਸੀਆਂ ਜਿਵੇਂ ਕਿ ਪਨਗ੍ਰੇਨ, ਮਾਰਕਫੈੱਡ, ਵੇਅਰਹਾਊਸ, ਪਨਸਪ ਅਤੇ ਐਫ.ਸੀ.ਆਈ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਉਨ੍ਹਾਂ ਨੂੰ ਆਪਣੀਆਂ-ਆਪਣੀਆਂ ਅਲਾਟ ਕੀਤੀਆਂ ਮੰਡੀਆਂ ਵਿਚ ਸਮੇਂ ਸਿਰ ਅਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣਾ ਹੋਵੇਗਾ। ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿਚ ਪੀਣ ਵਾਲੇ ਪਾਣੀ, ਛਾਂ ਅਤੇ ਹੋਰ ਜ਼ਰੂਰੀ ਸਹੂਲਤਾਂ ਦੇ ਪ੍ਰਬੰਧ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ।

# ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਹੜ੍ਹ ਰਾਹਤ ਤੇ ਮੁੜ ਵਸੇਬਾ ਮੈਗਾ ਵੇਅਰਹਾਊਸ ਦਾ ਉਦਘਾਟਨ

## * ਪੰਜਾਬ ਸਰਕਾਰ ਵੱਲੋਂ ਹਰ ਹੜ੍ਹ ਪੀੜਤ ਨੂੰ ਦਿੱਤਾ ਜਾਵੇਗਾ ਯੋਗ ਮੁਆਵਜ਼ਾ: ਈ ਟੀ ਓ

**ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ/ਕਮਲੇਸ਼)**-ਅੰਮ੍ਰਿਤਸਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕੰਮਾਂ ਨੂੰ ਤੇਜ਼ੀ ਦੇਣ ਲਈ ਪਦਮਸ਼੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ, ਸੰਸਦ ਮੈਂਬਰ (ਰਾਜ ਸਭਾ) ਅਤੇ ਸਨ ਫਾਊਂਡੇਸ਼ਨ ਤੇ ਵਰਲਡ ਪੰਜਾਬੀ ਆਰਗੇਨਾਈਜੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਨੇ ਅੰਮ੍ਰਿਤਸਰ ਦੇ ਅਜਨਾਲਾ ਰੋਡ 'ਤੇ ਇਕ ਰਿਸੋਰਟ ਨੂੰ ਬਦਲ ਕੇ ਆਧੁਨਿਕ ਹੜ੍ਹ ਰਾਹਤ ਅਤੇ ਮੁੜ ਵਸੇਬਾ ਮੈਗਾ ਵੇਅਰਹਾਊਸ ਸਹੂਲਤ ਸਥਾਪਤ ਕਰ ਦਿੱਤਾ ਹੈ।ਹੁਣ ਇਹ ਕੇਂਦਰ ਰਾਹਤ ਸਮੱਗਰੀ ਦੇ ਸਟੋਰੇਜ ਅਤੇ ਵੰਡ ਲਈ ਮੁੱਖ ਹੱਬ ਵਜੋਂ ਕੰਮ ਕਰੇਗਾ।ਵੇਅਰਹਾਊਸ ਦਾ ਉਦਘਾਟਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕੀਤਾ।ਉਨ੍ਹਾਂ ਨੇ ਕਿਹਾ ਕਿ ਸਰਕਾਰੀ ਯਤਨ ਜਿੰਨੇ ਜ਼ਰੂਰੀ ਹਨ, ਉਨ੍ਹਾਂ ਦੇ ਨਾਲ ਸਮਾਜਕ ਸੰਸਥਾਵਾਂ ਅਤੇ ਐੱਨਜੀਓ ਵੀ ਵੱਡਾ ਯੋਗਦਾਨ ਪਾ ਸਕਦੀਆਂ ਹਨ, ਤਾਂ ਜੋ ਪੁਨਰਵਾਸ ਪ੍ਰਕਿਰਿਆ ਤੇਜ਼ੀ ਨਾਲ ਅੱਗੇ ਵਧੇ।ਵੇਅਰਹਾਊਸ ਵਿੱਚ ਇਸ ਵੇਲੇ 50 ਟਰੈਕਟਰ ਅਤੇ 10 ਜੇਸੀਬੀ ਮਸ਼ੀਨਾਂ ਕਚਰਾ ਹਟਾਉਣ ਲਈ, 200 ਫੋਗਿੰਗ ਮਸ਼ੀਨਾਂ ਬਿਮਾਰੀਆਂ ਤੋਂ ਬਚਾਅ ਲਈ, 1,000 ਬਰਤਨ ਕਿਟਾਂ, 500 ਮੈਟ੍ਰਿਕ ਟਨ ਚਾਰਾ, 500 ਕਵਿੰਟਲ ਚਾਵਲ ਬੀਪੀਐੱਲ ਪਰਿਵਾਰਾਂ ਲਈ ਅਤੇ 1,000 ਤੋਂ ਵੱਧ ਪਰਿਵਾਰਾਂ ਲਈ ਫੋਲਡਿੰਗ ਬੈੱਡ, ਗੱਦੇ, ਚਾਦਰਾਂ, ਕੰਬਲ, ਕੁਰਸੀਆਂ, ਗੈਸ ਸਟੋਵ ਅਤੇ ਮੈਡੀਕਲ ਕਿੱਟਾਂ ਰੱਖੀਆਂ ਗਈਆਂ ਹਨ।ਇਹ ਸਮੱਗਰੀ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਪਿੰਡ ਅਤੇ ਘਰ-ਘਰ ਦੀ ਮੈਪਿੰਗ ਕਰਕੇ ਸਭ ਤੋਂ ਜ਼ਰੂਰਤਮੰਦ ਪਰਿਵਾਰਾਂ ਤੱਕ



ਪਹੁੰਚਾਈ ਜਾਵੇਗੀ।ਟਰੈਕਟਰ ਅਤੇ ਜੇਸੀਬੀ ਮਸ਼ੀਨਾਂ ਅੰਮ੍ਰਿਤਸਰ ਦੇ ਪ੍ਰਭਾਵਿਤ ਪਿੰਡਾਂ ਵਿੱਚ ਐੱਸ. ਡੀ. ਐੱਮ. ਅਤੇ ਤਹਿਸੀਲਦਾਰਾਂ ਦੇ ਸਹਿਯੋਗ ਨਾਲ ਭੇਜੀਆਂ ਜਾਣਗੀਆਂ।ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਤੇ ਪੁਨਰਵਾਸ ਦੇ ਕਾਰਜ ਜਾਰੀ ਹਨ।ਉਨ੍ਹਾਂ ਕਿਹਾ ਕਿ ਹੜ੍ਹ ਪੀੜਤ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇਗਾ।ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਸਾਹਨੀ ਨੇ ਅਪੀਲ ਕੀਤੀ ਕਿ ਸਾਰੇ ਲੋਕ ਇਸ ਮਨੁੱਖੀ ਸੰਕਟ ਵਿੱਚ ਇਕੱਠੇ ਹੋਣ।ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਸਮੂਹ ਐੱਨਜੀਓਜ਼ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰਕੇ ਕੰਮਾਂ ਦੀ ਵੰਡ ਕਰਕੇ ਹਰੇਕ ਪੀੜਤ ਪਰਿਵਾਰ ਤੱਕ ਰਾਹਤ ਸਮੱਗਰੀ ਪਹੁੰਚਾਉਣਾ ਹੈ।ਇਸ ਮੌਕੇ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਡਾ ਸਾਹਨੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਅਜਨਾਲਾ ਵਾਸੀ ਉਨ੍ਹਾਂ ਨੂੰ ਹਮੇਸ਼ਾਂ ਯਾਦ ਰੱਖਣਗੇ।ਵਿਧਾਇਕ ਧਾਲੀਵਾਲ ਨੇ ਕਿਹਾ ਕਿ ਫਸਲਾਂ ਦੇ ਨੁਕਸਾਨ ਦਾ ਪਤਾ ਲਗਾਉਣ ਲਈ ਵਿਸ਼ੇਸ਼ ਗਿਰਦਾਵਰੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ ਜੋ 45 ਦਿਨ ਦੇ ਅੰਦਰ ਅੰਦਰ ਮੁਕੰਮਲ ਕਰ ਲਈ ਜਾਵੇਗੀ ਅਤੇ ਇਸ ਤੋਂ ਤੁਰੰਤ ਬਾਅਦ ਕਿਸਾਨਾਂ ਨੂੰ ਮੁਆਵਜ਼ਾ ਚੈੱਕ ਮਿਲਣੇ ਸ਼ੁਰੂ ਹੋ ਜਾਣਗੇ।ਇਸ ਮੌਕੇ ਨਗਰ ਨਿਗਮ ਅੰਮ੍ਰਿਤਸਰ ਦੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਰਵਿੰਦਰ ਸਿੰਘ ਭੱਟੀ, ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ, ਐੱਸਡੀਐੱਮ ਅਜਨਾਲਾ ਅਰਵਿੰਦਰ ਸਿੰਘ, ਐੱਸਡੀਐੱਮ ਲੋਪੋਕੇ ਸੰਜੀਵ ਕੁਮਾਰ ਤੋਂ ਇਲਾਵਾ ਵੱਖ-ਵੱਖ ਅਧਿਕਾਰੀ ਵੀ ਹਾਜ਼ਰ ਸਨ।

16-Sep-PAGE-12.qxd 9/15/2025 10:54 PM Page 1



# ਗੰਨੇ ਦੀ ਬਕਾਇਆ ਰਾਸ਼ੀ ਜਲਦੀ ਜਾਰੀ ਕੀਤੀ ਜਾਵੇਗੀ : ਚੀਮਾ

**ਸਬੰਧਤ ਵਿਭਾਗਾਂ ਨੂੰ ਜਾਇਜ਼ ਮੰਗਾਂ ਦੇ ਜਲਦ ਹੱਲ ਲਈ ਦਿੱਤੇ ਨਿਰਦੇਸ਼**



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਗੰਨਾ ਕਿਸਾਨ ਸੰਗਠਨਾਂ ਦੇ ਨੁਮਾਇੰਦਿਆਂ ਨੂੰ ਭਰੋਸਾ ਦਿੱਤਾ ਕਿ ਨਿੱਜੀ ਮਿੱਲਾਂ ਦੁਆਰਾ ਖਰੀਦੇ ਗਏ ਉਨ੍ਹਾਂ ਦੇ ਗੰਨੇ ਦੀ ਕੀਮਤ ਵਿੱਚ ਪੰਜਾਬ ਸਰਕਾਰ ਦੇ ਹਿੱਸੇ ਦੀ ਬਕਾਇਆ ਰਾਸ਼ੀ ਜਲਦੀ ਤੋਂ ਜਲਦੀ ਜਾਰੀ ਕਰ ਦਿੱਤੀ ਜਾਵੇਗੀ। ਇਸ ਦੌਰਾਨ ਕਿਸਾਨ ਸੰਗਠਨਾਂ ਨੇ ਇਸ ਮੀਟਿੰਗ ਅਤੇ ਭਰੋਸੇ ਲਈ ਵਿੱਤ ਮੰਤਰੀ ਦਾ ਧੰਨਵਾਦ ਕੀਤਾ।ਇੱਥੇ ਆਪਣੇ ਦਫ਼ਤਰ ਵਿਖੇ ਗੰਨਾ ਕਿਸਾਨ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਖੇਤੀਬਾੜੀ ਭਾਈਚਾਰੇ ਦੀ ਭਲਾਈ ਪ੍ਰਤੀ ਰਾਜ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਅਦਾਇਗੀਆਂ ਵਿੱਚ ਕਿਸੇ ਵੀ ਦੇਰੀ ਕਾਰਨ ਗੰਨਾ ਉਤਪਾਦਕਾਂ ਨੂੰ ਹੋਣ ਵਾਲੀਆਂ ਵਿੱਤੀ ਮੁਸ਼ਕਲਾਂ ਨੂੰ ਸਮਝਦਿਆਂ ਭਰੋਸਾ ਦਿੱਤਾ ਕਿ ਸਰਕਾਰ ਬਕਾਇਆ ਅਦਾਇਗੀਆਂ ਦੀ ਅਦਾਇਗੀ ਲਈ ਜਲਦੀ ਕਾਰਵਾਈ ਕਰੇਗੀ।

# ਸੂਬੇ ਨੂੰ ਸਿੱਖਿਆ ਦੇ ਖੇਤਰ 'ਚ ਮੋਹਰੀ ਸੂਬਾ ਬਣਾਉਣ ਲਈ ਸਰਕਾਰ ਪ੍ਰਤੀਬੱਧ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਭਾਰਤ ਨੂੰ ਸਾਲ 2047 ਤੱਕ ਵਿਕਸਿਤ ਰਾਸ਼ਟਰ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸੂਬੇ ਵਿੱਚ ਸਿੱਖਿਆ ਵਿਵਸਥਾ ਨੂੰ ਮਜ਼ਬੂਤ ਕੀਤਾ ਗਿਆ ਹੈ। ਸੂਬਾ ਸਰਕਾਰ ਹਰਿਆਣਾ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਪ੍ਰਤੀਬੱਧ ਹੈ। ਨਵੀਂ ਰਾਸ਼ਟਰੀ ਸਿੱਖਿਆ ਨੀਤੀ ਨੂੰ ਸੂਬੇ ਵਿੱਚ ਸਾਲ 2025 ਤੱਕ ਪੂਰੀ ਤਰ੍ਹਾਂ ਲਾਗੂ ਕਰਨ ਦਾ ਟੀਚਾ ਰੱਖਿਆ ਗਿਆ ਹੈ। ਸਰਕਾਰ ਵੱਲੋਂ ਸੂਬੇ ਵਿੱਚ ਨਵੀਂ 10 ਆਈ ਐਮ ਟੀ ਸਥਾਪਿਤ ਕੀਤੀਆਂ ਜਾਣਗੀਆਂ, ਜਿਨ੍ਹਾਂ ਤੋਂ ਸੂਬੇ ਦੇ ਲੱਖਾਂ ਨੌਜੁਆਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ। ਸਰਕਾਰ ਵੱਲੋਂ ਪਿਛਲੇ ਸਾਢੇ ਦਸ ਸਾਲ ਦੌਰਾਨ ਬਿਨਾਂ ਪਰਚੀ-ਬਿਨਾਂ ਖਰਚੀ ਦੇ ਇੱਕ ਲੱਖ 80 ਹਜ਼ਾਰ ਨੌਜੁਆਨਾਂ ਨੂੰ ਮੈਰਿਟ ਆਧਾਰ 'ਤੇ ਸਰਕਾਰੀ ਰੁਜ਼ਗਾਰ ਦਿੱਤਾ ਗਿਆ ਹੈ।ਮੁੱਖ ਮੰਤਰੀ ਸੈਣੀ ਸਥਾਨਕ ਸੈਣੀ ਵਿੱਦਿਅਕ ਸੰਸਥਾ ਦੇ 75ਵੇਂ ਸਥਾਪਨਾ ਸਾਲ ਮੌਕੇ ਆਯੋਜਿਤ ਪ੍ਰੋਗਰਾਮ ਵਿੱਚ ਮੌਜੂਦ ਲੋਕਾਂ ਨੂੰ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਆਪਣੇ ਸਵੈਇੱਛਕ ਫੰਡ ਤੋਂ ਸੰਸਥਾ ਲਈ 51 ਲੱਖ ਰੁਪਏ ਦੀ ਰਕਮ ਦੇਣ ਦਾ ਐਲਾਨ ਕੀਤਾ ਅਤੇ ਸੈਣੀ ਵਿਦਿਅਕ ਸੰਸਥਾ ਵੱਲੋਂ ਰੱਖੀਆਂ ਸਾਰੀਆਂ ਚਾਰ ਮੰਗਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਵਾਉਣ ਦਾ ਭਰੋਸਾ ਦਿੱਤਾ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਹੜ੍ਹ ਪੀੜਤਾਂ ਨੂੰ ਤੁਰੰਤ ਮੁਆਵਜ਼ਾ ਦੇਣ ਦੀ ਕੀਤੀ ਮੰਗ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਜੀਤ ਲਾਲ ਗੋਹਲੜੋਂ, ਨਰਿੰਦਰ ਮਹਿਤਾ, ਮਦਨ ਲਾਲ, ਸੋਮ ਲਾਲ, ਕੁਲਵਿੰਦਰ ਸਿੰਘ ਅਟਵਾਲ, ਗੁਰਮੇਲ ਚੰਦ ਦੀ ਅਗਵਾਈ ਵਿੱਚ ਵੱਡੇ ਵਫਦ ਵਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਮੰਗਾਂ ਸਬੰਧੀ ਡਿਪਟੀ ਕਮਿਸ਼ਨਰ ਨੂੰ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਦਿੱਤਾ ਗਿਆ।ਮੰਗ ਪੱਤਰ ਵਿੱਚ ਦਰਜ ਮੰਗਾਂ ਦਾ ਜ਼ਿਕਰ ਕਰਦਿਆਂ ਕੁਲਦੀਪ ਸਿੰਘ ਦੌੜਕਾ, ਵਿਜੇ ਕੁਮਾਰ, ਜਸਵਿੰਦਰ ਸਿੰਘ ਭੰਗਲ, ਕਰਨੈਲ ਸਿੰਘ ਰਾਹੋਂ, ਸੋਹਣ ਸਿੰਘ ਆਦਿ ਨੇ ਹੜ੍ਹਾਂ ਕਾਰਨ ਆਮ ਲੋਕਾਂ ਦੇ ਹੋਏ ਜਾਨੀ ਨੁਕਸਾਨ ਕਾਰਨ ਹਰੇਕ ਅਣਕਿਆਸੀ ਮੌਤ ਦਾ 20 ਲੱਖ ਰੁਪਏ ਮੁਆਵਜ਼ਾ ਫੌਰੀ ਦੇਣ, ਕਿਸਾਨਾਂ ਦੀਆਂ ਬਰਬਾਦ ਹੋਈਆਂ ਫਸਲਾਂ ਦਾ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ, ਖੇਤਾਂ 'ਚੋਂ ਰੇਤ/ਗਾਰ ਕੱਢਣ ਲਈ 10 ਹਜ਼ਾਰ ਰੁਪਏ ਪ੍ਰਤੀ ਏਕੜ ਅਤੇ ਬੇਜ਼ਮੀਨੇ ਲੋਕਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਪਰਿਵਾਰ ਫੌਰੀ ਮੁਆਵਜ਼ਾ ਦੇਣ, ਹੜ੍ਹਾਂ ਵਿੱਚ ਰੁੜ ਗਈਆਂ ਜਾਂ ਮਾਰੀਆਂ ਗਈਆਂ ਮੱਝਾਂ/ਗਾਵਾਂ ਦਾ ਇੱਕ ਲੱਖ ਰੁਪਏ ਪ੍ਰਤੀ ਪਸ਼ੂ ਅਤੇ ਬਾਕੀ ਪਸ਼ੂਆਂ ਦਾ 20 ਹਜ਼ਾਰ ਤੋਂ 50 ਹਜ਼ਾਰ ਤੱਕ ਮੁਆਵਜ਼ਾ ਦੇਣ, ਹੜ੍ਹਾਂ ਦਾ ਜਾਂ ਬਰਸਾਤ ਵਿੱਚ ਢਹਿ ਗਏ ਘਰਾਂ ਦੇ ਨੁਕਸਾਨ ਲਈ ਪ੍ਰਤੀ ਪੀੜਤ ਪਰਿਵਾਰ ਨੂੰ 5 ਲੱਖ ਰੁਪਏ ਮੁਆਵਜ਼ਾ ਤੁਰੰਤ ਦੇਣ, ਹੜ੍ਹਾਂ ਤੋਂ ਪ੍ਰਭਾਵਿਤ ਹੋਏ ਪਿੰਡਾਂ ਦੇ ਮਜ਼ਦੂਰਾਂ ਅਤੇ ਛੋਟੇ ਦੁਕਾਨਦਾਰਾਂ ਨੂੰ ਵੀ ਹੋਏ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਦੇਣ, ਸਕੂਲਾਂ ਕਾਲਜਾਂ ਅਤੇ ਹੋਰ ਵਿੱਦਿਅਕ ਅਦਾਰਿਆਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਵਿਦਿਆਰਥੀਆਂ ਦੀਆਂ ਫੀਸਾਂ ਅਤੇ ਬੋਰਡ ਦੀਆਂ ਜਮਾਤਾਂ ਦੀਆਂ ਦਾਖਲਾ ਫੀਸਾਂ ਮੁਆਫ ਕਰਨ, ਹੜ੍ਹਾਂ ਦੀ ਮਾਰ ਹੇਠ ਆਏ ਸਕੂਲਾਂ ਅਤੇ ਪੇਂਡੂ ਹਸਪਤਾਲਾਂ ਦੀ ਮੁਰੰਮਤ ਅਤੇ ਰੰਗ ਰੋਗਨ ਲਈ ਵਿਸ਼ੇਸ਼ ਗਰਾਂਟਾਂ ਦੇਣ ਦੀ ਮੰਗ ਕੀਤੀ ਗਈ ਹੈ।ਇਸ ਸਮੇਂ ਅਸ਼ੋਕ ਕੁਮਾਰ, ਰਵਿੰਦਰ ਕੁਮਾਰ, ਜੋਗਾ ਸਿੰਘ, ਦਸੌਂਦਾ ਸਿੰਘ, ਰਾਮ ਪਾਲ, ਹਰਭਜਨ ਸਿੰਘ, ਦੀਦਾਰ ਸਿੰਘ, ਧਰਮਪਾਲ, ਈਸ਼ਵਰ ਚੰਦਰ ਆਦਿ ਹਾਜ਼ਰ ਸਨ।

# ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਸਪੈਸ਼ਲ ਗਿਰਦਾਵਰੀ ਕਰਕੇ ਸਮੇਂ ਸਿਰ ਰਿਪੋਰਟ ਦਿੱਤੀ ਜਾਵੇ : ਜਸਪ੍ਰੀਤ ਸਿੰਘ

**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**

ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਹੇਠ ਦਫ਼ਤਰ ਦੇ ਮੀਟਿੰਗ ਹਾਲ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਹੜ੍ਹਾਂ ਦੌਰਾਨ ਹੋਏ ਨੁਕਸਾਨ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੇ ਜਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਹਰਮਿੰਦਰ ਸਿੰਘ ਢਾਹੇ, ਜਿਲਾ ਸਕੱਤਰ ਰਾਮ ਕੁਮਾਰ ਮੁਕਾਰੀ, ਸਿਕੰਦਰ ਸਿੰਘ, ਹਰਪ੍ਰੀਤ ਕਾਹਲੋਂ, ਭਾਗ ਸਿੰਘ ਸਮੇਤ ਕਈ ਹੋਰ ਸੀਨੀਅਰ ਆਗੂ ਹਾਜ਼ਰ ਸਨ।ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸਟੇਟ ਡਿਜ਼ਾਸਟਰ ਮੈਨੇਜਮੈਂਟ ਦੀਆਂ ਹਦਾਇਤਾਂ ਅਨੁਸਾਰ ਕੱਚੇ-ਪੱਕੇ ਮਕਾਨਾਂ ਦੇ ਨੁਕਸਾਨ, ਫ਼ਸਲਾਂ ਦੇ ਮੁਆਵਜ਼ੇ ਅਤੇ ਪਸ਼ੂ ਧੰਨ ਦੇ ਹੋਏ ਨੁਕਸਾਨ ਸਬੰਧੀ ਕਾਰਵਾਈ ਤੁਰੰਤ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਨੇ ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ,ਕਾਨੂੰਗੋ ਤੇ ਪਟਵਾਰੀਆਂ ਨੂੰ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਹਰ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਜਾਣਕਾਰੀ ਸਮੇਂ ਸਿਰ ਇਕੱਠੀ ਕਰਕੇ ਰਿਪੋਰਟ ਤਿਆਰ ਕੀਤੀ ਜਾਵੇ।ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁਆਵਜ਼ੇ ਦੀ ਰਕਮ ਵੰਡਣ ਲਈ 40 ਦਿਨ ਦੀ ਮਿਆਦ ਨਿਰਧਾਰਿਤ ਕੀਤੀ ਗਈ ਹੈ।

ਇਸ ਮਿਆਦ ਦੌਰਾਨ ਸੰਬੰਧਿਤ ਹਲਕਾ ਕਾਨੂੰਗੋ ਅਤੇ ਪਟਵਾਰੀ ਹਰ ਪੀੜਤ ਪਰਿਵਾਰ ਦੀ ਜਾਣਕਾਰੀ ਇਕੱਠੀ ਕਰਕੇ ਰਿਪੋਰਟ ਜਮ੍ਹਾਂ ਕਰਨਗੇ, ਜਿਸ ਤੋਂ ਬਾਅਦ ਮੁਆਵਜ਼ਾ ਸਿੱਧਾ ਲੋਕਾਂ ਤੱਕ ਪਹੁੰਚਾਇਆ ਜਾਵੇਗਾ।ਉਪ ਮੰਡਲ ਮੈਜਿਸਟ੍ਰੇਟ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਹਰ ਪ੍ਰਭਾਵਿਤ ਪਰਿਵਾਰ ਨੂੰ ਸਮੇਂ ਸਿਰ ਸਹਾਇਤਾ ਅਤੇ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਇਸ ਸਬੰਧੀ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਡੇਰਾਬੱਸੀ ਹਲਕੇ ਦੀ ਮਹਿਲਾ ਵਿੰਗ ਦੀ ਮੀਟਿੰਗ



**ਡੇਰਾਬੱਸੀ (ਵਿਨੈ ਕੁਮਾਰ ਜੈਨ)**

ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਮੌਜੂਦਗੀ ਵਿੱਚ ਰੈਸਟ ਹਾਊਸ ਮੁਬਾਰਿਕਪੁਰ ਵਿਖੇ ਡੇਰਾਬੱਸੀ ਹਲਕੇ ਦੀ ਮਹਿਲਾ ਵਿੰਗ ਦੀ ਮੀਟਿੰਗ ਹੋਈ ਜਿਸ ਵਿੱਚ ਪਾਰਟੀ ਲਈ ਮਜ਼ਬੂਤੀ ਨਾਲ ਕੰਮ ਕਰਨ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਵਿਧਾਇਕ ਰੰਧਾਵਾ ਨੇ ਸਾਰਿਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦਾ ਬਰਫ਼ੀ ਨਾਲ ਮੂੰਹ ਮਿੱਠਾ ਕਰਵਾਈਆ।ਇਸ ਮੌਕੇ ਬੋਲਦੇ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਮਹਿਲਾਵਾਂ ਦੇ ਸਸ਼ਕਤੀਕਰਨ ਅਤੇ ਔਰਤਾਂ ਨਾਲ ਜੁੜੇ ਮੁੱਦਿਆਂ 'ਤੇ ਆਪਣੀ ਗੰਭੀਰਤਾ ਨੂੰ ਦੇਖਦੇ ਹੋਏ ਔਰਤਾਂ ਨੂੰ ਪਾਰਟੀ ਵਿੱਚ ਅੱਗੇ ਲੈ ਕੇ ਆ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਔਰਤਾਂ ਦੀ ਇਹ ਨਿਯੁਕਤੀ ਪਾਰਟੀ ਦੇ ਮਹਿਲਾ ਵਿੰਗ ਨੂੰ ਹੋਰ ਮਜ਼ਬੂਤ ਕਰਨ ਅਤੇ ਪੰਜਾਬ ਵਿੱਚ ਔਰਤਾਂ ਦੇ ਹੱਕਾਂ ਦੀ ਲੜਾਈ ਨੂੰ ਤੇਜ਼ ਕਰਨ ਲਈ ਲਾਹੇਵੰਦ ਹੋਵੇਗੀ।

# ਲੈਕਚਰਾਰਾਂ ਦੀ ਤਰੁੱਟੀਆਂ ਭਰਪੂਰ ਸੀਨੀਆਰਤਾ ਸੂਚੀ ਰੱਦ ਕਰਨ ਦੀ ਮੰਗ

**ਜਲੰਧਰ** : ਜਨਰਲ ਕੈਟਾਗਰੀ ਦੀ ਮੀਟਿੰਗ ਮੁਹਾਲੀ ਵਿਖੇ ਸੂਬਾ ਪ੍ਰਧਾਨ ਸ਼ਾਮ ਲਾਲ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ 21 ਅਗਸਤ ਨੂੰ ਸਿੱਖਿਆ ਵਿਭਾਗ ਵੱਲੋਂ ਜਾਰੀ ਕੀਤੀ ਗਈ ਸੂਚੀ ਵਿਚਲੀਆਂ ਤਰੁੱਟੀਆਂ ਸੰਬੰਧੀ ਵਿਚਾਰ-.ਚਰਚਾ ਕੀਤੀ ਗਈ। ਸੂਬਾ ਪ੍ਰਧਾਨ ਨੇ ਦੱਸਿਆ ਕਿ ਫਰਵਰੀ 2023 ਵਿੱਚ ਹਾਈਕੋਰਟ ਨੇ ਸੀ ਡਬਲਿਊ ਪੀ 412/2016 ਅਧੀਨ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਨੂੰ ਰੱਦ ਕਰਦੇ ਹੋਏ ਛੇ ਮਹੀਨੇ ਵਿੱਚ ਦੁਬਾਰਾ ਬਣਾਉਣ ਦੇ ਆਦੇਸ਼ ਜਾਰੀ ਕੀਤੇ ਸਨ। ਇਸ ਦੇ ਨਾਲ ਹੀ ਜੱਜ ਸਾਹਿਬ ਵੱਲੋਂ ਨਿਰਦੇਸ਼ ਦਿੱਤੇ ਗਏ ਕਿ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਫਾਈਨਲ ਕਰਨ ਤੋਂ ਬਾਅਦ ਤਿੰਨ ਮਹੀਨਿਆਂ ਵਿੱਚ ਲੈਕਚਰਾਰਾਂ ਦੀ ਸੀਨੀਆਰਤਾ ਸੂਚੀ ਵਿੱਚ ਸੋਧ ਕਰਦੇ ਹੋਏ ਮਾਸਟਰ ਕਾਡਰ ਵਿੱਚ ਆਈਆਂ ਤਬਦੀਲੀਆਂ ਅਨੁਸਾਰ ਬਤੌਰ ਲੈਕਚਰਾਰ ਪਦ ਉੱਨਤ ਨਵੇਂ ਲੈਕਚਰਾਰਾਂ ਨੂੰ ਲੈਕਚਰਾਰਾਂ ਦੀ ਸੀਨੀਆਰਤਾ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ । ਇਸ ਕਵਾਇਦ ਅਧੀਨ ਵਿਭਾਗ ਵੱਲੋਂ ਨਵੰਬਰ 2024 ਵਿੱਚ ਲੈਕਚਰਾਰਾਂ ਦੀ ਸੀਨੀਆਰਤਾ ਸੂਚੀ ਦਾ ਡਰਾਫਟ ਇਤਰਾਜ਼ ਲੈਣ ਲਈ ਜਨਤਕ ਕੀਤਾ ਗਿਆ। 21-08-2025 ਨੂੰ ਲੰਮੀ ਵਿਭਾਗੀ ਪ੍ਰਕਿਰਿਆ ਤੋਂ ਬਾਅਦ ਲੈਕਚਰਾਰਾਂ ਦੀ ਸੀਨੀਆਰਤਾ ਸੂਚੀ ਨੂੰ ਪ੍ਰੋਵੀਜ਼ਨਲ ਤੌਰ 'ਤੇ ਜਨਤਕ ਕਰਦੇ ਹੋਏ 7 ਦਿਨਾਂ ਵਿੱਚ ਇਤਰਾਜ਼ ਮੰਗੇ ਗਏ ਹਨ, ਜਿਸ ਨੂੰ ਹੋਰ ਸੱਤ ਦਿਨਾਂ ਲਈ ਵਧਾਇਆ ਗਿਆ। ਉੱਪਰਲੀ ਨਜ਼ਰੇ ਦੇਖਿਆਂ ਸਪੱਸ਼ਟ ਹੁੰਦਾ ਹੈ ਕਿ ਇਹ ਸੀਨੀਆਰਤਾ ਸੂਚੀ ਵਿੱਚ ਬਹੁਤ ਸਾਰੀਆਂ ਤਰੁੱਟੀਆਂ ਹਨ। ਸੀਨੀਆਰਤਾ ਸੂਚੀ ਵਿੱਚ ਇਹ ਨਾਂਅ ਦੋ ਵਾਰ ਦਰਜ ਹਨ, ਜਿਵੇਂ 4426-4427, 4430-4431, 4437-4438, 4446-4447, 4722-4723, 5613-5623, 5629-5637, 5603-5775 ਅਤੇ ਹੋਰ ਬਹੁਤ ਸਾਰੇ ਦੋ-ਦੋ ਸੀਨੀਅਰ ਤਾਂ ਨੰਬਰ ਇੱਕ ਹੀ ਲੈਕਚਰਾਰ ਨੂੰ ਦਿੱਤੇ ਗਏ ਹਨ। ਦੂਜਾ ਬਹੁਤ ਸਾਰੇ ਲੈਕਚਰਾਰਾਂ ਨੂੰ ਸਿੱਧੀ ਭਰਤੀ ਅਧੀਨ ਸੀਨੀਆਰਤਾ ਨੰਬਰ ਅਲਾਟ ਕੀਤਾ ਗਿਆ ਹੈ ਅਤੇ ਉਸੇ ਹੀ ਲੈਕਚਰਾਰ ਨੂੰ ਤਰੱਕੀਆਂ ਅਧੀਨ ਵੀ ਸੀਨੀਆਰਤਾ ਨੰਬਰ ਅਲਾਟ ਕਰ ਦਿੱਤਾ ਗਿਆ ਹੈ। ਤੀਜਾ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਜਿਸ ਨੂੰ ਲੈਕਚਰਾਰ ਕਾਡਰ ਦੀ ਸੀਨੀਆਰਤਾ ਸੂਚੀ ਬਣਾਉਣ ਲਈ ਆਧਾਰ ਬਣਾਇਆ ਗਿਆ ਹੈ, ਉਹ ਦੋਸ਼ ਪੂਰਨ ਹੈ ਅਤੇ ਉਸ ਨੂੰ ਹਾਈ ਕੋਰਟ ਵਿੱਚ ਕਈ ਕੇਸਾਂ ਤਹਿਤ ਚੁਣੌਤੀ ਦਿੱਤੀ ਗਈ ਹੈ, ਜੋ ਅਜੇ ਪੈਂਡਿੰਗ ਹਨ। ਚੌਥਾ ਪ੍ਰੋਵੀਜ਼ਨਲ ਲਿਸਟ ਵਿੱਚ 2001 ਵਿੱਚ ਜੋ ਪ੍ਰਮੋਸ਼ਨਾਂ ਕਰਕੇ ਸਿੱਧੀ ਭਰਤੀ ਤੋਂ ਸੀਨੀਅਰਤਾ ਵਿੱਚ ਅੱਗੇ ਰੱਖੇ ਗਏ ਲੈਕਚਰਾਰ ਦੀ ਪ੍ਰਮੋਸ਼ਨ ਮਾਸਟਰ ਕਾਡਰ ਵਿੱਚ ਸੀਨੀਆਰਤਾ ਹਾਜ਼ਰੀ ਮਿਤੀ ਤੋਂ ਨਿਰਧਾਰਿਤ ਕੀਤੀ ਗਈ ਹੈ, ਜੋ ਨਿਯਮਾਂ ਦੇ ਆਧਾਰ 'ਤੇ ਗ਼ਲਤ ਹੈ। ਪੰਜਵਾਂ ਇਹ ਸੀਨੀਆਰਤਾ ਸੂਚੀ ਬਣਾਉਂਦੇ ਵਕਤ ਪਦ ਉਨਤੀ ਦੀ ਮਿਤੀ ਨੂੰ ਵਿਚਾਰਦੇ ਹੋਏ ਮਾਸਟਰ ਡਿਗਰੀ ਕਿਸ ਸੰਨ ਵਿੱਚ ਕੀਤੀ, ਦਾ ਧਿਆਨ ਨਹੀਂ ਰੱਖਿਆ ਗਿਆ। ਛੇਵਾਂ ਇਸ ਸੀਨੀਅਰਤਾ ਸੂਚੀ ਵਿੱਚ ਬਤੌਰ ਲੈਕਚਰਾਰ ਤਰੱਕੀ ਦੌਰਾਨ ਡੀਬਾਰ ਹੋਏ ਮਾਸਟਰ ਕਾਡਰ ਦੇ ਵਿਅਕਤੀਆਂ ਨੂੰ ਉਹਨਾਂ ਦੀ ਤਰੱਕੀ ਮਿਤੀ ਉੱਤੇ ਨਹੀਂ ਵਿਚਾਰਿਆ ਗਿਆ ਅਤੇ ਨਾ ਹੀ ਸੂਚੀ ਵਿੱਚ ਵਿਸ਼ੇਸ਼ ਕਥਨ ਵਿੱਚ ਦਰਜ ਕੀਤਾ ਗਿਆ ਹੈ। ਸੱਤਵਾਂ ਸੀਨੀਆਰਤਾ ਸੂਚੀ ਵਿੱਚ ਜੋ ਮਾਸਟਰ ਕਾਡਰ ਦਾ ਰੀਵਿਊ ਦਰਸਾਇਆ ਗਿਆ ਹੈ, ਉਸ ਲਈ ਕੋਈ ਅਲੱਗ ਤੋਂ ਸੂਚੀ ਜਾਰੀ ਨਹੀਂ ਕੀਤੀ ਗਈ ਤਾਂ ਜੋ ਸਟਾਕ ਹੋਲਡਰ ਰੀਵਿਊ ਤੋਂ ਜਾਣੂ ਹੋ ਸਕਣ। ਇਸ ਸੀਨੀਆਰਤਾ ਸੂਚੀ ਵਿੱਚ ਕੁਝ ਲੈਕਚਰਾਰਾਂ ਨੂੰ ਸੀਨੀਆਰਤਾ ਨੰਬਰ ਅਲਾਟ ਕਰਨ ਵੇਲੇ ਲੈਕਚਰਾਰ ਵੱਲੋਂ ਕੀਤੀ ਗਈ ਪੋਸਟ ਗ੍ਰੈਜੂਏਸ਼ਨ ਦੀ ਡਿਗਰੀ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ।

ਉਹਨਾਂ ਕਿਹਾ ਕਿ ਉਕਤ ਦਰਸਾਈਆਂ ਊਣਤਾਈਆਂ ਤੋਂ ਬਿਨਾਂ ਹੋਰ ਬਹੁਤ ਸਾਰੀਆਂ ਤਰੁੱਟੀਆਂ ਹਨ। ਪ੍ਰੋਵੀਜ਼ਨਲ ਸੀਨੀਆਰਤਾ ਬਣਾਉਣ ਸਮੇਂ ਪੱਖਪਾਤੀ ਰਵੱਈਏ ਅਧੀਨ ਸਰਵਉੱਚ ਅਦਾਲਤ ਅਤੇ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਬਣਾਏ ਗਏ ਨਿਯਮਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਕੋਲੋਂ ਮੰਗ ਕੀਤੀ ਕਿ ਇਸ ਸੀਨੀਆਰਤਾ ਸੂਚੀ ਨੂੰ ਵੱਡੀ ਪੱਧਰ ਦੀਆਂ ਗਲਤੀਆਂ ਦੇ ਚੱਲਦੇ ਰੱਦ ਕੀਤਾ ਜਾਵੇ ਅਤੇ 2015 ਦੀ ਸੀਨੀਆਰਤਾ ਸੂਚੀ ਨੂੰ ਲਾਗੂ ਰੱਖਦੇ ਹੋਏ ਨਵੇਂ ਪ੍ਰਮੋਟ ਹੋਏ, ਭਰਤੀ ਹੋਏ ਲੈਕਚਰਾਰ ਸਾਥੀਆਂ ਨੂੰ ਸੀਨੀਆਰਤਾ ਸੂਚੀ ਵਿੱਚ ਯੋਗ ਸੀਨੀਆਰਤਾ ਨੰਬਰ ਦੇ ਕੇ ਉਹਨਾਂ ਦੇ ਵੇਰਵੇ ਦਰਜ ਕੀਤੇ ਜਾਣ ਅਤੇ 2015 ਦੀ ਚੱਲ ਰਹੀ ਸੀਨੀਆਰਤਾ ਸੂਚੀ ਨਾਲ ਹੀ ਜਲਦੀ ਤੋਂ ਜਲਦੀ ਤਰੱਕੀਆਂ ਕੀਤੀਆਂ ਜਾਣ।

# ਆਰਜ਼ੀ ਗੈੱਸਟ ਫੈਕਲਟੀ ਇੰਸਟਰਕਟਰ ਲਈ ਅਰਜ਼ੀਆਂ ਮੰਗੀਆਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਇੰਸਟੀਚਿਊਟ ਮੈਨੇਜਮੈਂਟ ਕਮੇਟੀ, ਉਦਯੋਗਿਕ ਸਿਖਲਾਈ ਸੰਸਥਾ ਆਦਮਪੁਰ ਵੱਲੋਂ ਸੈਸ਼ਨ 2025-28 ਲਈ ਆਰਜ਼ੀ ਤੌਰ 'ਤੇ ਵੱਖ-ਵੱਖ ਟਰੇਡਾਂ ਲਈ ਗੈਸਟ ਫੈਕਲਟੀ ਇੰਸਟਰਕਟਰ ਭਰਤੀ ਕੀਤੇ ਜਾਣੇ ਹਨ, ਜਿਨ੍ਹਾਂ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਮੈਂਬਰ ਸਕੱਤਰ ਆਈਐੱਮਸੀ ਉਦਯੋਗਿਕ ਸਿਖ਼ਲਾਈ ਸੰਸਥਾ ਆਦਮਪੁਰ ਪੁਸ਼ਪਿੰਦਰ ਸਿੰਘ ਨੇ ਦੱਸਿਆ ਕਿ ਸੰਸਥਾ ਵਿਖੇ ਆਰ ਏ ਸੀ, ਮਕੈਨਿਕ ਇਲੈਕਟ੍ਰਿਕ ਵੀਕਲ, ਟਰਨਰ, ਪਲੰਬਰ, ਮਕੈਨਿਟ ਡੀਜ਼ਲ, ਮਸ਼ੀਨਿਸਟ, ਸਵਿੰਗ ਟੈਕਨਾਲੋਜੀ ਟਰੇਡਾਂ ਲਈ ਆਰਜ਼ੀ ਤੌਰ 'ਤੇ ਗੈਸਟ ਫੈਕਲਟੀ ਇੰਸਟਰਕਟਰ ਭਰਤੀ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਾਣ-ਭੱਤਾ ਦਿੱਤਾ ਜਾਵੇਗਾ। ਯੋਗਤਾ ਤੇ ਤਜ਼ਰਬੇ ਬਾਰੇ ਉਨ੍ਹਾਂ ਦੱਸਿਆ ਕਿ ਇਸ ਸਬੰਧੀ ਡਾਇਰੈਕਟਰ ਜਨਰਲ ਟ੍ਰੇਨਿੰਗ ਦੀ ਵੈੱਬਸਾਈਟ https://dgt.gov.in/cts_datails ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਉਮੀਦਵਾਰ ਆਪਣੀ ਅਰਜ਼ੀ ਦਸਤੀ/ਰਜਿਸਟਰਡ ਡਾਕ/ ਈ-ਮੇਲ (itiadampur@punjab.gov.in) ਰਾਹੀਂ 25 ਸਤੰਬਰ 2025 ਸ਼ਾਮ 4 ਵਜੇ ਤੱਕ ਤੇਜ ਸਕਦੇ ਹਨ। ਇੰਟਰਵਿਊ 29 ਸਤੰਬਰ 2025 ਨੂੰ ਸੰਸਥਾ ਵਿਖੇ ਸਵੇਰੇ 11 ਵਜੇ ਹੋਵੇਗੀ। ਉਮੀਦਵਾਰ ਆਪਣੀ ਯੋਗਤਾ ਤੇ ਤਜ਼ਰਬੇ ਦੇ ਅਸਲ ਸਰਟੀਫਿਕੇਟ ਨਾਲ ਲੈ ਕੇ ਆਉਣ।

# ਛੱਤਾਂ ਬਦਲਣ ਲਈ 5 ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ

**ਕਰਤਾਰਪੁਰ (ਹਰਮੇਸ਼ ਦੱਤ)**



ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਸਰਕਾਰ ਵਲੋਂ ਡਿੱਗੇ ਮਕਾਨ ਦੀ ਛੱਤਾਂ ਲਈ 6500 ਰੁਪਏ ਦੇਣ ਦੇ ਐਲਾਨ ਕਰ ਰਹੇ ਸਨ, ਜਿਸ ਦੇ ਖਿਲਾਫ਼ ਆਵਾਜ਼ ਬੁਲੰਦ ਕਰਦਿਆਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ 11-12 ਸਤੰਬਰ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਤੇ ਤਹਿਸੀਲ ਕੇਂਦਰਾਂ ਉੱਤੇ ਰੋਸ ਮੁਜ਼ਾਹਰੇ ਕਰਨ ਉਪਰੰਤ ਭਾਵੇਂ ਮੁੱਖ ਮੰਤਰੀ ਨੇ ਹੜ੍ਹਾਂ, ਬਾਰਸ਼ਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਕੁੱਝ ਕੁ ਨਿਗੂਣੇ ਜਿਹੇ ਐਲਾਨ ਕੀਤੇ ਪ੍ਰੰਤੂ ਉਸ ਉੱਪਰ ਵੀ ਅਜੇ ਤੱਕ ਅਮਲਦਾਰੀ ਨਜ਼ਰ ਨਹੀਂ ਆ ਰਹੀ। ਪੰਜਾਬ ਭਰ ਸਮੇਤ ਕਰਤਾਰਪੁਰ ਹਲਕੇ ਅੰਦਰ ਵੀ ਆਮ ਲੋਕਾਂ ਦਾ ਭਾਰੀ ਨੁਕਸਾਨ ਹੋਇਆ। ਤਹਿਸੀਲ ਦਫ਼ਤਰ ਆਮ ਲੋਕਾਂ ਨੇ ਪਹੁੰਚ ਵੀ ਕੀਤੀ ਲੇਕਿਨ ਤੱਕ ਉਸ ਉੱਪਰ ਅਮਲ ਜਾਂ ਕੋਈ ਕਾਰਵਾਈ ਨਹੀਂ ਕੀਤੀ ਗਈ।ਉਨ੍ਹਾਂ ਮੰਗ ਕੀਤੀ ਕਿ ਹੜ੍ਹਾਂ, ਬਾਰਸ਼ਾਂ ਦੀ ਮਾਰ ਸਦਕਾ ਹੋਈਆਂ ਇਨਸਾਨੀ ਮੌਤਾਂ ਲਈ ਘੱਟੋ ਘੱਟ 25 ਲੱਖ ਰੁਪਏ, ਮਜ਼ਦੂਰਾਂ ਦੇ ਤਬਾਹ ਹੋਏ ਘਰਾਂ ਲਈ 15 ਲੱਖ ਰੁਪਏ, ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ ਦੀ ਰਾਸ਼ੀ ਗਰਾਂਟ ਵਜੋਂ ਦਿੱਤੀ ਜਾਵੇ, ਮਜ਼ਦੂਰਾਂ ਦੀਆਂ ਟੁੱਟੀਆਂ ਕੰਮ ਦਿਹਾੜੀਆਂ ਦੀ ਭਰਪਾਈ ਵਾਸਤੇ 50000/- ਰੁਪਏ ਪ੍ਰਤੀ ਪਰਿਵਾਰ ਮੁਆਵਜ਼ਾ ਦਿੱਤਾ ਜਾਵੇ,ਖਾਧ ਖੁਰਾਕ ਦੀਆਂ ਸਭਨਾਂ ਵਸਤਾਂ ਅਤੇ ਦਵਾਈਆਂ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਬਾਰਸ਼ਾਂ ਕਾਰਨ ਪੈਦਾ ਹੋ ਸਕਣ ਵਾਲੀਆਂ ਤੇ ਵੱਡੇ ਪੱਧਰ ਤੇ ਫ਼ੈਲਣ ਵਾਲੀਆਂ ਬੀਮਾਰੀਆਂ ਦੀ ਅਗਾਊਂ ਰੋਕਥਾਮ ਲਈ ਸਿਹਤ ਵਿਭਾਗ ਵੱਲੋਂ ਵੱਡੇ ਪੱਧਰ 'ਤੇ ਪ੍ਰਬੰਧ ਕੀਤੇ ਜਾਣ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਰਾਲੀ ਸੰਭਾਲਣ ਸੰਬੰਧੀ ਜਾਗਰੂਕਤਾ ਕੈਂਪ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪਿਛਲੇ ਦਿਨਾਂ ਤੋਂ ਚੱਲ ਰਹੀ ਪਰਾਲੀ ਪ੍ਰਬੰਧਨ ਮੁਹਿੰਮ ਤਹਿਤ ਪੀ.ਏ.ਯੂ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਸਰਕਾਰੀ ਕਾਲਜ, ਹੁਸ਼ਿਆਰਪੁਰ ਵਿਖੇ ਪਰਾਲੀ ਸੰਭਾਲਣ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਵਿਦਿਆਰਥੀਆਂ ਨਾਲ ਰੂ-ਬ-ਰੂ ਹੁੰਦਿਆਂ ਇੰਚਾਰਜ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਡਾ. ਮਨਿੰਦਰ ਸਿੰਘ ਬੌਂਸ ਨੇ ਪਰਾਲੀ ਨੂੰ ਸੰਭਾਲਣ ਦੀ ਲੋੜ ਤੇ ਵੱਖ-ਵੱਖ ਤਕਨੀਕਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਸਬੰਧੀ ਅਤੇ ਪਰਾਲੀ ਵਿੱਚ ਮੌਜੂਦ ਵੱਖ-ਵੱਖ ਤੱਤਾਂ ਦੀ ਮਹਤੱਤਾ ਬਾਰੇ ਵੀ ਵਿਸਥਾਰ ਪੂਰਵਕ ਦੱਸਿਆ। ਉਨ੍ਹਾਂ ਝੋਨੇ ਦੀ ਪਰਾਲੀ ਪ੍ਰਬੰਧਨ ਸਬੰਧੀ ਮਸ਼ੀਨਰੀ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਅਤੇ ਝੋਨੇ ਦੀ ਪਰਾਲੀ ਦੀ ਬਾਇਓ ਗੈਸ ਪਲਾਂਟ, ਊਰਜਾ, ਖਾਦ, ਖੁੰਬ ਉਤਪਾਦਨ ਅਤੇ ਪਸ਼ੂ ਖੁਰਾਕ ਵਜੋਂ ਵਰਤੋਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਕਾਲਜ ਮੁਹਿੰਮ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਪਰਾਲੀ ਸੰਭਾਲਣ ਦੇ ਇਸ ਨੇਕ ਸੁਨੇਹੇ ਨੂੰ ਘਰ-ਘਰ ਪਹੁੰਚਾਉਣ ਲਈ ਵੀ ਲਾਮਬੰਦ ਕੀਤਾ। ਕਾਲਜ ਦੇ ਪ੍ਰਿੰਸੀਪਲ ਮੇਜਰ ਗੁਰਮੀਤ ਸਿੰਘ ਨੇ ਆਏ ਮਾਹਿਰਾਂ ਦਾ ਸਵਾਗਤ ਕੀਤਾ ਅਤੇ ਝੋਨੇ ਦੀ ਪਰਾਲੀ ਸੰਭਾਲਣ ਲਈ ਜਾਗਰੂਕਤਾ ਮੁਹਿੰਮ ਚਲਾਉਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਇਸ ਨੇਕ ਮਨੋਰਥ ਵਿਚ ਵਿਦਿਆਰਥੀਆਂ ਦੇ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ।ਇਸ ਮੌਕੇ ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਤੋਂ ਹੋਣ ਵਾਲੇ ਨੁਕਸਾਨਾਂ ਪ੍ਰਤੀ ਵਿਦਿਆਰਥੀਆਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਭਾਸ਼ਣ, ਲੇਖ ਲਿਖਣ ਅਤੇ ਪੇਂਟਿੰਗ ਦੇ ਮੁਕਾਬਲੇ ਵੀ ਕਰਵਾਏ ਗਏ।

# ਪ੍ਰੋਜੈਕਟ ਜੀਵਨ ਜੋਤ 2.0 ਜ਼ਿਲ੍ਹੇ 'ਚ ਸਖਤਾਈ ਨਾਲ ਲਾਗੂ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਮਾਨਯੋਗ ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀ ਅੰਕੁਰਜੀਤ ਸਿੰਘ ਵੱਲੋ ਬਾਲ ਭਿੱਖਿਆ ਖਿਲਾਫ ਪ੍ਰੋਜੈਕਟ ਜੀਵਨ ਜੋਤ 2.0 ਨੂੰ ਸਖ਼ਤਾਈ ਨਾਲ ਲਾਗੂ ਕਰਨ ਲਈ ਹੁਕਮ ਦਿੱਤੇ ਗਏ ਹਨ ਜਿਸ ਦੇ ਚਲਦੇ 15 ਸਤੰਬਰ ਨੂੰ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਜ਼ਿਲ੍ਹਾ ਨਵਾਂਸ਼ਹਿਰ ਅਧੀਨ ਆਉਂਦੇ ਬਲਾਕ ਬੰਗਾ ਵਿੱਚ ਜ਼ਿਲ੍ਹਾ ਟਾਸਕ ਫੋਰਸ ਨਾਲ ਬੱਸ ਸਟੈਂਡ ਰੋਡ, ਗੜ੍ਹ ਸ਼ੰਕਰ ਰੋਡ ਅਤੇ ਬੰਗਾ ਤੋਂ ਨਵਾਂਸ਼ਹਿਰ ਰੋਡ ਤੇ ਬਾਲ ਭਿੱਖਿਆ ਖਿਲਾਫ ਚੈਕਿੰਗ ਕੀਤੀ ਗਈ ਅਤੇ ਟੀਮ ਵੱਲੋਂ ਚੈਕਿੰਗ ਦੌਰਾਨ 18 ਸਾਲ ਤੋਂ ਘੱਟ ਉਮਰ ਦੇ ਦੋ ਬੱਚਿਆਂ (ਲੜਕਾ ਉਮਰ 12 ਸਾਲ ਅਤੇ ਇੱਕ ਲੜਕੀ ਉਮਰ 9 ਸਾਲ) ਨੂੰ ਬਾਲ ਭਿੱਖਿਆ ਤੋਂ ਮੁਕਤ ਕਰਵਾਇਆ ਗਿਆ । ਜਿਲਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਵੱਲੋਂ ਬੱਚਿਆਂ ਨੂੰ ਰੈਸਕਿਊ ਕਰਨ ਉਪਰੰਤ ਬਾਲ ਭਲਾਈ ਕਮੇਟੀ ਵਿਖੇ ਪੇਸ਼ ਕੀਤਾ ਗਿਆ ਹੈ ਤਾਂ ਜੋ ਉਸ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਬਾਲ ਭਲਾਈ ਕਮੇਟੀ ਵੱਲੋਂ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾ ਦੇ ਮਾਤਾ ਪਿਤਾ ਦੀ ਭਾਲ ਕੀਤੀ ਜਾਵੇਗੀ ਅਤੇ ਬੱਚਿਆਂ ਦੇ ਦਸਤਾਵੇਜ ਵੈਰੀਫਾਈ ਕਰਨ ਉਪਰੰਤ ਯੋਗ ਕਾਰਵਾਈ ਕੀਤੀ ਜਾਵੇਗੀ । ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਬੱਚਿਆਂ ਦੀ ਉਮਰ ਅਨੁਸਾਰ ਉਨ੍ਹਾਂ ਨੂੰ ਸਕੂਲ ਵਿਚ ਦਾਖਲ ਕਰਵਾਇਆ ਜਾਵੇਗਾ। ਇਸ ਮੌਕੇ ਮੌਜੂਦ ਜਿਲ੍ਹਾ ਪ੍ਰੋਗਰਾਮ ਅਫਸਰ ਸ੍ਰੀ ਜਗਰੂਪ ਸਿੰਘ ਵੱਲੋਂ ਦੁਕਾਨਦਾਰਾਂ ਅਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਣਾ ਕਾਨੂੰਨੀ ਤੌਰ ਤੇ ਅਪਰਾਧ ਹੈ ।

# ਦੁਆਬਾ ਪੰਚਾਇਤ ਯੂਨੀਅਨ ਦੀ ਮੀਟਿੰਗ ਹੋਈ



**ਆਦਮਪੁਰ (ਪਰਮਜੀਤ ਸਿੰਘ)**

ਦੁਆਬਾ ਪੰਚਾਇਤ ਯੂਨੀਅਨ ਆਦਮਪੁਰ ਦੀ ਇੱਕ ਹੰਗਾਮੀ ਮੀਟਿੰਗ ਬੀ.ਡੀ.ਪੀ.ਓ ਦਫਤਰ ਆਦਮਪੁਰ ਵਿਖੇ ਪ੍ਰਧਾਨ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਹੋਈ ਜਿਸ ਦੌਰਾਨ ਆਦਮਪੁਰ ਦੇ ਵੱਖ-ਵੱਖ ਪਿੰਡਾਂ ਵਿੱਚੋਂ ਸਰਪੰਚਾਂ ਅਤੇ ਪੰਚਾਂ ਨੇ ਭਾਗ ਲਿਆ। ਸਮੂਹ ਸਰਪੰਚਾਂ ਅਤੇ ਪੰਚਾਂ ਨੇ ਹੁਸ਼ਿਆਰਪੁਰ ਵਿਖੇ ਹੋਏ ਪੰਜ ਸਾਲ ਦੇ ਛੋਟੇ ਬੱਚੇ ਗੁਰਵੀਰ ਨਾਲ ਇੱਕ ਪ੍ਰਵਾਸੀ ਵੱਲੋਂ ਕੀਤੇ ਗਏ ਅਣਮਨੁੱਖੀ ਤਸ਼ੱਦਦ ਕਰ ਉਸ ਨੂੰ ਬੜੀ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰਿਆ ਗਿਆ ਸੀ। ਇਸ ਘਟਨਾ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਸਮੂਹ ਪੰਚਾਇਤਾਂ ਵੱਲੋਂ ਸਾਂਝੇ ਤੌਰ ਤੇ ਪ੍ਰਵਾਸੀਆਂ ਖਿਲਾਫ ਮਤੇ ਪਾਏ ਗਏ। ਇਸ ਮੌਕੇ ਹਾਜ਼ਰ ਪੰਚਾਇਤਾਂ ਵੱਲੋਂ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਪਿੰਡਾਂ ਵਿੱਚ ਜਿਹੜੇ ਵੀ ਪ੍ਰਵਾਸੀ ਰਹਿੰਦੇ ਹਨ ਕੋਈ ਵੀ ਪੰਚਾਇਤ ਮੈਂਬਰ ਉਨਾਂ ਦੇ ਆਧਾਰ ਕਾਰਡ ਅਤੇ ਵੋਟਰ ਕਾਰਡ ਲਈ ਗਵਾਹੀ ਨਹੀਂ ਪਾਵੇਗਾ ਕਿਸੇ ਵੀ ਪ੍ਰਵਾਸੀ ਦਾ ਨਵਾਂ ਆਧਾਰ ਕਾਰਡ ਅਤੇ ਵੋਟਰ ਕਾਰਡ ਨਹੀਂ ਬਣਨ ਦਿੱਤਾ ਜਾਵੇਗਾ। ਪਿੰਡਾਂ ਵਿੱਚ ਰਹਿੰਦੇ ਸਾਰੇ ਪ੍ਰਵਾਸੀਆਂ ਦੀ ਪੁਲਸ ਨਾਲ ਮਿਲ ਕੇ ਪਹਿਚਾਣ ਕੀਤੀ ਜਾਵੇਗੀ ਅਤੇ ਉਹਨਾਂ ਦੀਆਂ ਬਣੀਆਂ ਗਲਤ ਵੋਟਰ ਆਈ.ਡੀ ਕਾਰਡ ਅਤੇ ਆਧਾਰ ਕਾਰਡ ਪੰਚਾਇਤ ਵਿੱਚ ਮਤਾ ਪਾ ਕੇ ਬੰਦ ਕਰਵਾਏ ਜਾਣਗੇ। ਇਸ ਮੌਕੇ ਅਸ਼ੋਕ ਕੁਮਾਰ ਪ੍ਰਧਾਨ ਦੁਆਬਾ ਸਰਪੰਚ ਯੂਨੀਅਨ, ਇੰਦਰਜੀਤ ਸਿੰਘ ਸੈਕਟਰੀ ਦੁਆਬਾ ਸਰਪੰਚ ਯੂਨੀਅਨ, ਰਾਮ ਲਾਲ ਸਰਪੰਚ ਖਜਾਨਚੀ ਦੋਆਬਾ ਸਰਪੰਚ ਯੂਨੀਅਨ, ਸਰਪੰਚ ਕਮਲੇਸ਼ ਰਾਣੀ ਮਾਣਕੋ, ਸਰਪੰਚ ਪਰਮਜੀਤ ਕੌਰ ਸੱਤੋਵਾਲੀ, ਸਰਪੰਚ ਕੁਲਦੀਪ ਸਿੰਘ ਉਦੇਸੀਆਂ, ਸਰਪੰਚ ਪ੍ਰਿਤਪਾਲ ਸਿੰਘ ਸਿਕੰਦਰਪੁਰ, ਸਰਪੰਚ ਗੁਰਮੇਲ ਸਿੰਘ ਰਾਮ ਨਗਰ, ਸਰਪੰਚ ਜਗੀਰ ਕੌਰ ਭੇਲਾ, ਸਰਪੰਚ ਸੁਨੀਤਾ ਦੇਵੀ ਅੰਗਣੀਵਾਲ ਆਦਿ ਹਾਜ਼ਰ ਸਨ।

# ਬਲਬੀਰ ਸਿੰਘ ਸਿੱਧੂ ਨੇ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ

**ਮੋਹਾਲੀ, (ਗੁਰਜੀਤ ਬਿੱਲਾ)**-ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਕਰਤਾਰਪੁਰ ਲਾਂਘਾ ਮੁੜ ਖੋਲ੍ਹਣ ਅਤੇ ਸਿੱਖ ਜਥੇ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਸ੍ਰੀ ਨਨਕਾਣਾ ਸਾਹਿਬ ਯਾਤਰਾ ਦੀ ਤੁਰੰਤ ਆਗਿਆ ਦੇਣ ਦੀ ਬੇਨਤੀ ਕੀਤੀ ਹੈ।ਸਿੱਧੂ ਨੇ ਚਿੱਠੀ ਵਿੱਚ ਲਿਖਿਆ ਕਿ ਹਰ ਸਾਲ, ਭਾਰਤ ਤੋਂ ਇੱਕ ਵਿਸ਼ੇਸ਼ ਸਿੱਖ ਸ਼ਰਧਾਲੂਆਂ ਦਾ ਜਥਾ ਨਵੰਬਰ ਵਿੱਚ ਪਾਕਿਸਤਾਨ ਜਾਂਦਾ ਹੈ ਤਾਂ ਜੋ ਉਹ ਸਿੱਖਾਂ ਦੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਉਨ੍ਹਾਂ ਦੇ ਜਨਮ ਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਮਨਾ ਸਕਣ। ਸਿੱਖਾਂ ਦੇ ਪਹਿਲੇ ਗੁਰੂ ਜੀ ਦਾ ਪ੍ਰਕਾਸ਼ ਗੁਰਪੁਰਬ ਸਿੱਖਾਂ ਦੇ ਦਿਲਾਂ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ। 1947 ਤੋਂ ਬਾਅਦ, ਗੁਰਦੁਆਰਾ ਨਨਕਾਣਾ ਸਾਹਿਬ ਪਾਕਿਸਤਾਨ ਵਿਚ ਚਲਾ ਗਿਆ ਅਤੇ ਇਸ ਡੂੰਘੀ ਆਸਥਾ ਦਾ ਸਨਮਾਨ ਕਰਨ ਲਈ, 2019 ਵਿੱਚ ਕਰਤਾਰਪੁਰ ਲਾਂਘਾ ਖੋਲ੍ਹਿਆ ਗਿਆ। ਹਾਲਾਂਕਿ, ਪਹਿਲਗਾਮ ਹਮਲੇ ਤੋਂ ਬਾਅਦ, ਲਾਂਘਾ ਭਾਰਤ ਵਾਲੇ ਪਾਸੇ ਤੋਂ ਪੰਜ ਹਫ਼ਤਿਆਂ ਲਈ ਬੰਦ ਕਰ ਦਿੱਤਾ ਗਿਆ ਸੀ। ਹੁਣ ਕਈ ਮਹੀਨੇ ਬੀਤ ਚੁੱਕੇ ਹਨ, ਅਤੇ ਲਾਂਘਾ ਹਾਲੇ ਵੀ ਬੰਦ ਹੈ।ਸਿੱਧੂ ਨੇ ਸਿੱਖ ਜਥੇ ਨੂੰ ਪਾਕਿਸਤਾਨ ਜਾਣ ਦੀ ਆਗਿਆ ਨਾ ਦੇਣ ਦੇ ਫੈਸਲੇ ਨੂੰ ਸਿੱਖ ਭਾਈਚਾਰੇ ਲਈ ਨਿਰਾਸ਼ਾਜਨਕ ਕਰਾਰ ਦਿੱਤਾ ਅਤੇ ਇਸ ਨਾਲ ਭਾਵਨਾਤਮਕ ਠੇਸ ਪਹੁੰਚਣ ਦੀ ਚਿੰਤਾ ਜ਼ਾਹਰ ਕੀਤੀ।

# ਰਾਸ਼ਟਰੀ ਇੰਜੀਨੀਅਰ ਦਿਵਸ ਮਨਾਇਆ




**ਡੇਰਾਬੱਸੀ, (ਵਿਨੈ ਕੁਮਾਰ ਜੈਨ)**

ਡੇਰਾਬਸੀ ਦੇ ਸ੍ਰੀ ਸੁਖਮਨੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ (ਐਸ ਐਸ ਜੀ ਆਈ) ਨੇ ਇੰਜੀਨੀਅਰਾਂ ਦੇ ਸ਼ਾਨਦਾਰ ਯੋਗਦਾਨ ਦਾ ਸਨਮਾਨ ਕਰਨ ਅਤੇ ਇੱਕ ਦੂਰਦਰਸ਼ੀ ਇੰਜੀਨੀਅਰ ਅਤੇ ਰਾਜਨੇਤਾ ਸਰ ਮੋਕਸ਼ਗੁੰਡਮ ਵਿਸ਼ਵੇਸ਼ਵਰਾਇਆ ਦੇ ਜਨਮ ਦਿਨ ਦੀ ਯਾਦ ਵਿੱਚ 15 ਸਤੰਬਰ ਨੂੰ ਰਾਸ਼ਟਰੀ ਇੰਜੀਨੀਅਰ ਦਿਵਸ ਬੜੇ ਮਾਣ ਨਾਲ ਮਨਾਇਆ।ਇਸ ਸਮਾਗਮ ਵਿੱਚ ਮੁੱਖ ਮਹਿਮਾਨ, ਡਾ. ਉਮੇਸ਼ ਸ਼ਰਮਾ, ਡੀਨ (ਐਸ ਆਰ ਅਤੇ ਆਈ ਸੀ), ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ, ਦੇ ਨਾਲ-ਨਾਲ ਪ੍ਰੋਫੈਸਰ ਦਮਨਜੀਤ ਸਿੰਘ, ਡਾਇਰੈਕਟਰ ਐਸ ਐਸ ਜੀ ਆਈ ਪ੍ਰੋਫੈਸਰ ਰਸ਼ਪਾਲ ਸਿੰਘ, ਮੁੱਖ ਪ੍ਰਸ਼ਾਸਕ: ਡਾ. ਜੀ.ਐਨ. ਵਰਮਾ, ਪ੍ਰਿੰਸੀਪਲ ਐਸ ਐਸ ਆਈ ਟੀ, ਡਾ. ਮੁਕੇਸ਼ ਵਰਮਾ, ਡੀਨ ਅਕਾਦਮਿਕ, ਡਾ. ਐਸ.ਕੇ. ਭੱਟਾਚਾਰੀਆ ਐਸਐਸ ਜੀਆਈ ਦੇ ਵੱਖ-ਵੱਖ ਸੰਸਥਾਨਾਂ ਦੇ ਪ੍ਰਿੰਸੀਪਲ ਸ਼ਾਮਲ ਸਨ। ਸਮਾਰੋਹ ਦੀ ਸ਼ੁਰੂਆਤ ਰਵਾਇਤੀ ਦੀਵੇ ਜਗਾਉਣ ਨਾਲ ਹੋਈ, ਜੋ ਗਿਆਨ ਅਤੇ ਗਿਆਨ ਦਾ ਪ੍ਰਤੀਕ ਹੈ।ਆਪਣੇ ਸਵਾਗਤੀ ਭਾਸ਼ਣ ਵਿੱਚ, ਡਾ. ਮੁਕੇਸ਼ ਵਰਮਾ ਨੇ ਭਾਰਤ ਵਿੱਚ ਇੰਜੀਨੀਅਰ ਦਿਵਸ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਇਸ ਸਾਲ ਦੇ ਥੀਮ 'ਇੰਜੀਨੀਅਰਿੰਗ ਰਾਹੀਂ ਟਿਕਾਊ ਭਵਿੱਖ' ਬਾਰੇ ਵਿਸਥਾਰ ਨਾਲ ਦੱਸਿਆ। ਇਸ ਜਸ਼ਨ ਵਿੱਚ ਕੁਇਜ਼, ਪੋਸਟਰ ਮੇਕਿੰਗ, ਪ੍ਰੋਜੈਕਟ ਐਕਸਪੋ, ਬਹਿਸ, ਪੈਨਲ ਚਰਚਾ ਅਤੇ ਭਾਸ਼ਣ ਮੁਕਾਬਲੇ ਸਮੇਤ ਕਈ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਵੀ ਦੇਖੀ ਗਈ। ਜੇਤੂਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਵੱਖ-ਵੱਖ ਇਨਾਮ ਜੇਤੂ ਸਨ: ਕੁਇਜ਼ ਵਿੱਚ: ਮਨਦੀਪ ਅਤੇ ਜਸਪ੍ਰੀਤ (ਪਹਿਲਾ ਸਥਾਨ), ਪੋਸਟਰ ਮੇਕਿੰਗ ਵਿੱਚ: ਰਿਤਿਕਾ (ਪਹਿਲਾ ਸਥਾਨ) ਭਾਸ਼ਣ ਮੁਕਾਬਲੇ ਵਿੱਚ: ਸ਼ਾਹ ਫਾਰਿਕ (ਪਹਿਲਾ ਪੁਰਸਕਾਰ) ਅਤੇ ਪ੍ਰੋਜੈਕਟ ਐਕਸਪੋ ਵਿੱਚ: ਅਨੁਰਾਗ, ਕਰਨ ਅਤੇ ਹਰਮੇਸ਼ ਦੀ ਟੀਮ (ਪਹਿਲਾ ਪੁਰਸਕਾਰ)।

# ਭਲਕ ਤੋਂ 2 ਅਕਤੂਬਰ ਤੱਕ ਪੂਰੇ ਦੇਸ਼ 'ਚ ਚੱਲੇਗੀ ਸਵੱਛਤਾ ਹੀ ਸੇਵਾ ਮੁਹਿੰਮ : ਮਨੋਹਰ ਲਾਲ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਕੇਂਦਰੀ ਊਰਜਾ, ਅਵਾਸਨ ਅਤੇ ਸ਼ਹਿਰੀ ਕਾਰਜ ਮੰਤਰੀ ਮਨੋਹਰ ਲਾਲ ਨੇ ਕਰਨਾਲ ਵਿੱਚ ਸਥਿਤ ਭਾਰਤੀ ਜਨਤਾ ਪਾਰਟੀ ਦੇ ਦਫਤਰ ਕਰਣ ਕਮਲ ਵਿੱਚ ਸੇਵਾ ਪਖਵਾੜੇ ਨੂੰ ਲੈ ਕੇ ਮੀਟਿੰਗ ਲਈ। ਇਸ ਦੇ ਬਾਅਦ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅਗਾਮੀ 17 ਸਤੰਬਰ ਤੋਂ 2 ਅਕਤੂਬਰ ਤੱਕ ਪੂਰੇ ਦੇਸ਼ ਵਿੱਚ ਸੇਵਾ ਪਖਵਾੜਾ ਮਨਾਇਆ ਜਾਵੇਗਾ। ਇਸ ਦੌਰਾਨ ਉਨ੍ਹਾਂ ਦੇ ਵਿਭਾਗ ਸ਼ਹਿਰੀ ਵਿਕਾਸ ਵੱਲੋਂ ਸਵੱਛਤਾ ਹੀ ਸੇਵਾ ਮੁਹਿੰਮ ਚਲਾਈ ਜਾਵੇਗੀ। ਇਸ ਤਹਿਤ ਸ਼ਹਿਰਾਂ ਦੀ ਸਾਫ ਸਫਾਈ ਕਰਵਾਈ ਜਾਵੇਗੀ ਤੇ ਕੁੱਝ ਥਾਂਵਾਂ ਦਾ ਜਿੰਮਾ ਖੁਦ ਵਿਧਾਇਕ ਤੇ ਜਨਪ੍ਰਤੀਨਿਧੀ ਵੀ ਲੈਣਗੇ।ਕੇਂਦਰੀ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ 17 ਸਤੰਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜਨਮ ਦਿਨ ਹੈ ਅਤੇ 2 ਅਕਤੂਬਰ ਨੂੰ ਮਹਾਤਮਾ ਗਾਂਧੀ ਅਤੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦਾ ਵੀ ਜਨਮ ਦਿਨ ਹੈ। ਇਸ ਦੇ ਨਾਲ-ਨਾਲ 25 ਸਤੰਬਰ ਨੂੰ ਪੰਡਿਤ ਦੀਨਦਿਆਲ ਉਪਾਧਿਆਏ ਦਾ ਵੀ ਜਨਮ ਦਿਨ ਆਉਂਦਾ ਹੈ। ਇਸ ਦੌਰਾਨ 17 ਸਤੰਬਰ ਤੋਂ 2 ਅਕਤੂਬਰ, 2025 ਤੱਕ ਸੇਵਾ ਪਖਵਾੜਾ ਮਨਾਇਆ ਜਾਵੇਗਾ। ਇਸ ਪਖਵਾੜੇ ਵਿੱਚ ਬਹੁਤ ਸਾਰੇ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ।

# ਟਰੈਕਿੰਗ ਕਰਕੇ ਤੰਦਰੁਸਤੀ ਭਰਿਆ ਜੀਵਨ ਜਿਉਣ ਦਾ ਦਿੱਤਾ ਸੁਨੇਹਾ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸ੍ਰੀ ਅਨੰਦਪੁਰ ਸਾਹਿਬ ਦੇ ਨੇੜੇ ਹਿਮਾਚਲ ਪ੍ਰਦੇਸ਼ ਵਿੱਚ ਪੈਂਦੇ ਇਤਿਹਾਸਕ ਅਸਥਾਨ ਗੁਰੂ ਕਾ ਲਾਹੌਰ ਤੋਂ ਪਿੰਡ ਲਹਿਰੀਆਂ ਰਾਹੀਂ ਐਤਵਾਰ ਸਵੇਰੇ 8 ਵਜੇ ਟਰੈਕਿੰਗ ਟੂਰ ਦਾ ਆਯੋਜਨ ਕੀਤਾ ਗਿਆ। ਇਸ ਟੂਰ ਦੀ ਅਗਵਾਈ ਅੰਤਰਰਾਸ਼ਟਰੀ ਕੋਚ ਬੀ ਐਸ ਘੁੰਮਣ ਵੱਲੋਂ ਕੀਤੀ ਗਈ, ਜਿਸ ਵਿੱਚ ਖੇਤਰ ਦੇ ਕਈ ਟਰੈਕਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਮੌਕੇ ਕੋਚ ਬੀਐਸ ਘੁੰਮਣ ਨੇ ਦੱਸਿਆ ਕਿ ਉਹ ਭਾਰਤ ਅਤੇ ਵਿਦੇਸ਼ਾਂ ਵਿੱਚ ਅਨੇਕਾਂ ਟਰੈਕਿੰਗ ਟੂਰ ਕਰਵਾ ਚੁੱਕੇ ਹਨ। ਟਰੈਕਿੰਗ ਦੌਰਾਨ ਯਾਤਰੀਆਂ ਨੇ ਪਹਿਲਾਂ ਗੁਰੂ ਕਾ ਲਹੌਰ ਪਹੁੰਚ ਕੇ ਅਰਦਾਸ ਕੀਤੀ। ਇਸ ਤੋਂ ਬਾਅਦ ਪਿੰਡ ਲਹਿਰੀਆਂ ਤੋਂ ਲਗਭਗ 7 ਕਿਲੋਮੀਟਰ ਦਾ ਅਵੜ-ਖਾਬੜ ਰਸਤਾ ਤੈਅ ਕੀਤਾ ਗਿਆ। ਕਈ ਥਾਵਾਂ ਪੱਥਰਾਂ ਅਤੇ ਚਿੱਕੜ ਵਿਚਕਾਰ ਰਸਤਾ ਖੁਦ ਬਣਾਉਣਾ ਪਿਆ ਪਰ ਹੌਂਸਲੇ ਨਾਲ ਸਭ ਨੇ ਇਹ ਮੁਸ਼ਕਲ ਯਾਤਰਾ ਪੂਰੀ ਕੀਤੀ।ਯਾਤਰੀਆਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸੰਜੀਵ ਕੁਮਾਰ ਅਤੇ ਰਾਜਨ ਵੱਲੋਂ ਰਸਤੇ ਵਿੱਚ ਲੰਗਰ ਸੇਵਾ ਕਰਕੇ ਸਾਰੇ ਟਰੈਕਰਾਂ ਦਾ ਹੌਸਲਾ ਵਧਾਇਆ ਗਿਆ। ਇਸ ਤੋਂ ਇਲਾਵਾ ਪਿੰਡ ਵਾਸੀ ਛੋਟੂ ਰਾਮ ਨੇ ਆਪਣੇ ਘਰ ਵਿੱਚ ਸਾਰਿਆਂ ਦਾ ਪਿਆਰ ਨਾਲ ਸਤਿਕਾਰ ਕੀਤਾ ਅਤੇ ਘਰੇਲੂ ਭੋਜਨ ਤੇ ਲੱਸੀ ਨਾਲ ਖੂਬ ਸੇਵਾ ਕੀਤੀ। ਇਹ ਤਜਰਬੇ ਟੂਰ ਨੂੰ ਹੋਰ ਵੀ ਯਾਦਗਾਰ ਬਣਾਉਣ ਵਾਲੇ ਸਾਬਤ ਹੋਏ।ਇਸ ਮੌਕੇ ਜਸਵਿੰਦਰ ਕੌਰ, ਕੁਲਵਿੰਦਰ ਕੌਰ ,ਗੁਰਚਰਨ ਸਿੰਘ, ਡਾ ਮਨੋਜ ਕੁਮਾਰ, ਸਿਮਰਜੀਤ ਸਿੰਘ, ਉਂਕਾਰ ਸਿੰਘ, ਸ਼ੈਲੀ, ਅਮਰਜੀਤ ਸਿੰਘ ਨਿੱਕੂ, ਮਨਦੀਪ ਸਿੰਘ ਆਦਿ ਟਰੈਕਰ ਮੌਜੂਦ ਸਨ।

# ਖੇਡ ਮੁਕਾਬਲਿਆਂ 'ਚ ਖਿਡਾਰੀਆਂ ਨੇ ਪਹਿਲੇ ਸਥਾਨ ਪ੍ਰਾਪਤ ਕੀਤੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**



ਵੱਖ-ਵੱਖ ਸਥਾਨਾਂ ਤੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਜੋਨ ਸ਼ੇਰਗੜ੍ਹ ਦੇ ਖਿਡਾਰੀਆਂ ਨੇ ਕਈ ਮਹੱਤਵਪੂਰਨ ਸਥਾਨ ਪ੍ਰਾਪਤ ਕੀਤੇ। ਜ਼ੋਨਲ ਪ੍ਰਧਾਨ ਪ੍ਰਿੰਸੀਪਲ ਰਾਜਨ ਅਰੋੜਾ, ਬੋਹਣ ਦੇ ਪ੍ਰਿੰਸੀਪਲ ਮਲਕੀਤ ਕੌਰ, ਜਿਲ੍ਹਾ ਟੂਰਨਾਮੈਂਟ ਕਮੇਟੀ ਸਕੱਤਰ ਲੈਕਚਰਾਰ ਪ੍ਰਭਜੋਤ ਸਿੰਘ, ਜ਼ੋਨਲ ਸਕੱਤਰ ਗੁਰਕਿਰਨ ਜੀਤ ਸਿੰਘ ਫਲਾਹੀ, ਲੈਕਚਰਾਰ ਮੁਨੀਸ਼ ਮੋਦਗਿਲ, ਲੈਕਚਰਾਰ ਰਾਜਾ ਸਿੰਘ ਪੱਟੀ, ਲੈਕਚਰਾਰ ਨਰੇਸ਼ ਕੁਮਾਰ, ਲੈਕਚਰਾਰ ਸੁਰਜੀਤ ਸਿੰਘ, ਸੰਦੀਪ ਕੁਮਾਰ, ਕੁਲਵੀਰ ਕੌਰ, ਅਰਵਿੰਦਰ ਕੌਰ, ਜਸਵਿੰਦਰ ਕੌਰ, ਹੇਮ ਰਾਜ, ਸਤਿੰਦਰ ਕੁਮਾਰ, ਪੀ ਟੀ ਆਈ ਅਮਰਜੀਤ ਰਾਏ, ਡੀ ਪੀ ਈ ਰੇਖਾ ਪੱਟੀ ਨੇ ਇਹਨਾਂ ਪ੍ਰਾਪਤੀਆ ਲਈ ਸਮੂਹ ਖਿਡਾਰੀਆਂ ਅਤੇ ਸੰਬੰਧਿਤ ਟੀਮ ਇੰਚਾਰਜਾ ਨੂੰ ਵਧਾਈ ਦਿੱਤੀ। ਜੋਨ ਸ਼ੇਰਗੜ ਨੇ ਹੇਠ ਲਿਖੀਆਂ ਪ੍ਰਾਪਤੀਆਂ ਕੀਤੀਆ।

ਫੁੱਟਬਾਲ ਅੰਡਰ 19 ਸਾਲ ਉਮਰ ਵਰਗ ਵਿੱਚ ਦੂਜਾ ਸਥਾਨ , ਅੰਡਰ 17 ਸਾਲ ਉਮਰ ਵਰਗ ਵਿੱਚ ਪਹਿਲਾ ਸਥਾਨ ਅਤੇ ਅੰਡਰ 14 ਸਾਲ ਉਮਰ ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਖੋ ਖੋ ਮੁਕਾਬਲੇ ਦੇ ਅੰਡਰ 19 ਸਾਲ ਉਮਰ ਵਰਗ ਵਿੱਚ ਪਹਿਲਾ ਸਥਾਨ, ਅੰਡਰ 14 ਸਾਲ ਉੱਮਰ ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਪ੍ਰਕਾਰ ਲੜਕੀਆਂ ਦੇ ਮੁਕਾਬਲੇ ਵਿੱਚ ਅੰਡਰ 19 ਸਾਲ ਉੱਮਰ ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਲੜਕਿਆਂ ਦੇ ਯੋਗਾ ਮੁਕਾਬਲਿਆ ਅੰਡਰ 19 ਸਾਲ ਉਮਰ ਵਰਗ ਵਿੱਚ ਪਹਿਲਾ ਸਥਾਨ, ਅੰਡਰ 14 ਸਾਲ ਉੱਮਰ ਵਰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਆਰਟਿਸਟਿਕ ਯੋਗਾ ਦੇ ਅੰਡਰ 19 ਸਾਲ ਉੱਮਰ ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਆਰਟਿਸਟਿਕ ਯੋਗਾ ਲੜਕੀਆ ਦੇ ਅੰਡਰ 17 ਸਾਲ ਉੱਮਰ ਵਰਗ ਵਿੱਚ ਪਹਿਲਾ ਸਥਾਨ ਅਤੇ ਟਰੈਡੀਸ਼ਨਲ ਯੋਗਾ ਦੇ ਅੰਡਰ 17 ਸਾਲ ਉਮਰ ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਹਾਕੀ ਮੁਕਾਬਲੇ ਦੇ ਅੰਡਰ 14 ਸਾਲ ਉਮਰ ਵਰਗ ਅਤੇ ਅੰਡਰ 17 ਸਾਲ ਉਮਰ ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਬਾਸਕਟਬਾਲ ਦੇ ਅੰਡਰ 14 ਸਾਲ ਉਮਰ ਵਰਗ ਅਤੇ 17 ਸਾਲ ਉਮਰ ਵਰਗ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਬੈਡਮਿੰਟਨ ਮੁਕਾਬਲਿਆਂ ਦੇ ਅੰਡਰ 17 ਸਾਲ ਉਮਰ ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਸ਼ਤਰੰਜ ਮੁਕਾਬਲਿਆਂ ਦੇ ਅੰਡਰ 19 ਸਾਲ ਉਮਰ ਵਰਗ ਅਤੇ ਅੰਡਰ 17 ਸਾਲ ਉਮਰ ਵਰਗ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਜੂਡੋ, ਕਰਾਟੇ, ਕੁਰੈਸ਼, ਤਾਇਕਵਾਂਡੋ, ਕੁਸ਼ਤੀਆ, ਕਿਕ ਬਾਕਸਿੰਗ ਆਦਿ ਵਿੱਚ ਵੀ ਖਿਡਾਰੀਆਂ ਨੇ ਮੈਡਲ ਪ੍ਰਾਪਤ ਕੀਤੇ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਏਅਰ ਸ਼ੋਅ ਦੇ ਮੱਦੇਨਜ਼ਰ ਮਨਾਹੀ ਦੇ ਹੁਕਮ ਜਾਰੀ

**ਮੋਹਾਲੀ (ਗੁਰਜੀਤ ਬਿੱਲਾ)**

26 ਸਤੰਬਰ ਨੂੰ ਏਅਰ ਫੋਰਸ ਸਟੇਸ਼ਨ 'ਤੇ ਹੋਣ ਵਾਲੇ ਆਗਾਮੀ ਏਅਰ ਸ਼ੋਅ ਦੇ ਮੱਦੇਨਜ਼ਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਜ਼ਿਲ੍ਹਾ ਮੈਜਿਸਟਰੇਟ ਕੋਮਲ ਮਿੱਤਲ ਨੇ ਜ਼ਿਲ੍ਹਾ ਸੀਮਾਵਾਂ ਵਿੱਚ ਸੁਰੱਖਿਅਤ ਉਡਾਣ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ।ਭਾਰਤੀ ਸਿਵਲ ਡਿਫੈਂਸ ਕੋਡ, 2023 (2023 ਦਾ 46) ਦੇ ਅਧਿਆਇ ਗਿਆਰ੍ਹਵਾਂ (ਸੀ-ਪਰੇਸ਼ਾਨੀ ਜਾਂ ਸੰਭਾਵੀ ਖ਼ਤਰੇ ਦੇ ਜ਼ਰੂਰੀ ਮਾਮਲੇ) ਦੀ ਧਾਰਾ 163 ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜਾਰੀ ਕੀਤੇ ਗਏ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਹਵਾਈ ਅੱਡੇ ਦੀ ਚਾਰਦੀਵਾਰੀ ਅਤੇ ਇਸ ਦੇ ਆਸ-ਪਾਸ ਦੇ ਦਸ ਕਿਲੋਮੀਟਰ ਦੇ ਘੇਰੇ ਵਿੱਚ ਕਬੂਤਰਾਂ ਜਾਂ ਕਿਸੇ ਹੋਰ ਪੰਛੀ ਨੂੰ ਦਾਣਾ ਖੁਆਉਣ ਦੀ ਸਖ਼ਤ ਮਨਾਹੀ ਹੈ। ਇਸੇ ਤਰ੍ਹਾਂ, ਏਅਰ ਫੋਰਸ ਸਟੇਸ਼ਨ ਦੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਸਥਾਨਕ ਲੋਕਾਂ ਨੂੰ ਕਬੂਤਰਾਂ ਨੂੰ ਦਾਣਾ ਨਾ ਖੁਆਉਣ ਲਈ ਜਾਗਰੂਕ ਕਰਨ ਲਈ ਜਨਤਕ ਜਾਗਰੂਕਤਾ ਕੀਤੀ ਜਾਵੇਗੀ। ਸਬੰਧਤ ਵਿਭਾਗ ਏਅਰਫੀਲਡ ਦੇ ਆਲੇ ਦੁਆਲੇ ਚੱਲ ਰਹੀਆਂ ਅਣਅਧਿਕਾਰਤ ਮੀਟ ਦੀਆਂ ਦੁਕਾਨਾਂ ਨੂੰ ਬੰਦ ਕਰਵਾਉਣਗੇ।ਸਥਾਨਕ ਨਿਵਾਸੀਆਂ, ਦੁਕਾਨਦਾਰਾਂ, ਵਿਕਰੇਤਾਵਾਂ ਅਤੇ ਸੰਗਠਨਾਂ ਨੂੰ ਹਵਾਈ ਅੱਡੇ ਦੇ ਆਲੇ-ਦੁਆਲੇ ਕਬੂਤਰਾਂ ਅਤੇ ਹੋਰ ਪੰਛੀਆਂ ਨੂੰ ਆਕਰਸ਼ਿਤ ਕਰਨ ਵਾਲੀਆਂ ਗਤੀਵਿਧੀਆਂ ਤੋਂ ਗੁਰੇਜ਼ ਕਰਨ ਦਾ ਆਦੇਸ਼ ਦਿੱਤਾ ਗਿਆ ਹੈ।ਨਗਰ ਨਿਗਮ/ਸਥਾਨਕ ਸੰਸਥਾਵਾਂ ਸੋਲਿੱਡ ਵੇਸਟ ਮੈਨੇਜਮੈਂਟ ਨਿਯਮਾਂ-2016 ਅਤੇ ਸਵੱਛ ਭਾਰਤ ਮਿਸ਼ਨ ਦੇ ਸਿਧਾਂਤਾਂ ਅਨੁਸਾਰ ਕੂੜੇ ਦੇ ਸਹੀ ਇਕੱਤਰਣ ਅਤੇ ਨਿਪਟਾਰੇ ਲਈ ਤੁਰੰਤ ਅਤੇ ਸਖ਼ਤ ਕਾਰਵਾਈ ਨੂੰ ਯਕੀਨੀ ਬਣਾਉਣਗੀਆਂ।ਇਹ ਹੁਕਮ ਪੁਲਸ, ਅਰਧ ਸੈਨਿਕ ਬਲਾਂ, ਹਵਾਈ ਸੈਨਾ, ਵਿਸ਼ੇਸ਼ ਪੁਲਸ ਬਲ (ਐੱਸ ਪੀ ਜੀ) ਦੇ ਕਰਮਚਾਰੀਆਂ ਅਤੇ ਸਮਰੱਥ ਸਰਕਾਰੀ ਅਥਾਰਟੀ ਦੁਆਰਾ ਅਧਿਕਾਰਤ ਵਿਅਕਤੀਆਂ ਸਮੇਤ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ 'ਤੇ ਲਾਗੂ ਨਹੀਂ ਹੋਵੇਗਾ ਅਤੇ 27 ਸਤੰਬਰ ਤੱਕ ਲਾਗੂ ਰਹੇਗਾ।

16-Sep-PAGE-13.qxd 9/15/2025 10:52 PM Page 1



# ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਵੱਲੋਂ ਵੱਡਾ ਸੰਘਰਸ਼ ਵਿੱਢਣ ਦੀ ਚਿਤਾਵਨੀ

**ਪੱਟੀ (ਬਲਦੇਵ ਸਿੰਘ ਸੰਧੂ)**

ਪਿੰਡ ਰਸੂਲਪੁਰ ਵਿਖੇ ਬੀਤੇ ਦਿਨੀਂ ਥਾਣਾ ਸਦਰ ਪੱਟੀ ਪੁਲਸ ਵੱਲੋਂ ਬਿਨਾਂ ਕੋਈ ਇਨਕੁਆਰੀ ਕੀਤੇ ਛੇ ਵਿਅਕਤੀਆਂ 'ਤੇ 26 ਦਾ ਝੂਠਾ ਮੁਕੱਦਮਾ ਦਰਜ ਕਰਨ ਦੇ ਰੋਸ ਵਿੱਚ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਜਥੇਬੰਦੀ ਨੇ ਪਿੰਡ ਮੁੱਠਿਆਂਵਾਲਾ ਦੇ ਗੁਰਦੁਆਰਾ ਬਾਬਾ ਬੀਰ ਸਿੰਘ ਵਿਖੇ ਹੰਗਾਮੀ ਮੀਟਿੰਗ ਕੀਤੀ ਅਤੇ ਮੀਟਿੰਗ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਇੱਕ ਛੇ ਮੈਂਬਰੀ ਕਮੇਟੀ ਦਾ ਵਫਦ ਡੀਐੱਸਪੀ ਪੱਟੀ ਨੂੰ 16 ਸਤੰਬਰ ਨੂੰ ਮਿਲੇਗਾ ਅਤੇ ਉਨ੍ਹਾਂ ਤੋਂ ਇਹ ਪੁਛੇਗਾ ਕਿ ਇਸ ਕੇਸ ਬਾਰੇ ਇਨਕੁਆਇਰੀ ਕਿਉਂ ਨਹੀਂ ਕੀਤੀ ਗਈ ਅਤੇ ਬਿਨਾਂ ਇਨਕੁਆਰੀ ਦੇ ਇਹ ਮੁਕੱਦਮਾ ਕਿਉਂ ਦਰਜ ਕੀਤਾ ਗਿਆ ਹੈ? ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਨੇ ਹਲਕਾ ਵਿਧਾਇਕ ਅਤੇ ਥਾਣਾ ਸਦਰ ਪੱਟੀ ਪੁਲਸ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਹਥਾੜ ਏਰੀਆ ਪਹਿਲਾਂ ਪਾਣੀ ਦੀ ਮਾਰ ਹੇਠ ਆਣ ਕੇ ਕਾਫੀ ਦੁਖੀ ਹੈ ਉਤੋਂ ਪੁਲਿਸ ਨੇ ਇਹ ਝੂਠਾ ਮੁਕੱਦਮਾ ਦਰਜ ਕਰਕੇ ਉਨ੍ਹਾਂ ਦੇ ਜ਼ਖਮਾਂ 'ਤੇ ਲੂਣ ਪਾਇਆ ਹੈ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਸਿੱਧੇ ਤੌਰ 'ਤੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਇਹ ਪਰਚਾ ਰੱਦ ਨਾ ਕੀਤਾ ਤਾਂ ਕੁਝ ਦਿਨਾਂ ਵਿੱਚ ਹੀ ਇਸਦਾ ਨਤੀਜਾ ਪੰਜਾਬ ਸਰਕਾਰ ਅਤੇ ਥਾਣਾ ਸਦਰ ਪੱਟੀ ਦੀ ਪੁਲਸ ਨੂੰ ਭੁਗਤਣਾ ਪਵੇਗਾ। ਇਸ ਮੌਕੇ ਜ਼ਿਲਾ ਪ੍ਰਧਾਨ ਪ੍ਰਗਟ ਸਿੰਘ ਪਰਿਗੜੀ, ਸੂਬਾ ਜਨਰਲ ਸਕੱਤਰ ਸੁੱਚਾ ਸਿੰਘ ਲੱਧੂ, ਸੂਬਾ ਕਮੇਟੀ ਸੂਬਾ ਮੀਤ ਪ੍ਰਧਾਨ ਸੁਖਵੰਤ ਸਿੰਘ ਦੁਬਲੀ, ਮੈਂਬਰ ਕਾਰਜ ਸਿੰਘ ਘਰਿਆਲਾ, ਸੂਬਾ ਵਿੱਤ ਸਕੱਤਰ ਸਾਹਿਬ ਸਿੰਘ ਸਭਰਾ, ਜ਼ੋਨ ਪ੍ਰਧਾਨ ਗੁਰਬੀਰ ਸਿੰਘ, ਸ਼ਿੰਦਰਪਾਲ ਸਿੰਘ ਰਸੂਲਪੁਰ, ਹਰਜੀਤ ਸਿੰਘ ਜੌਹਲ, ਕਾਬਲ ਸਿੰਘ ਵਰਿਆਂਹ, ਕਾਰਜ ਸਿੰਘ ਘਰਿਆਲਾ, ਬਲੀ ਸਿੰਘ ਤਲਵੰਡੀ, ਆਤਮਾ ਸਿੰਘ, ਬਲਦੇਵ ਸਿੰਘ ਵਲਟੋਹਾ, ਗੁਰਬੀਰ ਸਿੰਘ, ਦਿਲਬਾਗ ਸਿੰਘ ਸਭਰਾਂ, ਸੋਨੂ ਸਭਰਾਂ, ਕਸ਼ਮੀਰ ਸਿੰਘ ਜੋਤੀਸ਼ਾਹ, ਸੁਖਵਿੰਦਰ ਸਿੰਘ ਪਰਿਗੜੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਆਗੂ ਅਤੇ ਜ਼ਿਲਾ ਆਗੂ ਮੌਜੂਦ ਸਨ।



# ਹੜ੍ਹ ਪ੍ਰਭਾਵਿਤ ਇਲਾਕੇ 'ਚ ਨੁਕਸਾਨ ਦਾ ਜਾਇਜ਼ਾ ਲੈਣ ਲਈ ਗਿਰਦਾਵਰੀ ਦਾ ਕੰਮ ਸ਼ੁਰੂ

**ਅਜਨਾਲਾ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ, ਸੁਖਤਿੰਦਰ ਸਿੰਘ)** ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਕਿ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਪ੍ਰਭਾਵਿਤ ਪਰਿਵਾਰਾਂ ਨੂੰ 45 ਦਿਨਾਂ ਦੇ ਅੰਦਰ ਅੰਦਰ ਦੇਣਾ ਹੈ, ਨੂੰ ਧਿਆਨ ਵਿੱਚ ਰੱਖਦੇ ਹੋਏ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਜ਼ਿਲ੍ਹੇ ਵਿੱਚ ਪ੍ਰਭਾਵਿਤ ਪਿੰਡਾਂ ਦੀ ਗਿਰਦਾਵਰੀ ਦਾ ਕੰਮ ਸ਼ੁਰੂ ਕਰਵਾ ਦਿੱਤਾ ਹੈ। ਇਸ ਸਬੰਧੀ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਜਨਾਲਾ ਵਿਖੇ ਮੀਟਿੰਗ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਨੂੰ ਫਸਲਾਂ ਦੇ ਨੁਕਸਾਨ ਦੇ ਮੁਆਵਜ਼ਾ ਦੇਣ ਦੇ ਨਾਲ ਨਾਲ ਪਸ਼ੂ ਪਾਲਣ ਵਿਭਾਗ ਵੱਲੋਂ ਪਸ਼ੂਆਂ ਦੇ ਹੋਏ ਨੁਕਸਾਨ ਦਾ ਰਿਪੋਰਟ ਵੀ ਲਈ ਜਾਵੇ।ਇਸ ਤੋਂ ਇਲਾਵਾ ਘਰਾਂ ਨੂੰ ਹੋਏ ਨੁਕਸਾਨ, ਜ਼ਮੀਨ ਵਿੱਚ ਪਈ ਰੇਤਾ ਦਾ ਅਨੁਮਾਨ ਆਦਿ ਦੀ ਰਿਪੋਰਟ ਵੀ ਤਿਆਰ ਕੀਤੀ ਜਾਵੇ, ਤਾਂ ਜੋ ਹਰੇਕ ਪ੍ਰਭਾਵਿਤ ਪਰਿਵਾਰ ਨੂੰ ਸਮੇਂ ਸਿਰ ਮੁਆਵਜ਼ਾ ਰਾਸ਼ੀ ਦਿੱਤੀ ਜਾ ਸਕੇ।

ਉਨ੍ਹਾਂ ਕਿਹਾ ਕਿ ਇਸ ਲਈ ਜਿਸ ਵੀ ਵਿਭਾਗ ਨੇ ਪਿੰਡ ਵਿੱਚ ਗਿਰਦਾਵਰੀ ਲਈ ਜਾਣਾ ਹੈ, ਉਹ ਪਿੰਡ ਵਿੱਚ ਦੇ ਗੁਰੂ ਘਰ ਵਿੱਚ ਅਨਾਊਂਸਮੈਂਟ ਕਰਵਾਏ, ਮਨਿਆਦੀ ਕਰਾਵੇ, ਪਿੰਡਾਂ ਦੇ ਮੋਹਤਬਰਾਂ ਨੂੰ ਮਿਲੇ ਅਤੇ ਸੰਬੰਧਿਤ ਪਿੰਡ ਦੇ ਪੰਚਾਇਤ ਸਕੱਤਰ ਨੂੰ ਨਾਲ ਲਵੇ ਤਾਂ ਜੋ ਸਾਰੇ ਪਿੰਡ ਨੂੰ ਪਤਾ ਲੱਗ ਸਕੇ ਕਿ ਪਿੰਡ ਵਿੱਚ ਗਿਰਦਾਵਰੀ ਹੋ ਰਹੀ ਹੈ ਅਤੇ ਉਹ ਆਪਣੇ ਹੋਏ ਨੁਕਸਾਨ ਬਾਰੇ ਸਬੰਧਤ ਕਰਮਚਾਰੀ ਨੂੰ ਜਾਣੂੰ ਕਰਵਾ ਸਕਣ।ਉਨ੍ਹਾਂ ਕਿਹਾ ਕਿ ਜਿਨ੍ਹਾਂ ਪਿੰਡਾਂ ਵਿੱਚ ਫਸਲਾਂ ਅਤੇ ਘਰਾਂ ਦੀ 100 ਫੀਸਦੀ ਬਰਬਾਦੀ ਹੋ ਗਈ ਹੈ, ਉਸ ਦੀ ਰਿਪੋਰਟ ਪਹਿਲ ਦੇ ਅਧਾਰ ਤੇ ਦੇ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਲੋਕਾਂ ਨੂੰ ਤੁਰੰਤ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਜਾ ਸਕੇ।

# ਅਰੁਣਾ ਚੌਧਰੀ ਵੱਲੋਂ ਭੇਜੀ ਰਾਹਤ ਸਮੱਗਰੀ ਨੂੰ ਪਿੰਡ ਸਲਾਚ, ਚੱਕਰੀ ਤੇ ਚੌਤਰਾ 'ਚ ਵੰਡਿਆ



**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**

ਵਿਧਾਇਕਾ ਅਰੁਣਾ ਚੌਧਰੀ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਭੇਜੀਆਂ ਗਈਆਂ ਰਾਸ਼ਨ ਕਿੱਟਾਂ ਨੂੰ ਉਨ੍ਹਾਂ ਦੇ ਪਤੀ ਤੇ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨੇ ਪਿੰਡ ਸਲਾਚ, ਚੱਕਰੀ ਅਤੇ ਚੌਤਰਾ 'ਚ ਵੰਡਿਆ।ਇਸ ਮੌਕੇ ਅਸ਼ੋਕ ਚੌਧਰੀ ਨੇ ਕਿਹਾ ਕਿ ਸਾਬਕਾ ਕੈਬਨਿਟ ਮੰਤਰੀ ਅਰੁਣਾ ਚੌਧਰੀ ਹੜ੍ਹ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਹਰ ਸੰਭਵ ਯਤਨ ਕਰ ਰਹੇ ਹਨ ਅਤੇ ਉਨ੍ਹਾਂ ਵੱਲੋਂ ਵੱਖ-ਵੱਖ ਪਿੰਡਾਂ 'ਚ ਵਾਧਾ ਦੌਰਾ ਕਰਕੇ ਹਾਲਾਤਾਂ ਦਾ ਜਾਇਜ਼ਾ ਲੈਣ ਉਪਰੰਤ ਪ੍ਰਭਾਵਿਤ ਪਿੰਡਾਂ ਵਿੱਚ ਲਗਾਤਾਰ ਰਾਸ਼ਨ ਸਮੱਗਰੀ ਭਿਜਵਾਈ ਜਾ ਰਹੀ ਹੈ।ਉਨ੍ਹਾਂ ਪ੍ਰਧਾਨ ਮੰਤਰੀ ਵੱਲੋਂ ਪੰਜਾਬ ਲਈ ਐਲਾਨੇ ਗਏ 1600 ਕਰੋੜ ਦੇ ਰਾਹਤ ਪੈਕੇਜ ਨੂੰ ਬਹੁਤ ਥੋੜਾ ਕਰਾਰ ਦਿੰਦਿਆਂ ਇਸ ਵਿੱਚ ਵੱਡੇ ਪੱਧਰ 'ਤੇ ਵਾਧਾ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਇਸਦੇ ਲਈ ਜ਼ਰੂਰਤ ਅਨੁਸਾਰ ਆਵਾਜ਼ ਬੁਲੰਦ ਕਰਾਂਗੇ।ਅਸ਼ੋਕ ਚੌਧਰੀ ਨੇ ਕਿਹਾ ਕਿ ਹੜ੍ਹ ਦੇ ਪਾਣੀ ਨੇ ਕਿਸੇ ਜਾਤੀ ਜਾਂ ਪਾਰਟੀ ਵਿਸ਼ੇਸ਼ ਦਾ ਨੁਕਸਾਨ ਨਹੀਂ ਕੀਤਾ ਹੈ ਬਲਕਿ ਕੁਦਰਤ ਦੀ ਮਾਰ ਸਾਰਿਆਂ ਨੂੰ ਬਰਾਬਰ ਪਈ ਹੈ।ਉਨ੍ਹਾਂ ਕਿਹਾ ਕਿ ਜੇਕਰ ਨੁਕਸਾਨ ਸਾਰਿਆਂ ਦਾ ਹੋਇਆ ਹੈ ਤਾਂ ਫਿਰ ਰਾਹਤ ਸਮੱਗਰੀ ਵੰਡਣ ਵਿੱਚ ਪਾਰਟੀਬਾਜ਼ੀ ਕਿਉਂ ਹੋ ਰਹੀ ਹੈ।ਉਨ੍ਹਾਂ ਲੋਕਾਂ ਨੂੰ ਸੁਚੇਤ ਕੀਤਾ ਕਿ ਹੜ੍ਹ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਆਗਾਮੀ ਦਿਨਾਂ ਵਿੱਚ ਪਿੰਡਾਂ ਅੰਦਰ ਪਹੁੰਚਣ ਵਾਲੇ ਅਧਿਕਾਰੀ ਜੇਕਰ 'ਆਪ' ਆਗੂਆਂ ਦੇ ਇਸ਼ਾਰੇ 'ਤੇ ਵਿਤਕਰੇਬਾਜ਼ੀ ਕਰਨਗੇ ਤਾਂ ਉਹ ਤੁਰੰਤ ਇਸ ਬਾਰੇ ਵਿਧਾਇਕਾ ਅਰੁਣਾ ਚੌਧਰੀ ਨੂੰ ਜਾਣੂ ਕਰਵਾਉਣ ਤਾਂ ਜੋ ਅਜਿਹੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਐਕਸ਼ਨ ਲਿਆ ਜਾ ਸਕੇ।ਇਸ ਮੌਕੇ ਬਲਾਕ ਸੰਮਤੀ ਦੀਨਾਨਗਰ ਦੇ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਰੰਧਾਵਾ ਦੀਨਾਨਗਰ, ਪੰਕਜ ਕੁਮਾਰ, ਪ੍ਰਸ਼ੋਤਮ ਪੱਪਾ ਚੌਤਰਾ, ਡਾ. ਸਤਨਾਮ ਸਿੰਘ ਵਜ਼ੀਰਪੁਰ ਅਡਵਾਨਾ, ਪਲਵਿੰਦਰ ਸਿੰਘ ਡੱਲੀ, ਹਰਪ੍ਰੀਤ ਸਿੰਘ ਇਸਲਾਮਪੁਰ, ਸਾਬਕਾ ਸਰਪੰਚ ਲਖਵੀਰ ਸਿੰਘ ਚੌਤਰਾ, ਚੰਨਣ ਸਿੰਘ ਸਲਾਚ ਅਤੇ ਜੰਗਾ ਸਿੰਘ ਸਲਾਚ ਤੋਂ ਇਲਾਵਾ ਪਿੰਡਾਂ ਦੇ ਮੋਹਤਬਰ ਹਾਜ਼ਰ ਸਨ।

# ਆਲ ਗੌਰਮਿੰਟ ਇੰਪਲਾਈਜ਼ ਟਰੇਡ ਯੂਨੀਅਨ ਕੌਂਸਲ ਪਠਾਨਕੋਟ ਵੱਲੋਂ 57ਵੀਂ ਸ਼ਹੀਦੀ ਕਾਨਫਰੰਸ 19 ਨੂੰ

**ਪਠਾਨਕੋਟ (ਦਵਿੰਦਰ ਸਿੰਘ)**

ਲੋੜ ਅਧਾਰਿਤ ਘੱਟੋ-ਘੱਟ ਤਨਖਾਹ ਪ੍ਰਾਪਤੀ ਤੇ ਮਹਿੰਗਾਈ ਭੱਤੇ ਨੂੰ ਤਨਖਾਹ ਵਿੱਚ ਸ਼ਾਮਲ ਕਰਾਉਣ, ਵਿਵਾਦਤ ਮਸਲੇ ਹੱਲ ਕਰਨ ਤੇ ਸੇਵਾ ਨਿਯਮਾਂ 'ਚ ਮੁਲਾਜ਼ਮ ਪੱਖੀ ਸੋਧਾਂ ਲਾਗੂ ਕਰਾਉਣ ਹਿੱਤ ਮੁਲਾਜ਼ਮਾਂ ਦੀ 19 ਸਤੰਬਰ 1968 ਨੂੰ ਦੇਸ਼ ਵਿਆਪੀ ਹੜਤਾਲ ਸਮੇਂ ਸਰਕਾਰ ਦੇ ਜਬਰ ਤੇ ਪੁਲਸ ਵੱਲੋਂ ਚਲਾਈ ਗੋਲੀ ਦੌਰਾਨ ਪਠਾਨਕੋਟ ਰੇਲਵੇ ਸਟੇਸ਼ਨ ਵਿਖੇ ਸ਼ਹੀਦ ਹੋਏ ਰੇਲ ਕਾਮਿਆਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਆਲ ਗੌਰਮਿੰਟ ਇੰਪਲਾਈਜ਼ ਟਰੇਡ ਯੂਨੀਅਨ ਕੌਂਸਲ ਪਠਾਨਕੋਟ ਵੱਲੋਂ 57ਵੀਂ ਸ਼ਹੀਦੀ ਕਾਨਫਰੰਸ ਮਿਤੀ 19 ਸਤੰਬਰ ਨੂੰ ਰੇਲਵੇ ਸਟੇਸ਼ਨ ਪਠਾਨਕੋਟ ਧੂਮ-ਧਾਮ ਨਾਲ ਕਰਵਾਈ ਜਾ ਰਹੀ ਹੈ।ਨਾਰਦਰਨ ਰੇਲਵੇ ਮੈਨਜ਼ ਯੂਨੀਅਨ (ਐੱਨਆਰਐੱਮਯੂ) ਦੇ ਦਫਤਰ ਆਲ ਗੌਰਮਿੰਟ ਇੰਪਲਾਈਜ਼ ਟਰੇਡ ਯੂਨੀਅਨ ਕੌਂਸਲ ਪਠਾਨਕੋਟ ਦੇ ਪ੍ਰਧਾਨ ਕਾਮਰੇਡ ਹਰਿੰਦਰ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਕੌਂਸਲ ਜਨਰਲ ਸੈਕਟਰੀ ਕਾਮਰੇਡ ਸ਼ਿਵ ਦੱਤ ਨੇ ਕਿਹਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਦੇ ਬਣਨ ਤੋਂ ਲੈ ਕੇ ਹੁਣ ਤੱਕ ਇਹ ਸਰਕਾਰ ਕਾਰਪੋਰੇਟ ਪੱਖੀ ਨਵਉਦਾਰਵਾਦੀ ਨੀਤੀਆਂ ਹੀ ਜਾਰੀ ਨਹੀਂ ਰੱਖੀ ਰਹੀ ਸਗੋਂ ਇਨ੍ਹਾਂ ਨੂੰ ਹੋਰ ਤੇਜ਼ੀ ਤੇ ਬੇਦਰਦੀ ਨਾਲ ਭਾਰਤੀ ਲੋਕਾਂ ਸਿਰ ਮੜ੍ਹਨ ਜਾ ਰਹੀ ਹੈ ਜਿਸ ਦੀ ਤਾਜ਼ਾ ਮਿਸਾਲ ਰੇਲ, ਟੈਲੀਫੋਨ, ਬਿਜਲੀ ਵਿਭਾਗ, ਆਵਾਜਾਈ ਦੇ ਸਾਰੇ ਸਾਧਨਾਂ ਦਾ ਧੜਾਧੜ ਨਿੱਜੀਕਰਨ ਤੇ ਨਿਗਮੀਕਰਨ ਕੀਤਾ ਜਾ ਰਿਹਾ ਹੈ।ਇਨ੍ਹਾਂ ਸਾਰੀਆਂ ਚੁਣੌਤੀਆਂ ਦਾ ਹੱਲ ਵਿਸ਼ਾਲ ਏਕਾ ਤੇ ਤਿੱਖੇ ਘੋਲ ਵਿੱਚ ਹੀ ਹੈ।ਸ਼ਹੀਦਾਂ ਨੂੰ ਸਮਰਪਿਤ ਸ਼ਹੀਦੀ ਕਾਨਫਰੰਸ ਵਿੱਚ ਰੇਲ ਕਾਮਿਆਂ ਦੇ ਵੱਡੇ ਆਗੂ ਕਾਮਰੇਡ ਸ਼ਿਵ ਗੋਪਾਲ ਮਿਸ਼ਰਾ, ਕਾਮਰੇਡ ਐੱਸ. ਕੇ. ਤਿਵਾੜੀ, ਮਜ਼ਦੂਰਾਂ ਕਿਸਾਨਾਂ ਦੇ ਉੱਘੇ ਆਗੂ ਕਾਮਰੇਡ ਮੰਗਤ ਰਾਮ ਪਾਸਲਾ ਵੀ ਪਹੁੰਚ ਰਹੇ ਹਨ।ਤਿਆਰੀ ਦੇ ਸਬੰਧ ਵਿੱਚ ਆਗੂਆਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 57ਵੀਂ ਸ਼ਹੀਦੀ ਕਾਨਫਰੰਸ ਵਿੱਚ ਹਜ਼ਾਰਾਂ ਲੋਕਾਂ ਦੀ ਸ਼ਮੂਲੀਅਤ ਕਰਾਉਣ ਲਈ ਮੀਟਿੰਗਾਂ ਦਾ ਸਿਲਸਲਾ ਲਗਾਤਾਰ ਜਾਰੀ ਹੈ।ਮੀਟਿੰਗ ਵਿੱਚ ਮਾਸਟਰ ਸੁਭਾਸ਼ ਸ਼ਰਮਾ, ਨਰਿੰਦਰ ਸਿੰਘ, ਲਖਬੀਰ ਸਿੰਘ, ਪਵਿੱਤਰ ਸਿੰਘ, ਸਕੱਤਰ ਸਿੰਘ, ਸੋਹਨ ਸਿੰਘ, ਅਵਤਾਰ ਸਿੰਘ ਨਿਰਮਲਾ ਦੇਵੀ ਅਤੇ ਹੋਰ ਹਾਜ਼ਰ ਸਾਥੀਆਂ ਨੇ ਵਿਚਾਰ ਵਟਾਂਦਰਾ ਕੀਤਾ।

# ਹੜ੍ਹਾਂ 'ਚ ਨੁਕਸਾਨੀਆਂ ਫਸਲਾਂ, ਘਰਾਂ ਤੇ ਪਸ਼ੂਆਂ ਦਾ ਮੁਆਵਜ਼ਾ ਦੇਣ ਲਈ ਮਾਨ ਸਰਕਾਰ ਨੇ ਉਚਿਤ ਕਦਮ ਚੁੱਕੇ : ਧਾਲੀਵਾਲ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**

ਵਿਧਾਨ ਸਭਾ ਹਲਕਾ ਅਜਨਾਲਾ ਸਮੇਤ ਪੰਜਾਬ ਭਰ 'ਚ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਤੇ ਕਸਬਿਆਂ 'ਚ ਕਿਸਾਨਾਂ ਦੀਆਂ ਤਬਾਹ ਹੋਈਆਂ ਫਸਲਾਂ ਦੀਆਂ ਗਿਰਦਾਵਰੀਆਂ ਕਰਵਾ ਕੇ ਅਤੇ ਨੁਕਸਾਨੇ ਗਏ ਹਰ ਵਰਗ ਦੇ ਘਰਾਂ ਤੇ ਪਸ਼ੂਆਂ ਦਾ ਸਰਵੇਖਣ ਕਰਵਾ ਕੇ ਪ੍ਰਭਾਵਿਤ ਕਿਸਾਨਾਂ ਤੇ ਲੋਕਾਂ ਨੂੰ ਇਕ ਮਹੀਨੇ ਦੇ ਅੰਦਰ ਅੰਦਰ 15 ਅਕਤੂਬਰ ਤੱਕ ਉਚਿਤ ਮੁਆਵਜ਼ਾ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਉਚਿਤ ਕਦਮ ਚੁੱਕ ਲਏ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਹਲਕੇ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਪਰੋ ਸਾਹਿਬ, ਸੁਧਾਰ (ਅਜਨਾਲਾ) ਵਿਖੇ ਇਲਾਕੇ ਦੀ ਸੁੱਖ ਸ਼ਾਂਤੀ, ਹੜ੍ਹ ਪੀੜਤਾਂ ਦੀ ਚੜ੍ਹਦੀ ਕਲਾ ,ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਪਹੁੰਚਾਉਣ ਤੇ ਹੋਰ ਯੋਗ ਸਹਾਇਤਾ ਲਈ ਨਿਸ਼ਕਾਮ ਸੇਵਾਵਾਂ ਨਿਭਾਉਣ ਵਾਲੀਆਂ ਤੇ ਨਿਭਾਅ ਰਹੀਆਂ ਧਾਰਮਿਕ ਤੇ ਸਮਾਜਿਕ ਸੇਵਾ ਸੁਸਾਇਟੀਆਂ, ਕਾਰਸੇਵਾ ਵਾਲੇ ਬਾਬਿਆਂ, ਰਾਜਸੀ ਸੰਗਠਨਾਂ ਦੇ ਕਾਰਕੁੰਨਾਂ ਤੇ ਗ੍ਰਾਮ ਪੰਚਾਇਤਾਂ ਦਾ ਸ਼ੁਕਰਾਨਾ ਕਰਨ ਅਤੇ ਸਰਬੱਤ ਦੇ ਭਲੇ ਲਈ ਨਿਮਾਣੇ ਸਿੱਖ ਸ਼ਰਧਾਲੂ ਵਜੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਰਖਵਾਏ ਪਾਠ ਦੇ ਭੋਗ ਉਪਰੰਤ ਅਰਦਾਸ ਜੋਦੜੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਬਾਬਾ ਵਰਿਆਮ ਸਿੰਘ, ਪ੍ਰੋ: ਨਿਰਮਲ ਸਿੰਘ ਚੌਹਾਟਾ, ਭਾਈ ਮਨਜੀਤ ਸਿੰਘ ਭੋਮਾ, ਖੁਸ਼ਪਾਲ ਸਿੰਘ ਧਾਲੀਵਾਲ, ਐਡਵੋਕੇਟ ਅਮਨਦੀਪ ਕੌਰ ਧਾਲੀਵਾਲ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਜਸਪਾਲ ਸਿੰਘ ਢਿੱਲੋਂ, ਚੇਅਰਮੈਨ ਅਮਿਤ ਔਲ, ਕੋਆਰਡੀਨੇਟਰ ਗੁਰਦੀਪ ਕੌਰ, ਕੌਂਸਲਰ ਰਾਜਬੀਰ ਕੌਰ ਚਾਹਲ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ ਸਮੇਤ ਦਰਜਨਾਂ ਸੀਨੀਅਰ ਆਗੂ, ਪੰਚ ਸਰਪੰਚ ਤੇ ਧਾਰਮਿਕ ਸਮਾਜਿਕ ਸੰਗਠਨਾਂ ਦੇ ਆਗੂ ਮੌਜੂਦ ਸਨ।



# ਐੱਸਬੀਆਈ ਲਾਈਫ ਨੇ ਹੜ੍ਹ ਪ੍ਰਭਾਵਿਤ ਪਾਲਿਸੀਧਾਰਕਾਂ ਲਈ ਦਾਅਵਾ ਪ੍ਰਕਿਰਿਆ ਨੂੰ ਸਰਲ ਬਣਾਇਆ

**ਜਲੰਧਰ :** ਐੱਸਬੀਆਈ ਲਾਈਫ ਨੇ ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਪਾਲਿਸੀਧਾਰਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਵਿਸ਼ੇਸ਼ ਰਾਹਤ ਉਪਾਵਾਂ ਦਾ ਐਲਾਨ ਕੀਤਾ ਹੈ।ਇਸ ਮੁਸ਼ਕਲ ਸਮੇਂ ਦੌਰਾਨ ਸਮੇਂ ਸਿਰ ਵਿੱਤੀ ਸਹਾਇਤਾ ਯਕੀਨੀ ਬਣਾਉਣ ਲਈ ਐੱਸਬੀਆਈ ਲਾਈਫ ਨੇ ਦਾਅਵਾ ਪ੍ਰਕਿਰਿਆ ਨੂੰ ਸਰਲ ਬਣਾਇਆ ਹੈ ਅਤੇ ਦਸਤਾਵੇਜ਼ੀ ਜ਼ਰੂਰਤਾਂ ਨੂੰ ਢਿੱਲ ਦਿੱਤੀ ਹੈ।ਅਜਿਹੀ ਦੁੱਖਦ ਦੇ ਸਮੇਂ ਪਰਿਵਾਰਾਂ ਨੂੰ ਦਰਪੇਸ਼ ਭਾਵਨਾਤਮਕ ਪ੍ਰੇਸ਼ਾਨੀ ਨੂੰ ਸਮਝਦੇ ਹੋਏ ਐੱਸਬੀਆਈ ਲਾਈਫ ਦਾਅਵੇਦਾਰਾਂ ਤੋਂ ਮੌਤ ਸਰਟੀਫਿਕੇਟ ਜਮ੍ਹਾਂ ਕਰਨ 'ਤੇ ਜ਼ੋਰ ਨਹੀਂ ਦੇਵੇਗੀ।ਐੱਸਬੀਆਈ ਲਾਈਫ ਅਧਿਕਾਰਤ ਸਰਕਾਰੀ ਰਿਕਾਰਡ, ਮਿਊਂਸੀਪਲ ਰਜਿਸਟਰਾਂ, ਈ-ਗਵਰਨੈਂਸ ਪੋਰਟਲਾਂ ਜਾਂ ਹੋਰ ਅਧਿਕਾਰਤ ਸਰਕਾਰੀ ਡੇਟਾਬੇਸ ਵਿੱਚ ਦਰਜ ਮੌਤ ਦੇ ਸਬੂਤ ਨੂੰ ਵੈਲਿਡ ਸਬੂਤ ਵਜੋਂ ਸਵੀਕਾਰ ਕਰੇਗੀ।ਦਾਅਵਿਆਂ ਨੂੰ ਹੁਣ ਘੱਟੋ-ਘੱਟ ਦਸਤਾਵੇਜ਼ਾਂ ਨਾਲ ਰਜਿਸਟਰ ਕੀਤਾ ਜਾ ਸਕਦਾ ਹੈ, ਜਿਸ ਲਈ ਸਿਰਫ ਇੱਕ ਸਹੀ ਢੰਗ ਨਾਲ ਭਰਿਆ ਹੋਇਆ ਦਾਅਵਾ ਫਾਰਮ, ਪਾਲਿਸੀ ਦਸਤਾਵੇਜ਼ ਅਤੇ ਦਾਅਵੇਦਾਰ ਦੇ ਕੇਵਾਈਸੀ ਦੇ ਨਾਲ-ਨਾਲ ਬੈਂਕ ਖਾਤੇ ਦੇ ਵੇਰਵਿਆਂ ਦੀ ਲੋੜ ਹੁੰਦੀ ਹੈ।

# ਰੰਧਾਵਾ ਨੇ ਧਰਮਕੋਟ ਪੱਤਣ ਵਿਖੇ ਧੁੱਸੀ ਬੰਨ੍ਹ ਦੇ ਪਾੜ ਨੂੰ ਭਰਨ ਦੇ ਕੰਮ ਦਾ ਲਿਆ ਜਾਇਜ਼ਾ

**ਗੁਰਦਾਸਪੁਰ, (ਜਨਕ ਮਹਾਜਨ)**-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਵੱਲੋਂ ਆਪਣੇ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਹ ਵਿਸ਼ੇਸ਼ ਤੌਰ ਤੇ ਪਿੰਡ ਧਰਮਕੋਟ ਪੱਤਣ ਵਿਖੇ ਪਹੁੰਚੇ ਜਿੱਥੋਂ ਹੜ੍ਹ ਕਾਰਨ ਰਾਵੀ ਦਰਿਆ ਦਾ ਧੁੱਸੀ ਬੰਨ੍ਹ ਟੁੱਟਿਆ ਸੀ। ਪੰਜਾਬ ਸਰਕਾਰ ਦੇ ਡਰੇਨੇਜ ਵਿਭਾਗ ਵੱਲੋਂ ਇਸ ਧੁੱਸੀ ਬੰਨ੍ਹ ਨੂੰ ਪੂਰਨ ਰੂਪ ਵਿੱਚ ਜੰਗੀ ਪੱਧਰ ਤੇ ਜਾਰੀ ਹੈ ਜਿਸ ਦਾ ਨਿਰੀਖਣ ਵਿਧਾਇਕ ਸ. ਗੁਰਦੀਪ ਸਿੰਘ ਰਧਾਵਾ ਵੱਲੋਂ ਕੀਤਾ ਗਿਆ। ਇਸ ਮੌਕੇ ਜਿਲਕਾ ਨਿਵਾਸੀਆਂ ਨਾਲ ਗੱਲ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰਧਾਵਾ ਨੇ ਕਿਹਾ ਕਿ ਹੜ੍ਹਾਂ ਕਾਰਨ ਜਿੱਥੋਂ-ਜਿੱਥੋਂ ਵੀ ਧੁੱਸੀ ਬੰਨ੍ਹ ਨੂੰ ਨੁਕਸਾਨ ਪਹੁੰਚਿਆ ਸੀ ਜਾਂ ਜਿਹੜੀਆਂ ਸੜਕਾਂ ਰੁੜ੍ਹ ਗਈਆਂ ਸਨ ਉਨ੍ਹਾਂ ਦੀ ਮੁਰੰਮਤ ਜੰਗੀ ਪੱਧਰ ਤੇ ਕੀਤੀ ਜਾ ਰਹੀ ਹੈ। ਧੁੱਸੀ ਬੰਨ੍ਹ ਦੇ ਪਏ ਪਾੜਾਂ ਨੂੰ ਭਰਨ ਵਿੱਚ ਜਿਹੜੀਆਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਵੱਲੋਂ ਸਹਿਯੋਗ ਕੀਤਾ ਜਾ ਰਿਹਾ ਹੈ ਸ. ਗੁਰਦੀਪ ਸਿੰਘ ਰੰਧਾਵਾ ਨੇ ਉਨ੍ਹਾਂ ਸੰਸਥਾਵਾਂ ਦਾ ਵੀ ਦਿਲੋਂ ਧੰਨਵਾਦ ਕੀਤਾ ਹੈ। ਸ. ਗੁਰਦੀਪ ਸਿੰਘ ਰਧਾਵਾ ਨੇ ਕਿਹਾ ਕਿ ਹੜ੍ਹ ਪੀੜਤਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਦੇਣ ਲਈ ਪੰਜਾਬ ਸਰਕਾਰ ਵਚਨਬੱਧ ਹੈ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਅਗਲੇ 45 ਦਿਨਾਂ ਦੇ ਵਿੱਚ ਸਾਰੇ ਹੜ੍ਹ ਪੀੜਤਾਂ ਨੂੰ ਉਨ੍ਹਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਬੀਤੇ ਕੱਲ੍ਹ ਪੰਜਾਬ ਸਰਕਾਰ ਵੱਲੋਂ ਫਸਲਾਂ ਦੇ ਹੋਏ ਨੁਕਸਾਨ ਦੀ ਗਿਰਦਾਵਰੀ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਨਾਲ ਹੀ ਪਿੰਡਾਂ ਵਿੱਚ ਹੜ੍ਹਾਂ ਦੇ ਕਾਰਨ ਜਿਨਾਂ ਦੇ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਦਾ ਸਰਵੇ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਆਪਣੇ ਲੋਕਾਂ ਦੇ ਨਾਲ ਖੜੀ ਹੈ ਅਤੇ ਹਰ ਹੜ੍ਹ ਪੀੜਤ ਨੂੰ ਉਸਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ।



# ਲੋਕ ਘਰਾਂ/ਦੁਕਾਨਾਂ ਦਾ ਕੂੜਾ ਸਫ਼ਾਈ ਸੇਵਕ ਨੂੰ ਅਲੱਗ-ਅਲੱਗ ਕਰਕੇ ਹੀ ਦੇਣ : ਈ ਓ ਮਹਾਜਨ




**ਫ਼ਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**

ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਕੁਲਵੰਤ ਸਿੰਘ (ਆਈਏਐੱਸ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 14 ਤੋਂ 23 ਸਤੰਬਰ ਤੱਕ ਸ਼ਹਿਰੀ ਸਥਾਨਕ ਸੰਸਥਾਵਾਂ ਅੰਦਰ ਸਫ਼ਾਈ ਮੁਹਿੰਮ ਚਲਾਉਣ ਦੀ ਲੜੀ ਤਹਿਤ ਨਗਰ ਕੌਂਸਲ ਫ਼ਤਿਹਗੜ੍ਹ ਚੂੜੀਆਂ ਦੀ ਹਦੂਦ ਅੰਦਰ ਵੱਖ-ਵੱਖ 'ਗਾਰਬੇਜ ਵਰਨੇਬਲ ਪੁਆਇੰਟਾਂ' ਦੀ ਸਾਫ਼-ਸਫ਼ਾਈ ਕਰਵਾਈ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਰਨ ਮਹਾਜਨ ਕਾਰਜ ਸਾਧਕ ਅਫ਼ਸਰ (ਈ.ਓ.) ਨੇ ਦੱਸਿਆ ਕਿ ਵਿਭਾਗੀ ਹਦਾਇਤਾਂ ਅਨੁਸਾਰ ਸਮੁੱਚੇ ਪੰਜਾਬ ਦੀਆਂ ਨਗਰ ਕੌਂਸਲਾਂ ਸਮੇਤ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਸਾਫ਼ ਸਫ਼ਾਈ ਨੂੰ ਕਾਇਮ ਰੱਖਣ ਲਈ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਵੱਖ-ਵੱਖ ਗਤੀਵਿਧੀਆਂ ਸਮੇਤ ਸ਼ਹਿਰ ਵਿੱਚੋਂ ਕੂੜੇ ਕਰਕਟ ਦੀ ਲਿਫਟਿੰਗ ਅਤੇ ਸਾਫ਼ ਸਫ਼ਾਈ ਵੱਲ ਧਿਆਨ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ 23 ਸਤੰਬਰ ਤੱਕ ਸ਼ਹਿਰ ਦੇ ਮੁੱਖ ਗਾਰਬੇਜ ਵਰਨੇਬਲ ਪੁਆਇੰਟਾਂ ਦੀ ਸਾਫ਼ ਸਫ਼ਾਈ ਯਕੀਨੀ ਬਣਾਈ ਜਾਵੇਗੀ ਅਤੇ ਕਿਸੇ ਕਿਸਮ ਦਾ ਕੂੜਾ ਮੁੱਖ ਚੌਕਾਂ ਅਤੇ ਸੜਕਾਂ 'ਤੇ ਨਹੀਂ ਰਹਿਣ ਦਿੱਤਾ ਜਾਵੇਗਾ।ਈ. ਓ. ਕਿਰਨ ਮਹਾਜਨ ਨੇ ਦੱਸਿਆ ਕਿ ਸ਼ਹਿਰ ਅੰਦਰ ਪਹਿਲਾਂ ਹੀ ਡੋਰ ਟੂ ਡੋਰ ਕੁਲੈਕਸ਼ਨ ਅਤੇ ਸੋਰਸ ਸੈਗਰੀਗੇਸ਼ਨ ਦਾ ਕੰਮ ਜਾਰੀ ਹੈ, ਜਿਸ ਤਹਿਤ ਸਫ਼ਾਈ ਸੇਵਕਾਂ ਵੱਲੋਂ ਘਰ-ਘਰ ਤੋਂ ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਲਿਆ ਜਾਂਦਾ ਹੈ।ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਸ-ਪਾਸ ਗੰਦਗੀ ਨਾ ਫੈਲਾਉਣ ਅਤੇ ਸ਼ਹਿਰ ਦੀਆਂ ਮੇਨ ਥਾਵਾਂ 'ਤੇ ਕੂੜਾ ਨਾ ਸੁੱਟਣ।ਉਨ੍ਹਾਂ ਕਿਹਾ ਕਿ ਲੋਕ ਸ਼ਹਿਰ ਦੀ ਸਫ਼ਾਈ ਵਿੱਚ ਨਗਰ ਕੌਂਸਲ ਦਾ ਸਹਿਯੋਗ ਕਰਨ ਅਤੇ ਆਪਣੇ ਘਰਾਂ/ਦੁਕਾਨਾਂ ਦਾ ਕੂੜਾ ਸਫ਼ਾਈ ਸੇਵਕ ਨੂੰ ਅਲੱਗ-ਅਲੱਗ ਹੀ ਦੇਣ।ਉਨ੍ਹਾਂ ਕਿਹਾ ਕਿ ਸਫ਼ਾਈ ਸਬੰਧੀ ਕਿਸੇ ਤਰ੍ਹਾਂ ਦੀ ਸਮੱਸਿਆ ਲਈ ਨਗਰ ਕੌਂਸਲ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਦਿੱਲੀ ਤੋਂ ਕਟੜਾ ਜਾਣ ਵਾਲੀਆਂ ਰੇਲ ਗੱਡੀਆਂ ਵਾਇਆ ਗੁਰਦਾਸਪੁਰ ਚਲਾਉਣ ਦੀ ਮੰਗ



**ਗੁਰਦਾਸਪੁਰ, (ਜਨਕ ਮਹਾਜਨ)**

ਆਜ਼ਾਦੀ ਦੇ 77 ਸਾਲ ਬੀਤ ਜਾਣ ਬਾਅਦ ਵੀ ਗੁਰਦਾਸਪੁਰ, ਬਟਾਲਾ ਅਤੇ ਧਾਰੀਵਾਲ ਦੇ ਵਾਸੀਆਂ ਨੂੰ ਅੰਮ੍ਰਿਤਸਰ ਤੋਂ ਪਠਾਨਕੋਟ ਵਾਇਆ ਗੁਰਦਾਸਪੁਰ ਸਿਰਫ਼ ਇੱਕਾ-ਦੁੱਕਾ ਗੱਡੀਆਂ ਚਲਣ ਨਾਲ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਦੀ ਰਾਜਧਾਨੀ ਦਿੱਲੀ ਤੋਂ ਇਲਾਵਾ ਵੱਖ-ਵੱਖ ਵੱਡੇ ਸ਼ਹਿਰਾਂ ਤੋਂ ਵਾਇਆ ਜਲੰਧਰ, ਪਠਾਨਕੋਟ, ਜੰਮੂ ਅਤੇ ਕਟੜਾ ਨੂੰ ਰੋਜ਼ਾਨਾ ਵੱਡੀ ਗਿਣਤੀ ਵਿਚ ਰੇਲ ਗੱਡੀਆਂ ਆਉਂਦੀਆਂ-ਜਾਂਦੀਆਂ ਹਨ ਪਰ ਬਾਰਡਰ ਏਰੀਏ ਦੇ ਸ਼ਹਿਰ ਬਟਾਲਾ, ਗੁਰਦਾਸਪੁਰ, ਦੀਨਾਨਗਰ ਆਦਿ ਨੂੰ ਵਾਇਆ ਅੰਮ੍ਰਿਤਸਰ ਤੋਂ ਟਾਵੀਂ-ਟਾਵੀਂ ਰੇਲ ਗੱਡੀ ਹੀ ਪਠਾਨਕੋਟ ਹੋ ਕੇ ਜੰਮੂ ਆਦਿ ਨੂੰ ਜਾਂਦੀ ਹੈ ਜਦਕਿ ਕਟੜਾ ਨੂੰ ਕੋਈ ਵੀ ਰੇਲ ਗੱਡੀ ਗੁਰਦਾਸਪੁਰ ਤੋਂ ਨਹੀਂ ਜਾਂਦੀ ਜਿਸ ਨਾਲ ਇਸ ਇਲਾਕੇ ਦੇ ਮਾਤਾ ਵੈਸ਼ਨੋ ਦੇਵੀ ਦੇ ਸ਼ਰਧਾਲੂ ਕਾਫ਼ੀ ਮਾਯੂਸ ਹਨ। ਇਸ ਇਲਾਕੇ ਦੇ ਵੱਡੀ ਗਿਣਤੀ ਵਿਚ ਮਾਤਾ ਦੇ ਸ਼ਰਧਾਲੂਆਂ ਨੂੰ ਪਹਿਲਾਂ ਰੇਲ ਗੱਡੀ ਜਾਂ ਬੱਸਾਂ ਰਾਹੀਂ ਜੰਮੂ ਜਾਣਾ ਪੈਂਦਾ ਹੈ ਅਤੇ ਬਾਅਦ ਵਿਚ ਜੰਮੂ ਤੋਂ ਕਟੜਾ ਲਈ ਰੇਲ ਗੱਡੀ ਲੈਣੀ ਪੈਂਦੀ ਹੈ ਜਿਸ ਨਾਲ ਸ਼ਰਧਾਲੂਆਂ ਨੂੰ ਬੱਸਾਂ ਵਿਚ ਵਧ ਕਿਰਾਇਆ ਖ਼ਰਚ ਕਰਨਾ ਪੈਂਦਾ ਹੈ ਅਤੇ ਖੱਜਲ ਖ਼ੁਆਰੀ ਵੀ ਵੱਧ ਹੁੰਦੀ ਹੈ। ਜ਼ਿਕਰਯੋਗ ਹੈ ਕਿ ਗੁਰਦਾਸਪੁਰ ਸ਼ਹਿਰ ਨਾਲ ਲੱਗਦੇ ਕਸਬਾ ਤਿਬੜੀ ਵਿਖੇ ਮਿਲਟਰੀ ਛਾਉਣੀ ਹੋਣ ਕਰਕੇ ਇੱਥੇ ਨੌਕਰੀ ਕਰਦੇ ਵੱਡੀ ਗਿਣਤੀ ਵਿੱਚ ਫੌਜੀ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਆਉਂਦੇ-ਜਾਂਦੇ ਹਨ ਜਿਨ੍ਹਾਂ ਨੂੰ ਰੇਲਵੇ ਸਟੇਸ਼ਨ ਗੁਰਦਾਸਪੁਰ ਨਜ਼ਦੀਕ ਪੈਂਦਾ ਹੈ। ਇਲਾਕਾ ਵਾਸੀਆਂ ਦੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਪਾਸੋਂ ਮੰਗ ਹੈ ਕਿ ਜੰਮੂ-ਕਟੜਾ ਨੂੰ ਜਾਣ ਵਾਲੀਆਂ ਰੇਲ ਗੱਡੀਆਂ ਵਿੱਚੋਂ ਕੁਝ ਨੂੰ ਵਾਇਆ ਅੰਮ੍ਰਿਤਸਰ, ਬਟਾਲਾ, ਧਾਰੀਵਾਲ, ਗੁਰਦਾਸਪੁਰ ਰਾਹੀਂ ਜੰਮੂ, ਊਧਮਪੁਰ, ਕਟੜਾ ਰਵਾਨਾ ਕੀਤਾ ਜਾਵੇ।

# ਲੋਕਾਂ ਦੇ ਮੁੜ ਵਸੇਬੇ ਲਈ ਲੋੜਵੰਦ ਪਰਵਾਰਾਂ ਨੂੰ ਮੱਝਾਂ ਤੇ ਗਾਵਾਂ ਲੈ ਕੇ ਦੇਵੇਗਾ ਬੀਬੀ ਕੌਲਾਂ ਭਲਾਈ ਕੇਂਦਰ

**ਅਜਨਾਲਾ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ, ਸੁਖਤਿੰਦਰ ਸਿੰਘ)**

ਧਾਰਮਿਕ ਜਗਤ ਦੀ ਪ੍ਰਸਿੱਧ ਸੰਸਥਾ ਬੀਬੀ ਕੌਲਾਂ ਭਲਾਈ ਕੇਂਦਰ ਜੋ ਕਿ ਭਾਈ ਗੁਰਇਕਬਾਲ ਸਿੰਘ ਦੀ ਅਗਵਾਈ ਹੇਠ ਮਨੁੱਖਤਾ ਦੀ ਸੇਵਾ ਕਰ ਰਹੀ ਹੈ, ਦੇ ਪ੍ਰਤੀਨਿਧੀਆਂ ਨੇ ਅੱਜ ਅਜਨਾਲਾ ਐੱਸਡੀਐੱਮ ਦਫਤਰ ਪਹੁੰਚ ਕੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਕਿਹਾ ਕਿ ਅਜਿਹੇ ਪਰਿਵਾਰ, ਜਿਨ੍ਹਾਂ ਦੀ ਰੋਜ਼ੀ ਰੋਟੀ ਕੇਵਲ ਪਸ਼ੂ ਧਨ ਭਾਵ ਮੱਝਾਂ ਅਤੇ ਗਾਵਾਂ ਤੋਂ ਹੀ ਚਲਦੀ ਸੀ, ਦੇ ਜੇਕਰ ਅਜਿਹੇ ਪਸ਼ੂ ਹੜ੍ਹਾਂ ਕਾਰਨ ਮਾਰੇ ਗਏ ਹਨ ਤਾਂ ਅਸੀਂ ਸੰਸਥਾ ਵੱਲੋਂ ਉਨ੍ਹਾਂ ਨੂੰ ਮੱਝਾਂ ਅਤੇ ਗਾਵਾਂ ਖਰੀਦ ਕੇ ਦੇਵਾਂਗੇ।ਡਿਪਟੀ ਕਮਿਸ਼ਨਰ ਸਾਹਨੀ ਨੇ ਸੰਸਥਾ ਦੇ ਪ੍ਰਤੀਨਿਧੀਆਂ ਦਾ ਇਸ ਫਰਾਖ਼ਦਿਲੀ ਲਈ ਧੰਨਵਾਦ ਕਰਦੇ ਕਿਹਾ ਕਿ ਮਨੁੱਖਤਾ ਦੀ ਸੇਵਾ ਲਈ ਇਹ ਵੱਡੀ ਪਹਿਲ ਕਦਮੀ ਹੋਵੇਗੀ। ਉਹਨਾਂ ਨੇ ਤੁਰੰਤ ਹੀ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਹੁਣ ਤੱਕ ਪ੍ਰਾਪਤ ਹੋਇਆ ਡਾਟਾ, ਜੋ ਇਹ ਦਰਸਾਉਂਦਾ ਹੈ ਕਿ ਇਸ ਵਿਅਕਤੀ ਦੇ ਪਰਿਵਾਰ ਦੀ ਰੋਜ਼ੀ ਰੋਟੀ ਪਸ਼ੂ ਧਨ ਤੋਂ ਹੀ ਚਲਦੀ ਸੀ, ਦਾ ਜੇਕਰ 100 ਫੀਸਦੀ ਨੁਕਸਾਨ ਹੋ ਗਿਆ ਹੈ ਤਾਂ ਉਹ ਡਾਟਾ ਸੰਸਥਾ ਨੂੰ ਦਿਓ ਤਾਂ ਜੋ ਇਹ ਆਪਣੇ ਤੌਰ ਉਤੇ ਵੀ ਵੈਰੀਫਾਈ ਕਰਕੇ ਪਰਿਵਾਰ ਦੀ ਮਦਦ ਕਰ ਸਕਣ।ਇਸ ਮੌਕੇ ਸੰਸਥਾ ਦੇ ਪ੍ਰਤੀਨਿਧੀਆਂ ਨੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਪੀੜਤਾਂ ਲਈ ਦਿਨ ਰਾਤ ਕੀਤੀ ਜਾ ਰਹੀ ਮਿਹਨਤ ਦੀ ਵੀ ਸਰਾਹਨਾ ਕਰਦਿਆਂ ਸੰਸਥਾ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ।ਇਸ ਮੌਕੇ ਭਲਾਈ ਕੇਂਦਰ ਵੱਲੋਂ ਭਾਈ ਮਨਦੀਪ ਸਿੰਘ, ਭਾਈ ਸਰਵਣ ਸਿੰਘ, ਭਾਈ ਜਤਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ ਢੱਲ, ਭਾਈ ਸਤਨਾਮ ਸਿੰਘ ਅਤੇ ਸ: ਚਮਕੌਰ ਸਿੰਘ ਹਾਜ਼ਰ ਸਨ।



# ਇਲਾਕੇ ਦੀ ਸਹੂਲਤ ਲਈ ਬਣਿਆ ਸੇਵਾ ਕੇਂਦਰ ਮਹਿਜ਼ ਚਿੱਟਾ ਹਾਥੀ ਸਾਬਤ ਹੋ ਰਿਹੈ !



**ਵੇਰਕਾ (ਰਾਣਾ)**

ਬਲਾਕ ਵਿਕਾਸ ਪੰਚਾਇਤ ਅਫ਼ਸਰ ਫਤਿਹਗੜ੍ਹ ਚੂੜੀਆ ਅਧੀਨ ਪੈਂਦੇ ਪਿੰਡ ਤਲਵੰਡੀ ਭਾਰਥਵਾਲ 'ਚ ਇਲਾਕੇ ਦੇ ਲੋਕਾਂ ਦੀ ਸਹੂਲਤ ਲਈ ਲੱਖਾਂ ਰੁਪਏ ਦੀ ਲਾਗਤ ਨਾਲ ਬਣਿਆ ਸੇਵਾ ਕੇਂਦਰ ਲੰਘੇ ਕਈ ਸਾਲਾਂ ਤੋਂ ਬੰਦ ਪਿਆ ਹੋਣ ਕਰਕੇ ਮਹਿਜ਼ ਚਿੱਟਾ ਹਾਥੀ ਸਾਬਤ ਹੋ ਰਿਹਾ ਹੈ।ਇਸ ਬਾਬਤ ਗ੍ਰਾਮ ਪੰਚਾਇਤ ਤਲਵੰਡੀ ਭਾਰਥਵਾਲ ਦੇ ਮੌਜੂਦਾ ਸਰਪੰਚ ਮਹਿੰਗਾ ਸਿੰਘ ਅਤੇ ਪੰਚਾਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਨਯੋਗ ਜ਼ਿਲਾ ਮੈਜਿਸਟ੍ਰੇਟ ਸਾਹਿਬ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਉਪਰੋਕਤ ਸੇਵਾ ਕੇਂਦਰ ਤੁਰੰਤ ਚਾਲੂ ਕਰਵਾਇਆ ਜਾਵੇ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਸੇਵਾ ਸੈਂਟਰ ਤੋਂ ਵੱਖ-ਵੱਖ ਹਾਸਿਲ ਹੋਣ ਵਾਲੀਆਂ ਸਹੂਲਤਾਂ ਦਾ ਲਾਭ ਬਗੈਰ ਕਿਸੇ ਖੱਜਲ-ਖੁਅਰੀ ਦੇ ਮਿਲ ਸਕੇ।ਇਸ ਦੌਰਾਨ ਸਰਪੰਚ ਮਹਿੰਗਾ ਸਿੰਘ ਨੇ ਦੱਸਿਆ ਹੈ ਕਿ ਦਰਜਨਾਂ ਪਿੰਡਾਂ ਦੀ ਸਹੂਲਤ ਵਾਸਤੇ ਸਰਕਾਰ ਵੱਲੋਂ ਲੱਖਾਂ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਸੇਵਾ ਕੇਂਦਰ ਬੰਦ ਹੋ ਜਾਣ ਨਾਲ ਲੋਕਾਂ ਨੂੰ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਆਪਣੇ ਕੰਮਾਂ ਬਾਬਤ ਲਗਭਗ 12 ਕਿਲੋਮੀਟਰ ਦੂਰ ਜਾਣਾ ਪੈ ਰਿਹਾ ਹੈ ਜਿਸ ਕਾਰਨ ਇਲਾਕੇ ਦੇ ਲੋਕ ਡਾਢੇ ਤੰਗ-ਪ੍ਰੇਸ਼ਾਨ ਹਨ। ਉਨ੍ਹਾਂ ਨੇ ਉਕਤ ਸੇਵਾ ਕੇਂਦਰ ਨੂੰ ਤੁਰੰਤ ਚਾਲੂ ਕਰਨ ਲਈ ਸਾਸ਼ਨ-ਪ੍ਰਸ਼ਾਸਨ ਪਾਸੋਂ ਜ਼ੋਰਦਾਰ ਮੰਗ ਕੀਤੀ ਹੈ।

# ਹੜ੍ਹ ਪ੍ਰਭਾਵਿਤ ਇਲਾਕੇ 'ਚ 60 ਹਜ਼ਾਰ ਦੇ ਕਰੀਬ ਆਬਾਦੀ ਦਾ ਸਿਹਤ ਸਰਵੇ ਹੋਇਆ ਮੁਕੰਮਲ

**ਅਜਨਾਲਾ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ, ਸੁਖਤਿੰਦਰ ਸਿੰਘ)**-ਹੜ੍ਹਾਂ ਨਾਲ ਪ੍ਰਭਾਵਿਤ ਇਲਾਕੇ ਵਿੱਚ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਦੇ ਨਾਲ ਨਾਲ ਕਰਵਾਏ ਜਾ ਰਹੇ ਸਿਹਤ ਸਰਵੇ, ਜਿਸ ਤੋਂ ਕਿਸੇ ਸੰਭਾਵੀ ਖ਼ਤਰੇ ਦਾ ਪਤਾ ਲੱਗ ਸਕੇ, ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਹੁਣ ਤੱਕ ਪ੍ਰਭਾਵਿਤ ਆਬਾਦੀ ਵਿੱਚੋਂ 60 ਹਜ਼ਾਰ ਦੇ ਕਰੀਬ ਲੋਕਾਂ ਦਾ ਸਿਹਤ ਸਰਵੇ ਕੀਤਾ ਜਾ ਚੁੱਕਾ ਹੈ। ਉਹਨਾਂ ਦੱਸਿਆ ਕਿ ਕਰੀਬ ਇਕ ਲੱਖ 35 ਹਜ਼ਾਰ ਦੇ ਕਰੀਬ ਆਬਾਦੀ ਹੜ੍ਹਾਂ ਨਾਲ ਪ੍ਰਭਾਵਿਤ ਹੋਈ ਹੈ, ਜਿਸ ਵਿੱਚੋਂ ਕੀਤਾ ਗਿਆ ਇਹ ਸਰਵੇ ਅਨੁਸਾਰ ਸਿਹਤ ਸਬੰਧੀ ਕੋਈ ਵੱਡੀ ਸਮੱਸਿਆ ਫਿਲਹਾਲ ਨਹੀਂ ਹੈ।ਉਨ੍ਹਾਂ ਨੇ ਦੱਸਿਆ ਕਿ ਸਾਡੀਆਂ ਟੀਮਾਂ ਲਗਾਤਾਰ ਪਿੰਡਾਂ, ਡੇਰਿਆਂ ਅਤੇ ਉਨ੍ਹਾਂ ਸਾਰੀਆਂ ਥਾਵਾਂ ਉੱਤੇ ਪਹੁੰਚ ਕੇ ਲੋਕਾਂ ਦੀ ਸਿਹਤ ਸਬੰਧੀ ਜਾਂਚ ਕਰ ਰਹੀਆਂ ਹਨ, ਜਿੱਥੇ ਵੀ ਲੋਕ ਬੈਠੇ ਹਨ।ਇਸ ਬਾਰੇ ਵਧੇਰੇ ਜਾਣਕਾਰੀ ਦਿੰਦੇ ਸਿਵਲ ਸਰਜਨ ਸਵਰਨਜੀਤ ਧਵਨ ਨੇ ਦੱਸਿਆ ਕਿ ਇਸ ਕੰਮ ਵਿੱਚ ਅਸੀਂ ਡਾਕਟਰਾਂ, ਪੈਰਾਮੈਡੀਕਲ ਸਟਾਫ ਅਤੇ ਆਂਗਨਵਾੜੀ ਵਰਕਰਾਂ ਦੀ ਸਹਾਇਤਾ ਲੈ ਰਹੇ ਹਾਂ।ਇਸ ਤੋਂ ਇਲਾਵਾ ਸਰਕਾਰੀ ਮੈਡੀਕਲ ਹਸਪਤਾਲ ਅੰਮ੍ਰਿਤਸਰ ਤੋਂ ਵੀ ਵਿਸ਼ੇਸ਼ ਤੌਰ ਤੇ ਟੀਮਾਂ ਆਈਆਂ ਹਨ।ਉਨ੍ਹਾਂ ਦੱਸਿਆ ਕਿ ਹੜ੍ਹ ਰਾਹਤ ਕੇਂਦਰਾਂ ਉੱਤੇ ਨਿਰੰਤਰ ਮੈਡੀਕਲ ਕੈਂਪ ਚੱਲ ਰਹੇ ਹਨ। ਇਸ ਤੋਂ ਇਲਾਵਾ ਸਾਡੇ ਡਾਕਟਰ ਅਤੇ ਸਿਹਤ ਕਾਮੇ ਘਰ-ਘਰ ਜਾ ਕੇ ਲੋਕਾਂ ਦੀ ਸਿਹਤ ਸਬੰਧੀ ਸਰਵੇ ਕਰ ਰਹੇ ਹਨ, ਜਿਸ ਵਿੱਚੋਂ ਇਹ ਸਪਸ਼ਟ ਹੈ ਕਿ ਫਿਲਹਾਲ ਸਿਹਤ ਸਬੰਧੀ ਕੋਈ ਵੀ ਸਮੱਸਿਆ ਇਲਾਕੇ ਵਿੱਚ ਨਹੀਂ ਹੈ।ਉਨ੍ਹਾਂ ਦੱਸਿਆ ਕਿ ਕੇਵਲ ਇੱਕਾ ਦੁੱਕਾ ਲੋਕਾਂ ਨੂੰ ਬੁਖਾਰ, ਦਸਤ ਜਾਂ ਹੋਰ ਸੀਜ਼ਨਲ ਵਾਇਰਲ ਦੀ ਸਮੱਸਿਆ ਆਈ ਹੈ।ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਨੁੱਖੀ ਸਿਹਤ ਸਬੰਧੀ ਕੋਈ ਵੱਡੀ ਚੁਣੌਤੀ ਨਹੀਂ ਆਵੇਗੀ।ਉਨ੍ਹਾਂ ਇਸ ਲਈ ਦਿਨ ਰਾਤ ਕੰਮ ਕਰ ਰਹੀਆਂ ਟੀਮਾਂ ਅਤੇ ਵਲੰਟੀਅਰਾਂ ਦਾ ਧੰਨਵਾਦ ਵੀ ਕੀਤਾ।

# ਸੀ ਕੇ ਡੀ ਆਈ ਐੱਮ ਟੀ ਤਰਨ ਤਾਰਨ 'ਚ ਨਵੇਂ ਸੈਸ਼ਨ ਦੀ ਸ਼ੁਰੂਆਤ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਸੀ. ਕੇ. ਡੀ. ਆਈ. ਐੱਮ. ਟੀ. ਤਰਨ ਤਾਰਨ ਵਿੱਚ ਨਵੇਂ ਸੈਸ਼ਨ ਦੀ ਸ਼ੁਰੂਆਤ ਧਾਰਮਿਕ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸਰੇ ਨਾਲ ਕੀਤੀ ਗਈ।ਇਸ ਸੰਦਰਭ ਵਿੱਚ ਸਵੇਰੇ ਸੁਖਮਨੀ ਸਾਹਿਬ ਦੇ ਪਾਠ ਦਾ ਆਰੰਭ ਹੋਇਆ।ਪਾਠ ਸਮਾਪਤੀ ਉਪਰੰਤ ਹਾਜ਼ਰੀਨ ਨੂੰ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਸੁਣਾਇਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਧਾਰਮਿਕ ਸਮਾਗਮ ਵਿੱਚ ਮੈਂਬਰ ਇੰਚਾਰਜ ਡਾ. ਸਰਬਜੀਤ ਸਿੰਘ ਛੀਨਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਦੇ ਆਸਰੇ ਨਾਲ ਸ਼ੁਰੂ ਕੀਤਾ ਗਿਆ ਹਰ ਕੰਮ ਸਫਲਤਾ ਵੱਲ ਲੈ ਜਾਂਦਾ ਹੈ।ਉਨ੍ਹਾਂ ਨੇ ਨਵੇਂ ਸੈਸ਼ਨ ਦੀਆਂ ਮੁਬਾਰਕਾਂ ਦਿੰਦਿਆਂ ਵਿਦਿਆਰਥੀਆਂ ਨੂੰ ਮਿਹਨਤ, ਅਨੁਸ਼ਾਸਨ ਅਤੇ ਸਮਰਪਣ ਨਾਲ ਪੜ੍ਹਾਈ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਾਲਜ ਪ੍ਰਿੰ. ਜਸਬੀਰ ਸਿੰਘ, ਸਕੂਲ ਪ੍ਰਿੰ. ਸਤਵੰਤ ਬੈਂਸ, ਕਾਲਜ ਅਤੇ ਸਕੂਲ ਦੇ ਸਟਾਫ ਮੈਂਬਰਾਂ ਨਾਲੋਂ ਇਲਾਵਾ ਵਿਦਿਆਰਥੀ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਰਹੇ।ਸਮਾਗਮ ਦੇ ਅੰਤ ਵਿੱਚ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਮਿਲਜੁਲ ਕੇ ਲੰਗਰ ਦੀ ਸੇਵਾ ਕੀਤੀ ਗਈ।ਇਸ ਮੌਕੇ ਆਏ ਸਾਰੇ ਹਾਜ਼ਰੀਨ ਨੇ ਵਿਸ਼ਵਾਸ ਜਤਾਇਆ ਕਿ ਇਸ ਤਰ੍ਹਾਂ ਦੇ ਸਮਾਗਮ ਵਿਦਿਆਰਥੀਆਂ ਨੂੰ ਸਿੱਖੀ ਸਿਧਾਂਤਾਂ ਅਤੇ ਆਤਮਿਕ ਮੁੱਲਾਂ ਨਾਲ ਜੋੜਦੇ ਹਨ।



# ਛੋਟੇ ਕਿਸਾਨਾਂ ਦੇ ਖੇਤਾਂ 'ਚੋਂ ਰੇਤਾ ਚੁੱਕਣ ਦਾ ਕੰਮ ਜ਼ਿਲ੍ਹਾ ਪ੍ਰਸ਼ਾਸਨ ਆਪ ਕਰੇਗਾ : ਡੀ ਸੀ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਜੋ ਕਿ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਰਾਹਤ ਕਾਰਜ ਵੇਖ ਰਹੇ ਹਨ, ਨੇ ਫੈਸਲਾ ਲਿਆ ਹੈ ਕਿ ਜਿਲ੍ਹਾ ਪ੍ਰਸ਼ਾਸਨ ਢਾਈ ਏਕੜ ਤੋਂ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਦਰਿਆ ਵੱਲੋਂ ਸੁੱਟੀ ਗਈ ਰੇਤਾ ਨੂੰ ਹਟਾਉਣ ਦਾ ਕੰਮ ਆਪ ਕਰੇਗਾ। ਉਨ੍ਹਾਂ ਕਿਹਾ ਕਿ ਅਜਿਹੇ ਕਿਸਾਨਾਂ ਕੋਲ ਅਕਸਰ ਮਸ਼ੀਨਰੀ ਦੀ ਘਾਟ ਹੁੰਦੀ ਹੈ, ਜਿਸ ਕਾਰਨ ਉਹਨਾਂ ਨੂੰ ਇਹ ਰੇਤਾ ਹਟਾਉਣ ਲਈ ਸਮੱਸਿਆ ਆਵੇਗੀ, ਸੋ ਅਸੀਂ ਇਸ ਲਈ ਖੇਤੀਬਾੜੀ, ਲੋਕ ਨਿਰਮਾਣ ਵਿਭਾਗ ਅਤੇ ਮਾਈਨਿੰਗ ਵਿਭਾਗ ਦੇ ਨਾਲ ਮਿਲ ਕੇ ਇਹ ਕੰਮ ਆਪ ਕਰਾਂਗੇ।ਉਨ੍ਹਾਂ ਨੇ ਇਸ ਲਈ ਅਧਿਕਾਰੀਆਂ ਨੂੰ ਤੁਰੰਤ ਨਵੀਂ ਜੇਸੀਬੀ ਅਤੇ ਮਡ ਲੋਡਰ ਮਸ਼ੀਨਾਂ ਖਰੀਦਣ ਦੀ ਹਦਾਇਤ ਕੀਤੀ।ਉਨ੍ਹਾਂ ਨੇ ਦੱਸਿਆ ਕਿ ਅਜਿਹੇ ਕਿਸਾਨਾਂ ਦੇ ਖੇਤਾਂ ਵਿੱਚੋਂ ਭਾਵੇਂ ਜਿਲਾ ਪ੍ਰਸ਼ਾਸਨ ਰੇਤ ਚੁੱਕਣ ਦਾ ਕੰਮ ਕਰੇਗਾ ਪਰ ਜੇਕਰ ਇਹ ਰੇਤ ਤਿੰਨ ਇੰਚ ਤੋਂ ਵੱਧ ਹੋਈ ਤਾਂ ਉਨ੍ਹਾਂ ਨੂੰ ਸਰਕਾਰ ਵੱਲੋਂ ਰੇਤਾ ਚੁੱਕਣ ਲਈ ਦਿੱਤਾ ਜਾਣ ਵਾਲਾ ਮੁਆਵਜ਼ਾ ਵੀ ਮਿਲੇਗਾ। ਉਹਨਾਂ ਨੇ ਦੱਸਿਆ ਕਿ ਤਿੰਨ ਇੰਚ ਤੋਂ ਵੱਧ ਰੇਤਾ ਹੋਣ ਤੇ 18 ਹਜ਼ਾਰ ਰੁਪਏ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਮੁਆਵਜ਼ਾ ਰੇਤਾ ਹਟਾਉਣ ਲਈ ਮਿਲੇਗਾ ਅਤੇ ਇਹ ਪੈਸਾ ਉਕਤ ਕਿਸਾਨਾਂ ਦੇ ਖਾਤਿਆਂ ਵਿੱਚ ਹੀ ਜਾਏਗਾ।ਉਨ੍ਹਾਂ ਨੇ ਉਕਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਸ ਕੰਮ ਲਈ ਜੰਗੀ ਪੱਧਰ ਉਤੇ ਕੰਮ ਕਰਨ ਦੀ ਹਦਾਇਤ ਕੀਤੀ ਤਾਂ ਜੋ ਕਿਸਾਨ ਹਾੜ੍ਹੀ ਦੀ ਫ਼ਸਲਾਂ ਦੀ ਬਿਜਾਈ ਸਮੇਂ ਸਿਰ ਕਰ ਸਕਣ।ਇਸ ਮੌਕੇ ਉਹਨਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ, ਸਹਾਇਕ ਕਮਿਸ਼ਨਰ ਪਿਯੂਸ਼ਾ, ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ, ਐੱਸਡੀਐੱਮ ਰਵਿੰਦਰ ਸਿੰਘ, ਸਹਾਇਕ ਕਮਿਸ਼ਨਰ ਖੁਸ਼ਦੀਪ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਪੀੜਤ ਅਧਿਆਪਕਾਂ ਵੱਲੋਂ ਬਤੌਰ ਹੈੱਡਟੀਚਰ ਪੱਦਉਨਤੀ ਦੀ ਮੰਗ

**ਵੇਰਕਾ (ਰਾਣਾ)**- ਦਫ਼ਤਰ ਜ਼ਿਲਾ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ ਵੱਲੋਂ ਸਾਲ ਦਸੰਬਰ 2021 ਨੂੰ ਕੀਤੀਆਂ ਗਈਆਂ ਹੈੱਡਟੀਚਰ ਦੀਆਂ ਪੱਦਉਨਤੀਆਂ ਦੌਰਾਨ 59 ਡੀਬਾਰ ਰਹਿਣ ਵਾਲਿਆ ਦੀ ਥਾਂ ਯੋਗ ਤੇ ਸੀਨੀਅਰਤਾ-ਕਮ-ਮੈਰਿਟ ਅਨੁਸਾਰ ਈਟੀਟੀ ਟੀਚਰ ਤੋਂ ਬਤੌਰ ਹੈੱਡਟੀਚਰ ਦੀ ਤਰੱਕੀ ਲੈਣ ਵਾਲੇ ਪੀੜਤ ਅਧਿਆਪਕਾਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਡਾਇਰੈਕਟਰ ਆਫ ਐਜੂਕੇਸ਼ਨ ਸਕੂਲ ਐੱਸਏਐੱਸ ਨਗਰ, ਮਾਨਯੋਗ ਜ਼ਿਲਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਮਾਨਯੋਗ ਜ਼ਿਲਾ ਸਮਾਜਿਕ ਨਿਆਂ, ਅਧਿਕਾਰਤਾ ਅਫ਼ਸਰ ਅੰਮ੍ਰਿਤਸਰ ਪਾਸੋਂ ਇੰਨਸਾਫ ਲੈਣ ਲਈ ਗੁਹਾਰ ਲਗਾਈ ਹੈ।ਇਸ ਸੰਬੰਧ ਵਿੱਚ ਉਪਰੋਕਤ ਤਰੱਕੀ ਲੈਣ ਤੋਂ ਵਾਂਝੇ ਰਹਿਣ ਵਾਲੇ ਕ੍ਰਮਵਾਰ ਪੀੜਤ ਅਧਿਆਪਕ ਅਮਰਿੰਦਰ ਸਿੰਘ ਛੀਨਾ, ਮਨਜੀਤ ਸਿੰਘ ਮੰਨਾ, ਮਨਪ੍ਰੀਤ ਕੌਰ, ਬਲਜਿੰਦਰ ਕੌਰ, ਮੋਨਿਕਾ ਗੁਪਤਾ ਆਦਿ ਨੇ ਮਾਨਯੋਗ ਜ਼ਿਲਾ ਸਮਾਜਿਕ ਨਿਆਂ, ਅਧਿਕਾਰਤ ਅਫਸਰ ਅੰਮ੍ਰਿਤਸਰ ਪਲਵ ਸ੍ਰੇਸ਼ਠਾ ਨੂੰ ਲਿਖਤੀ ਪ੍ਰਤੀਬੇਨਤੀ ਕਰਦੇ ਹੋਏ ਇਨਸਾਫ ਲੈਣ ਲਈ ਮੰਗ ਕੀਤੀ ਹੈ ਕਿ ਉਨ੍ਹਾਂ ਸਮੇਤ ਹੋਰ ਅਧਿਆਪਕਾਂ ਨੂੰ ਸਰਕਾਰ ਵੱਲੋਂ ਉਕਤ ਮਿਲਣ ਵਾਲਾ ਤਰੱਕੀ ਦਾ ਲਾਭ ਸਾਲ ਦਸੰਬਰ 2021ਤੋਂ ਦਿਵਾਇਆ ਜਾਵੇ।ਤਰੱਕੀ ਤੋਂ ਵਿਰਵੇ ਪੀੜਤ ਅਧਿਆਪਕਾਂ ਨੇ ਤੁਰੰਤ ਇਨਸਾਫ ਦਿਵਾਉਣ ਦੀ ਮੰਗ ਕੀਤੀ ਹੈ।

# ਖ਼ਾਲਸਾ ਕਾਲਜ ਆਫ ਵੈਟਰਨਰੀ ਵੱਲੋਂ ਹੜ੍ਹ ਪੀੜਤ ਪਸ਼ੂ ਪਾਲਕਾਂ ਨੂੰ ਦਵਾਈਆਂ ਤਕਸੀਮ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਬੀਤੇ ਕੁਝ ਦਿਨਾਂ ਤੋਂ ਹੜ੍ਹ ਆਫ਼ਤ ਦਾ ਸਾਹਮਣਾ ਕਰ ਰਹੇ ਰਮਦਾਸ, ਅਜਨਾਲਾ, ਗੱਗੋਮਾਹਲ, ਮਾਛੀਵਾਹਲਾ, ਗੋਨੋਵਾਲ ਆਦਿ ਦਿਹਾਤੀ ਖੇਤਰਾਂ ਦੇ ਪਸ਼ੂ ਪਾਲਕਾਂ ਨੂੰ ਪਸ਼ੂ ਰੋਗਾਂ ਤੋਂ ਬਚਾਉਣ ਦੇ ਮਕਸਦ ਤਹਿਤ ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਿਸ ਦੀ ਵੈਟਰਨਰੀ ਟੀਮ ਵੱਲੋਂ ਸਬੰਧਿਤ ਫ਼ਾਰਮ ਅਤੇ ਘਰ-ਘਰ ਜਾ ਕੇ ਦਵਾਈਆਂ ਤਕਸੀਮ ਕੀਤੀਆਂ ਗਈਆਂ।ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸੱਤਿਅਜੀਤ ਸਿੰਘ ਮਜੀਠੀਆ ਅਤੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਦੇ ਉਪਦੇਸ਼ਾਂ 'ਤੇ ਕੌਂਸਲ ਦੇ ਜੁਆਇੰਟ ਸਕੱਤਰ ਸ: ਗੁਰਪ੍ਰੀਤ ਸਿੰਘ ਗਿੱਲ ਵੱਲੋਂ ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਉਕਤ ਦਵਾਈਆਂ ਵੰਡਣ ਦੇ ਨਾਲ-ਨਾਲ ਸੁਝਾਅ ਵੀ ਦਿੱਤੇ ਗਏ। ਇਸ ਮੌਕੇ ਸ: ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਜੂਦਾ ਹਾਲਾਤ 'ਚ ਸੂਬੇ ਦੇ ਕੁਝ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਚੁੱਕੇ ਹਨ, ਜਿਸ ਨਾਲ ਫਸਲਾਂ, ਘਰਾਂ ਦਾ ਕਾਫ਼ੀ ਭਾਰੀ ਨੁਕਸਾਨ ਤਾਂ ਹੋਇਆ ਹੀ ਹੈ, ਇਸ ਦੇ ਨਾਲ ਹੀ ਕਈ ਪਸ਼ੂਆਂ, ਜਾਨਵਰਾਂ ਨੂੰ ਉਕਤ ਹੜ੍ਹ ਦੀ ਮਾਰ ਕਾਰਨ ਆਪਣੀ ਜਾਨ ਵੀ ਗਵਾਉਣੀ ਪਈ ਹੈ ਅਤੇ ਕੁਝ ਹੁਣ ਬਿਮਾਰ ਹੋ ਰਹੇ ਹਨ, ਜਿਸ ਨਾਲ ਆਉਣ ਵਾਲੇ ਸਮੇਂ 'ਚ ਮਹਾਂਮਾਰੀ ਵਰਗੇ ਹਾਲਾਤ ਪੈਦਾ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ।ਸ: ਮਜੀਠੀਆ ਅਤੇ ਸ: ਛੀਨਾ ਦੁਆਰਾ ਜਾਰੀ ਹੁਕਮਾਂ ਤਹਿਤ ਪਸ਼ੂਆਂ ਨਾਲ ਸਬੰਧਿਤ ਬੁਖਾਰ, ਸੋਜ, ਐਲਰਜੀ ਪੇਟ, ਭੁੱਖ, ਤਾਕਤ, ਲੀਵਰ ਜ਼ਖ਼ਮ, ਆਇਓਡੀਨ ਆਦਿ ਬਿਮਾਰੀਆਂ ਸਬੰਧੀ ਇੰਜੈਕਸ਼ਨ, ਮੱਲ੍ਹਮ ਪੱਟੀ ਤੇ ਹੋਰ ਦਵਾਈਆਂ ਪ੍ਰਿੰ: ਡਾ. ਵਰਮਾ ਅਤੇ ਉਕਤ ਟੀਮ ਇੰਚਾਰਜ ਡਾ. ਸੁਖਦੇਵ ਸਿੰਘ ਢਿੱਲੋਂ ਦੀ ਨਿਗਰਾਨੀ ਹੇਠ ਮਾਛੀਵਾਹਲਾ ਵਿਖੇ ਸ: ਅਮਨਪ੍ਰੀਤ ਸਿੰਘ, ਬਾਗਵਾਨਪੁਰਾ ਵਿਖੇ ਗੁਰਲਾਲ ਸਿੰਘ ਲਾਲੀ ਤੋਂ ਇਲਾਵਾ ਗੋਨੋਵਾਲ ਤੇ ਰਮਦਾਸ ਦੇ ਨਾਲ ਲੱਗਦੇ ਹੋਰਨਾਂ ਪਿੰਡਾਂ ਦੇ ਫ਼ਾਰਮ ਹਾਊਸ ਅਤੇ ਪਸ਼ੂ ਪਾਲਕਾਂ ਦੇ ਘਰ-ਘਰ ਜਾ ਕੇ ਵੰਡੀਆਂ ਗਈਆਂ ਹਨ।



# ਸਰਬੱਤ ਦਾ ਭਲਾ ਟਰੱਸਟ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਵੰਡਿਆ ਚਾਰਾ

**ਪੱਟੀ, (ਬਲਦੇਵ ਸਿੰਘ ਸੰਧੂ)**-ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਨਿਰੰਤਰ ਸੇਵਾ ਕਾਰਜ ਨਿਭਾ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਦੁਬਈ ਦੇ ਉੱਘੇ ਕਾਰੋਬਾਰੀ ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਆਪਣੇ ਸੇਵਾ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਦਿਆਂ ਹੋਇਆਂ ਪੱਟੀ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਹੜ੍ਹ ਪੀੜਤ ਪਸ਼ੂ ਪਾਲਕਾਂ ਨੂੰ 55 ਟਨ ਸੁੱਕਾ ਚਾਰਾ ਵੰਡਿਆ ਗਿਆ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਓਬਰਾਏ ਨੇ ਦੱਸਿਆ ਕਿ ਇਸ ਔਖੀ ਘੜੀ ਵੇਲੇ ਪੰਜਾਬ ਦੇ ਸਮੁੱਚੇ ਪ੍ਰਭਾਵਿਤ ਖੇਤਰਾਂ ਵਿੱਚ ਉਨ੍ਹਾਂ ਦੀਆਂ ਟੀਮਾਂ ਦਿਨ-ਰਾਤ ਸੇਵਾ ਕਾਰਜ ਨਿਭਾ ਰਹੀਆਂ ਹਨ ਅਤੇ ਇਹ ਸੇਵਾ ਪੂਰੀ ਤਰ੍ਹਾਂ ਨਾਲ ਹਾਲਾਤ ਠੀਕ ਹੋਣ ਤੱਕ ਨਿਰੰਤਰ ਜਾਰੀ ਰਹੇਗੀ।ਉਨ੍ਹਾਂ ਦੱਸਿਆ ਕਿ ਇਸੇ ਤਹਿਤ ਹੀ ਅੱਜ ਟਰੱਸਟ ਦੇ ਜ਼ਿਲ੍ਹਾ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਪੰਨਗੋਟਾ ਦੀ ਮੌਜੂਦਗੀ ਵਿਚ ਪੱਟੀ ਹਲਕੇ ਦੇ ਪਿੰਡ ਜੱਲੋਕੇ, ਗੁਦਾਈਕੇ, ਸਭਰਾ, ਘੜ੍ਹੁਮ ਆਦਿ ਪਿੰਡਾਂ ਦੇ ਪ੍ਰਭਾਵਿਤ ਪਸ਼ੂ ਪਾਲਕਾਂ ਨੂੰ 55 ਟਨ ਸੁੱਕਾ ਚਾਰਾ ਵੰਡਿਆ ਗਿਆ ਹੈ। ਇਸ ਦੌਰਾਨ ਪਿੰਡਾਂ ਦੇ ਸਰਪੰਚਾਂ, ਮੋਹਤਬਰਾਂ ਤੋਂ ਇਲਾਵਾ ਪਸ਼ੂਆਂ ਦਾ ਚਾਰਾ ਪ੍ਰਾਪਤ ਕਰਨ ਵਾਲੇ ਕਿਸਾਨਾਂ ਵੱਲੋਂ ਡਾ. ਓਬਰਾਏ ਦਾ ਇਸ ਔਖੀ ਘੜੀ ਵੇਲੇ ਮਦਦ ਕਰਨ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਵੀ ਕੀਤਾ ਗਿਆ।



# ਏ ਡੀ ਸੀ ਵੱਲੋਂ ਕਿਸਾਨਾਂ ਨੂੰ ਸੁੱਕਾ ਝੋਨਾ ਹੀ ਮੰਡੀਆਂ 'ਚ ਲਿਆਉਣ ਦੀ ਅਪੀਲ

**ਗੁਰਦਾਸਪੁਰ, (ਜਨਕ ਮਹਾਜਨ)**

ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹਾ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਇਸ ਵਾਰ ਝੋਨੇ ਦੀ ਕਟਾਈ ਝੋਨਾ ਪੂਰੀ ਤਰ੍ਹਾਂ ਪੱਕਣ ਤੇ ਹੀ ਕੀਤੀ ਜਾਵੇ ਅਤੇ ਖ਼ਰੀਫ਼ ਸੀਜ਼ਨ ਦੌਰਾਨ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਵੇਚਣ ਲਈ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਖ਼ਰੀਦ ਵੇਲੇ ਝੋਨੇ ਵਿੱਚ ਨਮੀਂ ਦੀ ਹੱਦ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਦੇ ਝੋਨੇ ਦੀ ਫ਼ਸਲ ਵਿੱਚ 17 ਫ਼ੀਸਦੀ ਤੋਂ ਵੱਧ ਦੀ ਨਮੀ ਪਾਈ ਜਾਂਦੀ ਹੈ ਤਾਂ ਉਸ ਦੀ ਜਿਨਸ ਦੀ ਖ਼ਰੀਦ ਨਹੀਂ ਹੋ ਪਾਉਂਦੀ, ਜਿਸ ਕਾਰਨ ਕਿਸਾਨ ਨੂੰ ਮੰਡੀ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਝੋਨੇ ਦੀ ਫ਼ਸਲ ਪੂਰੀ ਤਰ੍ਹਾਂ ਪੱਕਣ 'ਤੇ ਹੀ ਵਢਾਈ ਜਾਵੇ ਤਾਂ ਉਸ ਵਿੱਚ ਨਮੀ ਦੀ ਮਾਤਰਾ ਸਹੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਇਸ ਸਾਲ ਝੋਨੇ ਦੀ ਫ਼ਸਲ ਦਾ ਮੁੱਲ 2389 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ ਅਤੇ ਜੇਕਰ ਕਿਸਾਨ ਮੰਡੀਆਂ ਵਿੱਚ ਸੁੱਕਾ ਝੋਨਾ ਲੈ ਕੇ ਆਉਣਗੇ ਤਾਂ ਉਨ੍ਹਾਂ ਨੂੰ ਆਪਣੀ ਜਿਨਸ ਦਾ ਪੂਰਾ ਮੁੱਲ ਮਿਲੇਗਾ। ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਪਿੰਡਾਂ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਕਿਸਾਨਾਂ ਨੂੰ ਮੰਡੀਆਂ ਵਿੱਚ ਝੋਨੇ ਦੀ ਸੁੱਕੀ ਫ਼ਸਲ ਲਿਆਉਣ ਲਈ ਜਾਗਰੂਕ ਕਰਨ। ਇਸ ਦੇ ਨਾਲ ਹੀ ਉਨ੍ਹਾਂ ਨੇ ਕੰਬਾਈਨ ਓਪਰੇਟਰਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਝੋਨੇ ਦੇ ਸੀਜ਼ਨ ਦੌਰਾਨ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹੀ ਝੋਨੇ ਦੀ ਕਟਾਈ ਕੀਤੀ ਜਾਵੇ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਕੇਵਲ ਦਿਨ ਵੇਲੇ ਹੀ ਆਪਣੀ ਝੋਨੇ ਦੀ ਪੱਕੀ ਹੋਈ ਫ਼ਸਲ ਦੀ ਕਟਾਈ ਕਰਵਾਉਣ।


16-Sep-PAGE-14.qxd 9/15/2025 10:51 PM Page 1



**ਜਨਮ ਦਿਨ ਮੁਬਾਰਕ**



ਪਾਰਿਸ਼ਾ ਗੁਪਤਾ
ਸੁਨਾਮ ਊਧਮ ਸਿੰਘ ਵਾਲਾ



ਮਨਰਾਜ ਸਿੰਘ ਧਾਲੀਵਾਲ
ਪਿੰਡ ਬਿਲਾਸਪੁਰ

# ਚਮਕੌਰ ਸਾਹਿਬ-ਬੇਲਾ ਸੜਕ ਦੋਵੇਂ ਪਾਸਿਓਂ ਧਸਣੀ ਸ਼ੁਰੂ



**ਚਮਕੌਰ ਸਾਹਿਬ, (ਗੁਰਵਿੰਦਰ ਸਿੰਘ ਬੋਬੀ)**
ਚਮਕੌਰ ਸਾਹਿਬ-ਬੇਲਾ ਸੜਕ ਤੇ ਸਥਿੱਤ ਸਕਿੱਲ ਇੰਸਟੀਚਿਊਟ ਦੇ ਨਜ਼ਦੀਕ ਬੁੱਢੇ ਨਾਲੇ ਤੇ ਬਣੀ ਪੁਰਾਣੀ ਪੁਲੀ ਤੇ ਸੜਕ ਭਾਰੀ ਵਾਹਨਾਂ ( ਓਵਰਲੋਡ ) ਦੇ ਚੱਲਦਿਆਂ ਹੇਠਾਂ ਧੱਸਣੀ ਸ਼ੁਰੂ ਹੋ ਗਈ ਹੈ, ਜਿਸ ਕਾਰਨ ਕਦੇ ਵੀ ਰਾਤ ਸਮੇਂ ਵੱਡਾ ਹਾਦਸਾ ਵਾਪਰ ਸਕਦਾ ਹੈ। ਇਸ ਪੁਲੀ ਦਾ ਧੱਸਣਾ ਪੁਲੀ ਹੇਠੋਂ ਸਹੀ ਤਰੀਕੇ ਨਾਲ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ ਪਰ ਪਾਣੀ ਦੀ ਨਿਕਾਸੀ ਲਈ ਕਈ ਸਾਲ ਪਹਿਲਾਂ ਇਸ ਪੁਲੀ ਦੇ ਨਾਲ ਹੀ ਵੱਡੀ ਪੁਲੀ ਬਣਾਈ ਗਈ ਸੀ ਜਿਸ ਵਿਚ ਬੇਲਾ ਡਰੇਨ ਦੇ ਵਾਧੂ ਪਾਣੀ ਦੀ ਨਿਕਾਸੀ ਹੁੰਦੀ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪਏ ਭਾਰੀ ਮੀਂਹ ਕਾਰਨ ਰੂਪਨਗਰ-ਨੀਲੋਂ ਸੜਕ ਦਾ ਕੁੱਝ ਹਿੱਸਾ ਨੁਕਸਾਨੇ ਜਾਣ ਕਾਰਨ ਆਵਾਜਾਈ ਲਈ ਬੰਦ ਕੀਤਾ ਹੋਇਆ ਸੀ, ਜਿਸ ਕਾਰਨ ਸਾਰੀ ਆਵਾਜਾਈ ਵਾਇਆ ਬੇਲਾ ਹੋ ਕੇ ਅੱਗੇ ਆਪਣੀ ਮੰਜ਼ਿਲ ਵੱਲ ਜਾਂਦੀ ਹੈ ਪਰ ਭਾਰੀ ਵਾਹਨਾਂ ਦੇ ਸੜਕ ਤੋਂ ਲੰਘਣ ਕਾਰਨ ਬੇਲਾ ਤੋਂ ਲੈ ਕੇ ਚਮਕੌਰ ਸਾਹਿਬ ਤੱਕ ਸੜਕ ਦੋਵੇਂ ਪਾਸਿਓ ਕਈ ਥਾਵਾਂ ਤੋਂ ਧਸਣੀ ਸ਼ੁਰੂ ਹੋ ਗਈ ਹੈ, ਜਿਸ ਤੇ ਸਬੰਧਤ ਵਿਭਾਗ ਵੱਲੋਂ ਉਕਤ ਥਾਵਾਂ ਤੇ ਮਿੱਟੀ ਦੇ ਥੈਲੇ ਭਰ ਕੇ ਰੱਖੇ ਗਏ ਹਨ ਤਾਂ ਜੋ ਕਿ ਕੋਈ ਹਾਦਸਾ ਨਾ ਵਾਪਰ ਸਕੇ। ਦੱਸਣਯੋਗ ਹੈ ਕਿ ਕੁੱਝ ਸਮੇਂ ਪਹਿਲਾ ਹੀ ਚਮਕੌਰ ਸਾਹਿਬ ਤੋਂ ਕਸਬਾ ਬੇਲਾ ਤੱਕ ਸੜਕ ਨੂੰ ਦੋਵੇਂ ਪਾਸਿਓ ਦੋ ਦੋ ਫੁੱਟ ਚੌੜਾ ਕੀਤਾ ਗਿਆ ਸੀ ਪਰ ਇਹ ਚੌੜੀ ਕੀਤੀ ਸੜਕ ਹੀ ਦੋਵੇਂ ਪਾਸਿਓ ਧਸਣੀ ਸ਼ੁਰੂ ਹੋਈ ਹੈ। ਹਾਦਸੇ ਦੇ ਡਰੋ ਸੜਕ ਤੇ ਰੱਖੇ ਮਿੱਟੀ ਨਾਲ ਭਰੇ ਥੈਲੇ ਰਾਤ ਸਮੇਂ ਹਾਦਸੇ ਦਾ ਕਾਰਨ ਬਣ ਰਹੇ ਹਨ, ਕਿਉਂਕਿ ਰਾਤ ਸਮੇਂ ਇਹ ਥੈਲੇ ਦੋ ਪਹੀਆ ਵਾਹਨ ਸਵਾਰਾਂ ਨੂੰ ਸਾਹਮਣੇ ਤੋਂ ਵੱਡੀ ਗੱਡੀ ਦੀਆਂ ਪੈਂਦੀਆਂ ਤੇਜ ਲਾਈਟਾਂ ਕਾਰਨ ਨਾ ਦਿਖਣ ਤੇ ਉਹ ਥੈਲਿਆ ਨਾਲ ਟਕਰਾਅ ਕੇ ਸੱਟਾਂ ਵੀ ਖਾ ਚੁੱਕੇ ਹਨ। ਸਮਾਜ ਸੇਵੀ ਅਮਨਦੀਪ ਸਿੰਘ ਮਾਂਗਟ, ਪੈਨਸ਼ਨਰਜ ਆਗੂ ਧਰਮਪਾਲ ਸੋਖਲ, ਅਕਾਲੀ ਆਗੂ ਬਲਦੇਵ ਸਿੰਘ ਹਾਫਿਜ਼ਾਬਾਦ ਅਤੇ ਬਾਈ ਪਰਮਿੰਦਰ ਸਿੰਘ ਸੇਖੋ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਉਕਤ ਸੜਕ ਨੂੰ ਤੁਰੰਤ ਠੀਕ ਕਰਕੇ ਥੈਲੇ ਚੁੱਕੇ ਜਾਣ।

# ਰਾਹਤ ਪੈਕੇਜ 'ਚ ਚੋਖਾ ਵਾਧਾ ਕੀਤਾ ਜਾਵੇ : ਕਰਨ ਸਿੰਘ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਪੰਜਾਬ ਦੇ ਲੋਕ ਪਿਛਲੇ ਇੱਕ ਮਹੀਨੇ ਤੋਂ ਭਾਰੀ ਵਰਖਾ ਅਤੇ ਭਿਅੰਕਰ ਹੜ੍ਹਾਂ ਕਾਰਨ ਅਸਹਿ ਮਾਰ ਝੱਲ ਰਹੇ ਹਨ। ਅਜਿਹੇ ਔਖੇ ਸਮੇਂ ਪੀੜਤ ਲੋਕ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਤੋਂ ਖੁੱਲੀ ਸਹਾਇਤਾ ਦੀ ਆਸ ਰੱਖਦੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇੱਥੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਦੋਨੋਂ ਸਰਕਾਰਾਂ ਪੀੜਤ ਲੋਕਾਂ ਨੂੰ ਕੋਈ ਫੌਰੀ ਰਾਹਤ ਦੇਣ ਵਿੱਚ ਨਾ ਕਾਮਯਾਬ ਸਾਬਤ ਹੋਈਆਂ ਹਨ। ਪਰ ਦੂਜੇ ਬੰਨੇ ਪੰਜਾਬ ਦੇ ਲੋਕਾਂ ਨੇ ਆਪਣੇ ਲੋਕਾਂ ਦਾ ਪੂਰਾ ਸਾਥ ਦਿੱਤਾ ਹੈ ਕਿਸੇ ਤਰ੍ਹਾਂ ਦੇਸ਼ ਦੇ ਬਾਕੀ ਭਾਈਚਾਰਿਆਂ, ਕਲਾਕਾਰਾਂ, ਦਾਨੀ ਜਥੇਬੰਦੀਆਂ ਅਤੇ ਹੋਰ ਲੋਕਾਂ ਨੇ ਬੇਹਿਸਾਬ ਮਦਦ ਕਰਕੇ ਪੀੜਤ ਲੋਕਾਂ ਨੂੰ ਹੌਸਲਾ ਦਿੱਤਾ ਹੈ ਅਤੇ ਲੋਕਾਂ ਦੀ ਬਾਂਹ ਫੜੀ ਹੈ। ਸਾਥੀ ਰਾਣਾ ਨੇ ਕਿਹਾ ਕਿ ਪੰਜਾਬ ਵਿੱਚ ਹੜਾਂ ਅਤੇ ਭਾਰੀ ਵਰਖਾ ਕਾਰਨ ਲਗਭਗ ਇਕ ਲੱਖ ਕਰੋੜ ਰੁਪਈਏ ਦਾ ਨੁਕਸਾਨ ਹੋਣ ਦਾ ਅੰਦਾਜ਼ਾ ਹੈ।ਆਪਣੀ ਗੱਲ ਜਾਰੀ ਰੱਖਦੇ ਹੋਏ ਉਨਾਂ ਪੰਜਾਬ ਸਰਕਾਰ ਵੱਲੋਂ ਐਲਾਨ ਨੇ ਰਾਹਤ ਪੈਕਜ ਨੂੰ ਵੀ ਨਾ ਕਾਫੀ ਦੱਸਦੇ ਹੋਏ ਚਿੰਤਾ ਪ੍ਰਗਟ ਕੀਤੀ ਕਿਉਂਕਿ ਜਿਹੜੇ 12 ਹਜ਼ਾਰ ਕਰੋੜ ਰੁਪਏ ਦੀ ਗੱਲ ਕੇਂਦਰੀ ਹਾਕਮ ਕਰ ਰਹੇ ਹਨ ਉਹਨਾਂ ਵਿੱਚੋਂ ਪੀੜਤ ਲੋਕਾਂ ਨੂੰ ਕੁਝ ਵੀ ਨਹੀਂ ਮਿਲੇਗਾ। ਪੰਜਾਬ ਸਰਕਾਰ ਦੇ ਰਾਹਤ ਪੈਕਜ ਵਿੱਚ ਖੇਤ ਮਜ਼ਦੂਰਾਂ, ਮਨਰੇਗਾ ਮਜ਼ਦੂਰਾਂ, ਦੁਕਾਨਦਾਰਾਂ, ਮਿਸਤਰੀਆਂ ਅਤੇ ਕਾਰੀਗਰਾਂ ਆਦਿ ਲਈ ਕੋਈ ਵੀ ਰਾਹਤ ਨਹੀਂ ਦਿੱਤੀ ਗਈ ਹੈ। ਤਬਾਹ ਹੋਏ ਮਕਾਨਾਂ ਲਈ 6500 ਰੁਪਏ ਉਤੋਂ ਲੈ ਕੇ ਇਕ ਲੱਖ 20 ਹਜ਼ਾਰ ਰੁਪਏ ਤੱਕ ਹੀ ਮਿਲ ਸਕਦਾ ਹੈ। ਇਸੇ ਤਰ੍ਹਾਂ ਜਿਸ ਦਾ ਖੇਤ ਉਸ ਦੀ ਰੇਤ ਵਿੱਚੋਂ ਵੀ ਪੀੜਤ ਕਿਸਾਨਾਂ ਨੂੰ ਕੁਝ ਵੀ ਨਹੀਂ ਮਿਲੇਗਾ।

# ਲਾਇਲਪੁਰ ਖਾਲਸਾ ਕਾਲਜ ਦੇ ਵਿਦਿਆਰਥੀਆਂ ਵੱਲੋਂ ਸਾਇੰਸ ਸਿਟੀ ਦਾ ਵਿੱਦਿਅਕ ਦੌਰਾ

**ਜਲੰਧਰ (ਸ਼ੈਲੀ ਐਲਬਰਟ)**
ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਕੰਪਿਊਟਰ ਸਾਇੰਸ ਅਤੇ ਆਈ.ਟੀ ਵਿਭਾਗ ਦੁਆਰਾ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਦਾ ਇੱਕ ਵਿਦਿਅਕ ਦੌਰਾ ਆਯੋਜਿਤ ਕੀਤਾ ਗਿਆ, ਜਿੱਥੇ ਪੱਤਰਕਾਰੀ ਅਤੇ ਜਨ ਸੰਚਾਰ ਦੇ 25 ਵਿਦਿਆਰਥੀਆਂ ਨੇ 'ਪੱਤਰਕਾਰੀ ਵਿੱਚ ਏਆਈ' ਵਿਸ਼ੇ 'ਤੇ ਇੱਕ ਸੈਮੀਨਾਰ ਵਿੱਚ ਹਿੱਸਾ ਲਿਆ। ਇਹ ਸੈਮੀਨਾਰ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੁਆਰਾ ਆਯੋਜਿਤ ਕੀਤਾ ਗਿਆ ਸੀ।ਇਸ ਸੈਮੀਨਾਰ ਦੇ ਬੁਲਾਰੇ, ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾਇਰੈਕਟਰ ਦਲਜੀਤ ਅਮੀ ਸਨ। ਬੀ ਏ ਜੇ ਐਮ ਸੀ ਪਹਿਲੇ ਅਤੇ ਤੀਜੇ ਸਮੈਸਟਰ ਦੇ ਲਗਭਗ 25 ਵਿਦਿਆਰਥੀਆਂ ਨੇ ਸੈਮੀਨਾਰ ਵਿੱਚ ਹਿੱਸਾ ਲਿਆ। ਬੁਲਾਰੇ ਦਿਲਜੀਤ ਅਮੀ ਨੇ ਡੇਟਾ ਵਿਸ਼ਲੇਸ਼ਣ ਅਤੇ ਖ਼ਬਰਾਂ ਦੀ ਰਿਪੋਰਟਿੰਗ ਦੇ ਭਵਿੱਖ ਵਰਗੇ ਵਿਸ਼ਿਆਂ ਨੂੰ ਕਵਰ ਕਰਦੇ ਹੋਏ ਇੱਕ ਦਿਲਚਸਪ ਅਤੇ ਜਾਣਕਾਰੀ ਭਰਪੂਰ ਪੇਸ਼ਕਾਰੀ ਦਿੱਤੀ। ਵਿਦਿਆਰਥੀਆਂ ਨੇ ਸੈਮੀਨਾਰ ਨੂੰ ਬਹੁਤ ਜਾਣਕਾਰੀ ਭਰਪੂਰ ਪਾਇਆ, ਜਿਸ ਨਾਲ ਉਹਨਾਂ ਨੂੰ ਇਸ ਗੱਲ ਦੀ ਡੂੰਘੀ ਸਮਝ ਮਿਲੀ ਕਿ ਏ ਆਈ ਪੱਤਰਕਾਰੀ ਦੇ ਖੇਤਰ ਨੂੰ ਕਿਵੇਂ ਬਦਲ ਰਿਹਾ ਹੈ। ਆਪਣੇ ਵਿੱਦਿਅਕ ਦੌਰੇ ਦੌਰਾਨ, ਵਿਦਿਆਰਥੀਆਂ ਨੂੰ ਸਾਇੰਸ ਸਿਟੀ ਵਿਖੇ ਵਿਗਿਆਨ ਤੇ ਤਕਨਾਲੋਜੀ 'ਤੇ ਇੱਕ ਵਿਸ਼ੇਸ਼ ਸ਼ੋਅ ਦੇਖਣ ਦਾ ਮੌਕਾ ਵੀ ਮਿਲਿਆ, ਜਿਸ ਨੇ ਉਨ੍ਹਾਂ ਦੇ ਗਿਆਨ ਅਤੇ ਉਤਸੁਕਤਾ ਨੂੰ ਹੋਰ ਵਧਾਇਆ। ਉਨ੍ਹਾਂ ਨੇ ਸਪੇਸ ਥੀਏਟਰ ਅਤੇ ਡਿਜੀਟਲ ਪਲੈਨੇਟੇਰੀਅਮ, ਸਾਇੰਸ ਵੋਏਜ ਹਾਲ, ਡਾਇਨਾਸੌਰ ਪਾਰਕ, ਹੈਲਥ ਗੈਲਰੀ ਵਰਗੀਆਂ ਕੁਝ ਪ੍ਰਦਰਸ਼ਨੀਆਂ ਦਾ ਵੀ ਦੌਰਾ ਕੀਤਾ।




# 20 ਨੂੰ ਖੁਰਾਲਗੜ੍ਹ ਸਾਹਿਬ ਤੋਂ ਫਿਲੌਰ ਤੱਕ ਹੋਵੇਗੀ ਵਿਸ਼ਾਲ ਸਨਮਾਨ ਯਾਤਰਾ : ਕਰੀਮਪੁਰੀ



**ਹੁਸ਼ਿਆਰਪੁਰ (ਓ ਪੀ ਰਾਣਾ)**
ਬਹੁਜਨ ਸਮਾਜ ਪਾਰਟੀ ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਗੁਰਨਾਮ ਚੌਧਰੀ ਕੋਆਰਡੀਨੇਟਰ ਪੰਜਾਬ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਬਸਪਾ ਪੰਜਾਬ ਦੇ ਪ੍ਰਧਾਨ ਡਾ.ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਮੁੱਖ ਮਹਿਮਾਨ ਤੇ ਜ਼ਿਲ੍ਹੇ ਦੀ ਲੀਡਰਸ਼ਿਪ ਵਿਸ਼ੇਸ਼ ਤੌਰ ਤੇ ਹਾਜ਼ਰ ਸੀ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦੀਆਂ ਬੇਅਦਬੀਆਂ ਦੇ ਵਿਰੁੱਧ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ 'ਚ 20 ਸਤੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਫਿਲੌਰ ਤੱਕ ਸ਼ੁਰੂ ਕੀਤੀ ਜਾ ਰਹੀ ਸਨਮਾਨ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਲਿਆ ਗਿਆ ਅਤੇ 9 ਅਕਤੂਬਰ ਨੂੰ ਬਸਪਾ ਸੰਸਥਾਪਕ ਸ੍ਰੀ ਕਾਂਸ਼ੀ ਰਾਮ ਦੇ ਪਰੀਨਿਰਵਾਣ ਦਿਵਸ ਤੇ ਫਿਲੌਰ ਵਿਖੇ ਸੂਬਾ ਪੱਧਰੀ ਪੰਜਾਬ ਸੰਭਾਲੋ ਰੈਲੀ ਦੀ ਕਾਮਯਾਬੀ ਲਈ ਪ੍ਰੋਗਰਾਮ ਉਲੀਕਿਆ ਗਿਆ।ਕਰੀਮਪੁਰੀ ਨੇ ਕਿਹਾ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨਾਂ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤਾਂ ਨੂੰ ਬੇਅਦਬੀ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਪਿੰਡ ਧਲੇਤਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਗੁਰੂ ਘਰ ਤੇ ਸਰਕਾਰ ਵੱਲੋਂ ਹਮਲਾ ਅਤੇ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਨਜ਼ਦੀਕ ਬਰਾਂਚਾਂ ਅਤੇ ਸ਼ਰਾਬ ਦੇ ਖੋਲ੍ਹੇ ਠੇਕਿਆਂ ਨੂੰ ਬੰਦ ਕਰਾਉਣ ਲਈ ਪੰਜਾਬ ਦੀਆਂ ਸੰਗਤਾਂ ਅੰਦਰ ਭਾਰੀ ਗੁੱਸਾ ਤੇ ਰੋਸ ਦੀ ਲਹਿਰ ਪੈਦਾ ਹੋ ਗਈ ਹੈ। ਉਨ੍ਹਾਂ ਕਿਹਾ ਚਾਂਗ ਬਿਰੋਈ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਰਕਾਰ ਵੱਲੋਂ ਗੁਰੂ ਘਰ ਨੂੰ ਪੰਚਾਇਤ ਘਰ ਵਿੱਚ ਬਦਲਣ ਦੀ ਕੋਸ਼ਿਸ਼ ਦੇ ਵਿਰੁੱਧ, ਗੁਰੂ ਰਵਿਦਾਸ ਗੁਰੂ ਘਰ ਨੂੰ ਮਹੱਲਾ ਕਲੀਨਿਕਾਂ 'ਚ ਬਦਲਣ ਦੀ ਕੋਸ਼ਿਸ਼ ਦੇ ਵਿਰੋਧ ਵਿਚ 20 ਸਤੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਫਿਲੌਰ ਤੱਕ ਵਿਸ਼ਾਲ ਸਨਮਾਨ ਯਾਤਰਾ ਹੋਵੇਗੀ ਤੇ 9 ਅਕਤੂਬਰ ਨੂੰ ਫਿਲੌਰ ਵਿਖੇ ਸ੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਤੇ ਸੂਬਾ ਪੱਧਰ ਤੇ ਪੰਜਾਬ ਸੰਭਾਲ ਰੈਲੀ ਹੋਵੇਗੀ।ਇਸ ਮੌਕੇ ਪਾਰਟੀ ਸਟੇਟ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ, ਸਟੇਟ ਸੈਕਟਰੀ ਮਨਿੰਦਰ ਸ਼ੇਰਪੁਰੀ, ਸਟੇਟ ਸੈਕਟਰੀ ਸੁਖਦੇਵ ਬਿੱਟਾ, ਐਡਵੋਕੇਟ ਧਰਮਿੰਦਰ ਦਾਦਰਾ ਜ਼ਿਲਾ ਜਨਰਲ ਸਕੱਤਰ, ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਚੱਬੇਵਾਲ,ਮਦਨ ਸਿੰਘ ਬੈਸ ਇੰਚਾਰਜ ਹੁਸ਼ਿਆਰਪੁਰ, ਸੁਰਜੀਤ ਮਹਿਮੀ, ਬਖਸ਼ੀਸ਼ ਭੀਮ, ਜਗਮੋਹਣ ਸੱਜਣਾਂ, ਦਿਨੇਸ਼ ਪਪੂ ਤੇ ਹੋਰ ਪਾਰਟੀ ਲੀਡਰਸ਼ਿਪ ਵੀ ਹਾਜ਼ਰ ਸੀ।

# ਮਾਸੂਮ ਬੱਚੇ ਦੇ ਕਾਤਲ ਨੂੰ ਫੌਰੀ ਸਜ਼ਾ ਦੇਣ ਲਈ 'ਫਾਸਟ ਟਰੈਕ ਕੋਰਟ' ਦਾ ਗਠਨ ਕਰੋ : ਪਾਸਲਾ

**ਜਲੰਧਰ, (ਸ਼ੈਲੀ ਐਲਬਰਟ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਨੇ ਹੁਸ਼ਿਆਰਪੁਰ ਵਿਖੇ ਪੰਜ ਸਾਲਾਂ ਦੇ ਮਾਸੂਮ ਬੱਚੇ ਹਰਵੀਰ ਉਰਫ ਬਿੱਲਾ ਨੂੰ ਬੇਰਹਿਮੀ ਨਾਲ ਕਤਲ ਕਰਨ ਵਾਲੇ ਨੂੰ ਤੁਰੰਤ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੇ ਜਾਣਾ ਯਕੀਨੀ ਬਣਾਉਣ ਲਈ ਫਾਸਟ ਟਰੈਕ ਕੋਰਟ ਦਾ ਗਠਨ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਪਾਰਟੀ ਨੇ ਇਸ ਦੁਖਦਾਈ ਘਟਨਾ ਨੂੰ ਆਧਾਰ ਬਣਾ ਕੇ ਕੁੱਝ ਲੋਕਾਂ ਵੱਲੋਂ ਸੂਬੇ ਭਰ 'ਚ ਅੰਤਰਰਾਜੀ ਕਿਰਤੀਆਂ ਖਿਲਾਫ ਵਿੱਢੀ ਨਫ਼ਰਤੀ ਮੁਹਿੰਮ ਅਤੇ ਪ੍ਰਵਾਨ ਕੀਤੇ ਜਾ ਰਹੇ ਪੰਚਾਇਤੀ ਮਤਿਆਂ ਬਾਰੇ ਵੀ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ ਹੈ।
ਇੱਥੋਂ ਜਾਰੀ ਇਕ ਬਿਆਨ ਰਾਹੀਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਅਤੇ ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਸਾਥੀ ਰਤਨ ਸਿੰਘ ਰੰਧਾਵਾ ਤੇ ਸਾਥੀ ਪ੍ਰਗਟ ਸਿੰਘ ਜਾਮਾਰਾਏ ਨੇ ਕਿਹਾ ਹੈ ਕਿ ਕਿਸੇ ਇਕ ਵਿਅਕਤੀ ਦੇ ਅਮਾਨਵੀ ਕਾਰੇ ਨੂੰ ਆਧਾਰ ਬਣਾ ਕੇ ਦੋਸ਼ੀ ਨਾਲ ਸਬੰਧਤ ਸਮੁੱਚੇ ਭਾਈਚਾਰੇ ਨੂੰ ਸਜ਼ਾ ਦਾ ਭਾਗੀ ਬਣਾਉਣਾ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਕਿਹਾ ਜਾ ਸਕਦਾ।

# ਦੀ ਇੰਪੀਰੀਅਲ ਸਕੂਲ ਨੇ ਰੋਲਰ ਸਕੇਟਿੰਗ 'ਚ 10 ਤਗਮੇ ਜਿੱਤੇ




**ਆਦਮਪੁਰ, (ਪਰਮਜੀਤ ਸਿੰਘ)**-ਇੰਪੀਰੀਅਲ ਸਕੂਲ, ਗ੍ਰੀਨ ਕੈਂਪਸ ਦੇ ਵਿਦਿਆਰਥੀਆਂ ਨੇ ਪੁਲਸ ਡੀਏਵੀ ਪਬਲਿਕ ਸਕੂਲ, ਜਲੰਧਰ ਵਿਖੇ ਹੋਈ 25ਵੀਂ ਜ਼ਿਲ੍ਹਾ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਕੁੱਲ ਚਾਰ ਸੋਨੇ, ਚਾਰ ਚਾਂਦੀ ਅਤੇ ਦੋ ਕਾਂਸੀ ਦੇ ਤਗਮੇ ਜਿੱਤੇ।ਸਕੂਲ ਦੇ ਹੁਸ਼ਿਆਰ ਤਗਮਾ ਜੇਤੂ ਵਿਦਿਆਰਥੀ ਹਨ- ਚੈਤਨਿਆ ਨੇਗੀ, ਪਨੀਵ ਕੌਰ, ਅਰਥ ਪਾਂਡੇ, ਘਨੀਸ਼ ਸਿੰਘ ਤੰਵਰ, ਸਾਮਿਆ ਯਾਦਵ, ਹਰਸੀਰਤ ਕੌਰ।ਇਸ ਮੌਕੇ ਸਕੂਲ ਦੇ ਚੇਅਰਮੈਨ ਜਗਦੀਸ਼ ਪਸਰੀਚਾ, ਡਾਇਰੈਕਟਰ ਸ੍ਰੀ ਜਗਮੋਹਨ ਅਰੋੜਾ ਪ੍ਰਿੰਸੀਪਲ ਸ਼੍ਰੀਮਤੀ ਸਵਿੰਦਰ ਕੌਰ ਮੱਲ੍ਹੀ, ਵਾਈਸ ਪ੍ਰਿੰਸੀਪਲ ਸ਼੍ਰੀਮਤੀ ਪੂਜਾ ਠਾਕੁਰ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਵਿਦਿਆਰਥੀਆਂ ਦੇ ਮਾਪਿਆਂ ਦਾ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕਰਦੇ ਹੋਏ ਅਤੇ ਇਸ ਪ੍ਰਾਪਤੀ ਲਈ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦੇ ਹੋਏ, ਚੇਅਰਮੈਨ ਜਗਦੀਸ਼ ਲਾਲ ਪਸਰੀਜਾ ਨੇ ਕਿਹਾ ਕਿ 'ਇਹ ਸਫ਼ਲਤਾ ਬੱਚਿਆਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਦਾ ਨਤੀਜਾ ਹੈ। ਸਾਨੂੰ ਵਿਸ਼ਵਾਸ ਹੈ ਕਿ ਸਾਡੇ ਵਿਦਿਆਰਥੀ ਭਵਿੱਖ ਵਿੱਚ ਵੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇਸੇ ਤਰ੍ਹਾਂ ਦੀ ਸਫ਼ਲਤਾ ਪ੍ਰਾਪਤ ਕਰਨਗੇ।'

# ਬੰਨ੍ਹ ਮਜ਼ਬੂਤ ਕਰਨ ਦੇ ਕੰਮ ਵੀ ਬਿਨਾਂ ਦੇਰੀ ਕਰਵਾਏ ਜਾਣੇ : ਰੰਧਾਵਾ



**ਡੇਰਾਬੱਸੀ (ਵਿਨੇ ਕੁਮਾਰ ਜੈਨ)**-ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਰੈਸਟ ਹਾਊਸ ਮੁਬਾਰਿਕਪੁਰ ਵਿੱਚ ਐਸ.ਡੀ.ਐਮ. ਡੇਰਾਬੱਸੀ ਅਮਿਤ ਗੁਪਤਾ ਦੀ ਮੌਜੂਦਗੀ ਵਿੱਚ ਮੰਡੀ ਬੋਰਡ, ਮਾਈਨਿੰਗ ਤੇ ਡ੍ਰੇਨੇਜ ਅਤੇ ਪੀ.ਡਬਲਿਊ.ਡੀ. ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਕੀਤੀ।ਇਸ ਦੌਰਾਨ ਉਨ੍ਹਾਂ ਨੇ ਹਦਾਇਤ ਕੀਤੀ ਕਿ ਹਾਲੀਆਂ ਮੀਂਹ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਨੂੰ ਤੁਰੰਤ ਹੱਲ ਕੀਤਾ ਜਾਵੇ।ਵਿਧਾਇਕ ਨੇ ਜ਼ੋਰ ਦੇ ਕੇ ਕਿਹਾ ਕਿ ਜਿਹੜੀਆਂ ਸੜਕਾਂ ਦੀ ਮਨਜ਼ੂਰੀ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ, ਉਨ੍ਹਾਂ ਦੇ ਨਿਰਮਾਣ ਵਿੱਚ ਕੋਈ ਵੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜਿਹੜੀਆਂ ਸੜਕਾਂ ਦੀ ਮੁਰੰਮਤ ਲਈ ਮਨਜ਼ੂਰੀ ਲੈਣ ਦੀ ਲੋੜ ਹੈ, ਉਨ੍ਹਾਂ ਦੇ ਤੁਰੰਤ ਪ੍ਰਸਤਾਵ ਤਿਆਰ ਕੀਤੇ ਜਾਣ।ਉਨ੍ਹਾਂ ਨੇ ਸੰਬੰਧਤ ਵਿਭਾਗਾਂ ਨੂੰ ਬੰਨ੍ਹਾਂ ਨੂੰ ਮਜ਼ਬੂਤ ਕਰਨ ਦੇ ਨਿਰਦੇਸ਼ ਵੀ ਦਿੱਤੇ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਮੀਂਹ ਕਾਰਨ ਲੋਕਾਂ ਨੂੰ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਾਇਆ ਜਾ ਸਕੇ।

# ਸੰਤ ਸਤਵਿੰਦਰ ਹੀਰਾ ਨੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡੀ



**ਹੁਸ਼ਿਆਰਪੁਰ (ਓ ਪੀ ਰਾਣਾ, ਬੀ ਐੱਸ ਸੈਣੀ)**
ਮੀਂਹ ਅਤੇ ਹੜ੍ਹਾਂ ਨੇ ਕਈ ਪਰਵਾਰਾਂ ਨੂੰ ਗੰਭੀਰ ਤੌਰ 'ਤੇ ਪ੍ਰਭਾਵਿਤ ਕੀਤਾ ਹੈ,ਜਿਥੇ ਇਕ ਪਾਸੇ ਜ਼ਮੀਨਾਂ, ਫਸਲਾਂ ਤੇ ਮਾਲ ਡੰਗਰ ਦਾ ਭਾਰੀ ਨੁਕਸਾਨ ਹੋਇਆ ਹੈ ਉਥੇ ਮਿਹਨਤ ਮਜ਼ਦੂਰੀ ਕਰਕੇ ਰੋਟੀ ਰੋਜ਼ੀ ਕਮਾਉਣ ਵਾਲੇ ਦਿਹਾੜੀਦਾਰ ਕਾਮੇ ਵੀ ਵੱਡੀ ਪੱਧਰ ਤੇ ਪ੍ਰਭਾਵਿਤ ਹੋਏ ਹਨ ਅਤੇ ਰੋਟੀ ਰੋਜ਼ੀ, ਖਾਣ ਪੀਣ ਦੀਆਂ ਰੋਜ਼ਾਨਾ ਵਸਤਾਂ ਲਈ ਲੋੜਵੰਦ ਹਨ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਜ਼ਿਲਾ ਗੁਰਦਾਸਪੁਰ ਬਾਰਡਰ ਦੇ ਪਿੰਡ ਹਰੀਚੁੱਕ, ਸੰਘੋਰ, ਮਿਆਣੀ ਮਲਾਹਾਂ, ਚਕਰੀ ਭਾਗੋਕਾਵਾਂ, ਮਗਰ ਮੂਦੀਆਂ, ਠੱਠੀ, ਰਾਮ ਪੁਰ, ਠਾਕੁਰ ਪੁਰ, ਜਗੋ ਚੱਕ ਟਾਂਡਾ, ਮੰਕੜਾ, ਗੰਭੂ ਚੱਕ, ਮਕੋੜਾ ਆਦਿ ਪਿੰਡਾਂ ਵਿਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਿਤ ਸਮਗਰੀ, ਰਾਸ਼ਨ ਵੰਡਦੇ ਸਮੇਂ ਕਿਹਾ ਕਿ ਅਜੇਹੇ ਸਮੇਂ ਹਰ ਵਰਗ ਦਾ ਸਹਿਯੋਗ ਬਹੁਤ ਕੀਮਤੀ ਹੈ। ਉਨ੍ਹਾਂ ਕਿਹਾ ਕਿ ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ ਰਾਹਤ ਕਾਰਜ ਜੰਗੀ ਪੱਧਰ 'ਤੇ ਚਲਾਇਆ ਜਾ ਰਿਹਾ ਹੈ। ਇਨਾਂ ਭਿਆਨਕ ਹਾਲਾਤਾਂ ਦਾ ਜਾਇਜ਼ਾ ਲੈਣ ਲਈ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ, ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਵੀ ਕੀਤਾ। ਗੁਰਦੇਵ ਸਿੰਘ, ਤਰਲੋਕ ਸਿੰਘ, ਬੌਬੀ, ਸੁਨੀਲ ਭਾਗੋਕਾਵਾਂ, ਮੇਲਾ ਸਿੰਘ, ਰਾਮ ਪਾਲ, ਰਕੇਸ਼ ਕੁਮਾਰ ਆਦਿ ਹਾਜ਼ਰ ਸਨ।

# ਡੀ ਐੱਸ ਪੀ ਔਲਖ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਦੇ ਨਿਰਦੇਸ਼

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰ ਸਿੰਘ ਬੋਬੀ)**
ਸਬ ਡਿਵੀਜ਼ਨ ਸ੍ਰੀ ਚਮਕੌਰ ਸਾਹਿਬ ਦੇ ਡਿਪਟੀ ਸੁਪਰਡੈਂਟ ਆਫ਼ ਪੁਲਿਸ (ਡੀ ਐੱਸ ਪੀ) ਮਨਜੀਤ ਸਿੰਘ ਔਲਖ ਨੇ ਇਥੇ ਸਥਾਨਕ ਪੁਲਸ ਅਧਿਕਾਰੀਆਂ ਨਾਲ ਇੱਕ ਅਹਿਮ ਅਪਰਾਧ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿੱਚ ਐਸ ਐਚ ਓ, ਆਈ ਓ ਅਤੇ ਪੁਲਸ ਸਟਾਫ ਹਾਜ਼ਰ ਸਨ। ਡੀ ਐੱਸ ਪੀ ਮਨਜੀਤ ਸਿੰਘ ਔਲਖ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਉਦੇਸ਼ ਇਲਾਕੇ ਵਿੱਚ ਕਾਨੂੰਨ-ਵਿਵਸਥਾ ਨੂੰ ਬਰਕਰਾਰ ਰੱਖਣਾ, ਨਸ਼ਾ ਤਸਕਰੀ ਰੋਕਣ ਅਤੇ ਆਉਣ ਵਾਲੇ ਤਿਉਹਾਰੀ ਸੀਜ਼ਨ ਨੂੰ ਸ਼ਾਂਤੀਪੂਰਨ ਢੰਗ ਨਾਲ ਮਨਾਉਣ ਲਈ ਸੁਰੱਖਿਆ ਪ੍ਰਬੰਧਾਂ ਦੀ ਸੰਖੇਪ ਸਮੀਖਿਆ ਕਰਨਾ ਸੀ। ਡੀ ਐੱਸ ਪੀ ਨੇ ਇਲਾਕੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਦੀ ਵੀ ਵਿਸਥਾਰ ਨਾਲ ਸਮੀਖਿਆ ਕੀਤੀ ਅਤੇ ਕਿਹਾ ਕਿ ਤਿਉਹਾਰਾਂ ਦੇ ਮੱਦੇਨਜ਼ਰ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਲਈ ਸਖ਼ਤ ਚੌਕਸੀ ਜ਼ਰੂਰੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਪੈਟ੍ਰੋਲਿੰਗ ਵਧਾਈ ਜਾਵੇ, ਸ਼ੱਕੀ ਹਲਚਲ ਤੇ ਨਜ਼ਰ ਰੱਖੀ ਜਾਵੇ ਅਤੇ ਹਰ ਕਿਸਮ ਦੀਆਂ ਗਤੀਵਿਧੀਆ ਉੱਤੇ ਤੁਰੰਤ ਕਾਰਵਾਈ ਕੀਤੀ ਜਾਵੈ।ਮੀਟਿੰਗ ਦੌਰਾਨ ਪੁਲਿਸ ਅਧਿਕਾਰੀਆਂ ਨੇ ਵੀ ਆਪੋ ਆਪਣੇ ਇਲਾਕਿਆਂ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਕਈ ਅਹਿਮ ਮਸਲਿਆਂ 'ਤੇ ਵਿਚਾਰ-ਵਟਾਂਦਰਾ ਵੀ ਕੀਤਾ ਗਿਆ। ਮੀਟਿੰਗ ਵਿੱਚ ਹੋਰਨਾਂ ਤੋ ਬਿਨਾਂ ਇੰਸਪੈਕਟਰ ਗੁਰਪ੍ਰੀਤ ਸਿੰਘ ਐਸ ਐਚ ਓ, ਸਬ ਇੰਸਪੈਕਟਰ ਰਜਿੰਦਰ ਕੁਮਾਰ, ਏ ਐਸ ਆਈ ਸੋਹਣ ਲਾਲ ਇੰਚਾਰਜ ਪੁਲਸ ਪੋਸਟ ਬੇਲਾ, ਏ ਐਸ ਆਈ ਸੁਖਵਿੰਦਰ ਸਿੰਘ ਇੰਚਾਰਜ ਪੁਲਸ ਪੋਸਟ ਡੱਲਾ, ਏ ਐਸ ਆਈ ਸੁਰਿੰਦਰ ਸਿੰਘ ਸਮੇਤ ਹੋਰ ਪੁਲਿਸ ਅਧਿਕਾਰੀ ਵੀ ਹਾਜ਼ਰ ਸਨ।



# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ ਚੋਣਾਂ ਕਰਵਾਉਣ ਲਈ ਚੋਣ ਪ੍ਰੋਗਰਾਮ ਜਾਰੀ

**ਮਹਿਤਪੁਰ (ਰਾਜਾ)**
ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ ਨੇ ਚਲਾਈ।ਮੀਟਿੰਗ ਵਿੱਚ ਈ ਟੀ ਟੀ ਤੋਂ ਮਾਸਟਰ ਕਾਡਰ, ਮਾਸਟਰ ਤੋਂ ਲੈਕਚਰਾਰ ਅਤੇ ਹੈਡਮਾਸਟਰ ਕਾਡਰ, ਲੈਕਚਰਾਰ ਤੋਂ ਪ੍ਰਿੰਸੀਪਲ ਤਰੱਕੀਆਂ ਦਾ ਮੁੱਦਾ ਪ੍ਰਮੁੱਖਤਾ ਨਾਲ ਵਿਚਾਰਿਆ ਗਿਆ। ਇਹਨਾਂ ਮੁੱਦਿਆਂ ਤੇ ਜਥੇਬੰਦੀ ਆਪਣੇ ਪੱਧਰ ਤੇ ਅਤੇ ਸਾਂਝੇ ਅਧਿਆਪਕ ਮੋਰਚੇ ਦੇ ਮੁਹਾਜ ਤੋਂ ਲਗਾਤਾਰ ਸਰਕਾਰ ਤੇ ਦਬਾਅ ਬਣਾਕੇ ਰੱਖਿਆ ਜਾਵੇਗਾ। ਮਾਸਟਰ ਕੇਡਰ ਤੋਂ 1200 ਲੈਕਚਰਾਰ ਜੋ ਪ੍ਰਮੋਟ ਕੀਤੇ ਹਨ ਉਹਨਾਂ ਨੂੰ ਜਲਦ ਤੋਂ ਜਲਦ ਸਟੇਸ਼ਨ ਅਲਾਟ ਕੀਤੇ ਜਾਣ। ਮੀਟਿੰਗ ਵਿੱਚ ਅਧਿਆਪਕਾਂ ਦੀਆਂ ਹੋਈਆਂ ਬਦਲੀਆਂ ਨੂੰ ਲਾਗੂ ਕਰਵਾਉਣ ਲਈ ਡਾਇਰੈਕਟਰ ਸਕੂਲ ਸਿੱਖਿਆ ਨਾਲ 50% ਦੀ ਸ਼ਰਤ ਨੂੰ ਖਤਮ ਕਰਵਾਉਣ ਅਤੇ ਸਿੰਗਲ ਅਧਿਆਪਕ ਦੀ ਹੋਈ ਬਦਲੀ ਲਾਜ਼ਮੀ ਲਾਗੂ ਕਰਵਾਉਣ ਲਈ ਜਲਦੀ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ।ਸਾਂਝੇ ਫਰੰਟ ਦੇ 15-17 ਸਤੰਬਰ ਦੇ ਮੰਗ ਪੱਤਰ ਅਤੇ 11 ਅਕਤੂਬਰ ਨੂੰ ਸੰਗਰੂਰ ਧਰਨੇ ਲਈ ਟੀਚਰਜ਼ ਯੂਨੀਅਨ (ਵਿਗਿਆਨਿਕ) ਵੱਲੋਂ ਹਰੇਕ ਜਿਲ੍ਹੇ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਦੀਆਂ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਚੋਣਾਂ ਸਬੰਧੀ ਪ੍ਰੋਗਰਾਮ ਜਾਰੀ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨਾਂ ਅਤੇ ਬਲਾਕ ਪ੍ਰਧਾਨਾਂ ਲਈ 5 ਅਕਤੂਬਰ ਨੂੰ ਨਾਮਜ਼ਦਗੀਆਂ ਜ਼ਿਲ੍ਹਾ ਪੱਧਰ ਤੇ ਕੀਤੀਆਂ ਜਾ ਸਕਦੀਆਂ ਹਨ। ਜ਼ਿਲ੍ਹਾ ਪ੍ਰਧਾਨ ਅਤੇ ਬਲਾਕ ਪ੍ਰਧਾਨ ਦੀਆਂ ਚੋਣਾਂ ਲਈ ਵੋਟਾਂ ਜ਼ਿਲ੍ਹਾ ਪੱਧਰ ਤੇ 12 ਅਕਤੂਬਰ ਨੂੰ ਪੈਣਗੀਆਂ। ਮੀਟਿੰਗ ਵਿੱਚ ਸੂਬਾ ਮੀਤ ਪ੍ਰਧਾਨ ਪਰਗਟ ਸਿੰਘ ਜੰਬਰ, ਵਿੱਤ ਸਕੱਤਰ ਸੋਮ ਸਿੰਘ, ਪ੍ਰੈੱਸ ਸਕੱਤਰ ਐਨ.ਡੀ.ਤਿਵਾੜੀ, ਜਥੇਬੰਦਕ ਸਕੱਤਰ ਕੰਵਲਜੀਤ ਸੰਗੋਵਾਲ, ਦਫ਼ਤਰ ਸਕੱਤਰ ਗੁਰਜੀਤ ਸਿੰਘ ਮੋਹਾਲੀ, ਜਗਤਾਰ ਸਿੰਘ ਖਮਾਣੋਂ, ਕਮਲ ਨੰਡਾ ਆਦਿ ਆਗੂ ਸ਼ਾਮਲ ਹੋਏ। ਇਹ ਜਾਣਕਾਰੀ ਪ੍ਰੈੱਸ ਨੂੰ ਸੂਬਾ ਪ੍ਰੈੱਸ ਸਕੱਤਰ ਐਨ. ਡੀ. ਤਿਵਾੜੀ ਨੇ ਪ੍ਰੈੱਸ ਨੋਟ ਰਾਹੀਂ ਸਾਂਝੀ ਕੀਤੀ।




# ਕਰਾਟੇ ਚੈਂਪੀਅਨਸ਼ਿਪ 'ਚ ਸ਼੍ਰੇਯਾਂਸ਼ ਧੀਮਾਨ ਨੇ ਗੋਲਡ ਜਿੱਤ ਕੇ ਵਧਾਈ ਇਲਾਕੇ ਦੀ ਸ਼ਾਨ

**ਬਲਾਚੌਰ (ਜਸਵਿੰਦਰ ਬੈਂਸ)**
ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਬਲਾਚੌਰ ਵਿੱਚ ਜਨਮੇ ਇੰਜੀਨੀਅਰ ਨਵਜੀਤ ਸਿੰਘ ਧੀਮਾਨ ਦੇ ਬੇਟੇ ਸ਼੍ਰੇਯਾਂਸ਼ ਧੀਮਾਨ ਨੇ ਓਰੀਐਂਟਲ ਮਾਰਸ਼ਲ ਆਰਟਸ ਐਸੋਸੀਏਸ਼ਨ ਇੰਡੀਆ ਦੁਆਰਾ ਮੁੰਬਈ ਦੇ ਪ੍ਰਿਯਦਰਸ਼ਨੀ ਸਪੋਰਟਸ ਕੰਪਲੈਕਸ ਵਿੱਚ ਐਤਵਾਰ ਨੂੰ ਸ਼ੋਟੋਕਨ ਕਰਾਟੇ ਚੈਂਪੀਅਨਸ਼ਿਪ ਦਾ ਆਯੋਜਨ ਕੀਤਾ ਗਿਆ। ਇਸ ਚੈਂਪੀਅਨਸ਼ਿਪ ਵਿੱਚ 10 ਸਾਲ ਵਰਗ ਵਿੱਚ ਸ਼੍ਰੇਯਾਂਸ਼ ਨੇ ਗੋਲਡ ਅਤੇ ਸਿਲਵਰ ਮੈਡਲ ਜਿੱਤ ਕੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ ਗਿਆ। ਸ਼੍ਰੇਯਾਂਸ਼ ਨੂੰ ਮੁੱਖ ਮਹਿਮਾਨ ਹਸੀ ਹਾਸਨ ਨੇ ਇਨਾਮ ਦੇ ਕੇ ਸਨਮਾਨਤ ਕੀਤਾ।ਪੋਤੇ ਦੀ ਸਫਲਤਾ ਉੱਤੇ ਖੁਸ਼ ਦਾਦਾ ਅਵਤਾਰ ਸਿੰਘ ਧੀਮਾਨ ਨੇ ਦੱਸਿਆ ਕਿ ਸ਼੍ਰੇਯਾਂਸ਼ ਮੁੰਬਈ ਦੇ ਕੇ. ਪੀ. ਸੀ. ਸਕੂਲ ਖਰਘਰ ਵਿੱਚ ਚੌਥੀ ਜਮਾਤ ਦਾ ਵਿਦਿਆਰਥੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੇਯਾਂਸ਼ ਪੜ੍ਹਾਈ ਵਿੱਚ ਹਮੇਸ਼ਾ ਅਵੱਲ ਆਉਂਦਾ ਹੈ ਅਤੇ ਖੇਡਾਂ ਵਿੱਚ ਉਸ ਦੀ ਗਹਿਰੀ ਰੁਚੀ ਹੈ। ਉਸ ਦਾ ਸੁਪਨਾ ਜੀਵਨ ਵਿੱਚ ਸਪੋਰਟਸ ਦੇ ਖੇਤਰ ਵਿੱਚ ਉੱਚ ਮੁਕਾਮ ਹਾਸਲ ਕਰਨਾ ਹੈ।ਉਸ ਦੇ ਪਿਤਾ ਇੰਜੀਨੀਅਰ ਨਵਜੀਤ ਸਿੰਘ ਧੀਮਾਨ ਨੇ ਦੱਸਿਆ ਕਿ ਸ਼੍ਰੇਯਾਂਸ਼ ਦਾ ਸੁਪਨਾ ਕਰਾਟੇ ਵਿੱਚ ਬਲੈਕ ਬੈਲਟ ਜਿੱਤਣਾ ਹੈ ਅਤੇ ਕ੍ਰਿਕਟ ਵਿੱਚ ਵੀ ਉਸ ਦੀ ਰੁਚੀ ਹੈ ਅਤੇ ਉਹ ਕ੍ਰਿਕਟ ਅਕਾਦਮੀ ਵਿੱਚ ਦਾਖਲਾ ਲੈ ਕੇ ਕ੍ਰਿਕਟ ਵਿੱਚ ਵੀ ਹੱਥ ਅਜ਼ਮਾਉਣਾ ਚਾਹੁੰਦਾ ਹੈ। ਪਿਛਲੇ ਸਾਲ ਦੀ ਕਰਾਟੇ ਚੈਂਪੀਅਨਸ਼ਿਪ ਵਿੱਚ ਉਸ ਨੇ ਔਰੇਂਜ ਬੈਲਟ ਜਿੱਤੀ ਸੀ। ਪੰਜ ਸਾਲ ਦੀ ਉਮਰ ਵਿਚ ਉਹ ਖੇਡਾਂ ਪ੍ਰਤੀ ਆਕਰਸ਼ਿਤ ਹੋਇਆ। ਉਹ ਰਾਜਸਥਾਨ ਵਿੱਚ ਹੋਈ ਤੈਰਾਕੀ ਅਤੇ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਵੀ ਇਨਾਮ ਜਿੱਤ ਚੁੱਕਿਆ ਹੈ।ਸ਼੍ਰੇਯਾਂਸ਼ ਦੀ ਸਫਲਤਾ 'ਤੇ ਇਲਾਕੇ ਦੀਆਂ ਵੱਖ ਵੱਖ ਸ਼ਖ਼ਸੀਅਤਾਂ, ਰਾਜਨੀਤਕ ਆਗੂਆਂ ਸਮੇਤ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ, ਬਲਾਚੌਰ ਵਿਧਾਇਕ ਸੰਤੋਸ਼ ਕਟਾਰੀਆ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਜਗਦੀਸ਼ ਆਚਾਰਿਆ, ਪ੍ਰਦੀਪ ਸ਼ਰਮਾ, ਤੇਜ ਪ੍ਰਕਾਸ਼ ਖਾਸਾ, ਨਰੇਸ਼ ਧੌਲ, ਸਮਰਦੀਪ ਸਿੰਘ, ਸੁਰਜੀਤ ਸਿੰਘ, ਅਸ਼ਵਨੀ ਸ਼ਰਮਾ, ਮੋਹਿਤ ਕੁਮਾਰ, ਜਤਿੰਦਰਪਾਲ ਸਿੰਘ ਕਲੇਰ, ਜਸਵਿੰਦਰ ਮਜਾਰਾ, ਜਗਤਾਰ ਸਿੰਘ, ਜਸਵਿੰਦਰ ਬੈਂਸ, ਵਿਜੇ ਰਾਣਾ, ਰਵਿੰਦਰ ਰਾਣਾ ਅਤੇ ਦੀਦਾਰ ਸਿੰਘ ਨੇ ਪਰਵਾਰ ਨੂੰ ਬੱਚੇ ਦੀ ਸਫਲਤਾ 'ਤੇ ਵਧਾਈ ਦਿੱਤੀ।



# ਕਾਵਿ ਪੁਸਤਕ 'ਮੈਂ ਗਾਜ਼ਾ ਕਹਿਨਾ' ਦੀਆਂ ਕਾਪੀਆਂ ਜਥੇਬੰਦੀਆਂ ਦੇ ਆਗੂਆਂ ਨੂੰ ਸੌਂਪੀਆਂ

**ਬੰਗਾ (ਅਵਤਾਰ ਕਲੇਰ)**
ਇਜ਼ਰਾਇਲ ਵਲੋਂ ਫਲਸਤੀਨ ਦੇ ਖਿੱਤੇ ਗਾਜ਼ਾ ਪੱਟੀ ਉੱਤੇ ਢਾਹੇ ਜਾ ਰਹੇ ਕਹਿਰ ਅਤੇ ਫਲਸਤੀਨੀਆਂ ਦੀ ਦਿਲ ਕੰਬਾਊ ਹਾਲਤ ਨੂੰ ਕਵਿਤਾਵਾਂ ਰਾਹੀਂ ਵਰਨਣ ਕਰਦੀ ਪੁਸਤਕ 'ਮੈਂ ਗਾਜ਼ਾ ਕਹਿਨਾ' ਸਾਹਿਤਕ ਅਤੇ ਸੱਭਿਆਚਾਰਕ ਮੰਚ ਅਦਾਰਾ 'ਪਰਵਾਜ਼ ਪੰਜਾਬ' ਵਲੋਂ ਸੰਪਾਦਿਤ ਕੀਤੀ ਗਈ ਹੈ।ਇਸ ਕਾਵਿ ਸੰਗ੍ਰਹਿ ਵਿਚ ਵੱਖ ਵੱਖ ਕਵੀਆਂ ਦੀਆਂ ਕਵਿਤਾਵਾਂ ਹਨ। ਅਦਾਰਾ 'ਪਰਵਾਜ਼ ਪੰਜਾਬ' ਦੇ ਮੈਂਬਰ ਜਸਬੀਰ ਦੀਪ ਨੇ ਇਸ ਕਾਵਿ ਸੰਗ੍ਰਹਿ ਦੀਆਂ ਕਾਪੀਆਂ ਜਥੇਬੰਦੀਆਂ ਦੇ ਆਗੂਆਂ ਨੂੰ ਸੌਂਪੀਆਂ। ਇਸ ਮੌਕੇ ਵਿਚਾਰ ਪ੍ਰਗਟ ਕਰਦਿਆਂ ਜਸਬੀਰ ਦੀਪ ਨੇ ਕਿਹਾ ਕਿ ਸਾਹਿਤ ਹਰ ਹਾਲਾਤਾਂ ਵਿਚ ਉਗਮਦਾ ਹੈ ਅਤੇ ਵਿਕਾਸ ਕਰਦਾ ਹੈ ਭਾਵੇਂ ਹਾਲਾਤ ਕਿਹੋ ਜਿਹੇ ਵੀ ਹੋਣ।ਜੇਕਰ ਮਨੁੱਖਤਾ ਜ਼ਖ਼ਮੀ ਹੈ ਤਾਂ ਸਾਹਿਤ ਉਹਨਾਂ ਦੇ ਜ਼ਖ਼ਮਾਂ ਉੱਤੇ ਮਲ੍ਹਮ ਦੇ ਫਹੇ ਧਰਦਾ ਹੈ। ਸੱਚ ਦਾ ਵਿਖਿਆਨ ਕਰਦਾ ਹੈ।ਇਹ ਹਰ ਤਰ੍ਹਾਂ ਦੀਆਂ ਸੀਮਾਵਾਂ ਉਲੰਘਕੇ ਮਨੁੱਖਤਾ ਦੀ ਗੱਲ ਕਰਦਾ ਹੈ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਐਸ.ਬੀ.ਐਸ ਨਗਰ ਦੇ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਜ਼ਿਲ੍ਹਾ ਕਮੇਟੀ ਮੈਂਬਰ ਸੋਹਣ ਸਿੰਘ ਅਟਵਾਲ, ਪੀ.ਐਮ. ਯੂ ਦੇ ਜ਼ਿਲ੍ਹਾ ਆਗੂਆਂ ਹਰੀ ਰਾਮ ਰਸੂਲਪੁਰੀ, ਕਮਲਜੀਤ ਸਨਾਵਾ, ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਕਮੇਟੀ ਮੈਂਬਰ ਨਰਿੰਦਰ ਸਿੰਘ ਉੜਾਪੜ, ਕਿਰਨਜੀਤ ਕੌਰ ਅਤੇ ਹੋਰ ਆਗੂਆਂ ਨੂੰ ਪੁਸਤਕਾਂ ਸੌਂਪੀਆਂ।



# ਟਾਈਗਰ ਫੋਰਸ ਪੰਜਾਬ ਵੱਲੋਂ ਪ੍ਰਵਾਸੀ ਮਜ਼ਦੂਰਾਂ ਦੀ ਜਾਂਚ ਸੰਬੰਧੀ ਐੱਸ ਐੱਚ ਓ ਮੇਹਟੀਆਣਾ ਨੂੰ ਮੰਗ ਪੱਤਰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**
ਹੁਸ਼ਿਆਰਪੁਰ ਵਿਖੇ ਪੰਜ ਦੇ ਮਾਸੂਮ ਬੱਚੇ ਦੇ ਕਤਲ ਦੇ ਵਿਰੁੱਧ ਵਿਚ ਪਿੰਡ ਮੇਹਟੀਆਣਾ ਵਿਖੇ ਬਾਬਾ ਸਾਹਿਬ ਟਾਈਗਰ ਫੋਰਸ ਪੰਜਾਬ ਵੱਲੋਂ ਪ੍ਰਵਾਸੀ ਮਜ਼ਦੂਰਾਂ ਦੀ ਜਾਂਚ ਸਬੰਧੀ ਥਾਣਾ ਮੇਹਟੀਆਣਾ ਦੇ ਐਸ ਐਚ ਓ ਮੇਹਟੀਆਣਾ ਦੇ ਨਾਂਅ ਕਰਨੈਲ ਸਿੰਘ ਏ ਐਸ ਆਈ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਬਾਬਾ ਸਹਿਬ ਟਾਈਗਰ ਫੋਰਸ ਪੰਜਾਬ ਦੇ ਪ੍ਰਧਾਨ ਹੈਪੀ ਮੇਹਟੀਆਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬੀਤੀ ਦਿਨੀਂ ਹੁਸ਼ਿਆਰਪੁਰ ਵਿਖੇ ਪ੍ਰਵਾਸੀ ਮਜ਼ਦੂਰ ਵੱਲੋਂ ਪੰਜ ਦੇ ਮਾਸੂਮ ਬੱਚੇ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ। ਜਿਸ ਦਾ ਪੂਰੇ ਪੰਜਾਬ ਵਿਚ ਪ੍ਰਵਾਸੀ ਮਜ਼ਦੂਰਾਂ ਖਿਲਾਫ ਭਾਰੀ ਰੋਸ ਪਿਆ ਜਾ ਰਿਹਾ ਹੈ। ਇਸ ਮੌਕੇ ਪੰਜਾਬ ਪ੍ਰਧਾਨ ਹੈਪੀ ਮੇਹਟੀਆਣਾ ਨੇ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਪ੍ਰਵਾਸੀ ਮਜ਼ਦੂਰਾਂ ਦੀ ਜਾਂਚ ਕੀਤੀ ਜਾਵੇ ਤਾਂ ਕਿ ਪੰਜਾਬ ਵਿੱਚ ਕੋਈ ਵੀ ਅਣਸੁਖਾਵੀਂ ਘਟਨਾ ਨਾ ਹੋ ਸਕੇ। ਉਹਨਾਂ ਕਿਹਾ ਹੈ ਕਿ ਪ੍ਰਵਾਸੀ ਮਜ਼ਦੂਰਾਂ ਦੀ ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ ਵਿੱਚ ਜਾਂਚ ਪੜਤਾਲ ਹੋਣੀ ਚਾਹੀਦੀ ਹੈ। ਇਸ ਮੌਕੇ ਪੰਜਾਬ ਪ੍ਰਧਾਨ ਹੈਪੀ ਮੇਹਟੀਆਣਾ ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਅਗਰ ਪ੍ਰਵਾਸੀ ਮਜ਼ਦੂਰਾਂ ਖਿਲਾਫ ਕੋਈ ਐਕਸ਼ਨ ਨਾ ਲਿਆ ਗਿਆ ਤਾਂ ਵੱਡੀ ਪੱਧਰ ਤੇ ਰੋਸ ਧਰਨਾ ਲਗਾ ਕੇ ਰੋਡ ਜਾਮ ਕੀਤਾ ਜਾਵੇਗਾ। ਇਸ ਮੌਕੇ ਬਾਬਾ ਸਾਹਿਬ ਟਾਈਗਰ ਫੋਰਸ ਪੰਜਾਬ ਦੇ ਪ੍ਰਧਾਨ ਹੈਪੀ ਮੇਹਟੀਆਣਾ ਨੇ ਪ੍ਰਵਾਸੀ ਮਜ਼ਦੂਰਾਂ ਦੀ ਜਾਂਚ ਕਰਨ ਸਬੰਧੀ ਐਸ ਐਚ ਓ ਮੇਹਟੀਆਣਾ ਨੂੰ ਮੰਗ ਪੱਤਰ ਦਿੱਤਾ ਤੇ ਪ੍ਰਵਾਸੀ ਮਜ਼ਦੂਰਾਂ ਦੀ ਬਰੀਕੀ ਨਾਲ ਜਾਂਚ ਕਰਨ ਲਈ ਅਪੀਲ ਕੀਤੀ। ਇਸ ਮੌਕੇ ਪੰਜਾਬ ਪ੍ਰਧਾਨ ਹੈਪੀ ਮੇਹਟੀਆਣਾ, ਹਰਜਿੰਦਰ ਵਾਈਸ ਪ੍ਰਧਾਨ, ਪ੍ਰਮੋਦ ਵਾਈਸ ਪ੍ਰਧਾਨ, ਮੰਗਾ ਆਦਮਪੁਰ ਜਲੰਧਰ ਦੋਆਬਾ ਜੋਨ ਚੇਅਰਮੈਨ, ਹਰਜੋਤ ਹਲਕਾ ਚੱਬੇਵਾਲ ਪ੍ਰਧਾਨ ਨੂਰੀ ਲੱਕੀ ਸਰਕਲ ਪ੍ਰਧਾਨ, ਪੰਮਾ ਫਗਲਾਣਾ, ਬਿੱਟਾ, ਰੋਹਿਤ, ਲਵੀ ਆਦਿ ਹਾਜ਼ਰ ਸਨ।



# ਹਿੰਦੀ ਦਿਵਸ ਸੰਬੰਧੀ ਸਮਾਗਮ




**ਸੁਲਤਾਨਪੁਰ ਲੋਧੀ, (ਹਨੀ)**
ਗੁਰੂ ਨਾਨਕ ਖਾਲਸਾ ਕਾਲਜ ਦੇ ਲੜਕੀਆਂ ਵਿੰਗ 'ਚ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਦੀ ਅਗਵਾਈ ਤੇ ਪ੍ਰੋ. ਰਿਸ਼ੂ ਬਾਲਾ ਦੀ ਦੇਖ ਰੇਖ ਵਿਚ ਵੱਲੋਂ ਹਿੰਦੀ ਦਿਵਸ ਸਬੰਧੀ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਡਾ. ਯੋਗੀਤਾ ਪਾਸੀ ਹਿੰਦੀ ਲੈਕਚਰਾਰ ਤੇ ਡਾ.ਮਹੇਸ਼ ਕੁਮਾਰ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਦੌਰਾਨ ਡਾਕਟਰ ਯੋਗਤਾ ਪਾਸੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬੀ ਮਾਤ ਭਾਸ਼ਾ ਦੇ ਨਾਲ-ਨਾਲ ਆਪਣੀ ਰਾਸ਼ਟਰ ਭਾਸ਼ਾ ਵਿੱਚ ਵੀ ਮੁਹਾਰਤ ਰੱਖਣਾ ਬਹੁਤ ਜ਼ਰੂਰੀ ਹੈ। ਇਸ ਦੌਰਾਨ ਵਿਦਿਆਰਥੀਆਂ ਨੇ ਗੀਤ, ਕਵਿਤਾਵਾਂ ਅਤੇ ਪ੍ਰਸ਼ਨੋਤਰੀ ਮੁਕਾਬਲੇ ਵਿੱਚ ਹਿੱਸਾ ਲਿਆ। ਜੇਤੂ ਵਿਦਿਆਰਥੀ ਗੁਰਪ੍ਰੀਤ ਕੌਰ, ਸ਼ਰਨਪ੍ਰੀਤ ਕੌਰ, ਰਾਖੀ, ਰਾਜਦੀਪ ਕੌਰ, ਸੀਆ ਅਤੇ ਅਰਪਣਪ੍ਰੀਤ ਕੌਰ ਆਦਿ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਰਿਸ਼ੂ ਬਾਲਾ ਵੱਲੋਂ ਨਿਭਾਈ ਗਈ।
ਇਸ ਦੌਰਾਨ ਕਾਲਜ ਦੇ ਲੜਕੀਆਂ ਵਿੰਗ ਦੇ ਕੋਆਰਡੀਨੇਟਰ ਪ੍ਰੋ. ਸੁਖਪਾਲ ਸਿੰਘ ਪ੍ਰੋ. ਗੁਰਪ੍ਰੀਤ ਕੌਰ, ਪ੍ਰੋ.ਅਰਸ਼ਪ੍ਰੀਤ ਕੌਰ ਪ੍ਰੋ. ਜੁਗਰਾਜ ਸਿੰਘ, ਪ੍ਰੋ. ਸਰਬਜੀਤ ਕੌਰ,ਪ੍ਰੋ. ਜਸਵੀਰ ਕੌਰ, ਪ੍ਰੋ. ਸੰਦੀਪ ਕੌਰ, ਪ੍ਰੋ. ਪ੍ਰਵੀਨ,ਪ੍ਰੋ. ਹਰਪ੍ਰੀਤ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

# ਹੈਂਡਬਾਲ ਕਲੱਬ ਕੁਰਾਲੀ ਵੱਲੋਂ ਸ਼ੋਅ ਮੈਚ ਆਯੋਜਿਤ

**ਕੁਰਾਲੀ, (ਮੋਹਨ ਅੱਗਰਵਾਲ)**
ਸਥਾਨਕ ਹੈਂਡਬਾਲ ਕਲੱਬ ਵੱਲੋਂ ਸਿੰਘਪੁਰਾ ਰੋਡ ਸਥਿਤ ਖੇਡ ਸਟੇਡੀਅਮ ਵਿੱਚ ਹੈਂਡਬਾਲ ਦੇ ਸ਼ੋਅ ਮੈਚ ਕਰਵਾਏ ਗਏ। ਮੈਚਾਂ ਦਾ ਉਦਘਾਟਨ ਪ੍ਰਸਿੱਧ ਸਮਾਜ ਸੇਵੀ ਅਤੇ ਸੀਨੀਅਰ ਕਾਂਗਰਸੀ ਆਗੂ ਗੁਰਪ੍ਰਤਾਪ ਸਿੰਘ ਪਡਿਆਲਾ ਨੇ ਕੀਤਾ। ਇਸ ਮੌਕੇ ਉਨ੍ਹਾਂ ਨੇ ਪ੍ਰਬੰਧਕਾਂ ਦੇ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਕਲੱਬ ਮੈਂਬਰਾਂ ਨੂੰ ਹਰ ਮਹੀਨੇ ਦੀ ਤਰ੍ਹਾਂ ਵੱਡੀ ਵਿੱਤੀ ਸਹਾਇਤਾ ਵੀ ਪ੍ਰਦਾਨ ਕੀਤੀ। ਸੰਬੋਧਨ ਕਰਦਿਆਂ ਪਡਿਆਲਾ ਨੇ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਸਮੇਂ ਦੀ ਲੋੜ ਹੈ। ਖੇਡਾਂ ਨਾਲ ਜਿੱਥੇ ਨੌਜਵਾਨ ਤੰਦਰੁਸਤ ਰਹਿੰਦੇ ਹਨ, ਓਥੇ ਉਹਨਾਂ ਦਾ ਧਿਆਨ ਨਸ਼ਿਆਂ ਤੋਂ ਵੀ ਦੂਰ ਰਹਿੰਦਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਇਸ ਨਿੱਜੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਨ੍ਹਾਂ ਵੱਲੋਂ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਉਨ੍ਹਾਂ ਸਰਕਾਰਾਂ ਨੂੰ ਵੀ ਅਪੀਲ ਕੀਤੀ ਕਿ ਖੇਡਾਂ ਨੂੰ ਪ੍ਰੋਤਸਾਹਨ ਦੇਣ ਲਈ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਪਿੰਡ ਪੱਧਰ ਦੇ ਹੋਣਹਾਰ ਖਿਡਾਰੀ ਰਾਜ ਤੇ ਰਾਸ਼ਟਰੀ ਪੱਧਰ ਤੱਕ ਆਪਣਾ ਨਾਮ ਰੌਸ਼ਨ ਕਰ ਸਕਣ। ਇਸ ਦੌਰਾਨ ਸ਼ੋਅ ਮੈਚ ਕੁਰਾਲੀ ਫੁਟਬਾਲ ਕਲੱਬ ਅਤੇ ਆਰਮੀ ਚੰਡੀਮੰਦਰ ਦੀ ਟੀਮ ਵਿਚਾਲੇ ਖੇਡਿਆ ਗਿਆ। ਆਰਮੀ ਚੰਡੀਮੰਦਰ ਦੀ ਟੀਮ ਨੇ ਜਿੱਤ ਹਾਸਲ ਕਰਦੇ ਹੋਏ ਇਨਾਮੀ ਟਰਾਫੀ ਆਪਣੇ ਨਾਮ ਕੀਤੀ। ਜੇਤੂ ਖਿਡਾਰੀਆਂ ਨੂੰ ਪਡਿਆਲਾ ਵੱਲੋਂ ਵਧਾਈ ਵੀ ਦਿੱਤੀ ਗਈ। ਇਸ ਮੌਕੇ ਯਾਦਵਿੰਦਰ ਸਿੰਘ, ਕਲੱਬ ਪ੍ਰਧਾਨ ਸਤਨਾਮ ਸਿੰਘ ਰਾਣਾ, ਮੁਕੇਸ਼ ਰਾਣਾ ਚਨਾਲੋਂ, ਹਰਵਿੰਦਰ ਸਿੰਘ (ਕੋਚ), ਸ਼ਿਵ ਕੁਮਾਰ, ਲਖਵਿੰਦਰ ਸਿੰਘ, ਹਰਮੋਹਣ ਸਿੰਘ ਸਮੇਤ ਕਈ ਹੋਰ ਮੁਹਤਬਰ ਆਗੂ ਅਤੇ ਖਿਡਾਰੀ ਹਾਜ਼ਰ ਸਨ।



# ਓਰੀਐਨਟੇਸ਼ਨ ਦਿਵਸ ਮਨਾਇਆ




**ਕਰਤਾਰਪੁਰ (ਹਰਮੇਸ਼ ਦੱਤ)**-ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚਿਊਟ ਆਫ ਐਜੂਕੇਸ਼ਨ ਦਿਆਲਪੁਰ (ਜ਼ਿਲ੍ਹਾ ਕਪੂਰਥਲਾ) ਵਿਖੇ ਕਾਲਜ ਦੇ ਨਵੇਂ ਸੈਸ਼ਨ 2025-27 ਦੀ ਸ਼ੁਰੂਆਤ ਕੀਤੀ ਗਈ। ਜਿਸ ਵਿੱਚ ਅਸਿਸਟੈਂਟ ਪ੍ਰੋਫੈਸਰ ਰਣਜੀਤ ਬੈਂਸ ਵੱਲੋਂ ਵਿਦਿਆਰਥੀਆਂ ਨੂੰ ਕਾਲਜ ਵਿਖੇ ਜੀ ਆਇਆਂ ਨੂੰ ਕਿਹਾ ਗਿਆ, ਕੋਰਸ ਦੇ ਬਾਰੇ ਜਾਣਕਾਰੀ ਦਿੱਤੀ ਅਤੇ ਚੰਗੇ ਅਧਿਆਪਕ ਬਣਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਗੁਰਜੀਤ ਰਾਣੀ, ਅਸਿਸਟੈਂਟ ਪ੍ਰੋਫੈਸਰ ਗੁਰਪ੍ਰੀਤ ਸਿੰਘ, ਸੁਪਰਿੰਟੈਂਡੈਂਟ ਹਰਮੀਤ ਸਿੰਘ ਅਤੇ ਲਾਇਬ੍ਰੇਰੀਅਨ ਬਲਵਿੰਦਰ ਸਿੰਘ ਹਾਜ਼ਰ ਸਨ।

# ਕਰਨਵੀਰ ਕਟਾਰੀਆ ਨੂੰ 'ਆਪ' ਨੇ ਯੂਥ ਹਲਕਾ ਕੋਆਰਡੀਨੇਟਰ ਐਲਾਨਿਆ

**ਬਲਾਚੌਰ (ਜਸਵਿੰਦਰ ਬੈਂਸ)**-ਆਮ ਆਦਮੀ ਪਾਰਟੀ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਤੇ ਪਾਰਟੀ ਪ੍ਰਧਾਨ ਅਮਨ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੰਗਠਨਾਤਮਕ ਢਾਂਚੇ ਦਾ ਵਿਸਥਾਰ ਕਰਦੇ ਹੋਏ ਯੂਥ ਹਲਕਾ ਕੋਆਰਡੀਨੇਟਰਾਂ ਦੀ ਪਾਰਟੀ ਸੰਗਠਨ ਵੱਲੋਂ ਜਾਰੀ ਕੀਤੀ ਗਈ ਲਿਸਟ ਵਿੱਚ ਬਲਾਚੌਰ ਹਲਕੇ ਤੋਂ ਕਰਨਵੀਰ ਕਟਾਰੀਆ ਨੂੰ ਯੂਥ ਹਲਕਾ ਕੋਆਡੀਨੇਟਰ ਐਲਾਨਿਆ ਗਿਆ। ਕਰਨਵੀਰ ਕਟਾਰੀਆ ਨੇ ਕਿਹਾ ਕਿ ਮੈਂ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਗਾ।ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕੀਤੀ ਹੈ, ਉਹ ਵੀ ਆਪਣੀ ਸੇਵਾ ਇਸੇ ਤਰ੍ਹਾਂ ਹੀ ਅੱਗੇ ਵੀ ਜਾਰੀ ਰੱਖਣਗੇ ਕਿਉਂਕਿ ਸੰਗਠਨ ਨੇ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਦਿੱਤੀ ਹੈ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮਨੀਸ਼ ਸਿਸੋਦੀਆ ਇੰਚਾਰਜ ਪੰਜਾਬ, ਅਮਨ ਅਰੋੜਾ ਪੰਜਾਬ ਪ੍ਰਧਾਨ, ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ, ਪਰਮਿੰਦਰ ਗੋਲਡੀ ਦਾ ਇਹ ਜ਼ਿੰਮੇਵਾਰੀ ਦੇਣ ਤੇ ਧੰਨਵਾਦ ਕੀਤਾ।

